# ਕਰਨੈਲ ਸਿੰਘ ਪਾਰਸ

## (ਜੀਵਨ ਤੇ ਰਚਨਾ)

ਨਿੰਦਰ ਘੁਗਿਆਣਵੀ

ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ

ਕਰਨੈਲ ਸਿੰਘ ਪਾਰਸ
(ਜੀਵਨ ਤੇ ਰਚਨਾ)
ਨਿੰਦਰ ਘੁਗਿਆਣਵੀ

ਪਹਿਲੀ ਵਾਰ : ਮਾਰਚ, 2000
© ਲੇਖਕ

ISBN : 81-87037-53-9

ਪ੍ਰਕਾਸ਼ਕ :
*ਵਿਸ਼ਵ ਭਾਰਤੀ ਪ੍ਰਕਾਸ਼ਨ,*
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਬਰਨਾਲਾ
ਫੋਨ : 01679-33244, 39133
e-mail : amitter@ch1.dot.net.in

ਛਾਪਕ : ਇੰਟੀਲੈਕਚੂਅਲ ਪ੍ਰਿੰਟਰਜ਼, ਜਲੰਧਰ।

ਕੀਮਤ : ਪੇਪਰ ਬੈਕ 40 ਰੁਪਏ
ਸਜਿਲਦ 80 ਰੁਪਏ

ਸਮਰਪਿਤ

## ਤਰਕਸ਼ੀਲ ਲਹਿਰ ਨੂੰ

✪

ਲਗਦੇ ਰਹਿਣ ਖ਼ੁਸ਼ੀ ਦੇ ਮੇਲੇ

ਮਿਲਦੀਆਂ ਰਹਿਣ ਵਧਾਈਆਂ.....

✪

ਜੱਗ
ਜੰਕਸ਼ਨ
ਰੇਲਾਂ
ਦਾ
ਗੱਡੀ
ਇੱਕ
ਆਵੇ
ਇੱਕ
ਜਾਵੇ.....

✪

ਦੁਨੀਆਂ ਗਾਉਂਦੀ ਰਹੂਗੀ

ਯੋਧਿਆਂ ਦੀਆਂ ਵਾਰਾਂ.....

✪

✪

ਹੈ
ਆਉਣ
ਜਾਣ
ਬਣਿਆਂ
ਦੁਨੀਆਂ
ਚਹੁੰ
ੈਕ
ਦਿਨਾਂ
ਦਾ
ਮੇਲਾ.....

✪

ਕਿਓਂ ਫੜੀ ਸਿਪਾਹੀਆਂ ਨੇ

ਭੈਣੋਂ ਇਹ ਹੰਸਾਂ ਦੀ ਜੋੜੀ.....

✪

## ਨਿੰਦਰ ਘੁਗਿਆਣਵੀ ਦੀਆਂ ਹੋਰ ਪੁਸਤਕਾਂ :

1. ਤੂੰਬੀ ਦੇ ਵਾਰਿਸ (ਜੀਵਨੀਆਂ) 1994
2. ਗੋਧਾ ਅਰਦਲੀ (ਨਾਵਲੈੱਟ) 1997
3. ਅਮਰ ਆਵਾਜ਼ (ਜੀਵਨੀ ਯਮਲਾ ਜੱਟ) 1997
4. ਕੁੱਲੀ ਵਾਲਾ ਫ਼ਕੀਰ (ਜੀਵਨੀ ਪੂਰਨ ਸ਼ਾਹਕੋਟੀ) 1998
5. ਲੋਕ ਗੀਤ ਵਰਗਾ ਹੰਸ (ਹੰਸ ਰਾਜ ਹੰਸ ਬਾਰੇ) 1999
6. ਗੁਰਚਰਨ ਵਿਰਕ ਦਾ ਗੀਤ ਸੰਸਾਰ (ਜੀਵਨੀ ਤੇ ਕਲਾ) 1999
7. ਸ਼ਰਧਾਂਜਲੀ : ਡਾ. ਸੰਜੇ ਬਲਰਾਜ (ਸੰਪਾਦਨਾ) 1999
8. ਕਰਨੈਲ ਸਿੰਘ ਪਾਰਸ-ਜੀਵਨ ਤੇ ਰਚਨਾ - 2000
9. ਮੈਂ ਸਾਂ ਜੱਜ ਦਾ ਅਰਦਲੀ (ਵਾਰਤਕ) ਛਪਵਾਈ ਅਧੀਨ
10. ਜੱਸੋਵਾਲ ਦਾ ਆਲ੍ਹਣਾ (ਜਗਦੇਵ ਸਿੰਘ ਜੱਸੋਵਾਲ ਬਾਰੇ) ਛਪਵਾਈ ਅਧੀਨ

## ਤਰਤੀਬ


1. ਖੰਡ ਪਹਿਲਾ
(ੳ) ਖੁਸ਼-ਆਮਦੀਦ : ਕਰਨੈਲ ਸਿੰਘ ਪਾਰਸ ਜੀਵਨ ਤੇ ਰਚਨਾ 7
(ਅ) ਪਾਰਖੂ ਅੱਖ : ਬਾਪੂ ਪਾਰਸ 11
(ੲ) ਮੇਰਾ ਕਿਤਾਬੀ ਮੋਹ 15
(ਸ) ਇਉਂ ਹੋਈ ਪਾਰਸ ਜੀ ਨਾਲ ਮਿਲਣੀ 18

2. ਖੰਡ ਦੂਜਾ
(ੳ) ਜੀਵਨ ਗਾਥਾ 22
(ਅ) ਨਿੱਘੀ ਸ਼ਖ਼ਸੀਅਤ ਪਾਰਸ 48
(ੲ) ਕੁਝ ਗੱਲਾਂ : ਦਲਜੀਤ ਕੌਰ ਪਾਰਸ ਨਾਲ 71
(ਸ) ਪਾਰਸ ਪਰਿਵਾਰ ਫੁਲਬਾੜੀ 76
(ਹ) ਕਵੀਸ਼ਰੀ ਕਲਾ ਨੂੰ ਪਾਰਸ ਦੀ ਦੇਣ 79
(ਕ) ਅਜੋਕੀ ਪੰਜਾਬੀ ਗਾਇਕੀ-ਬਨਾਮ-ਕਵੀਸ਼ਰੀ ਕਲਾ 81
(ਖ) ਸ਼ਾਗਿਰਦ ਪਰੰਪਰਾ 88
(ਗ) ਤਰਕਸ਼ੀਲ ਵਿਅਕਤੀ ਪਾਰਸ 92
(ਘ) ਨਿੱਕੀਆਂ-ਨਿੱਕੀਆਂ ਗੱਲਾਂ ਪਾਰਸ ਦੀ ਜ਼ੁਬਾਨੀ 97
(ਙ) ਮਾਣ - ਸਨਮਾਨ 100

3. ਖੰਡ ਤੀਜਾ
(ੳ) ਪਾਰਸ ਰਚਨਾਵਲੀ 104
1. ਰਿਕਾਰਡ ਰਚਨਾ
2. ਪ੍ਰਕਾਸ਼ਤ ਰਚਨਾ
(ਅ) ਧਾਰਮਿਕ-ਕਾਵਿ 116
(ੲ) ਕਿੱਸਾ-ਕਾਰੀ 132
(ਸ) ਦੇਸ਼ ਭਗਤੀ-ਕਾਵਿ 155
(ਹ) ਫੁਟਕਲ-ਰਚਨਾ 167
(ਕ) ਪਾਰਸ ਰਚਨਾਵਲੀ ਦੇ ਵਿਸ਼ੇਸ਼ ਗੁਣ 181

4. ਖੰਡ ਚੌਥਾ
ਚੋਣਵੀਆਂ ਤਸਵੀਰਾਂ 184

ਖੰਡ ਪਹਿਲਾ

# ਖੁਸ਼-ਆਮਦੀਦ : ਕਰਨੈਲ ਸਿੰਘ ਪਾਰਸ ਜੀਵਨ ਤੇ ਰਚਨਾ

ਕਰਨੈਲ ਸਿੰਘ ਪਾਰਸ ਇੱਕ ਬਹੁਪੱਖੀ ਸ਼ਖ਼ਸੀਅਤ ਦਾ ਨਾਂ ਹੈ। ਉਹ ਜੱਟ ਹੈ, ਕਵੀਸ਼ਰ ਹੈ, ਢਾਡੀ ਹੈ, ਕਥਾਕਾਰ ਹੈ, ਅਗਾਂਹਵਧੂ ਸੋਚ ਦਾ ਧਾਰਨੀ ਹੈ, ਛੇ ਬੱਚਿਆਂ ਦਾ ਬਾਪ ਹੈ, ਅਨੇਕਾਂ ਸ਼ਾਗਿਰਦਾਂ ਦਾ ਗੁਰੂ ਹੈ, ਨੇਕ ਅਤੇ ਚੰਗਾ ਪਤੀ ਹੈ, ਪਿੰਡ ਦੇ ਚੰਗੇ ਆਦਰ ਯੋਗ ਬੰਦਿਆਂ ਵਿੱਚੋਂ ਹੈ, ਇਤਿਹਾਸਕਾਰ ਹੈ, ਗ਼ਲਤ ਜਿਹੀਆਂ ਰਸਮਾਂ ਰੀਤਾਂ ਦੇ ਵਿਰੁੱਧ ਸੋਚਣ ਵਾਲਾ, ਦੇਸ਼ ਵਿਦੇਸ਼ ਘੁੰਮਿਆ ਫਿਰਿਆ, ਚੰਗੇ ਮੰਦੇ ਥਾਂਈਂ ਵਿਚਰਿਆ, ਧਰਮ, ਰਾਜਨੀਤੀ, ਸਮਾਜਕ ਸੋਚ ਦਾ ਮਿਲਗੋਭਾ ਅਤੇ ਸੈਂਕੜੇ ਗੁਣਾਂ ਦਾ ਧਾਰਨੀ ਮਨੁੱਖ ਹੈ। ਲੰਮੀ ਉਮਰ ਭੋਗਣ ਵਾਲਾ, ਸੁਭਾਅ ਦਾ ਖੁੱਲ੍ਹਾ ਖੁਲਾਸਾ, ਹਰ ਇੱਕ ਨਾਲ ਯਾਰੀ ਗੰਢ ਬਹਿਣ ਵਾਲਾ, ਨਿਰਛਲ ਹਾਸਾ ਹੱਸਣ ਵਾਲਾ ਅਤੇ ਬਿਨਾਂ ਕਿਸੇ ਲੁਕਾ ਛਿਪਾ ਦੇ ਆਪਣੀ ਗੱਲ ਰੇੜ੍ਹ ਦੇਣ ਵਾਲਾ ਬੰਦਾ ਹੈ ਪਾਰਸ! ਸੱਚਮੁੱਚ ਦੀ ਮਿਕਨਾਤੀਸੀ ਖਿੱਚ ਭਰਪੂਰ, ਮਿੱਠ ਬੋਲੜਾ, ਵਹਿਮਾਂ ਭਰਮਾਂ ਅਤੇ ਪਾਖੰਡਾਂ ਤੋਂ ਮੁਕਤ ਬੰਦਾ ਹੈ ਪਾਰਸ! ਲੋਹਾ ਤਾਂ ਪਾਰਸ ਨਾਲ ਲੱਗ ਕੇ ਸੋਨਾ ਬਣਦਾ ਸ਼ਾਇਦ ਹੀ ਕਿਸੇ ਨੇ ਵੇਖਿਆ ਹੋਵੇ ਪਰ ਇਸ ਪਾਰਸ ਨਾਲ ਲੱਗ ਕੇ ਬਹੁਤ ਸਾਰੇ ਬੰਦੇ ਸੋਨਾ ਬਣੇ ਹਨ। ਚੰਗੇ ਦੀ ਵਡਿਆਈ ਅਤੇ ਬੁਰੇ ਦੀ ਨਿੰਦਾ ਮੂੰਹ 'ਤੇ ਹੀ ਕਰਨ ਵਾਲੇ ਬੰਦੇ ਦਾ ਨਾਂ ਹੈ ਪਾਰਸ! ਧਾਰਮਿਕ ਗੀਤਕਾਰੀ ਅਤੇ ਗਾਇਨ ਕਰਦਿਆਂ ਵੀ ਕਿਸੇ ਵਹਿਮ ਭਰਮ ਵਿੱਚ ਨਾ ਪੈਣ ਦਾ ਨਾਂ ਹੈ ਪਾਰਸ! ਆਪਣੇ ਪੁੱਤਰਾਂ, ਪੋਤਰਿਆਂ ਸਭ ਦਾ ਯਾਰ ਹੈ ਪਾਰਸ ਅਤੇ ਉਹਨਾਂ ਦੇ ਸਿਰਾਂ 'ਤੇ ਛਾਂ ਕਰਨ ਵਾਲਾ ਹੈ ਪਾਰਸ! ਹਾਲਾਤ ਮੰਦੇ ਵੀ ਰਹੇ, ਚੰਗੇ ਵੀ ਰਹੇ, ਬਹੁਤੇ ਚੰਗੇ ਵੀ ਰਹੇ ਪਰ ਪਾਰਸ ਤਾਂ ਪਾਰਸ ਹੀ ਹੈ, ਮੌਜੀ, ਮਸਤ, ਨਾ ਹਾੜ੍ਹ ਹਰੇ ਤੇ ਨਾ ਸੌਣ ਸੁੱਕੇ ਵਾਲੀ ਗੱਲ! ਅੱਜ ਜੇ ਉਸਦਾ ਸਾਰਾ ਪ੍ਰਵਾਰ ਅਤੇ ਉਸ ਤੋਂ ਵੀ ਅਗਲੀ ਪੀਹੜੀ ਜੇਕਰ ਚੰਗੇ ਥਾਂਵਾਂ 'ਤੇ ਪੁੱਜੀ ਹੈ ਜਾਂ ਉਸਦਾ ਸਮਾਜਕ, ਆਰਥਕ ਅਤੇ ਰਾਜਸੀ ਖੇਤਰ ਵਧੀਆ ਸਥਿਤੀ 'ਤੇ ਪੁੱਜਿਆ ਹੈ ਤਾਂ ਇਸ ਸਾਰੇ ਦੇ ਪਿਛੋਕੜ ਵਿੱਚ ਪਾਰਸ ਦੀ ਪਾਰਸ ਛੋਹ ਦਾ ਹੀ ਹੱਥ ਹੈ।

ਪਾਰਸ ਦੇ ਗਾਏ ਗੀਤਾਂ ਦੇ 22 ਗਰਾਮੋਫੋਨ ਰੀਕਾਰਡ ਹਨ। ਉਸਦੇ ਲਿਖੇ ਕਈ ਸਾਰੇ ਕਿੱਸੇ ਵੀ ਛਪੇ ਹਨ ਜਿੰਨ੍ਹਾਂ ਤੋਂ ਉਸ ਦੀ ਵਿਦਵਤਾ ਅਤੇ ਰਚਨ ਸਮਰੱਥਾ ਦਾ ਭਲੀ ਭਾਂਤ ਪਤਾ ਲੱਗਦਾ ਹੈ। ਉਸ ਵੇਲੇ ਦੀ ਪ੍ਰਗਤੀਵਾਦੀ ਸੋਚ ਦੇ ਧਾਰਨੀਆਂ ਦੀ ਲਹਿਰ ਵਿਚ ਸ਼ਾਮਿਲ ਹੋਣਾ ਅਤੇ 'ਪ੍ਰੀਤਲੜੀ' ਜਹੇ ਅਗਾਂਹਵਧੂ ਸੋਚ ਵਾਲੇ ਪੱਤਰਾਂ ਨੂੰ ਨੇਮ ਨਾਲ ਪੜ੍ਹਨਾ ਉਸਦੀ ਸੋਚ ਨੂੰ ਦਰਸਾਉਣ ਵਾਲੀਆਂ ਗੱਲਾਂ ਹਨ। ਜਿੱਥੇ ਜਾਣਾ ਉਹਨਾਂ ਨਾਲ ਖੁੱਲ੍ਹ ਕੇ ਭਾਅ ਮਿੱਥ ਲੈਣਾ ਅਤੇ ਉਸ 'ਤੇ ਹੀ ਅੜੇ ਰਹਿਣਾ ਉਸਦੇ ਸੱਚਾ ਸੁੱਚਾ ਹੋਣ ਦਾ ਸਬੂਤ ਹਨ। ਫਿਰ ਵੀ ਕਿਸੇ ਗੱਲੋਂ ਬੇਈਮਾਨੀ, ਠੱਗੀ ਜਾਂ ਕੋਈ ਅਜਿਹੀ ਹਰਕਤ ਨਾ ਕਰਨਾ ਪਾਰਸ ਦੇ ਵਿਆਕਤੀਤਵ ਨੂੰ ਆਦਰਸ਼ਕ ਅਤੇ ਪਾਰਦਰਸ਼ਕ ਬਣਾਉਣ ਵਾਲੀਆਂ ਗੱਲਾਂ ਹਨ। ਬਹੁਤ ਘੁੰਮਣ ਫਿਰਨ, ਦੇਸ਼ ਵਿਦੇਸ਼ ਦੇ ਦੌਰੇ ਅਤੇ ਬੇਅੰਤ ਸਹੂਲਤਾਂ ਨੇ ਵੀ ਉਸਦੇ



ਅੰਦਰਲੇ ਪੰਜਾਬੀ ਨੂੰ ਠੇਸ ਨਹੀਂ ਪੁਚਾਈ। ਅੱਜ ਵੀ ਜੋ ਸਕੂਨ ਆਰਾਮ ਅਤੇ ਨਿੱਘ ਉਸਨੂੰ ਰਾਮੂੰਵਾਲੇ ਆ ਕੇ ਧੁੱਪੇ ਲੇਟ ਕੇ ਜਾਂ ਨਿੰਮ ਦੀ ਛਾਵੇਂ ਬੈਠ ਕੇ ਮਿਲਦਾ ਹੈ ਉਹ ਕਨੇਡਾ ਵਿੱਚ ਨਹੀਂ ਮਿਲਦਾ। ਮਨ ਦੀ ਸ਼ਾਂਤੀ ਅਜੇ ਵੀ ਪਿੰਡ ਆ ਕੇ ਉਹ ਪਾਉਂਦਾ ਹੈ ਅਤੇ ਇਹੀ ਗੱਲ ਹੈ ਜਿਸ ਕਰਕੇ ਉਹ ਸੱਚਾ ਸੁੱਚਾ ਪੰਜਾਬੀ ਅਖਵਾਉਣ ਦਾ ਹੱਕ ਰੱਖਦਾ ਹੈ। ਸਿਹਤ ਪੱਖੋਂ ਭਾਵੇਂ ਉਹ ਗੱਲ ਨਹੀਂ ਰਹੀ ਪਰ ਤਾਂ ਵੀ ਉਹ ਮਨ ਅਤੇ ਬੁੱਧੀ ਪੱਖੋਂ ਚੇਤੰਨ ਹੈ। ਕਿਸੇ ਚੰਗੇ ਕੰਪਿਊਟਰ ਦੀ ਮੈਮੋਰੀ ਵੀ ਉਸਦੀ ਦਿਮਾਗ਼ੀ ਮੈਮੋਰੀ ਤੋਂ ਬਹੁਤ ਪਿੱਛੇ ਹੈ। ਬਹੁਤ ਤੰਗੀਆਂ ਤੁਰਸ਼ੀਆਂ, ਦੁਸ਼ਵਾਰੀਆਂ ਨੇ ਜੇ ਉਸਨੂੰ ਹੌਂਸਲਾ ਪ੍ਰਸਤ ਨਹੀਂ ਕੀਤਾ ਤਾਂ ਵਧੀਆ ਹਾਲਾਤ ਨੇ ਵੀ ਉਸਦਾ ਕੁਝ ਨਹੀਂ ਵਿਗਾੜਿਆ। ਉਹ ਤਾਂ ਮਸਤ ਚਾਲ, ਸਹਿਜ ਜੀਵਨ ਅਤੇ ਸ਼ੁਭ ਸੋਚ ਦਾ ਹੀ ਧਾਰਨੀ ਰਿਹਾ ਹੈ। ਉਸ ਬਾਰੇ ਜ਼ਿਆਦਾ ਕਹਿਣਾ ਸ਼ਾਇਦ ਮੇਰੇ ਵੱਸ ਵਿੱਚ ਨਹੀਂ, ਮੈਂ ਤਾਂ ਏਨਾ ਕਹਿਣਾ ਚਾਹੁੰਦਾ ਹਾਂ ਕਿ ਉਸਦੇ ਆਉਣ ਵਾਲੇ ਦਿਨ ਹੋਰ ਵੀ ਚੰਗੇ ਲੰਘਣ, ਚੰਗੇ ਮਾਹੌਲ ਵਿੱਚ ਹੀ ਉਸਦਾ ਭਵਿੱਖ ਗੁਜ਼ਰੇ ਅਤੇ ਚੰਗੇ-ਚੰਗੇ ਵਿੱਚ ਹੀ ਸਾਰਾ ਕੁਝ ਚੱਲਦਾ ਰਹੇ।

ਪਾਰਸ ਵਰਗੀ ਸ਼ਖ਼ਸੀਅਤ ਬਾਰੇ ਕੁਝ ਕਹਿਣਾ, ਲਿਖਣਾ ਜਾਂ ਪੇਸ਼ ਕਰਨਾ ਹਾਰੀ ਸਾਰੀ ਦਾ ਕੰਮ ਨਹੀਂ। ਸਾਡੇ ਨੌਜਵਾਨ ਲੇਖਕ ਨਿੰਦਰ ਘੁਗਿਆਣਵੀ ਨੇ ਜੋ ਬੀੜਾ ਚੁੱਕਿਆ ਸੀ ਅਤੇ ਉਸ ਨੂੰ ਜਿਸ ਢੰਗ ਨਾਲ ਸਿਰੇ ਚੜ੍ਹਾਇਆ ਹੈ ਉਹ ਆਮ ਬੰਦੇ ਦਾ ਕੰਮ ਨਹੀਂ ਲਗਦਾ। ਇਸ ਪੁਸਤਕ ਨੂੰ ਉਸਨੇ ਬੜੇ ਹੀ ਢੁਕਵੇਂ ਖੰਡਾਂ ਵਿੱਚ ਵੰਡ ਕੇ ਅਤੇ ਤਰਤੀਬ ਦੇ ਕੇ ਇੱਕ ਬਹੁਮੁੱਲਾ ਅਤੇ ਵਧੀਆ ਦਸਤਾਵੇਜ਼ ਤਿਆਰ ਕੀਤਾ ਹੈ। ਪਾਰਸ ਦੀ ਦੁਨਿਆਵੀ ਜ਼ਿੰਦਗੀ, ਸ਼੍ਰੀਮਤੀ ਪਾਰਸ ਨਾਲ ਗੱਲਬਾਤ, ਦੋਸਤਾਂ ਲੇਖਕਾਂ ਦੀਆਂ ਟਿੱਪਣੀਆਂ, ਪਾਰਸ ਵੱਲੋਂ ਕੀਤੀਆਂ ਖੁੱਲ੍ਹੀਆਂ-ਡੁੱਲ੍ਹੀਆਂ ਗੱਲਾਂ, ਪਾਰਸ ਦਾ ਰਚਨਾ ਸੰਸਾਰ, ਪਾਰਸ ਦੇ ਗਰਾਮੋਫ਼ੋਨ ਰੀਕਾਰਡ (ਉਦੋਂ ਕੇਵਲ ਇਹੀ ਹੁੰਦੇ ਸਨ) ਪਾਰਸ ਦੁਆਰਾ ਰਚੇ ਗਏ ਕਿੱਸੇ ਆਦਿ ਬੜੇ ਹੀ ਵੇਰਵੇ ਸਹਿਤ ਇਸ ਪੁਸਤਕ ਵਿੱਚ ਦਿੱਤੇ ਗਏ ਹਨ। ਪਾਰਸ ਦੇ ਪਰਿਵਾਰ ਬਾਰੇ ਪੂਰੀ ਜਾਣਕਾਰੀ, ਉੱਘੇ ਸ਼ਗਿਰਦਾਂ ਦੀ ਜਾਣਕਾਰੀ, ਕਵੀਸ਼ਰੀ ਕਲਾ, ਤਰਕਸ਼ੀਲਤਾ ਅਤੇ ਮਾਣ-ਸਨਮਾਨ ਦਾ ਜ਼ਿਕਰ ਵੀ ਵੱਖਰਾ-ਵੱਖਰਾ ਕਰਕੇ ਦਿੱਤਾ ਗਿਆ ਹੈ।

ਪਾਰਸ ਦੇ 'ਰਚਨਾਵਲੀ' ਖੰਡ ਵਿੱਚ ਪ੍ਰਕਾਸ਼ਨ ਤੇ ਰੀਕਾਰਡ ਆਦਿ ਦਾ ਬਿਉਰਾ ਦੇ ਕੇ ਧਾਰਮਿਕ ਕਵਿਤਾ, ਕਿੱਸਾਕਾਰੀ, ਦੇਸ਼ ਭਗਤੀ ਕਾਵਿ ਅਤੇ ਫੁਟਕਲ ਰਚਨਾ ਦਾ ਵੇਰਵਾ ਬੜੇ ਹੀ ਮਨਮੋਹਕ ਢੰਗ ਨਾਲ ਦਿੱਤਾ ਹੈ। ਅੰਤ ਵਿੱਚ ਪਾਰਸ ਦੇ ਜੀਵਨ ਦੀਆਂ ਉੱਘੀਆਂ ਯਾਦਾਂ ਤਸਵੀਰਾਂ ਰਾਹੀਂ ਪੇਸ਼ ਕੀਤੀਆਂ ਹਨ। ਭੂਮਿਕਾ, ਕਿਤਾਬੀ ਮੋਹ ਅਤੇ ਪਾਰਸ ਨਾਲ ਹੋਈ ਮਿਲਣੀ ਦਾ ਜ਼ਿਕਰ ਸਭ ਤੋਂ ਪਹਿਲਾਂ ਪੇਸ਼ ਕਰਕੇ ਪਾਠਕ ਮਨਾਂ ਵਿੱਚ ਪੁਸਤਕ ਪੜ੍ਹਨ ਦੀ ਉਤਸੁਕਤਾ ਉਜਾਗਰ ਕੀਤੀ ਗਈ ਹੈ। ਇੰਜ ਇਸ ਛੋਟੇ ਜਿਹੇ ਆਕਾਰ ਦੀ ਪੁਸਤਕ ਵਿੱਚ ਇੱਕ 'ਵੱਡਾ ਕਾਰਾ' ਕੀਤਾ ਹੈ ਜੋ ਸਲਾਹੁਣਾ ਤਾਂ ਬਣਦਾ ਹੀ ਹੈ, ਸਗੋਂ ਇਸ ਤੋਂ ਕੁਝ ਸਿੱਖਣ ਲਈ ਵੀ ਮਿਲਦਾ ਹੈ ਕਿ ਕੁੱਜੇ ਵਿੱਚ ਸਮੁੰਦਰ ਕਿਵੇਂ ਬੰਦ ਕੀਤਾ ਜਾਂਦਾ ਹੈ।

ਨਿੰਦਰ ਘੁਗਿਆਣਵੀ ਕੋਲ ਪੁਸਤਕਾਂ ਲਿਖਣ ਦੀ ਚੇਟਕ ਅਤੇ ਸਮਰੱਥਾ ਬੜੀ ਹੀ ਅਦਭੁੱਤ ਹੈ। ਉਸਦੀ ਪਹਿਲੀ ਵਿਲੱਖਣਤਾ ਤਾਂ ਇਹ ਹੈ ਕਿ ਉਸਨੇ ਬੜੇ ਹੀ ਅਣਛੋਹੇ ਅਤੇ ਕੁਝ ਹੱਦ ਤੱਕ ਅਣਗੌਲੇ ਵਿਸ਼ੇ ਜਾਂ ਵਿਆਕਤੀ ਲਏ ਹਨ। ਸ਼ਾਇਦ ਇਸਦਾ ਕਾਰਨ ਉਸ ਅੰਦਰਲਾ ਸਾਹਿਤਕਾਰ, ਪੱਤਰਕਾਰ, ਗਾਇਕ ਅਤੇ ਪੁਸਤਕ ਮੋਹ ਹੀ ਹੈ। ਉਸਨੇ

ਗਾਇਕੀ ਖੇਤਰ ਵਿੱਚ ਲਾਲ ਚੰਦ ਯਮਲੇ ਜੱਟ ਨੂੰ ਉਸਤਾਦ ਧਾਰਿਆ ਸੀ ਅਤੇ ਉਸ ਦੀ ਜੀਵਨੀ ਤੇ ਗਾਇਕੀ ਉੱਤੇ ਪੁਸਤਕ ਲਿਖੀ ਸੀ – 'ਅਮਰ ਆਵਾਜ਼'। ਇਸ ਪੁਸਤਕ ਨੇ ਨਿੰਦਰ ਘੁਗਿਆਣਵੀ ਨੂੰ ਲੇਖਕਾਂ ਦੀ ਕਤਾਰ ਵਿੱਚ ਲਿਆ ਖੜ੍ਹਾ ਕੀਤਾ ਸੀ। 'ਕੁੱਲੀ ਵਾਲਾ ਫ਼ਕੀਰ' ਉਸ ਦੀ ਦੂਜੀ ਪੁਸਤਕ ਸੀ ਜੋ ਉਸਨੇ ਪੂਰਨ ਸ਼ਾਹਕੋਟੀ 'ਤੇ ਲਿਖੀ ਸੀ। ਇਸ ਪੁਸਤਕ ਨੇ ਨਿੰਦਰ ਘੁਗਿਆਣਵੀ ਨੂੰ ਲੇਖਕ ਵਜੋਂ ਹੋਰ ਅੱਗੇ ਵਧਾਇਆ ਅਤੇ ਹੌਂਸਲਾ ਦਿੱਤਾ। ਹੰਸ ਰਾਜ ਹੰਸ 'ਤੇ ਉਸਨੇ ਜਦੋਂ ਇਸੇ ਤਰ੍ਹਾਂ ਦੀ ਹੀ ਕਾਫੀ ਵੱਡੀ ਪੁਸਤਕ ਲਿਖੀ ਤਾਂ ਉਸਦੀ ਵਧਾਈਆਂ ਨਾਲ ਝੋਲ਼ੀ ਭਰ ਗਈ ਸੀ। ਨਵੇਂ ਤੇ ਪ੍ਰਸਿੱਧ ਗੀਤਕਾਰ ਗੁਰਚਰਨ ਵਿਰਕ 'ਤੇ ਲਿਖੀ ਉਸਦੀ ਪੁਸਤਕ ਨੇ ਤਾਂ ਉਸਦੀ ਲੇਖਕਾਂ, ਗੀਤਕਾਰਾਂ, ਗਾਇਕਾਂ, ਪੱਤਰਕਾਰਾਂ ਅਤੇ ਸਭਿਆਚਾਰਕ ਖੇਤਰ ਵਿੱਚ ਉਹ ਭੱਲ ਬਣਾਈ ਜਿਸਦਾ ਕੋਈ ਜਵਾਬ ਨਹੀਂ। "ਗੋਧਾ ਅਰਦਲੀ" ਨਾਂ ਦਾ ਛੋਟਾ ਜਿਹਾ ਨਾਵਲ ਵੀ ਉਸ ਨੇ ਲਿਖਿਆ ਸੀ ਜਿਸਨੇ ਸਮਾਜ ਦੇ ਇੱਕ ਵਰਗ ਵਿੱਚ ਤਰਥੱਲੀ ਮਚਾ ਦਿੱਤੀ ਸੀ ਤੇ ਖੂਬ ਚਰਚਿਤ ਹੋਇਆ ਸੀ। ਯਮਲੇ ਜੱਟ ਦੇ ਸ਼ਾਗਿਰਦਾਂ ਬਾਰੇ ਲਿਖੀ ਉਸਦੀ ਇੱਕ ਹੋਰ ਪੁਸਤਕ 'ਤੂੰਬੀ ਦੇ ਵਾਰਿਸ' ਬੜੀ ਹੀ ਬਹੁਮੁੱਲੀ ਹੈ ਕਿਉਂਕਿ ਇਸ ਵਿੱਚ ਉਸਨੇ ਬਹੁਤ ਸਾਰੇ ਗਾਇਕਾਂ ਦੀ ਕਲਾ ਅਤੇ ਜੀਵਨੀ ਦਾ ਬਿਉਰਾ ਵਿਸਥਾਰ ਸਹਿਤ ਦਿੱਤਾ ਹੈ। ਇਸ ਤੋਂ ਇਲਾਵਾ ਪੱਤਰਾਂ-ਪੱਤਰਕਾਵਾਂ ਵਿੱਚ ਆਏ ਦਿਨ ਉਸਦੇ ਛੁੱਟ ਪੁੱਟ ਲੇਖ ਛਪਦੇ ਰਹਿੰਦੇ ਹਨ ਜੋ ਚੰਗੀ ਵਾਰਤਾ, ਚੰਗਾ ਵਿਅੰਗ ਅਤੇ ਚੰਗੇ ਬਿਉਰੇ ਦਾ ਸੁਮੇਲ ਹੁੰਦੇ ਹਨ। ਉਨ੍ਹਾਂ ਦੀ ਵੀ ਚਰਚਾ ਹੁੰਦੀ ਰਹਿੰਦੀ ਹੈ। ਨਿੰਦਰ ਗੱਲ ਨੂੰ ਇੰਜ ਬਣਾਉਂਦਾ ਹੈ ਕਿ ਪਾਠਕ ਹੱਸਦਾ ਵੀ ਹੈ ਪਰ ਗਹਿਰ ਗੰਭੀਰ ਸੋਚਣ ਲਈ ਵੀ ਮਜਬੂਰ ਹੁੰਦਾ ਹੈ। ਉਹ ਗੱਲ ਨਾਲ ਗੱਲ ਇੰਜ ਜੋੜਦਾ ਜਾਂਦਾ ਹੈ ਕਿ ਕੋਈ ਵਿਰਲਾ ਹੀ ਇੰਜ ਕਰਦਾ ਹੋਵੇਗਾ।

ਕਰਨੈਲ ਸਿੰਘ ਪਾਰਸ ਬਾਰੇ ਲਿਖੀ ਉਸਦੀ ਇਹ ਪੁਸਤਕ ਉਸਦੀ ਮਿਹਨਤ, ਲਗ਼ਨ ਅਤੇ ਸਿਰੜ ਦਾ ਪ੍ਰਤੱਖ ਪ੍ਰਮਾਣ ਹੈ। ਉਹ ਕਈ ਵਾਰ ਰਾਮੂੰਵਾਲੇ ਗਿਆ, ਉੱਥੋਂ ਦਾ ਹਰ ਬਿਉਰਾ ਉਸਨੇ ਇਕੱਠਾ ਕੀਤਾ, ਇੱਥੋਂ ਤੱਕ ਕਿ ਪਿੰਡ ਦਾ ਬਾਹਰਲਾ ਪਾਸਾ, ਪਿੰਡ ਦਾ ਸਕੂਲ, ਪਾਰਸ ਦਾ ਘਰ ਅਤੇ ਉਸਦਾ ਆਲਾ-ਦੁਆਲਾ ਇੱਕ ਤਰ੍ਹਾਂ ਨਾਲ ਮੂੰਹੋਂ ਬੋਲਦਾ ਨਜ਼ਰ ਆਉਂਦਾ ਹੈ। ਇਸ ਕੰਮ ਪਿੱਛੇ ਉਹ ਕਈ ਥਾਂਈ ਗਿਆ ਅਤੇ ਬਹੁਤ ਸਾਰੇ ਲੋਕਾਂ ਨੂੰ ਮਿਲਿਆ ਵੀ ਹੈ। ਇਹ ਖੋਜ ਭਰਪੂਰ ਕਾਰਜ ਕਰਦਿਆਂ ਉਸ ਨੇ ਪਾਰਸ ਨਾਲ ਬਿਤਾਏ ਪਲਾਂ ਦੀ ਕਹਾਣੀ, ਇੰਨ੍ਹਾਂ ਸੱਜਣਾਂ-ਮਿੱਤਰਾਂ ਦੀ ਜ਼ੁਬਾਨੀ ਸੁਣ ਕੇ ਤੇ ਆਪਣੀ ਚਾਸ਼ਨੀ ਵਿੱਚ ਭਿਉਂ ਕਿ, ਪਾਠਕਾਂ ਸਾਹਵੇਂ ਪਰੋਸਣ ਦਾ ਉਸਦਾ ਯਤਨ ਵੀ ਬਹੁਤ ਸਾਰੇ ਕਾਰਨਾਂ ਕਰਕੇ ਸਲਾਹੁਣਯੋਗ ਹੈ। ਪਾਰਸ ਦੇ ਮੂੰਹੋਂ ਸੁਣੀਆਂ ਗੱਲਾਂ, ਉਸਦੇ ਹਾਵੇ ਹੌਕੇ ਅਤੇ ਕਹਿਕਹੇ, ਉਸਦੀਆਂ ਪੁਰਾਤਨ ਪਰ ਅਭੁੱਲ ਕਹਾਣੀਆਂ, ਜੋ ਉਸ ਤੋਂ ਇਲਾਵਾ ਕੋਈ ਵੀ ਹੋਰ ਨਹੀਂ ਸੀ ਦੱਸ ਸਕਦਾ, ਇੱਥੇ ਇਕੱਤਰ ਕੀਤੀਆਂ ਗਈਆਂ ਹਨ। ਬੜੀਆਂ ਪਰਦੇ ਵਾਲੀਆਂ ਗੱਲਾਂ ਬੜੀਆਂ ਹੀ ਖੁੱਲ੍ਹ ਕੇ ਜਾਂ ਸਾਰੇ ਪਰਦੇ ਲਾਹ ਕੇ ਕੀਤੀਆਂ ਹਨ। ਜਿਸ ਬੇਬਾਕੀ ਅਤੇ ਖੁੱਲ੍ਹ ਨੂੰ ਲਿਆ ਹੈ ਉਸਨੇ, ਉਸਨੂੰ ਉਨੀ ਹੀ ਸ਼ਾਇਸਤਗੀ ਅਤੇ ਸਹਿਜਤਾ ਨਾਲ ਪੇਸ਼ ਕੀਤਾ ਹੈ। ਪੰਜਾਬ ਦਾ ਸਭਿਆਚਾਰ ਇਸ ਵਿੱਚੋਂ ਸਾਫ਼ ਝਲਕਦਾ ਹੈ, ਸਭ ਰਸਮਾਂ ਰਿਵਾਜ ਝਾਤੀਆਂ ਮਾਰਦੇ ਨਜ਼ਰ ਆਉਂਦੇ ਹਨ ਅਤੇ ਕਵੀਸ਼ਰੀ ਜਾਂ ਢਾਡੀ ਪਰੰਪਰਾ ਉੱਤੇ ਸਾਜਿੰਦ ਝਾਤ ਪੁਆਈ ਗਈ ਹੈ। ਉਂਜ ਇੰਨੀ ਵੱਡੀ ਸ਼ਖ਼ਸੀਅਤ ਨੂੰ ਛੋਟੀ ਜਿਹੀ ਪੁਸਤਕ ਵਿੱਚ ਰੂਪਮਾਨ ਕਰਨਾ ਆਪਣੇ ਆਪ ਵਿੱਚ ਹੀ ਨਿੰਦਰ ਘੁਗਿਆਣਵੀ ਦੇ ਕਰਤੱਵ ਦਾ ਕਮਾਲ ਹੈ।



ਨਿੰਦਰ ਘੁਗਿਆਣਵੀ ਮਾਲਵੇ ਦਾ ਜੰਮਪਲ ਹੈ, ਪਾਰਸ ਵੀ ਮਲਵੱਈ ਹੈ। ਇਸ ਕਰਕੇ ਦੋਹਾਂ ਨੇ ਰਲ਼ ਕੇ ਬਹੁਤ ਥਾਂਵਾਂ ਤੇ ਮਲਵੱਈ ਭਾਸ਼ਾ ਦੀ ਪੁੱਠ ਦੇ ਕੇ ਗੱਲਬਾਤ ਕੀਤੀ ਹੈ। ਲੇਖਕ ਨੇ ਬਹੁਤ ਹੀ ਸਿੱਧੀ-ਸਾਦੀ ਅਤੇ ਖੁੱਲ੍ਹੀ ਬੋਲੀ ਦਾ ਪ੍ਰਯੋਗ ਕਰਕੇ ਇਹ ਦੱਸਿਆ ਹੈ ਕਿ ਆਮ ਪਾਠਕ ਲਈ ਇਹ ਕਿੰਨੀ ਢੁੱਕਵੀਂ ਅਤੇ ਸੁਹਿਰਦ ਬੋਲੀ ਹੈ। ਪੁਸਤਕ ਨੂੰ ਪੜ੍ਹਦੇ ਸਮੇਂ ਤੁਹਾਨੂੰ ਕਿਸੇ ਸ਼ਬਦ-ਕੋਸ਼ ਦੀ ਲੋੜ ਨਹੀਂ ਪੈਂਦੀ ਅਤੇ ਕਿਸੇ ਗੱਲ ਨੂੰ ਜਾਂ ਵਾਕ ਨੂੰ ਦੂਜੀ ਜਾਂ ਤੀਜੀ ਵਾਰ ਪੜ੍ਹਨਾ ਨਹੀਂ ਪੈਂਦਾ। ਸਰਲਤਾ, ਸੁਨੱਖਤਾ ਅਤੇ ਬੋਲੀ ਦੀ ਠੇਠਤਾ ਇਸਦੇ ਅਸਲੀ ਤੇ ਚਮਕਦੇ ਗਹਿਣੇ ਹੋ ਨਿਬੜੇ ਹਨ। ਮੇਰੇ ਖ਼ਿਆਲ ਵਿੱਚ ਪਾਠਕ ਇਸ ਪੁਸਤਕ ਨੂੰ ਪੜ੍ਹ ਕੇ ਜਿੱਥੇ ਪਾਰਸ ਦੇ ਜੀਵਨ ਤੋਂ ਪ੍ਰਭਾਵਤ ਹੋਣਗੇ ਉੱਥੇ ਨਿੰਦਰ ਨੂੰ ਵਧਾਈ ਦਿੰਦੇ ਹੋਏ ਉਸ ਨੂੰ ਹੋਰ ਅੱਗੇ ਵਧਣ ਲਈ ਹੌਂਸਲਾ ਵੀ ਦੇਣਗੇ।

ਪੁਸਤਕ ਨੂੰ ਜੀ ਆਇਆਂ ਕਹਿੰਦਾ ਹੋਇਆ ਮੈਂ ਆਪਣੇ ਵੱਲੋਂ ਨਿੰਦਰ ਘੁਗਿਆਣਵੀ ਨੂੰ ਜ਼ਰੂਰ ਹੀ ਵਧਾਈ ਅਤੇ ਸਾਬਾਸ਼ ਦੇਣ ਦੀ ਖੁਸ਼ੀ ਪ੍ਰਾਪਤ ਕਰਨਾ ਚਾਹਾਂਗਾ। ਆਸ ਹੈ ਕਿ ਉਹ ਏਸੇ ਤਰ੍ਹਾਂ ਸਾਹਿਤ ਸੇਵਾ 'ਚ ਜੁਟਿਆ ਰਹੇਗਾ।

**- ਹਰਭਜਨ ਸਿੰਘ ਬਟਾਲਵੀ**
ਡਿਪਟੀ ਡਾਇਰੈਕਟਰ,
ਆਕਾਸ਼ਵਾਣੀ ਕੇਂਦਰ ਜਲੰਧਰ

20 ਫਰਵਰੀ 2000

# ਮੇਰਾ ਕਿਤਾਬੀ ਮੋਹ

ਮੇਰੇ ਮਨ ਦੀ ਚੇਤਨਾ ਅੰਦਰ ਲਿਖਣ ਦਾ ਢੋਲ ਹਰ ਵੇਲੇ "ਡੰਮ ਡੰਮ ਲਕ ਲਕ" ਕਰਕੇ ਖੜਕਦਾ ਰਹਿੰਦਾ ਹੈ।

ਮੈਨੂੰ ਪੰਜਾਬੀਅਤ ਨਾਲ ਬੇਅੰਤ ਮੋਹ ਹੈ। ਅੱਜ ਪੰਜਾਬੀ ਸਭਿਆਚਾਰ ਸੰਕਟਾਂ ਵਿੱਚ ਘਿਰਿਆ ਫਿਰਦੈ ਤੇ ਸਮੁੱਚਾ ਪੰਜਾਬੀ ਸਭਿਆਚਾਰ ਡਗਮਗਾਉਂਦਾ ਨਜ਼ਰ ਆਉਂਦੈ! ਪੰਜਾਬੀਅਤ ਵਿੱਚ ਤ੍ਰੇੜਾਂ ਪਈਆਂ ਨਜ਼ਰ ਆਉਂਦੀਆਂ ਹਨ ਤੇ ਪੰਜਾਬੀਅਤ ਵਿੱਚੋਂ ਉਸਦਾ ਵਿਸਮਾਦੀ ਤੱਤ ਗੁੰਮ ਹੁੰਦਾ ਜਾਂਦਾ ਜਾਪਦੈ!

ਆਪੂੰ ਧਾਪੀ ਹੈ। ਅਫ਼ਰਾ-ਤਫ਼ਰੀ ਹੈ। ਪੰਜਾਬੀ ਸੰਗੀਤ ਦੀਆਂ ਸੁਰੀਲੀਆਂ 'ਸੁਰਾਂ' ਬੇਸੁਰੀਆਂ ਹੋਈ ਜਾ ਰਹੀਆਂ ਹਨ।

ਮੈਂ ਪੰਜਾਬੀਅਤ ਵਿੱਚੋਂ ਲੋਕਾਂ ਦੀ ਗਾਇਕੀ ਦੀ ਸਮੁੱਚੀ ਹੋਂਦ ਨੂੰ ਮਹਿਸੂਸਦਾ ਹਾਂ,

# ਪਾਰਖੂ ਅੱਖ - ਬਾਪੂ ਪਾਰਸ

ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਪੰਜਾਬੀ ਗਾਇਕੀ ਤੇ ਕਿੱਸਾਕਾਰੀ ਵਿੱਚ ਇੱਕ ਜਾਣਿਆ-ਪਛਾਣਿਆਂ ਨਾਂ ਹੈ। ਪਿਛਲੇ ਸੱਤ ਦਹਾਕਿਆਂ ਤੋਂ ਉਹ ਆਪਣੀ ਕਵੀਸ਼ਰੀ ਦੀ ਨਿਵੇਕਲੀ ਪਛਾਣ ਦੇ ਸਦਕਾ ਧਾਰਮਿਕ ਦੀਵਾਨਾਂ ਜਾਂ ਪਿੰਡਾਂ ਦੇ ਅਖਾੜਿਆਂ ਵਿੱਚ ਛਾਇਆ ਰਿਹਾ ਹੈ। ਪਰ ਭਾਰਤ ਵਿੱਚ ਰਹਿੰਦਿਆਂ ਮੈਂ ਜ਼ਿੰਦਗੀ ਦਾ ਬਹੁਤ ਸਾਰਾ ਸਮਾਂ ਮਾਲਵੇ ਵਿੱਚ ਹੀ ਗੁਜ਼ਾਰਿਆ। ਪਰ ਮੈਨੂੰ ਅਫ਼ਸੋਸ ਹੈ ਕਿ ਪੰਜਾਹਵਿਆਂ ਅਤੇ ਸੱਠਵਿਆਂ ਦੇ ਦੌਰ ਸਮੇਂ ਰੇਡੀਓ ਉੱਤੋਂ ਜਾਂ ਗਰਾਮੋਫ਼ੋਨ ਰਿਕਾਰਡਾਂ ਰਾਹੀਂ ਘਰ-ਘਰ ਗੂੰਜਦੇ 'ਪਾਰਸ' ਨੂੰ ਸਟੇਜ ਉੱਤੇ ਵੇਖਣਾ ਮੈਨੂੰ ਨਸੀਬ ਨਹੀਂ ਹੋਇਆ।

ਟਰਾਂਟੋ ਤੋਂ ਕੋਈ ਚਾਲੀ ਕੁ ਮੀਲ ਦੀ ਵਿੱਥ ਅਤੇ 'ਲੋਹੇ ਦੇ ਸ਼ਹਿਰ ਹੈਮਲਟਨ' ਵਿੱਚ ਸਾਡੇ ਇੱਕ ਸਨੇਹੀ ਹਰਪਾਲ ਸਿੰਘ ਦੇ ਬੇਟੇ ਦੀ ਜੁਲਾਈ 1977 'ਚ ਸ਼ਾਦੀ ਸੀ। ਸ਼ਾਦੀ ਮੌਕੇ ਪਾਰਟੀ ਦੇ ਸਮੇਂ ਮਨੋਰੰਜਨ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਹੋਈ ਸੀ। ਮੈਂ ਆਪਣੇ ਗਾਇਕ ਮਿੱਤਰ ਕੁਲਦੀਪ ਦੀਪਕ ਦੇ ਕੁਝ ਸਾਜਿੰਦਿਆਂ ਨੂੰ ਨਾਲ ਲੈ ਕੇ ਇਸ ਮੌਕੇ ਗੀਤ ਸੰਗੀਤ ਦਾ ਪ੍ਰੋਗਰਾਮ ਕਰਵਾ ਰਿਹਾ ਸਾਂ। ਮੈਂ ਪ੍ਰੋਗਰਾਮ ਦੀ ਸ਼ੁਰੂਆਤ ਲਈ ਹਾਲੇ ਕੁਝ ਲਫ਼ਜ਼ ਹੀ ਬੋਲੇ ਸਨ ਕਿ ਚਿੱਟੀ ਦਾਹੜੀ ਵਾਲੇ ਇੱਕ ਬਜ਼ੁਰਗ ਨੇ ਇੱਕ ਡਾਲਰ ਦਾ ਨੋਟ ਮੇਰੇ ਹੱਥ ਫੜਾ ਕੇ ਮੇਰੀ ਪਿੱਠ ਥਾਪੜੀ। ਜਾਣ ਲੱਗੇ ਨੇ ਮੇਰੇ ਕੰਨ ਕੋਲ ਹੋ ਕੇ ਹੌਲੀ ਜਿਹੇ ਕਿਹਾ, "ਕਾਕਾ ਤੂੰ ਸਟੇਜ ਦਾ ਧਨੀ ਰਹੇਂਗਾ।" ਮੈਂ ਹੈਰਾਨ ਸਾਂ। ਉਸ ਪ੍ਰੋਗਰਾਮ ਵਿੱਚ ਸਰੋਤੇ ਗੀਤ-ਸੰਗੀਤ ਤੋਂ ਖੁਸ਼ ਹੋ ਕੇ ਇਨਾਮ, ਤੇ ਮੈਨੂੰ ਵੀ ਸਟੇਜ ਸਕੱਤਰੀ ਦਾ ਇਨਾਮ ਦੇ ਰਹੇ ਸਨ। ਉਸੇ ਬਜ਼ੁਰਗ ਨੇ ਕਿਹਾ, "ਗਾਉਣ ਸੁਣਕੇ ਸ੍ਰੋਤੇ ਇਨਾਮ ਦਿੰਦੇ ਤਾਂ ਵੇਖੇ ਸਨ, ਪਰ ਸਟੇਜ ਸਕੱਤਰੀ ਕਰਨ ਵਾਲੇ ਨੂੰ ਵੀ ਇਨਾਮ ? ਇਹ ਕਿਵੇਂ ਹੋ ਸਕਦੈ।"

ਮੈਂ ਪ੍ਰੋਗਰਾਮ ਦੇ ਪ੍ਰਬੰਧਕਾਂ ਨੂੰ ਪੁੱਛਿਆ, "ਏਹ ਬਾਬਾ ਜੀ ਕੌਣ ਹਨ ?" ਤਾਂ ਉਹਨਾਂ ਦੱਸਿਆ ਕਿ ਇਹ ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਹੈ। ਇਹ ਮੇਰੀ ਤੇ ਪਾਰਸ ਦੀ ਪਹਿਲੀ ਮੁਲਾਕਾਤ ਸੀ।

ਉਸੇ ਦਿਨ ਤੋਂ ਹੀ ਸਾਡੀ ਸਾਂਝ ਅਜਿਹੀ ਬਣ ਗਈ ਕਿ ਇੱਕ ਤਰ੍ਹਾਂ ਦੀ ਰਿਸ਼ਤੇਦਾਰੀ ਹੀ ਸ਼ੁਰੂ ਹੋ ਗਈ ਕਿ ਮੈਂ ਉਸ ਨੂੰ ਉਸਦੇ ਧੀਆਂ-ਪੁੱਤਾਂ ਵਾਂਗ ਬਾਪੂ ਜੀ ਕਹਿ ਕੇ ਸੰਬੋਧਨ ਕਰਨ ਲੱਗ ਪਿਆ। ਉਸਦੇ ਚਾਰੇ ਪੁੱਤ ਤੇ ਦੋਵੇਂ ਧੀਆਂ ਮੈਨੂੰ ਆਪਣਾ ਭਰਾ ਹੀ ਸਮਝਦੇ ਹਨ।

ਪਾਰਸ ਇੱਕ ਜ਼ਿੰਦਾਦਿਲ ਇਨਸਾਨ ਹੈ। ਉਸਦੀ ਸੋਚਣੀ ਵਿਸ਼ਾਲ ਹੈ ਤੇ ਉਸ ਨੂੰ ਆਪਣੀ ਗੱਲ ਦਲੀਲ ਨਾਲ ਕਰਨੀ ਆਉਂਦੀ ਹੈ। ਬਚਪਨ ਵਿੱਚ ਮਾਤਾ-ਪਿਤਾ ਦੇ ਸਾਏ ਤੋਂ ਵਾਂਝੇ ਹੋ ਜਾਣ ਨਾਲ ਘਰ ਦੀ ਹਾਲਤ ਬੜੀ ਨਾਜ਼ੁਕ ਸੀ। ਸਾਰੀ ਜ਼ਿੰਦਗੀ ਸਕੂਲ ਦਾ



ਮੂੰਹ ਨਹੀਂ ਵੇਖਿਆ। ਇਸ ਦੇ ਬਾਵਜੂਦ ਵੀ ਉਹ ਬਹੁਤ ਗਿਆਨ-ਵਾਨ ਹੈ। ਉਸਦੀ ਸੋਚ ਤਰਕਵਾਦੀ ਹੈ। ਉਹ ਸਮੁੱਚੀ ਮਾਨਵਤਾ ਨੂੰ ਪ੍ਰਣਾਮ ਕਰਦਾ ਹੈ। ਇੱਕ ਸਿੱਖ ਪਰਿਵਾਰ ਵਿੱਚ ਜਨਮ ਲੈਣ ਦੇ ਬਾਵਜੂਦ ਵੀ ਉਹ ਕੱਟੜਵਾਦ ਤੋਂ ਬਹੁਤ ਦੂਰ ਹੈ। ਪਾਰਸ ਨੇ ਆਪਣਾ ਸਾਰਾ ਜੀਵਨ ਲੋਕਾਂ ਵਿੱਚ ਗੁਜ਼ਾਰਿਆ ਹੈ। ਇੱਕ ਕਵੀਸ਼ਰ ਹੋਣ ਦੇ ਨਾਤੇ ਉਸ ਨੇ ਲੋਕਾਂ ਦੇ ਦੁਖਾਂ-ਸੁਖਾਂ ਤੇ ਖੁਸ਼ੀਆਂ ਵਿੱਚ ਵੀ ਗਾਇਆ ਹੈ ਅਤੇ ਆਪਣੇ ਸਿਰਜੇ ਹੋਏ ਅਸੂਲ ਸਦਾ ਬਰਕਰਾਰ ਰੱਖੇ। ਜੇਕਰ ਕਿਸੇ ਪ੍ਰੋਗਰਾਮ ਦੀ ਸਾਈ ਫੜ ਲਈ ਜਾਂ ਇੱਕ ਵਾਰੀ ਹਾਂ ਕਰ ਦਿੱਤੀ ਤਾਂ ਫਿਰ ਹੋਰ ਕਿਸੇ ਜਗ੍ਹਾ ਤੋਂ ਚਾਹੇ ਕਿੰਨੇ ਵੀ ਵੱਧ ਪੈਸੇ ਮਿਲਣ, ਉਸ ਨੇ ਸਵੀਕਾਰ ਨਹੀਂ ਕੀਤੇ। ਮੈਂ ਉਸ ਨਾਲ ਪੇਸ਼ਾਵਰ ਗਵੱਈਏ ਦੀ ਬਜਾਏ ਉਸ ਨਾਲ ਪਰਿਵਾਰਕ ਸਾਂਝ ਬਣਾਈ ਹੈ, ਜੋ ਉਹ ਹਾਲੇ ਤੱਕ ਪਾਲ ਰਿਹਾ ਹੈ।

ਪਾਰਸ ਦੀ ਕਵਿਤਾ ਦਾ ਰੰਗ ਵੀ ਆਪਣਾ ਹੀ ਰੰਗ ਹੈ। ਉਸਦੀ ਕਵਿਤਾ ਸਰਲ ਹੋਣ ਦੇ ਬਾਵਜੂਦ ਡੂੰਘੀ ਵੀ ਹੈ ਜੋ ਸ੍ਰੋਤਿਆਂ ਲਈ ਹੀ ਸਿਰਜੀ ਹੋਣ ਕਰਕੇ ਸੁਣਨ ਵਾਲੇ ਦੇ ਦਿਲ-ਦਿਮਾਗ਼ ਤੇ ਉੱਕਰ ਆਉਂਦੀ ਹੈ। ਉਹ ਕਵਿਤਾ ਨੂੰ ਇੱਕ ਸ਼ਿਲਪਕਾਰ ਵਾਂਗ ਘੜਦਾ ਹੈ, ਆਪਣੀ ਸ਼ਿਲਪਕਾਰੀ ਵਿੱਚ ਉਹ ਬੜਾ ਮਾਹਰ ਹੈ।

ਕਵੀਸ਼ਰੀ ਦੇ ਖੇਤਰ ਵਿੱਚ ਬੁਲੰਦ ਆਵਾਜ਼ ਦਾ ਧਨੀ ਰਣਜੀਤ ਸਿੰਘ ਸਿੱਧਵਾਂ ਉਸਦਾ ਕਾਫ਼ੀ ਸਮਾਂ ਸਾਥੀ ਰਿਹਾ ਹੈ, ਇਹੋ ਕਾਰਨ ਹੈ ਕਿ ਦੋਵੇਂ ਇੱਕ ਦੂਜੇ ਦੀ ਰਮਜ਼ ਪਛਾਣਦੇ ਹਨ। ਇਸ ਕਾਰਨ ਉਹ ਚੰਗੇ ਮਿੱਤਰ ਤਾਂ ਹਨ ਹੀ, ਸਗੋਂ ਰਿਸ਼ਤੇਦਾਰ ਵੀ ਹਨ। ਪਾਰਸ ਸ਼ੁੱਧ ਪੰਜਾਬੀ ਬੋਲਣ ਤੇ ਲਿਖਣ ਦਾ ਸ਼ੈਦਾਈ ਹੈ। ਉਸ ਨੇ ਆਪਣੇ ਪੁੱਤਾਂ-ਧੀਆਂ ਨੂੰ ਹਮੇਸ਼ਾ ਸ਼ੁੱਧ ਪੰਜਾਬੀ ਬੋਲਣ ਦੀ ਟਰੇਨਿੰਗ ਦਿੱਤੀ। ਪਾਰਸ ਦੀ ਅੱਖ ਬੜੀ ਪਾਰਖੂ ਹੈ। ਇੱਕ ਵਾਰੀ ਇੱਕ ਮੁੰਡਾ ਜੋ ਦਰਜੀ ਦਾ ਕੰਮ ਕਰਦਾ ਸੀ ਪੱਗ ਲੈ ਕੇ ਪਾਰਸ ਦਾ ਸ਼ਾਗਿਰਦ ਬਣਨ ਆ ਗਿਆ ਤੇ ਪਾਰਸ ਨੇ ਉਸ ਨੂੰ ਸਾਫ਼-ਸਾਫ਼ ਦੱਸ ਦਿੱਤਾ ਕਿ ਕਵਿਤਾ ਰਚਣੀ ਤੇਰੇ ਵੱਸ ਦਾ ਕੰਮ ਨਹੀਂ, ਤੂੰ ਚੁੱਪ ਕਰਕੇ ਦਰਜੀ ਦਾ ਕੰਮ ਕਰ ਲੈ। ਉਹ ਮੁੰਡਾ ਪੱਗ ਲੈ ਕੇ ਕਿਸੇ ਹੋਰ ਕਵੀਸ਼ਰ ਕੋਲ ਚਲਾ ਗਿਆ ਤੇ ਉਸਦਾ ਚੇਲਾ ਜਾ ਬਣਿਆ। ਤਿੰਨ ਕੁ ਸਾਲਾਂ ਮਗਰੋਂ ਉਹ ਪਾਰਸ ਨੂੰ ਮੋਗੇ ਬਜ਼ਾਰ 'ਚ ਮਿਲ ਪਿਆ ਤੇ ਪਾਰਸ ਦੇ ਗੋਡੀਂ ਹੱਥ ਲਾ ਕੇ ਕਹਿਣ ਲੱਗਿਆ ਕਿ ਮੈਂ ਹਾਲੇ ਤੀਕ ਇੱਕ ਵੀ ਕਵਿਤਾ ਨਹੀਂ ਰਚ ਸਕਿਆ, ਤੁਸੀਂ ਪ੍ਰੇਰਨਾ ਦਿੱਤੀ ਸੀ ਤੇ ਮੈਂ ਹੁਣ ਦਰਜੀ ਦਾ ਕੰਮ ਕਰਦਾ ਹਾਂ। ਕੰਮ ਚੰਗਾ ਚੱਲਿਆ ਹੈ। ਇਵੇਂ ਹੀ ਮਸ਼ਹੂਰ ਗਾਇਕ ਹਰਭਜਨ ਮਾਨ ਵੀ ਪਾਰਸ ਤੋਂ ਹੀ ਵਰੋਸਾਇਆ ਹੋਇਆ ਹੈ। 1983 'ਚ ਪਾਰਸ ਮੇਰੇ ਕੋਲ ਇਸ ਮੁੰਡੇ ਨੂੰ ਲੈ ਕੇ ਆਇਆ ਸੀ ਤੇ ਮੈਂ ਕਿਹਾ ਸੀ ਕਿ ਹਾਲੇ ਮੁੰਡਾ ਕੱਚਾ ਹੈ। ਪਾਰਸ ਨੇ ਮੇਰੀ ਜੱਜਮੈਂਟ ਦੀ ਕਦਰ ਕਰਦਿਆਂ ਹਰਭਜਨ ਮਾਨ ਨੂੰ ਮਿਹਨਤ ਕਰਨ ਲਈ ਪ੍ਰੇਰਿਆ ਤੇ ਇਸ ਤੋਂ ਬਾਅਦ ਹੀ ਸੰਗੀਤ ਸਿੱਖਿਆ ਲੈ ਕੇ ਹਰਭਜਨ ਮਾਨ ਮਸ਼ਹੂਰ ਹੋਇਆ।

ਟਰਾਂਟੋ ਵਿੱਚ ਰਹਿੰਦਿਆਂ ਪਾਰਸ ਨਾਲ ਮੁਲਾਕਾਤ ਅਕਸਰ ਹੁੰਦੀ ਹੀ ਰਹਿੰਦੀ ਹੈ। ਮੁਲਾਕਾਤ ਦੌਰਾਨ ਅਸੀਂ ਸਿਆਸਤ ਦੀਆਂ ਗੱਲਾਂ ਕਰਦੇ ਹਾਂ ਤਾਂ ਉਹ ਕਨੇਡਾ ਜਾਂ ਭਾਰਤ ਦੀ ਹੀ ਨਹੀਂ ਸਗੋਂ ਵਿਸ਼ਵ ਭਰ ਦੀ ਜਾਣਕਾਰੀ ਸਾਂਝੀ ਕਰਨ ਲੱਗ ਪੈਂਦਾ ਹੈ। ਕਿੱਥੇ ਚੋਣਾਂ

ਹੋ ਰਹੀਆਂ ਹਨ, ਕੌਣ ਜਿੱਤੇਗਾ, ਕੌਣ ਉਮੀਦਵਾਰ ਹੈ, ਉਸਦਾ ਪਿਛੋਕੜ ਕੀ ਰਿਹਾ ਹੈ, ਵਗੈਰਾ-ਵਗੈਰਾ।

ਧਰਮ ਬਾਰੇ ਪਾਰਸ ਦਾ ਨਜ਼ਰੀਆ ਬੜਾ ਦਿਲਚਸਪ ਹੈ। ਉਹ ਕਹਿੰਦਾ ਹੈ ਕਿ, "ਧਰਮ ਅਤੇ ਸਿਆਸਤ ਕਦੀ ਇੱਕ ਨਹੀਂ ਹੋ ਸਕਦੇ।"

ਪਾਰਸ ਸਮੇਂ ਦਾ ਬੜਾ ਪਾਬੰਦ ਹੈ। ਕਿਸੇ ਦੇ ਜਾਣਾ ਹੋਵੇ ਜਾਂ ਕਿਸੇ ਨੇ ਆਉਣਾ ਹੋਵੇ ਤਾਂ ਉਸਦੀ ਨਿਗ੍ਹਾ ਹਮੇਸ਼ਾ ਘੜੀ ਦੀ ਸੂਈ ਉੱਤੇ ਹੀ ਰਹਿੰਦੀ ਹੈ। ਜਦ ਕਿਤੇ ਉਸ ਨੂੰ ਮੇਰੇ ਨਾਲ ਕੋਈ ਕੰਮ ਹੋਵੇ ਤਾਂ ਉਹ ਫ਼ੋਨ ਕਰਕੇ ਕਹੇਗਾ, "ਮਾਹਲ ਮੈਂ ਤੇਰਾ ਸਿਰਫ਼ ਇੱਕ ਮਿੰਟ ਹੀ ਲੈਣਾ ਹੈ।" ਤਾਂ ਉਹ ਆਪਣੀ ਵਾਰਤਲਾਲਾਪ ਸਿਰਫ਼ ਇੱਕ ਮਿੰਟ 'ਚ ਹੀ ਮੁਕਾ ਕੇ ਫ਼ੋਨ ਬੰਦ ਕਰਨ ਦੀ ਕਰਦਾ ਹੈ।

ਕਨੇਡਾ ਦੀ ਫੇਰੀ ਦੌਰਾਨ ਉਹ ਆਪਣੇ ਘਰੇ ਹਰੇਕ ਕਲਾਕਾਰ ਜਾਂ ਲੇਖਕ ਨੂੰ ਸੱਦਾ ਦਿੰਦਾ ਹੈ। ਸਵ: ਉਸਤਾਦ ਯਮਲਾ ਜੀ, ਬੀਬੀ ਸੁਰਿੰਦਰ ਕੌਰ, ਗੁਰਦਾਸ ਮਾਨ ਤੇ ਚਰਨਜੀਤ ਆਹੂਜਾ ਜਿਹੇ ਕਲਾਕਾਰ ਉਸ ਦੀ ਮਹਿਮਾਨ-ਨਿਵਾਜ਼ੀ ਮਾਨਣ ਵਿੱਚ ਫਖ਼ਰ ਮਹਿਸੂਸ ਕਰਦੇ ਹਨ।

ਕੁਝ ਸਮਾਂ ਹੋਇਆ ਟਰਾਂਟੋ ਤੋਂ ਇੱਕ ਪੰਜਾਬੀ ਸਭਿਆਚਾਰ ਦੇ ਪ੍ਰੇਮੀ ਨੇ ਸ਼ਾਇਰ ਸੁਰਜੀਤ ਪਾਤਰ, ਬੱਚਿਆਂ ਦੇ ਗੀਤ ਗਾਉਣ ਵਾਲਾ ਕਮਲਜੀਤ ਨੀਲੋਂ, ਪੰਜਾਬੀ ਨਾਟਕਕਾਰ ਆਤਮਜੀਤ, ਪ੍ਰਸਿੱਧ ਫੋਟੋਗ੍ਰਾਫਰ ਤੇ ਪੱਤਰਕਾਰ ਜਨਮੇਜਾ ਜੌਹਲ ਨੂੰ ਟਰਾਂਟੋ ਲਿਆਂਦਾ, ਅਫਸੋਸ ਨਾਲ ਕਿ ਉਹਨਾਂ ਦਾ ਪ੍ਰੋਗਰਾਮ ਸਫ਼ਲ ਨਾ ਹੋ ਸਕਿਆ। ਮੈਨੂੰ ਇਸਦਾ ਦੁੱਖ ਹੋਇਆ। ਮੈਂ ਆਪਣੇ ਮਿੱਤਰ ਇਕਬਾਲ ਰਾਮੂਵਾਲੀਆ ਨਾਲ ਰਲ ਕੇ ਇਹਨਾਂ ਕਲਾਕਾਰਾਂ ਲਈ ਪ੍ਰੋਗਰਾਮ ਆਯੋਜਿਤ ਕਰਕੇ, ਫੰਡ ਇਕੱਠਾ ਕਰਨ ਦੀ ਵਿਚਾਰ ਬਣਾਈ। ਮਿਥੇ ਦਿਨ ਪਾਰਸ ਵੀ ਉਸ ਪ੍ਰੋਗਰਾਮ ਵਿੱਚ ਆਇਆ ਹੋਇਆ ਸੀ। ਮੈਂ ਕੋਲ ਜਾ ਕੇ ਕਿਹਾ, "ਬਾਪੂ ਜੀ, ਪੰਜਾਬ ਤੋਂ ਚੱਲ ਕੇ ਇਹ ਕਲਾਕਾਰ ਤੇ ਲੇਖਕ ਆਏ ਹਨ, ਕੁਝ ਸੇਵਾ ਕਰੋਗੇ ?"

ਮੇਰੀ ਏਨਾ ਕਹਿਣ ਦੀ ਦੇਰ ਹੀ ਸੀ ਕਿ ਪਾਰਸ ਨੇ ਆਪਣਾ ਬਟੂਆ ਮੇਰੇ ਹੱਥ 'ਚ ਫੜ੍ਹਾ ਕੇ ਕਿਹਾ, "ਲੈ ਲਾ ਜਿੰਨੇ ਚਾਹੀਦੇ ਹਨ।" ਮੈਂ ਬਟੂਆ ਖੋਹਲਿਆ ਤੇ ਉਸ ਵਿੱਚੋਂ ਪੰਜਾਹ-ਪੰਜਾਹ ਡਾਲਰ ਦੇ ਚਾਰ ਨੋਟ ਸਨ ਤੇ ਇੱਕ ਮੈਂ ਕੱਢਕੇ ਧੰਨਵਾਦ ਕਰਕੇ, ਬਟੂਆ ਵਾਪਸ ਦੇ ਕੇ, ਸਟੇਜ ਦੇ ਪਿੱਛੇ ਜਾ ਕੇ ਇਕਬਾਲ ਨੂੰ ਦੱਸਿਆ ਕਿ ਬਾਪੂ ਜੀ ਨੇ 50 ਡਾਲਰ ਉਸਦੇ ਪ੍ਰੋਗਰਾਮ ਵਾਸਤੇ ਦਿੱਤੇ ਹਨ।

ਇਕਬਾਲ ਬੋਲਿਆ, "ਸਿਰਫ਼ ਪੰਜਾਹ ਡਾਲਰ ? ਉਹ ਤਾਂ ਵੱਡਾ ਸ਼ਾਇਰ ਹੈ ਉਸ ਨੂੰ ਤਾਂ 500 ਡਾਲਰ ਦੇਣੇ ਚਾਹੀਦੇ ਹਨ।" ਕੁਝ ਸਮੇਂ ਬਾਅਦ ਮੈਂ ਫਿਰ ਪਾਰਸ ਜੀ ਕੋਲ ਜਾ ਖੜ੍ਹਾ ਹੋਇਆ ਤੇ ਉਸ ਨੇ ਮੈਨੂੰ ਕੋਲ ਖੜ੍ਹੇ ਨੂੰ ਵੇਖਕੇ ਪੁੱਛਿਆ, "ਹੁਣ ਹੋਰ ਕੀ ਚਾਹੀਦੈ ?" ਮੈਂ ਪਾਰਸ ਨੂੰ ਇਕਬਾਲ ਨਾਲ ਹੋਈ ਗੱਲ ਦੱਸ ਦਿੱਤੀ। ਮੇਰੇ ਕਹਿਣ ਦੀ ਦੇਰ ਹੀ ਸੀ ਕਿ ਪਾਰਸ ਨੇ ਬਟੂਏ 'ਚੋਂ ਕੱਢ ਕੇ ਉਹ ਤਿੰਨੇ ਨੋਟ ਫੜ੍ਹਾਉਂਦਿਆਂ ਕਿਹਾ, "ਬਾਕੀ ਦੇ ਕੱਲ੍ਹ ਨੂੰ ਘਰੋਂ ਲੈ ਜਾਵੀਂ, ਪਰ ਤੇਰੀ ਬੇਬੇ ਨੂੰ ਨਾ ਪਤਾ ਲੱਗੇ।"



ਮਨੁੱਖ ਦੇ ਇਸ ਧਰਤੀ 'ਤੇ ਹੋਏ ਵਸੇਬੇ ਨੂੰ ਕਿੰਨੇ ਚਿਰ ਤੋਂ ਕੋਈ ਨਹੀਂ ਜਾਣਦਾ। ਅਸੀਂ ਏਥੇ ਆਉਂਦੇ ਹਾਂ, ਆਪਣੇ ਮਿੱਥੇ ਸਮੇਂ ਤੋਂ ਬਾਅਦ ਚਲੇ ਜਾਂਦੇ ਹਾਂ, ਪਿੱਛੇ ਰਹਿ ਜਾਂਦੀ ਹੈ ਚੰਗੇ ਬੰਦੇ ਦੀ ਚੰਗਿਆਈ ਤੇ ਉਹਦੀ ਯਾਦ।

ਇਹ ਜ਼ਰੂਰੀ ਨਹੀਂ ਕਿ ਤੁਸੀਂ ਧਰਤੀ ਉੱਤੇ ਕਿੰਨੇ ਚਿਰ ਤੋਂ ਜਿਉਂਦੇ ਹੋ, ਜ਼ਰੂਰੀ ਇਹ ਹੈ ਕਿ ਤੁਸੀਂ ਕਿਸ ਢੰਗ ਨਾਲ ਜਿਉਂਦੇ ਹੋ।

ਪਾਰਸ ਨੂੰ ਜੀਵਨ ਜਿਉਣ ਦਾ ਪੂਰਾ ਸਲੀਕਾ ਹੈ। ਪਾਰਸ ਇੱਕ ਵਧੀਆ ਕਵੀਸ਼ਰ, ਸੁਹਿਰਦ ਮਿੱਤਰ, ਮਿਲਾਪੜੀ ਸ਼ਖ਼ਸੀਅਤ, ਪੰਜਾਬੀ ਸਭਿਆਚਾਰ ਦਾ ਇੱਕ ਅਹਿਮ ਹਿੱਸਾ ਬਣਿਆ ਰਹੇਗਾ। ਮੈਂ ਉਸਦੀ ਤੰਦਰੁਸਤੀ ਤੇ ਖੁਸ਼ਗਵਾਰ ਜੀਵਨ ਲਈ ਅਰਦਾਸ ਕਰਦਾ ਹਾਂ,

ਜਦੋਂ ਵੱਡੀ ਹੋਈ ਉਮਰ ਤੇ ਜਹਾਨ ਜਾਣਾ ਛੱਡ
ਪਿਛੇ ਪਰ, ਪੈੜ ਦੇ ਨਿਸ਼ਾਨ ਜਾਣਾ ਛੱਡ
ਲੱਖ ਉਹਦੇ ਮੇਲੇ ਵਿੱਚ ਗ਼ੁਲਾਮ ਹੋ ਗਏ
ਵੱਖਰੀ ਕੋਈ ਆਪਣੀ ਪਛਾਣ ਜਾਣਾ ਛੱਡ

✲

**- ਇਕਬਾਲ ਮਾਹਲ**
**ਕਨੇਡਾ।**

ਲੋਕਾਂ ਦੀ ਗਾਇਕੀ ਲੋਕਾਂ ਦੇ ਦਿਲਾਂ ਦੀ ਧੜਕਣ ਹੈ... ਮੈਂ ਚਾਹੁੰਨੈ ਕਿ ਇਹ ਧੜਕਣ ਐਨ ਸਹੀ-ਸਹੀ ਤੇ ਟਿਕ-ਟਿਕ ਕੇ ਚੱਲੀ ਜਾਵੇ, ਨਾ ਬਹੁਤੀ ਤੇਜ਼ ਤੇਜ਼ ਹੋਵੇ ਤੇ ਨਾ ਹੀ ਬਹੁਤੀ ਹੌਲੀ-ਹੌਲੀ ਹੋਵੇ! ਮੈਂ ਚਾਹੁੰਨੈ ਕਿ ਬੇਸੁਰੀਆਂ, ਸੁਰ ਵਿੱਚ ਹੋ ਜਾਵਣ! ਮੈਂ ਚਾਹੁੰਨੈ ਕਿ ਪੰਜਾਬੀ ਸੰਗੀਤ ਦਾ ਖਿੱਤਾ ਸਵੱਛ ਅਤੇ ਸੁੰਦਰ ਸਰੂਪ ਬਣਿਆ ਰਹੇ ਤੇ ਪੰਜਾਬ ਦੇ ਲੋਕਾਂ ਦੀ ਰੂਹ ਰਮਣੀਕ ਬਣੀ ਰਹੇ। ਪੰਜਾਬ ਦੀ ਮਹਾਨਤਾ ਇਸਦੀ ਸੰਸਕ੍ਰਿਤੀ ਵਿੱਚੋਂ ਸਹਿਜੇ ਲੱਭੀ ਜਾ ਸਕਦੀ ਹੈ।

ਜਦ ਮੈਂ ਲੋਕ-ਗਾਇਕੀ ਦੇ ਸ਼੍ਰੋਮਣੀ ਪੁਰਖਾਂ ਬਾਬਤ ਲਿਖਣ ਬਹਿੰਦਾ ਹਾਂ ਤਾਂ ਤਦ ਮੇਰਾ ਆਪਾ ਮੈਨੂੰ ਹਲੂਣਦਾ ਹੈ ਅਤੇ ਮੈਨੂੰ ਹਲੀਮੀ ਨਾਲ ਗੱਲ ਕਰਨ ਦੀ ਜਾਚ ਦੱਸਦੈ, ਆਨੰਦ ਦਿੰਦਾ ਹੈ। ਕਲਾ ਵਾਲਿਆਂ ਨਾਲ ਪਿਆਰ ਆਉਂਦਾ ਹੈ ਤੇ ਇਉਂ ਮੇਰੀ ਕਲਮ ਦੀ ਨੋਕ ਕਾਗਜ਼ ਉੱਤੇ ਆਪ ਮੁਹਾਰੀ ਹੋਈ ਅਗਾਂਹ-ਅਗਾਂਹ ਨੂੰ ਤੁਰੀ-ਤੁਰੀ ਜਾਂਦੀ ਹੈ, ਪਹਿਲੋਂ ਅੱਖਰ ਬਣਦੇ ਹਨ, ਫੇਰ ਸਤਰਾਂ ਬਣਦੀਆਂ ਹਨ ਤੇ ਫੇਰ ਸਫ਼ੇ ਬਣਦੇ ਹਨ ਤੇ ਫੇਰ ਕਿਤਾਬ ਬਣ ਬਹਿੰਦੀ ਹੈ ਤੇ ਜਦੋਂ ਕਿਤਾਬ ਬਣ ਬਹਿੰਦੀ ਹੈ ਤਾਂ ਮੇਰਾ ਮਨ ਹਲਕਾ ਫੁੱਲ ਵਰਗਾ ਹੋ ਜਾਂਦੈ! ਮੈਂ ਖੁਸ਼ੀ ਵਿੱਚ ਫੁੱਲਿਆ ਨਹੀਂ ਸਮਾਉਂਦਾ। ਉਦੋਂ ਮੈਨੂੰ ਏਕਣ ਜਾਪਦੈ ਜੀਕਣ ਮੇਰੇ ਸਿਰ ਚੜ੍ਹੇ ਹੋਏ ਭਾਰੀ ਕਰਜੇ ਦੀ ਇੱਕ ਕਿਸ਼ਤ ਲੱਥ ਗਈ ਹੈ ਤੇ...... ਮੈਂ ਹੌਲੇ ਹੌਲੇ ਕਰਜੇ ਦਾ ਭਾਰ ਉਤਾਰੀ ਜਾ ਰਿਹਾ ਹਾਂ।

ਜਦੋਂ ਮੇਰਾ ਅਣਪੜ੍ਹ ਬਾਪੂ ਆਪਣੇ ਹੱਥਾਂ ਵਿੱਚ ਮੇਰੀ ਛਪੀ ਕਿਤਾਬ ਫੜ੍ਹਦੈ ਤੇ ਵਰਕਿਆਂ ਦੀ ਏਧਰ-ਓਧਰ ਨੂੰ ਫੋਲਾ-ਫਾਲੀ ਜਿਹੀ ਕਰਦਾ ਹੈ, ਪਤਾ ਨਹੀਂ ਉਹ ਵਿੱਚੋਂ ਕੀ ਭਾਲਦਾ ਹੈ...... ਫੇਰ ਕਿਤਾਬ ਬੰਦ ਕਰਕੇ ਮੇਰੇ ਵੰਨੀਂ ਫੜਾਉਂਦਾ ਉਹ ਹੌਲੇ ਜਿਹੇ ਕਹਿੰਦਾ ਹੈ, "ਪੁੱਤ ਏਹਦਾ ਤੈਨੂੰ ਕੋਈ ਪੈਸਾ-ਪੂਸਾ ਵੀ ਮਿਲੂਗਾ..... ?"

ਇਹ ਸੁਣਦਿਆਂ ਮੇਰੇ ਕਾਲਜੇ ਨੂੰ ਡੋਬੂ ਪੈ ਜਾਂਦੈ! ਬਾਪੂ ਦੀ ਇਸ ਗੱਲ ਦਾ ਮੇਰੇ ਕੋਲ ਕੋਈ ਜੁਆਬ ਨਹੀਂ ਹੁੰਦਾ। ਫਿਰ ਉਹ ਮਲਵੀਂ ਜਿਹੀ ਜ਼ੁਬਾਨ 'ਚ ਆਖਦੈ, "ਪੁੱਤ, ਏਹਨਾਂ ਕੰਮਾਂ 'ਚ ਕੀ ਫੈਦਾ ਐ...... ਔਥੇ ਵਧੀਆ ਨੌਕਰੀ ਲੱਗਾ ਸੈਂ...... ਕਚਹਿਰੀਆਂ 'ਚ...... ਪਟਿਆਲੇ ਵੀ ਵਧੀਆ ਸੈਂ ਭਾਸ਼ਾ ਵਿਭਾਗ ਆਲ਼ਿਆਂ 'ਚ...... ਟਿਕਿਆ ਰਹਿੰਦਾ ਤਾਂ ਔਥੇ......।" ਮੈਂ ਚੁੱਪ ਦਾ ਭਰਿਆ ਬਾਪੂ ਕੋਲੋਂ ਉੱਠਕੇ ਕਿਤੇ ਪਰ੍ਹੇ ਜਿਹੇ ਨੂੰ ਖਿਸਕ ਜਾਂਦਾ ਹਾਂ।

ਮੈਨੂੰ ਪਿਆਰੇ ਕਲਾਕਾਰ, ਕਲਾ ਨਾਲ ਸ਼ਿੰਗਾਰੇ ਕਲਾਕਾਰ, ਬੜੇ ਪਿਆਰੇ ਲੱਗਦੇ ਹਨ। ਏਸੇ ਪਿਆਰ ਦੀ ਖਿੱਚ ਨੇ ਹੀ ਮੈਨੂੰ, ਜਦੋਂ ਮੈਂ ਹਾਲੇ ਤੇਰ੍ਹਾਂ ਚੌਦਾਂ ਵਰ੍ਹਿਆਂ ਦਾ ਸਾਂ, ਮੇਰੇ ਪੀਰ ਮੁਰਸ਼ਦ-ਗੁਰਦੇਵ ਮਹਾਨ, ਜੱਟ ਯਮਲੇ ਦੇ ਡੇਰੇ ਵੰਨੀ ਖਿੱਚ ਕੇ ਤੋਰ ਲਿਆ ਸੀ...... ਤੇ ਮੈਂ ਆਪਣੇ ਬਾਪੂ ਦੀ ਉਂਗਲੀ ਫੜ ਕੇ, ਲੁਧਿਆਣੇ ਦੇ ਜਵਾਹਰ ਕੈਂਪ ਦੀਆਂ ਭੀੜੀਆਂ ਜਿਹੀਆਂ, ਨਿੱਕੇ-ਨਿੱਕੇ ਘਰਾਂ ਵਾਲੀਆਂ ਗਲੀਆਂ ਵਿੱਚੋਂ ਦੀ ਹੁੰਦਾ ਹੋਇਆ, ਜਦੋਂ ਬਾਬੇ ਪੀਰ ਕਟੋਰੇ ਸ਼ਾਹ ਦੀ ਦਰਗਾਹ, "ਜੱਟ ਯਮਲੇ ਪੀਰ ਦੇ ਡੇਰੇ" ਲੋਕ ਸੁਰਾਂ ਦੇ ਸਮੁੰਦਰ 'ਚ ਵੜ ਕੇ ਤਾਰੀਆਂ ਲਾਉਣ ਲੱਗਿਆ ਸਾਂ।

ਪੀਰ ਨੇ ਫੁਰਮਾਇਆ ਸੀ, "ਓ ਆ ਵਈ ਭਗਤਾ, ਵਾਹ ਵਈ ਵਾਹ...... ਲੰਮੇਰੀ ਉਮਰ ਹੋਵੇ ਤੇਰੀ...... ਕਿੱਥੋਂ ਆਇਆ ਏਂ ?"

ਬੀੜੀ ਦਾ ਕਸ਼ ਖਿੱਚਦਾ ਪੀਰ, ਮੇਰੀ ਕੰਡ ਥਾਪੜ ਰਿਹਾ ਸੀ। ਮੇਰਾ ਬਾਪੂ ਲਾਗਿਓਂ ਅਚੇਤ ਜਿਹਾ ਬੋਲਿਆ ਸੀ, "ਜੀ ਏਹੇ ਕਹਿੰਦਾ ਐ...... ਥੋਡਾ ਚੇਲਾ ਬਣਨੈਂ ਏਹਨੇ......



ਮੈਂ ਆਖਿਆ 'ਕੱਲਾ ਕਿਤੇ ਰੁਲ਼ ਨਾ ਜਾਵੇ...... ਐਡਾ ਵੱਡਾ ਸ਼ਹਿਰ ਐ ਲੁੱਧੋਆਣਾ...... ਤਾਂ ਈ ਮੈਂ ਏਹਦੇ ਨਾਲ ਆ ਗਿਆ......।"

ਦੂਜੇ ਦਿਨ ਪੰਦਰਾਂ ਹਾੜ੍ਹ ਦੀ ਦੁਪਹਿਰ ਨੂੰ, ਪੀਰ ਜੱਟ ਯਮਲੇ ਨੇ ਲੂਣ ਦੀ ਚੂੰਢੀ ਦਿੱਤੀ ਸੀ ਤੇ ਮੈਂ ਪੱਗ ਭੇਟਾ ਕੀਤੀ ਸੀ। ਮੋਤੀ ਚੂਰ ਦੇ ਲੱਡੂ ਵੰਡੇ ਸਨ...... ਪੀਰ ਨੇ ਅਸੀਸ ਦਿੱਤੀ ਅਣਮੁੱਲੀ...... ਜਾਹ ਪੁੱਤ...... ਤਰੱਕੀਆਂ ਕਰੇਂ...... ਸ਼ੋਭਾ ਪਾਵੇਂ...... ਚੰਗਾ ਕਰਕੇ ਜੱਸ ਖੱਟੇਂ......।"

ਪਿੱਪਲ ਦੇ ਮੁਢੜੇ ਨਾਲ ਬੈਠਿਆਂ ਕੀਤੇ ਇਹ ਵਚਨ ਮੇਰੇ ਪੀਰ ਦੇ, ਹੁਣ ਵੀ ਮੇਰੇ ਕੰਨਾਂ 'ਚ ਰਸ ਘੋਲਦੇ ਨੇ......। ਤੇ ਉਹ ਦਿਨ ਮੇਰੇ ਲਈ ਜ਼ਿੰਦਗੀ ਦਾ ਅਜ਼ੀਮ ਦਿਨ ਸੀ ਤੇ ਬੱਸ, ਏਥੋਂ ਹੀ ਲੱਗੀ ਚੰਗਿਆੜੀ, ਮਘਦੀ-ਮਘਦੀ ਕੋਇਲਾ ਬਣ ਗਈ......।

ਏਹ ਮੇਰੇ ਪੀਰ ਦੀ ਆਸ਼ੀਰਵਾਦ ਹੈ ਕਿ ਕਲਾ ਨਾਲ ਨਾਤਾ ਰੱਖਣ ਵਾਲਾ ਹਰੇਕ ਈ ਮੈਨੂੰ ਟੁੰਬ ਜਾਂਦੈ... ਤੇ ਮੈਂ ਉਹਦੀ ਕਲਾਕਾਰੀ ਦਾ ਆਨੰਦ ਮਾਨਣ ਲੱਗ ਪੈਂਦਾ ਹਾਂ।

ਰਾਮੂੰਵਾਲੀਏ ਬਾਪੂ ਕਰਨੈਲ ਸਿੰਘ ਪਾਰਸ ਦੀ ਇਹ ਕਿਤਾਬ ਲਿਖਦਿਆਂ ਜੋ ਸਰੂਰ ਮਿਲਿਐ, ਉਹਦਾ ਕੋਈ ਮੁੱਲ ਨਹੀਂ!

ਮੈਂ ਆਪਣੇ ਲੋਕਾਂ ਲਈ ਲਿਖਣਾ ਚਾਹੁੰਨੈ ਤੇ ਉਹਨਾਂ ਦੀ ਬੋਲੀ 'ਚ ਲਿਖਣਾ ਚਾਹੁੰਨੈ! ਉਹ ਲੋਕਾਂ ਦੀ ਬੋਲੀ ਹੀ ਕੀ ਹੋਈ, ਜਿਹੜੀ ਲੋਕਾਂ ਨੂੰ ਸਮਝ ਨਾ ਆਵੇ! ਮੈਨੂੰ ਪੰਡਤਾਊ ਭਾਸ਼ਾ ਤੋਂ ਖਿਝ ਹੈ, ਮੈਂ ਆਪਣੀ ਉਹ ਬੋਲੀ, ਜੋ ਸੱਥਾਂ 'ਚ ਬੋਲੀ ਜਾਂਦੀ ਹੈ, ਹੱਟੀਆਂ-ਭੱਠੀਆਂ, ਖੂਹਾਂ-ਟੋਭਿਆਂ ਤੇ ਖੇਤਾਂ-ਬੰਨਿਆਂ 'ਤੇ ਬੋਲੀ ਜਾਂਦੀ ਹੈ, ਜਿਹਨੂੰ ਮੁਟਿਆਰਾਂ, ਗੱਭਰੂ-ਕਿਰਸਾਨ ਤੇ ਬੁੱਢੇ, ਬੱਚੇ ਬੋਲਦੇ ਹਨ, ਉਹੋ ਲਿਖਣਾ ਚਾਹੁੰਨੈ, ਵਿਦਵਾਨਾਂ ਵਾਲੀ ਬੋਲੀ ਮੈਨੂੰ ਬੇਸਮਝ ਨੂੰ ਨਹੀਂ ਆਉਂਦੀ ਤੇ ਸੁਰਜੀਤ ਪਾਤਰ ਦਾ ਇਹ ਸ਼ਿਅਰ ਮੇਰੇ ਜ਼ਿਹਨ 'ਚੋਂ ਕਦੀ ਮਨਫ਼ੀ ਨਹੀਂ ਹੁੰਦਾ :

ਮੇਰੀ ਹੀ ਮਾਂ ਬੋਲੀ 'ਚ ਲਿਖੀ ਕਵਿਤਾ
ਮੇਰੀ ਮਾਂ ਨੂੰ ਸਮਝ ਨਾ ਆਈ

ਮਾਂ ਬੋਲੀ ਦੀ ਸੇਵਾ ਕਰਨ ਵਾਲਿਆਂ ਖਾਤਰ, ਮਾਂ ਬੋਲੀ ਵਿੱਚ ਈ ਲਿਖਦਾ ਜਾਵਾਂ...... ਇਹੀਓ ਮੇਰਾ ਸੁਫਨਾ ਹੈ, ਇੱਛਾ ਹੈ, ਚਾਹਤ ਹੈ ਤੇ ਇਹੀਓ ਮੇਰਾ ਜੀਵਨ ਹੈ!

**- ਨਿੰਦਰ ਘੁਗਿਆਣਵੀ**
ਪਿੰਡ ਤੇ ਡਾਕ : ਘੁਗਿਆਣਾ
ਜ਼ਿਲ੍ਹਾ ਤੇ ਤਹਿ: ਫਰੀਦਕੋਟ - 151203
ਫੋਨ : 01639-74077 (ਘਰ)

# ਇਉਂ ਹੋਈ 'ਪਾਰਸ' ਜੀ ਨਾਲ ਪਹਿਲੀ ਮਿਲਣੀ !

ਜਦ ਤੋਂ ਮੇਰਾ ਵਾਹ- ਵਾਸਤਾ ਕਲਾ ਅਤੇ ਸਾਹਿਤ ਨਾਲ ਸਬੰਧਿਤ ਲੋਕਾਂ ਸੰਗ ਪਿਆ ਹੈ ਤਦ ਤੋਂ ਹੀ ਸ੍. ਕਰਨੈਲ ਸਿੰਘ 'ਪਾਰਸ' ਰਾਮੂੰਵਾਲੀਆ ਦਾ ਨਾਂ ਪੜ੍ਹਦਾ ਸੁਣਦਾ ਆ ਰਿਹਾ ਹਾਂ। ਇਹਨਾਂ ਬਾਰੇ ਚੰਗੀ ਤਰ੍ਹਾਂ ਵਾਕਫ਼ੀ ਮਿਤੀ 12 ਅਪ੍ਰੈਲ 1998 ਦੇ ਪੰਜਾਬੀ ਟ੍ਰਿਬਿਊਨ ਦੇ ਐਤਵਾਰਤਾ ਅੰਕ ਵਿੱਚੋਂ ਬਲਦੇਵ ਸਿੰਘ 'ਸੜਕਨਾਮਾ' ਵੱਲੋਂ ਕੀਤੀ ਗਈ ਲੰਬੀ ਮੁਲਾਕਾਤ ਪੜ੍ਹ ਕੇ ਪ੍ਰਾਪਤ ਹੋਈ। ਏਨਾ ਕੁ ਵੀ ਮੈਨੂੰ ਪਹਿਲੋਂ ਪਤਾ ਸੀ ਕਿ ਸਾਡੇ ਜਾਣੇ-ਪਛਾਣੇ ਲੋਕ ਗਾਇਕ ਹਰਭਜਨ ਮਾਨ ਨੂੰ ਪਾਰਸ ਜੀ ਦੀ ਪੋਤੀ ਵਿਆਹੀ ਹੋਈ ਹੈ ਤੇ ਇੱਕ ਦਿਨ ਹਰਭਜਨ ਦੇ ਘਰ ਪਟਿਆਲੇ ਮੈਂ ਹਰਭਜਨ ਨੂੰ ਆਖਿਆ ਸੀ ਕਿ ਮੈਂ ਬਾਪੂ ਪਾਰਸ ਜੀ ਬਾਰੇ ਕਿਤਾਬੀ ਰੂਪ 'ਚ ਕੰਮ ਕਰਨਾ ਚਾਹੁੰਨਾ ਤੇ ਮੈਨੂੰ ਉਹਨਾਂ ਦੇ ਦਰਸ਼ਨ ਕਰਵਾਓ।

ਹਰਭਜਨ ਮਾਨ ਨੇ ਦੱਸਿਆ ਸੀ ਕਿ ਬਾਪੂ ਜੀ ਮਹੀਨੇ ਕੁ ਤੀਕ ਕਨੇਡਾ 'ਚੋਂ ਆ ਜਾਣਗੇ ਤੇ ਮੈਂ ਤੈਨੂੰ ਉਹਨਾਂ ਨਾਲ ਮਿਲਾ ਦਿਆਂਗਾ। ਪਰੰਤੂ ਉਹ ਆਪਣੇ ਕੰਮਾਂ-ਕਾਰਾਂ ਤੇ ਪ੍ਰੋਗਰਾਮਾਂ ਦੀ ਮਸਰੂਫ਼ੀਅਤ ਵਧੇਰੇ ਹੋਣ ਕਰਕੇ ਮੇਰੇ ਨਾਲ ਨਹੀਂ ਸੀ ਜਾ ਸਕਿਆ। ਮੈਨੂੰ ਅਖਬਾਰ ਰਾਹੀਂ ਪਤਾ ਲੱਗਿਆ ਕਿ ਪਾਰਸ ਜੀ ਆਪਣੇ ਪਿੰਡ ਆਏ ਹੋਏ ਹਨ ਤੇ ਮੈਂ ਮੋਗਿਓਂ ਆਪਣੇ ਮਿੱਤਰ ਹੋਣਹਾਰ ਭੰਗੜਾ ਕਲਾਕਾਰ ਮਨਿੰਦਰ ਸਿੰਘ ਨਾਲ ਸਕੂਟਰ ਪਿੱਛੇ ਬੈਠ ਕੇ ਰਾਮੂੰਵਾਲੇ ਨੂੰ ਚੱਲ ਪਿਆ। ਪਿੰਡ 'ਚ ਪਹੁੰਚ ਕੇ ਇੱਕ ਬੰਦੇ ਪੁੱਛਿਆ, "ਅਸੀਂ ਪਾਰਸ ਜੀ ਦੇ ਘਰੇ ਜਾਣੈ।" ਉਸ ਸਿਆਣੇ ਜਿਹੇ ਬੰਦੇ ਨੇ ਸਾਨੂੰ ਬੜੇ ਪਿਆਰ ਨਾਲ ਰਸਤਾ ਸਮਝਾਉਂਦਿਆਂ ਆਖਿਆ, "ਇਉਂ ਕਰੋ ਸ਼ੇਰੋ ! ਸਿੱਧੇ ਜਾ ਕੇ... ਇਉਂ ਮੁੜ ਜਿਓ... ਤੇ ਫੇਰ ਅਗਾਹਾਂ ਜਾ ਕੇ ਹਰੀ ਕਲੀ ਆਲ਼ੀ ਕੋਠੀ ਪਾਰਸ ਸਾਹਿਬ ਦੀ ਈ ਐ।"



ਸਕੂਟਰ ਅਸੀਂ ਕੋਠੀ ਦੇ ਬਾਹਰ ਈ ਖਿਲ੍ਹਾਰ ਦਿੱਤਾ, ਕੋਠੀ ਦੇ ਬਾਹਰਵਾਰ ਬਰਸੀਮ ਦੇ ਖੇਤ ਸਨ ਤੇ ਸਾਹਮਣੇ ਹੀ ਇੱਕ ਕੋਠੜੀ ਉੱਪਰ ਮੋਟੇ ਅੱਖਰਾਂ 'ਚ "ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂੰਵਾਲੀਆ" "ਪਾਰਸ ਫਾਰਮ" ਲਿਖਿਆ ਹੋਇਆ ਸੀ। ਗੇਟ ਮੂਹਰਲੇ ਖੇਤ 'ਚ ਖੜ੍ਹੀ ਜਵਾਨ ਤੇ ਲੰਮੀ-ਲੰਝੀ ਸਰੋਂ ਹਵਾ ਦੇ ਝੋਲੇ ਖਾਂਦੀ ਪਾਰਸ ਜੀ ਦੇ ਵਿਹੜੇ 'ਚ ਝਾਤੀਆਂ ਮਾਰ ਰਹੀ ਸੀ, ਨਾਲ ਖੜ੍ਹੇ ਸੁੰਗਰਿਆਂ-ਮੂੰਗਰਿਆਂ ਦੇ ਚਿੱਟੇ-ਫੁੱਲ ਵੀ ਹਾਸਾ ਬਿਖੇਰ ਰਹੇ ਸਨ। ਹਰੀ ਕਲੀ ਵਾਲੀ ਕੋਠੀ ਦੇ ਆਸੇ-ਪਾਸੇ ਹਰੀਆਂ ਕਚੂਰ ਫਸਲਾਂ ਲਹਿਰਾ ਰਹੀਆਂ ਸਨ। ਵਿਹੜੇ ਵਿੱਚ ਪਿਲਕਨ ਦਾ ਵੱਡਾ ਰੁੱਖ ਇੱਟਾਂ ਦੀ ਫਰਸ਼ 'ਤੇ ਆਪਣੀਆਂ ਗੋਹਲਾਂ ਖਿਲਾਰੀ ਖੜ੍ਹਾ ਸੀ। ਪਾਰਸ ਜੀ ਵਿਹੜੇ ਵਿੱਚ ਕੁਰਸੀ 'ਤੇ ਬੈਠੇ ਧੁੱਪ ਸੇਕ ਰਹੇ ਸਨ ਤੇ ਲਾਗੇ ਹੀ ਬੇਬੇ ਜੀ ਸ਼੍ਰੀਮਤੀ ਪਾਰਸ ਮੰਜਾ ਬੁਣ ਰਹੇ ਸਨ। ਘਰ ਵਿੱਚ ਮਜ਼ਦੂਰ ਕੰਮ ਕਰ ਰਹੇ ਸਨ। ਬੜਾ ਹੀ ਦਿਲਕਸ਼ ਮਾਹੌਲ ਸੀ। ਮੈਂ ਪਾਰਸ ਜੀ ਦੇ ਗੋਡੇ ਛੂੰਹਦਿਆਂ ਆਪਣਾ ਨਾਂ ਦੱਸਿਆ ਤਾਂ ਉਹ ਹੈਰਾਨ ਤੇ ਖੁਸ਼ ਹੋ ਕੇ, ਆਪਣੀ ਟੁਣਕਦੀ ਆਵਾਜ਼ 'ਚ ਬੋਲੇ, "ਓ ਬਈ...... ਤੂੰ ਐਂ ਘੁਗਿਆਣਵੀ...... ਨਿੰਦਰ ? ਓ ਵਾਹ ਬਈ...... ਤੂੰ ਤਾਂ ਨਿੱਕਾ ਜਿਹਾ ਈ ਐਂ ਉਏ...... ਲੇਖ ਤਾਂ ਤੂੰ ਐਡੇ-ਐਡੇ ਵੱਡੇ ਲਿਖਦਾ ਐਂ। ਓ ਪਤੰਦਰਾ...... ਮੈਂ ਤਾਂ ਤੈਨੂੰ ਇਉਂ ਸਮਝਦਾ ਸੀ ਬਈ ਨਿੰਦਰ ਘੁਗਿਆਣਵੀ ਅਹੁ ਖੰਭੇ ਜਿੱਡਾ ਲੰਮਾ ਹੋਊ।" ਪਾਰਸ ਜੀ ਨੇ ਸਾਹਮਣੇ ਖੜ੍ਹੇ ਖੰਭੇ ਵੰਨੀਂ ਹੱਥ ਕੀਤਾ। ਤੇ ਫੇਰ ਅੱਗੇ ਬੋਲਣ ਲੱਗੇ, "ਮੋਟਾ...... ਭਾਰਾ ਤੇ ਵੱਡੀ ਉਮਰ ਦਾ ਸਮਝਦਾ ਸਾਂ ਮੈਂ ਤਾਂ ਤੈਨੂੰ...... ਬਈ ਦਾਹੜੀ ਹੋਊ ਵੱਡੀ ਸਾਰੀ, ਵੱਡੀ ਸਾਰੀ ਪੱਗ ਬੰਨ੍ਹਦਾ ਹੋਊ...... ਤੇ ਤੂੰ ਤਾਂ ਜਵਾਂ ਈ ਨਿੱਕਾ ਜਿਹਾ ਮੁੰਡਾ ਐਂ ਉਏ......। ਓ ਬਈ... ਤੂੰ ਹਾਥੀ ਦੇ ਸਰੀਰ ਜਿੰਨੀ ਅਕਲ ਕੀੜੀ ਦੇ ਆਂਡੇ 'ਚ ਕਿਵੇਂ ਪਾਈ ਫਿਰਦੈਂ...?"

ਪਾਰਸ ਜੀ ਹੱਸ ਰਹੇ ਸਨ ਤੇ ਸੰਗਦਾ - ਸੰਗਦਾ ਥੋੜ੍ਹਾ-ਥੋੜ੍ਹਾ ਮੈਂ ਵੀ ਹੱਸ ਰਿਹਾ ਸਾਂ। ਉਹਨਾਂ ਸਾਡਾ ਸਕੂਟਰ ਅੰਦਰ ਲੁਵਾਇਆ। ਚਾਹ ਪਾਣੀ ਤੋਂ ਬਾਅਦ ਏਧਰ ਓਧਰ ਦੀਆਂ ਗੱਲਾਂ ਬਾਤਾਂ ਹੋਈਆਂ, ਕਲਾ ਤੇ ਸਾਹਿਤ ਬਾਰੇ, ਹਰਭਜਨ ਮਾਨ ਤੇ ਬਲਵੰਤ ਸਿੰਘ ਰਾਮੂੰਵਾਲੀਆ ਬਾਰੇ। ਤੇ ਫੇਰ ਮੈਂ ਆਪਣੀਆਂ ਛਪ ਚੁੱਕੀਆਂ ਕਿਤਾਬਾਂ, ਜੋ ਮੈਂ ਆਪਣੇ ਨਾਲ ਈ ਲਿਆਇਆ ਸਾਂ, ਪਾਰਸ ਜੀ ਨੂੰ ਇੱਕ ਇੱਕ ਕਰਕੇ ਵਿਖਾਈਆਂ, ਤਾਂ ਉਹ ਹੋਰ ਵੀ ਪ੍ਰਸੰਨ ਹੋ ਗਏ। ਮੈਂ ਆਖਿਆ, "ਬਾਪੂ ਜੀ ! ਹੁਣ ਮੈਂ ਥੋਡੇ ਬਾਰੇ ਕਿਤਾਬ ਲਿਖਣੀ ਆਂ...... ਦੱਸੋ ਮੈਨੂੰ, ਕਦੋਂ ਟੈਮ ਆ ਥੋਡੇ ਕੋਲ !"

ਤੇ ਫਿਰ ਪਾਰਸ ਜੀ ਨੇ ਖੁਸ਼ ਹੁੰਦਿਆਂ ਕਿਹਾ, "ਓ ਘੁਗਿਆਣਵੀ ਯਾਰ...... ਤੂੰ ਜਦੋਂ ਚਾਹੇਂ ਆ ਜਾ, ਪਰ ਆਈਂ ਵਿਹਲ ਕੱਢ ਕੇ, ਅੱਛਾ ਐਂ ਦੱਸ ਬਈ... ਓ ਤੂੰ ਘੁੱਟ ਪੀ ਪੂ ਵੀ ਲੈਨਾ ਹੁੰਨਾ ਐਂ ?"

"ਨਹੀਂ, ਬਾਪੂ ਜੀ, ਮੈਂ ਤਾਂ ਨ੍ਹੀਂ ਪੀਂਦਾ......।"

"ਲਾ ਲਿਆ ਕਰ ਯਾਰ...... ਲਿਖਾਰੀ ਤਾਂ ਪੀਂਦੇ ਹੁੰਦੇ ਆ।"

"ਨਹੀਂ ਬਾਪੂ ਜੀ, ਮੈਂ ਪੀਣ ਵਾਲਿਆਂ ਲਿਖਾਰੀਆਂ 'ਚੋਂ ਨਹੀਂ ਆਂ।"

"ਚੰਗਾ ਫੇ...... ਜੇ ਤੂੰ ਨ੍ਹੀਂ ਪੀਂਦਾ, ਤੂੰ ਕੋਲ ਬਹਿਕੇ ਮੇਰੇ ਵੰਨੀਂ ਵੇਖੀ ਜਾਇਆ ਕਰੀਂ।" ਇਹ ਕਹਿ ਕੇ ਪਾਰਸ ਜੀ ਹੱਸਣ ਲੱਗੇ।

ਤੇ ਹਸਦੇ-ਹਸਦੇ ਅਸੀਂ ਪਾਰਸ ਜੀ ਕੋਲੋਂ ਵਿਦਾ ਹੋਏ। ਮੈਂ ਹੈਰਾਨ ਸਾਂ ਕਿ ਕਈ ਵੱਡੇ ਬੰਦੇ ਆਪਣੀ ਹਉਮੈਂ ਨੂੰ ਪੱਠੇ ਪਾਉਣੋ ਨਹੀਂ ਹਟਦੇ ਹੁੰਦੇ ਤੇ ਫੋਕੀਆਂ ਵਡਿਆਈਆਂ ਕਰਨੋਂ ਨਹੀਂ ਥੱਕਦੇ। ਉਹਨਾਂ ਬੰਦਿਆਂ 'ਚ ਵਾਧੂੰ ਦਾ ਅਕੜੇਵਾਂ ਵੀ ਆ ਜਾਂਦੈ ਤੇ ਅਫਰੇਵਾਂ

ਵੀ ਹੋ ਜਾਂਦੈ! ਪਰ ਪਾਰਸ ਜੀ ਦਾ ਖੁੱਲ੍ਹਾ-ਡੁੱਲ੍ਹਾ ਤੇ ਪਿਆਰਾ, ਮਖ਼ੌਲੀਆ ਸੁਭਾਓ ਦੇਖ ਕੇ ਮੈਂ ਸੋਚ ਰਿਹਾ ਸਾਂ ਕਿ ਇਹੋ ਹੀ ਇੱਕ ਸੱਚੇ ਅਤੇ ਵੱਡੇ ਕਲਾਕਾਰ ਦੀ ਨਿਸ਼ਾਨੀ ਦੇ ਮੁੱਖ ਗੁਣ ਹੁੰਦੇ ਹਨ ਕਿ ਉਹ ਆਮ ਲੋਕਾਂ ਨਾਲੋਂ ਟੁੱਟਦਾ ਨਹੀਂ ਹੈ।

ਪਾਰਸ ਜੀ ਦਾ ਦਿਹਾਤੀ ਲੋਕਾਂ ਨਾਲ ਡੂੰਘਾ ਸਨੇਹ ਇਸ ਕਰਕੇ ਵੀ ਹੈ ਕਿਉਂਕਿ ਉਹਨਾਂ ਦੀ ਸਾਰੀ ਕਲਾਕਾਰੀ ਦਾ ਸਫ਼ਰ ਹੀ ਦਿਹਾਤੀ ਲੋਕਾਂ ਸੰਗ ਬੀਤਿਆ ਹੈ। ਤੇ ਉਹਨਾਂ ਪਾਸੋਂ ਪਾਰਸ ਜੀ ਨੇ ਰੱਜਵਾਂ ਪਿਆਰ ਅਤੇ ਮਾਣ-ਸਤਿਕਾਰ ਹਾਸਲ ਕਰਕੇ 'ਸ਼੍ਰੋਮਣੀ ਪੰਜਾਬੀ ਕਵੀਸ਼ਰ' ਦੀ ਉਪਾਧੀ ਪਾਈ ਹੈ।

ਕਿਤਾਬ ਲਿਖਣ ਲਈ ਮੈਂ ਪੂਰਾ ਮਨ ਬਣਾ ਕੇ ਉਹਨਾਂ ਕੋਲ ਚਲਿਆ ਗਿਆ। ਕੋਲ ਬੈਠਾ ਪੁੱਛ-ਪੁੱਛ ਕੇ ਲਿਖਦਾ ਰਹਿੰਦਾ। ਜਾਂ ਕੋਈ ਵੱਡੀ ਗੱਲ ਹੁੰਦੀ ਤਾਂ ਰਿਕਾਰਡਿੰਗ ਕਰ ਲੈਂਦਾ। ਜਦੋਂ ਥੱਕ ਜਾਂਦੇ ਫੇਰ ਚਾਹ ਪੀਂਦੇ ਤੇ ਨਾਲ ਹੀ ਪਾਰਸ ਜੀ ਕੋਈ ਹਾਸੇ ਵਾਲਾ ਟੋਟਕਾ ਸੁਣਾ ਕੇ ਥਕੇਵਾਂ ਦੂਰ ਕਰਦੇ।

ਪਾਰਸ ਜੀ ਨੂੰ ਮਿਲ ਕੇ ਅਜੀਬ ਸਕੂਨ ਮਿਲਿਆ ਤੇ ਉਹਨਾਂ ਨਾਲ ਗੱਲਾਂ ਬਾਤਾਂ ਕਰਦਿਆਂ ਤੇ ਕਈ ਥਾਂਈਂ ਤੁਰਿਆਂ ਫਿਰਦਿਆਂ ਇਉਂ ਲੱਗਿਆ ਕਿ ਜਿਵੇਂ ਪਾਰਸ ਜੀ ਕੋਈ ਤੁਰਦੀ ਫਿਰਦੀ ਯੂਨੀਵਰਸਿਟੀ ਹੀ ਹਨ। ਕਿਸੇ ਵੀ ਵਿਸ਼ੇ 'ਤੇ ਗੱਲ ਕਰ ਲਓ ਉਹਦੀ ਐਨ ਤਹਿ ਤੱਕ ਲਹਿ ਜਾਂਦੇ ਹਨ। ਸਾਇੰਸ-ਵਿਗਿਆਨ ਬਾਰੇ ਜਿੰਨੀ ਗੂਹੜੀ ਵਾਕਫ਼ੀ ਪਾਰਸ ਜੀ ਨੂੰ ਹੈ ਓਨੀ ਸ਼ਾਇਦ ਹੀ ਕਿਸੇ ਸਾਇੰਸ ਅਧਿਆਪਕ ਨੂੰ ਹੋਵੇਗੀ। ਖ਼ੈਰ! ਇਸ ਪੁਸਤਕ ਦੀ ਤਿਆਰੀ ਕਰਦਿਆਂ ਕੁਝ ਮਹੀਨੇ ਪਾਰਸ ਜੀ ਨਾਲ ਬਿਤਾਉਣ ਦਾ ਸੁਭਾਗ ਪ੍ਰਾਪਤ ਹੋਇਆ ਤੇ ਇਹਨਾਂ ਦੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਤੇ ਹੋਰਾਂ ਕਈ ਸਕੇ-ਸੰਬੰਧੀਆਂ ਨੇ ਮੈਨੂੰ ਜੋ ਪਿਆਰ ਤੇ ਮਾਣ ਦਿੱਤਾ, ਉਹ ਅਭੁੱਲ ਹੈ। ਇਸ ਦੌਰਾਨ ਪਾਰਸ ਜੀ ਦੀ ਰੰਗੀਨੀ ਤੇ ਉੱਚੀ-ਸੁੱਚੀ ਸ਼ਖ਼ਸੀਅਤ ਬਾਰੇ ਵੀ ਕੁਝ-ਕੁਝ ਵਾਕਫ਼ੀ ਹੋਈ, ਜਿਸ ਨੂੰ ਇਸ ਪੁਸਤਕ ਵਿੱਚ ਦਰਜ ਕਰਨ ਦਾ ਯਤਨ ਕੀਤਾ ਗਿਆ ਹੈ।

ਕੁਝ ਹੋਰ ਗੱਲਾਂ :- ਮੇਰਾ ਇਰਾਦਾ ਇਸ ਪੁਸਤਕ ਨੂੰ ਵੱਡ-ਅਕਾਰੀ ਬਣਾਉਣ ਦਾ ਸੀ ਪਰੰਤੂ ਪਾਰਸ ਜੀ ਦਾ ਵਿਚਾਰ ਇਸ ਪ੍ਰਕਾਰ ਹੈ, "ਹੁਣ ਕਿਤਾਬਾਂ ਨੂੰ ਲੋਕ ਬੜੇ ਘੱਟ ਪੜ੍ਹਦੇ ਹਨ। ਵੱਡੀਆਂ-ਭਾਰੀਆਂ ਤੇ ਬਹੁਤੀਆਂ ਮਹਿੰਗੀਆਂ ਕਿਤਾਬਾਂ ਤਾਂ ਕੋਈ ਉੱਕਾ ਈ ਨਹੀਂ ਪੜ੍ਹਦਾ। ਇਸ ਲਈ ਇਸ ਕਿਤਾਬ ਨੂੰ, ਜਿੰਨੀ ਵੀ ਹੋ ਸਕੇ, ਛੋਟੀ ਹੀ ਰੱਖਿਆ ਜਾਵੇ।"

ਸੋ ਪਾਰਸ ਜੀ ਦੇ ਇਹਨਾਂ ਵਿਚਾਰਾਂ ਨਾਲ ਸਹਿਮਤ ਹੁੰਦਿਆਂ ਇਹ ਕਿਤਾਬ ਬਹੁਤ ਛੋਟੀ ਬਣਾਈ ਗਈ ਹੈ, ਮੇਰਾ ਖ਼ਿਆਲ ਹੈ ਕਿ ਪਾਰਸ ਜੀ ਦੀ ਸਮੁੱਚੀ ਜੀਵਨੀ, ਕਵੀਸ਼ਰੀ ਕਲਾ ਜਾਂ ਸਮੁੱਚੀ ਰਚਨਾ ਬਾਰੇ ਗੱਲ ਜਿੰਨੀ ਸੌਖੀ ਤਰ੍ਹਾਂ ਖੁੱਲ੍ਹ ਕੇ ਹੋਣੀ ਚਾਹੀਦੀ ਸੀ ਓਨੀ ਇਸ ਛੋਟੀ ਕਿਤਾਬ ਰਾਹੀਂ ਬੜੀ ਔਖੀ ਤਰ੍ਹਾਂ ਹੋਈ ਜਾਪਦੀ ਹੈ।

ਫਿਰ ਵੀ ਮੈਂ ਇਹ ਸੰਭਵ ਕੋਸ਼ਿਸ਼ ਕੀਤੀ ਹੈ ਕਿ ਪਾਰਸ ਜੀ ਦੇ ਜੀਵਨ ਦਾ ਸੱਚ ਅਤੇ ਉਨ੍ਹਾਂ ਦੀ ਚੋਣਵੀਂ ਰਚਨਾਵਲੀ ਦੀ ਵੰਨਗੀ ਪਾਠਕਾਂ ਦੇ ਸਨਮੁੱਖ ਕੀਤੀ ਜਾਵੇ। ਇਸ ਪੁਸਤਕ ਦੀ ਤਿਆਰੀ ਸੰਬੰਧੀ, ਪਟਿਆਲਾ, ਸੰਗਰੂਰ, ਬਰਨਾਲਾ, ਮੋਗਾ, ਰਾਮੂੰਵਾਲਾ, ਜਲੰਧਰ, ਫਰੀਦਕੋਟ ਇਹਨਾਂ ਥਾਵਾਂ 'ਤੇ ਕਈ-ਕਈ ਗੇੜੇ ਕੱਢੇ ਤੇ ਪਾਰਸ ਜੀ ਨਾਲ ਸਬੰਧਤ ਸਮੱਗਰੀ ਇਕੱਤਰ ਕੀਤੀ ਕਿਉਂਕਿ ਪਾਰਸ ਜੀ ਨੇ ਆਪਣੇ ਕੋਲ ਆਪਣਾ ਕੋਈ ਵੀ ਰਿਕਾਰਡ, ਜਿਵੇਂ ਆਪਣੇ ਛਪੇ ਕਿੱਸੇ, ਰਚਨਾਵਾਂ, ਫੋਟੋਆਂ, ਜਾਂ ਹੋਰ ਵੀ ਲੋੜੀਂਦਾ



ਅਹਿਮ ਰਿਕਾਰਡ ਨਹੀਂ ਸੰਭਾਲਿਆ, ਸਭ ਕੁਝ ਆਪਣੇ ਸ਼ਾਗਿਰਦਾਂ ਨੂੰ ਫੜਾ ਦਿੱਤਾ ਹੋਇਆ ਹੈ। ਉਹਨਾਂ ਦੇ ਚੇਤੇ ਵਿੱਚੋਂ ਆਪਣੀ ਕਵੀਸ਼ਰੀ ਵੀ ਹੁਣ ਵਿਸਰਦੀ ਹੀ ਜਾਂਦੀ ਹੈ, ਤਾਰੀਖਾਂ ਅਤੇ ਸਾਲ ਤਾਂ ਭੁੱਲ-ਭੁਲਾ ਹੀ ਗਏ ਹਨ। ਪਰ ਫਿਰ ਵੀ ਜਿੰਨਾ ਕੁਝ, ਜਿੱਥੋਂ ਕਿਤੋਂ ਲੱਭਿਆ ਹੈ ਉਹ ਇਸ ਪੁਸਤਕ ਵਿੱਚ ਦਰਜ ਕਰਨ ਦਾ ਯਤਨ ਕੀਤਾ ਗਿਆ ਹੈ।

ਇਸ ਪੁਸਤਕ ਦੀ ਤਿਆਰੀ ਅਤੇ ਛਪਵਾਈ ਵਿੱਚ ਪਾਰਸ ਜੀ ਦੇ ਵੱਡੇ ਲੜਕੇ ਮਾਸਟਰ ਹਰਚਰਨ ਸਿੰਘ ਗਿੱਲ ਦਾ ਸਭ ਤੋਂ ਵਧੇਰੇ ਅਤੇ ਵਿਸ਼ੇਸ਼ ਯੋਗਦਾਨ ਹੈ, ਮੈਂ ਸਮਝਦਾ ਹਾਂ ਕਿ ਜੇ ਉਹ ਮੈਨੂੰ ਨਾ ਮਿਲਦੇ ਤਾਂ ਇਹ ਪੁਸਤਕ ਬੜੀ ਮੁਸ਼ਕਲ ਨਾਲ ਸਿਰੇ ਲੱਗਣੀ ਸੀ। ਇਸ ਪੁਸਤਕ 'ਤੇ ਆਇਆ ਸਾਰਾ ਖਰਚਾ ਵੀ ਮਾਸਟਰ ਹਰਚਰਨ ਸਿੰਘ ਨੇ ਹੀ ਕੀਤਾ ਹੈ।

ਇਸ ਪੁਸਤਕ ਸੰਬੰਧੀ ਆਪਣੇ ਸੁਝਾਓ ਤੇ ਨੇਕ ਰਾਵਾਂ ਦੇਣ ਲਈ ਮੈਂ ਡਾ. ਜਲੌਰ ਸਿੰਘ ਖੀਵਾ ਤੇ ਸ਼੍ਰੀ ਹਰਭਜਨ ਬਟਾਲਵੀ ਡਿਪਟੀ ਡਾਇਰੈਕਟਰ ਆਲ ਇੰਡੀਆ ਰੇਡੀਓ ਜਲੰਧਰ ਦਾ ਤਹਿ ਦਿਲੋਂ ਧੰਨਵਾਦੀ ਹਾਂ।

ਮੈਂ ਸਮਝਦਾ ਹਾਂ ਕਿ ਪਾਰਸ ਜੀ ਦੀ ਉੱਚੀ ਕਲਾਮਈ ਸ਼ਖ਼ਸੀਅਤ ਤੇ ਉਹਨਾਂ ਦੀ ਸੰਘਰਸ਼ਮਈ ਜ਼ਿੰਦਗੀ ਬਾਰੇ ਲਿਖਣ ਦਾ ਜੋ ਨਿਗੂਣਾ ਜਿਹਾ ਉਪਰਾਲਾ ਕੀਤਾ ਹੈ, ਇਹ ਕੋਈ ਬਹੁਤਾ ਵੱਡਾ ਕਾਰਜ ਨਹੀਂ। ਪਰੰਤੂ ਫੈਸਲਾ ਪਾਠਕਾਂ - ਪਿਆਰਿਆਂ ਨੇ ਹੀ ਕਰਨਾ ਹੁੰਦਾ ਹੈ ਅਤੇ ਮੈਨੂੰ ਪੂਰਨ ਤਸੱਲੀ ਦੇ ਨਾਲ ਨਾਲ ਖੁਸ਼ੀ ਭਰਿਆ ਅਨੁਭਵ ਇਹ ਵੀ ਹੈ ਕਿ ਇਸ ਪੁਸਤਕ ਤੋਂ ਪਹਿਲੋਂ ਮੇਰੀਆਂ ਛਪੀਆਂ ਪੁਸਤਕਾਂ, ਵੱਖ-ਵੱਖ ਕਲਾਕਾਰਾਂ ਦੀਆਂ ਜੀਵਨੀਆਂ ਤੇ ਕਲਾਵਾਂ ਬਾਰੇ ਜੋ ਪਾਠਕਾਂ ਨੇ ਸਲਾਹੀਆਂ, ਸਤਿਕਾਰੀਆਂ ਅਤੇ ਆਪਣੀਆਂ ਨੇਕ ਰਾਵਾਂ ਅਤੇ ਉਸਾਰੂ ਸੁਝਾਓ ਭੇਜ ਕੇ ਮੇਰਾ ਹੌਂਸਲਾ ਵੀ ਵਧਾਇਆ। ਇਸ ਲਈ ਸਭਨਾਂ ਦਾ ਤਹਿ ਦਿਲੋਂ ਮਸ਼ਕੂਰ ਹਾਂ।

- ਨਿੰਦਰ ਘੁਗਿਆਣਵੀ

# ਜੀਵਨ ਗਾਥਾ

**ਕਰਨੈਲ ਸਿੰਘ ਪਾਰਸ ਦਾ ਜਨਮ** :- ਹੁਣ ਬਠਿੰਡਾ ਜ਼ਿਲ੍ਹਾ, ਉਸ ਸਮੇਂ ਫਿਰੋਜ਼ਪੁਰ ਜ਼ਿਲ੍ਹਾ 'ਚ ਪੈਂਦੇ ਪਿੰਡ ਮਗ਼ਾਝ ਵਿਖੇ ਆਪਣੇ ਨਾਨਕੇ ਘਰ, 28 ਜੂਨ ਦਿਨ ਬੁੱਧਵਾਰ, ਪੁੰਨਿਆ ਦੀ ਰਾਤ, ਸੰਨ 1916 ਨੂੰ ਹੋਇਆ।

ਪਹਿਲਾਂ ਉਸਦਾ ਨਾਂ ਗ਼ਮਦੂਰ ਸਿੰਘ ਰੱਖਿਆ ਗਿਆ, ਫਿਰ ਪਤਾ ਨਹੀਂ ਕੀ ਕਾਰਨ ਹੋਇਆ, ਉਸਦਾ ਨਾਂ ਕਰਨੈਲ ਸਿੰਘ ਰੱਖ ਦਿੱਤਾ ਗਿਆ। ਕਰਨੈਲ ਸਿੰਘ ਦੇ ਨਾਨਕੇ ਸਿੱਧੂ ਜੱਟ ਸੱਦੀਂਦੇ ਸਨ।

ਕਰਨੈਲ ਸਿੰਘ ਦਾ ਦਾਦਾ ਸ੍ਰ. ਹਰਨਾਮ ਸਿੰਘ ਤੇ ਦਾਦੀ ਭੋਲ਼ੀ ਆਪਣੇ ਪੁੱਤਰ ਤਾਰਾ ਸਿੰਘ ਦੇ ਘਰ ਜੇਠਾ ਪੁੱਤਰ ਜੰਮਣ 'ਤੇ ਫੁੱਲੇ ਨਹੀਂ ਸਨ ਸਮਾਂਦੇ! ਕਰਨੈਲ ਸਿੰਘ ਦੇ ਦਾਦਕੇ, ਰਾਮੂੰਵਾਲੇ ਦੇ ਗਿੱਲ ਜੱਟ ਸੱਦੀਂਦੇ ਸਨ। ਕਰਨੈਲ ਨੂੰ ਜਨਮ ਦੇਣ ਵਾਲੀ ਮਾਂ ਰਾਮ ਕੌਰ (ਰਾਮੀ) ਦਾ ਘਰ ਵਿੱਚ ਆਦਰ ਮਾਣ ਹੋਰ ਵੀ ਵਧ ਗਿਆ ਸੀ, ਕਿਉਂਕਿ ਉਸ ਸਮੇਂ ਕੁੜੀ ਜੰਮਣ ਵਾਲੀ ਹਰੇਕ ਮਾਂ ਨੂੰ ਮਨਹੂਸ ਸਮਝਕੇ ਦੁੱਖ ਦਿੱਤੇ ਜਾਂਦੇ ਸਨ ਤੇ ਬਹੁਤੇ ਲੋਕੀਂ ਤਾਂ ਕੁੜੀ ਜੰਮਦੀ ਸਾਰ ਹੀ ਮਾਰ ਮੁਕਾਉਂਦੇ ਸਨ ਤੇ ਇਉਂ ਉਸ ਸਮੇਂ ਵੀ ਔਰਤ ਜਾਤੀ ਦੀ ਹਾਲਤ ਬੜੀ ਨਾਜ਼ੁਕ ਅਤੇ ਦੁੱਖਾਂ-ਕਸ਼ਟਾਂ ਭਰੀ ਸੀ।

ਦੇਸ਼ ਦੀ ਆਰਥਿਕ ਸਥਿਤੀ ਬਹੁਤੀ ਚੰਗੀ ਨਹੀਂ ਸੀ। ਇਹ ਗੱਲ ਵੱਖ ਹੈ ਕਿ ਆਬਾਦੀ ਘੱਟ ਹੋਣ ਕਾਰਨ ਲੋਕ ਆਪਣੀ ਆਈ-ਚਲਾਈ ਕਰੀ ਜਾਂਦੇ ਸਨ ਅਤੇ ਉਸ ਸਮੇਂ ਦੇ ਲੋਕਾਂ ਦੀਆਂ ਖ਼ਾਹਸ਼ਾਂ ਵੀ ਘੱਟ ਸਨ ਅਤੇ ਲੋਕ ਆਪਣਾ ਵੇਲਾ ਟਪਾਉਣ ਵਿੱਚ ਹੀ ਭਲਾ ਸਮਝਦੇ ਸਨ। ਪਿੰਡਾਂ ਦੇ ਸਰਦੇ ਪੁਜਦੇ ਲੋਕ ਅਫ਼ੀਮ ਖਾਂਦੇ। ਬਹੁਤੀਆਂ ਜ਼ਮੀਨਾਂ ਮਾਰੂ ਸਨ ਅਤੇ ਕਣਕ ਘੱਟ ਹੁੰਦੀ ਸੀ ਇਸ ਲਈ ਉਸ ਵੇਲੇ ਕਣਕ ਦੀ ਰੋਟੀ ਕਿਸੇ ਆਏ-ਗਏ ਜਾਂ ਜਵਾਈ ਭਾਈ ਨੂੰ ਹੀ ਖੁਵਾਈ ਜਾਂਦੀ ਸੀ। ਵਧੇਰੇ ਤੌਰ 'ਤੇ ਜੁਵਾਰ ਤੇ ਬਾਜਰਾ ਜਾਂ ਮੱਕੀ ਦਾ ਆਟਾ ਪੱਥਰਾਂ ਦੀਆਂ ਹੱਥ ਚੱਕੀਆਂ ਨਾਲ ਪੀਠਿਆ ਜਾਂਦਾ । ਮੋਠਾਂ ਦੀ ਦਾਲ ਦੀ ਖਿਚੜੀ ਵੀ ਉਸ ਸਮੇਂ ਦੇ ਲੋਕ ਵਧੇਰੇ ਬਣਾਉਂਦੇ। ਖੰਡ ਅਤੇ ਸ਼ੱਕਰ ਆਏ ਗਏ ਲਈ ਕੁੱਜਿਆਂ ਵਿੱਚ ਸਾਂਭ-ਸਾਂਭ ਕੇ ਰੱਖੀ ਜਾਂਦੀ ਸੀ।

ਵਿਆਹਾਂ ਦੀਆਂ ਗੰਢਾਂ ਅਤੇ ਮਰਿਆਂ ਦੀਆਂ ਸੁਨੌਣੀਆਂ ਲਾਗੀ ਲਿਆਉਂਦੇ, ਜੇ ਕਿਸੇ ਮਰੇ ਦੀ ਖ਼ਬਰ ਆਉਂਦੀ ਤਾਂ ਲਾਗੀ ਨੇ ਆਣ ਕੇ ਵਿਹੜੇ ਵਿੱਚ ਭੁੰਜੇ ਬਹਿ ਜਾਣਾ ਜਾਂ ਪਸ਼ੂਆਂ ਵਾਲੀ ਖੁਰਲੀ ਵਿੱਚ!

ਵਧੇਰੇ ਲੋਕ ਧਾਰਮਿਕ ਬਿਰਤੀ ਵਾਲੇ ਅਤੇ ਧਰਮ-ਸਥਾਨਾਂ ਨੂੰ ਪੂਜਣ ਵਾਲੇ ਸਨ। ਢੋਲ ਵਜਾਉਂਦੇ ਸ਼ਬਦ ਅਤੇ ਭੇਟਾਂ ਗਾਉਂਦੇ ਲੋਕਾਂ ਦੇ ਇਕੱਠ ਮਾਤਾ ਦੇ ਮੰਦਰਾਂ 'ਤੇ ਗੁਰਦੁਆਰਿਆਂ ਵਿੱਚ ਆਉਂਦੇ-ਜਾਂਦੇ। ਕੌਮੀ ਲਹਿਰ ਹਾਲੇ ਉੱਠ ਰਹੀ ਸੀ ਅਤੇ ਕੁਝ-ਕੁਝ ਲੋਕ 'ਗਾਂਧੀ-ਗਾਂਧੀ' ਕਰ ਰਹੇ ਸਨ।

ਉਸ ਸਮੇਂ ਲੋਕਾਂ ਦੇ ਮਨੋਰੰਜਕ ਪੱਖ ਵੱਲ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਰਾਤਾਂ ਨੂੰ ਪਿੰਡਾਂ 'ਚ ਹੋਣ ਵਾਲੇ ਜਲਸਿਆਂ ਵਿੱਚ ਨਚਾਰ ਨੱਚ-ਨੱਚ ਕੇ ਲੋਕਾਂ ਦਾ ਮਨੋਰੰਜਨ ਕਰਦੇ ਸਨ। ਇਹਨਾਂ ਤੋਂ ਇਲਾਵਾ ਕਵੀਸ਼ਰਾਂ ਅਤੇ ਢੱਡਾਂ-ਸਾਰੰਗੀਆਂ ਤੇ ਤੂੰਬਿਆਂ-ਅਲਗੋਜ਼ਿਆਂ ਵਾਲੇ ਗਵੱਈਆਂ ਨੂੰ ਲੋਕ ਚਾਹ ਕੇ ਸੁਣਦੇ ਸਨ ਅਤੇ ਰਾਸਾਂ ਵੀ



ਆਮ ਤੌਰ 'ਤੇ ਪੈਂਦੀਆਂ ਹੀ ਰਹਿੰਦੀਆਂ ਤੇ ਜਲਸੇ ਆਦਿ ਵੀ ਆਮ ਹੁੰਦੇ ਰਹਿੰਦੇ।

ਕਰਨੈਲ ਸਿੰਘ ਨੂੰ ਆਪਣਾ ਦਾਦਾ ਹਰਨਾਮ ਸਿੰਘ ਦੇਖਣਾ ਨਸੀਬ ਨਾ ਹੋਇਆ ਅਤੇ ਉਹਦੀ ਸੁਰਤ ਸੰਭਲਣ ਤੋਂ ਪਹਿਲਾਂ ਹੀ ਹਰਨਾਮ ਸਿੰਘ ਚੱਲ ਵਸਿਆ। ਵੀਹਵੀਂ ਸਦੀ ਦਾ ਆਰੰਭ ਸੀ। ਆਮ ਕਿਰਸਾਨ ਦੀ ਆਰਥਿਕਤਾ ਏਨੀ ਸਥਿਰ ਨਹੀਂ ਸੀ ਤੇ ਬਹੁਤ ਸਾਰੇ ਕਿਰਸਾਨ ਨਸ਼ੇ ਕਰਨ ਦੇ ਆਦੀ ਹੋ ਚੁੱਕੇ ਸਨ, ਕੁਝ ਲੋਕ ਅਫ਼ੀਮ ਸ਼ੌਂਕ ਨਾਲ ਖਾਂਦੇ ਸਨ। ਅਜਿਹੇ ਬੰਦਿਆਂ ਵੱਲ ਵੇਖਕੇ ਹੀ ਕਰਨੈਲ ਸਿੰਘ ਦਾ ਪਿਓ ਤਾਰਾ ਸਿੰਘ ਨਸ਼ੇ ਕਰਨ ਦਾ ਆਦੀ ਹੋ ਗਿਆ ਤੇ ਉਹ ਇੱਕ ਦਿਨ ਵਿੱਚ ਤੋਲ਼ਾ ਅਫ਼ੀਮ ਦਾ ਛਕ ਜਾਂਦਾ ਸੀ, ਇਸ ਤੋਂ ਇਲਾਵਾ ਵੀ ਹੋਰ ਜੋ ਕੁਝ ਉਸ ਨੂੰ ਲੱਭ ਜਾਂਦਾ ਜਿਵੇਂ ਸੁੱਖਾ, ਗਾਂਜਾ ਜਾਂ ਨਸਵਾਰ...... ਜੋ ਵੀ ਮਿਲਦਾ... ਉਹ ਸਭ ਵਰਤ ਲੈਂਦਾ ਸੀ।

**ਕਰਨੈਲ ਸਿੰਘ ਦੀ ਸੁਰਤ ਸੰਭਲੀ ਅਤੇ 'ਪਾਰਸ' ਬਣਿਆ** :- ਕਰਨੈਲ ਸਿੰਘ ਦੀ ਜਦੋਂ ਸੁਰਤ ਸੰਭਲੀ ਉਸ ਵੇਲੇ ਅਕਾਲੀ ਲਹਿਰ ਵੀ ਜੋਬਨ 'ਤੇ ਸੀ ਅਤੇ ਇਹਨਾਂ ਦੇ ਪਿੰਡ ਰਾਮੂੰਵਾਲੇ 'ਚੋਂ ਪੰਦਰਾਂ ਵੀਹ ਬੰਦਿਆਂ ਦਾ ਜੱਥਾ ਗਿਆ। ਹੋਰਨਾਂ ਜਵਾਕਾਂ ਦੇ ਨਾਲ-ਨਾਲ ਤੁਰਦਾ ਕਰਨੈਲ ਸਿੰਘ ਵੀ ਜੱਥੇ ਦੇ ਪਿੱਛੇ ਲੱਗ ਤੁਰਿਆ ਅਤੇ ਸਿਆਣਿਆਂ ਨੇ ਆਪਣੇ ਪਿੱਛੇ ਆ ਰਹੇ ਜਵਾਕਾਂ ਨੂੰ ਵਾਪਸ ਮੁੜਨ ਲਈ ਛਿਛਕਾਰਿਆ! ਉਹ ਦ੍ਰਿਸ਼ ਕਰਨੈਲ ਸਿੰਘ ਦੀਆਂ ਅੱਖਾਂ ਮੂਹਰੇ ਹੂ-ਬ ਹੂ ਹਾਲੇ ਵੀ ਹੈ।

ਕਰਨੈਲ ਸਿੰਘ ਦਾ ਪਿਓ ਤਾਰਾ ਸਿੰਘ ਅਤੇ ਚਾਚਾ ਕਰਤਾਰ ਸਿੰਘ ਇਕੱਠੇ ਹੀ ਸਨ। ਉਸਦਾ ਚਾਚਾ ਉਸਦੇ ਪਿਓ ਤੋਂ ਕਾਫੀ ਛੋਟਾ ਸੀ। ਇਹਨਾਂ ਦੋਵਾਂ ਭਰਾਵਾਂ ਨੂੰ ਘਰ ਦੀ ਜ਼ਮੀਨ ਛੱਤੀ ਘੁਮਾਂ ਆਉਂਦੀ ਸੀ। ਉਸ ਵੇਲੇ ਵਧੇਰੇ ਮਾਪਿਆਂ ਦੀ ਇਹ ਸੋਚ ਹੁੰਦੀ ਸੀ ਕਿ ਜਿਹੜੇ ਮੁੰਡੇ ਨੂੰ ਘਰ ਦੀ ਜ਼ਮੀਨ ਹੀ ਚੋਖੀ ਆਉਂਦੀ ਹੈ ਉਸ ਨੇ ਪੜ੍ਹ ਕੇ ਕੀ ਲੈਣਾ ਹੈ। ਇਸ ਸੋਚ ਦੇ ਧਾਰਨੀ ਕਰਨੈਲ ਸਿੰਘ ਦੇ ਮਾਪਿਆਂ ਨੇ ਵੀ ਉਸਨੂੰ ਪੜ੍ਹਨ ਲਈ ਕਿਸੇ ਮਦਰੱਸੇ ਜਾਂ ਡੇਰੇ ਨਾ ਪਾਇਆ। ਪਿੰਡ ਹੀ ਡੇਰੇ 'ਚ ਪੜ੍ਹਨ ਜਾਂਦੇ ਆਪਣੇ ਹਾਣੀਆਂ ਵੱਲ ਵੇਖ ਕੇ ਉਹਦਾ ਮਨ ਉਹਨਾਂ ਸੰਗ ਰਲਣ ਨੂੰ ਕਰਦਾ! ਛੱਪੜ ਦੇ ਲਾਗੇ ਹੀ ਡੇਰਾ ਸੀ, ਜਵਾਕ ਡੇਰੇ 'ਚੋਂ ਨਿੱਕਲ ਕੇ ਛੱਪੜ ਦੇ ਕਿਨਾਰੇ ਆਪੋ-ਆਪਣੀਆਂ ਫੱਟੀਆਂ ਪੋਚਦੇ ਤੇ ਫੇਰ ਹਵਾ 'ਚ ਘੁਮਾਉਂਦੇ, ਸੂਰਜ ਵੰਨੀ ਕਰ-ਕਰ ਕੇ, ਇੱਕੋ ਆਵਾਜ਼ 'ਚ ਗਾਉਂਦੇ :

ਸੂਰਜਾ ਸੂਰਜਾ ਫੱਟੀ ਸੁਕਾ
ਨਹੀਂ ਸਕਾਉਣੀ, ਘਰ ਨੂੰ ਜਾਹ......

ਪੈਰੋਂ ਨੰਗਾ, ਤੇੜ ਕਛਣੀ ਜਿਹੀ ਢਿਲਕਦੀ ਤੇ ਟੁੱਟੇ ਜਿਹੇ ਬਟਨਾਂ ਵਾਲਾ ਝੱਗਾ ਪਾਈ ਉਹਨਾਂ ਮੁੰਡਿਆਂ ਤੋਂ ਵਾਹਵਾ ਪਰ੍ਹੇ ਜਿਹੇ ਖਲੋਤਾ ਕਰਨੈਲ ਦੰਦਾਂ 'ਚ ਲੈ ਕੇ ਆਪਣੇ ਨਹੁੰ ਟੁਕਦਾ ਉਹਨਾਂ ਵੰਨੀ ਬਿਟਰ-ਬਿਟਰ ਝਾਕਦਾ! ਉਹਦਾ ਜੀਅ ਵੀ ਕਰਦਾ ਕਿ ਉਹਦੇ ਹੱਥ 'ਚ ਵੀ ਇਹੋ ਜਿਹੀ ਫੱਟੀ ਹੋਵੇ, ਤੇ ਉਹ ਵੀ ਲਿਖੇ, ਫੇਰ ਪੋਚੇ, ਤੇ ਹਵਾ 'ਚ ਘੁਮਾ-ਘੁਮਾ ਕੇ ਹਾਣੀਆਂ ਸੰਗ ਗਾਵੇ, 'ਸੂਰਜਾ ਸੂਰਜਾ ਫੱਟੀ ਸੁਕਾ, ਨਹੀਂ ਸੁਕਾਉਣੀ ਘਰ ਨੂੰ ਜਾਹ......।'

ਉਹ ਨਿੱਤ ਹੀ ਛੱਪੜ ਦੇ ਕਿਨਾਰੇ ਚਲਿਆ ਜਾਂਦਾ ਤੇ ਹਾਣੀਆਂ ਵੱਲ ਵੇਖਦਾ ਰਹਿੰਦਾ 'ਤੇ ਫੇਰ ਉਹ ਹੌਲੀ-ਹੌਲੀ ਆਪ ਤੋਂ ਕੁਝ ਨਿੱਕੇ ਮੁੰਡਿਆਂ ਨਾਲ ਰੁੱਝਣ ਲੱਗ ਪਿਆ ਤੇ ਉਹਨਾਂ ਤੋਂ ਊੜਾ-ਆੜਾ ਸਿੱਖਣ ਲੱਗਿਆ। ਉਹਨੇ ਡੇਰੇ 'ਚ ਹਾਲੇ ਜਾ ਕੇ ਦੇਖਿਆ

ਤੱਕ ਨਹੀਂ ਸੀ। ਉਹਨੂੰ ਮੁੰਡੇ ਜਿੰਨਾ ਕੁ ਦੱਸ ਜਾਂਦੇ ਉਹ ਚੇਤੇ ਕਰ ਲੈਂਦਾ ਤੇ ਫੇਰ ਉਹਨੇ ਆਪਣੀ ਹੁਸ਼ਿਆਰੀ ਤੇ ਬਾਰੀਕ ਬੁੱਧੀ ਸਦਕਾ ਥੋੜ੍ਹੇ ਦਿਨਾਂ 'ਚ ਹੀ ਸਾਰੀ ਪੈਂਤੀ ਚੇਤੇ ਕਰ ਲਈ ਤੇ ਉਸਦੀ ਦਾਦੀ ਨੇ ਉਹਨੂੰ ਡੇਰੇ ਵਿੱਚ ਪੜ੍ਹਾਉਂਦੇ ਮਹੰਤ ਬਾਬਾ ਕ੍ਰਿਸ਼ਨਾ ਨੰਦ (ਜੋ ਧੂੜਕੋਟ ਦੇ ਜੰਮਪਲ ਸਨ ਅਤੇ ਨੇਤਰਹੀਣ ਸਨ ਅਤੇ ਕਾਂਸ਼ੀ ਤੋਂ ਉੱਚ ਵਿੱਦਿਆ ਹਾਸਲ ਕਰਕੇ ਆਏ ਸਨ) ਕੋਲ ਭੇਜ ਦਿੱਤਾ।

ਕ੍ਰਿਸ਼ਨਾ ਨੰਦ ਨੇ ਕਰਨੈਲ ਨੂੰ ਆਖਿਆ, "ਜਾਹ ਪਹਿਲਾਂ ਆਪਣੇ ਘਰ ਦਿਆਂ ਤੋਂ ਇੱਕ ਰੁਪੱਈਆ ਲਿਆ ਕੇ ਮੈਨੂੰ ਮੱਥਾ ਟੇਕ, ਫੇ ਤੈਨੂੰ ਪੰਜ ਪੌੜੀਆਂ ਦਾ ਸਬਕ ਦੇਊਂਗਾ।"

ਕਰਨੈਲ ਆਪਣੀ ਦਾਦੀ ਕੋਲੋਂ ਇੱਕ ਰੁਪੱਈਆ ਲੈ ਗਿਆ ਤੇ ਲਿਜਾ ਕੇ ਮਹੰਤ ਦੇ ਚਰਨਾਂ ਵਿੱਚ ਰੱਖ ਦਿੱਤਾ। ਮਹੰਤ ਨੇ ਉਸ ਨੂੰ ਪੰਜ ਪੌੜੀਆਂ ਸਬਕ ਦੇ ਦਿੱਤਾ ਤੇ ਕਰਨੈਲ ਸਿੰਘ ਨੇ ਉਹ ਤਿੰਨਾਂ ਚਾਰਾਂ ਘੰਟਿਆਂ ਵਿੱਚ ਹੀ ਜ਼ੁਬਾਨੀ ਚੇਤੇ ਕਰਕੇ ਮਹੰਤ ਨੂੰ ਸੁਣਾ ਦਿੱਤਾ। ਮਹੰਤ ਕ੍ਰਿਸ਼ਨਾ ਨੰਦ ਬੜਾ ਖੁਸ਼ ਹੋਇਆ ਤੇ ਕਹਿੰਦਾ, "ਜਾਹ ਹੁਣ ਕਾਕਾ, ਘਰ ਆਪਣੇ.... ਘਰੇ ਪੜ੍ਹੀ ਜਾਇਆ ਕਰ।"

ਕਰਨੈਲ ਨੇ ਆਖਿਆ, "ਨਹੀਂ, ਬਾਬਾ ਜੀ! ਮੈਨੂੰ ਅੱਗੋਂ ਪੰਜ ਪੌੜੀਆਂ ਦਾ ਪਾਠ ਹੋਰ ਦੇ ਦਿਓ...... ਮੈਂ ਤਾਂ ਥੋਡੇ ਕੋਲੋਂ ਈ ਪੜ੍ਹਨੈਂ।"

ਉਸ ਨੇ ਪੰਜ ਪੌੜੀਆਂ ਪਾਠ ਅੱਗੇ ਹੋਰ ਦੇ ਦਿੱਤਾ ਤੇ ਕਰਨੈਲ ਨੇ ਚੇਤੇ ਕਰ ਲਿਆ। ਉਸਦੀ ਚੇਤੰਨ ਬੁੱਧੀ ਵੇਖ ਕੇ ਕ੍ਰਿਸ਼ਨਾ ਨੰਦ ਹੈਰਾਨ ਤੇ ਖੁਸ਼ ਹੋਇਆ ਤੇ ਉਸ ਨੂੰ ਥਾਪੀ ਦਿੰਦਿਆਂ ਆਖਿਆ, "ਕਾਕਾ, ਤੂੰ ਤਾਂ ਬਈ ਪਾਰਸ ਐਂ, ਪਿੱਛੋਂ ਆਣ ਕੇ ਪਹਿਲੋਂ ਸਿੱਖ ਗਿਆ...... ਤੂੰ ਤਾਂ ਸੱਚ-ਮੁੱਚ ਦਾ ਪਾਰਸ ਐਂ।"

ਬੱਸ, ਉਸ ਦਿਨ ਤੋਂ ਕਰਨੈਲ ਸਿੰਘ ਦੇ ਨਾਂ ਨਾਲ 'ਪਾਰਸ' ਤਖ਼ੱਲੁਸ ਪੱਕੇ ਤੌਰ ਤੇ ਜੁੜ ਗਿਆ।

**ਮਾਂ ਪਿਓ ਦਾ ਵਿਛੜਨਾ** :- ਕਰਨੈਲ ਸਿੰਘ ਪਾਰਸ ਦੀ ਉਮਰ ਹਾਲੇ ਚੌਦਾਂ ਕੁ ਵਰ੍ਹੇ ਹੀ ਸੀ ਕਿ ਉਸਦਾ ਪਿਓ ਚੱਲ ਵਸਿਆ। ਇਸਦੀ ਮਾਂ ਰਾਮ ਕੌਰ ਹਿੰਦੂ ਧਰਮ ਨੂੰ ਬਹੁਤਾ ਮੰਨਣ ਵਾਲੀ ਸੀ ਤੇ ਰਾਮ ਕੌਰ ਨੂੰ ਆਪਣੇ ਪਤੀ ਤੇ ਬੱਚਿਆਂ ਸਮੇਤ ਸਾਰੇ ਪਰਿਵਾਰ ਨਾਲ ਹੀ ਬੇਅੰਤ ਪਿਆਰ ਸੀ ਤੇ ਉਹ ਆਪਣੇ ਪਤੀ ਨਾਲ ਹੀ ਜਿਵੇਂ ਸਤੀ ਹੋ ਜਾਣਾ ਚਾਹੁੰਦੀ ਸੀ, ਪਰ ਉਹ ਇਉਂ ਨਾ ਕਰ ਸਕੀ ਤੇ ਬਿਮਾਰ ਜਿਹੀ ਰਹਿਣ ਲੱਗੀ। ਪਤੀ ਦੀ ਮੌਤ ਤੋਂ ਦਸ ਮਹੀਨਿਆਂ ਮਗਰੋਂ ਉਹ ਵੀ ਚੱਲ ਵਸੀ। ਹੁਣ ਕਰਨੈਲ ਸਿੰਘ ਪਾਰਸ ਪੱਕੇ ਤੌਰ 'ਤੇ ਯਤੀਮ ਹੋ ਗਿਆ ਸੀ, ਉਸਦੇ ਸਿਰ ਦੀਆਂ ਸੱਭੇ ਛਾਂਵਾਂ ਉੱਠ ਗਈਆਂ ਸਨ ਤੇ ਉਹ ਡੌਰ-ਭੌਰ ਜਿਹਾ ਹੋਇਆ ਫਿਰਦਾ ਸੀ। ਉਸ ਦੀਆਂ ਤਿੰਨ ਭੈਣਾਂ ਵੀ ਸਨ ਤੇ ਇਉਂ ਕਰਨੈਲ ਸਿੰਘ ਦੇ ਗਲ਼ ਛੋਟੀ ਉਮਰੇ ਹੀ ਕਬੀਲਦਾਰੀ ਦਾ ਝੰਜਟ ਵੀ ਆ ਪਿਆ ਸੀ।

ਉਸਦਾ ਚਾਚਾ ਉਸ ਤੋਂ ਸਿਰਫ਼ ਛੇ-ਸੱਤ ਵਰ੍ਹੇ ਹੀ ਵੱਡਾ ਸੀ। ਉਸਨੇ ਆਪਣੇ 'ਭਤੀਜੇ ਪਾਰਸ' ਨੂੰ ਆਸਰਾ ਦਿੱਤਾ ਤੇ ਉਸਦਾ ਦਿਲ ਲਾਉਣ ਲਈ ਆਪਣੇ ਨਾਲ ਖੇਤੀ ਬਾੜੀ ਦੇ ਧੰਦੇ ਵਿੱਚ ਲਾ ਲਿਆ। ਪਾਰਸ ਉਸ ਨਾਲ ਪੂਰਾ-ਪੂਰਾ ਹੱਥ ਵਟਾਉਂਦਾ, ਪੱਠੇ ਵੱਢਦਾ ਤਾਂ ਝੱਟ 'ਚ ਨਿਰ੍ਹੀਆਂ ਹੀ ਸੱਥਰੀਆਂ ਲਾ ਦਿੰਦਾ। ਪੱਠਿਆਂ ਦੀਆਂ ਭਰੀਆਂ ਚੱਕ-ਚੱਕ ਲਿਆਉਂਦਾ। ਭੱਜਣ ਦਾ ਸ਼ੌਕੀਨ ਉਹ ਬਚਪਨ ਤੋਂ ਹੀ ਸੀ ਤੇ ਉਹਦੀ ਦੌੜ ਨੂੰ ਉਹਦੇ ਹਾਣੀਂ ਮੰਨਦੇ ਸਨ। ਉਹ ਖੇਤ ਵੀ ਭੱਜਕੇ ਜਾਂਦਾ ਤੇ ਭੱਜਕੇ ਹੀ ਆਉਂਦਾ। ਕਈ ਵਾਰੀ



ਉਹ ਆਪਣੀ ਭੂਆ ਦੇ ਪਿੰਡ ਗੁੰਮਟੀ ਤੇ ਆਪਣੇ ਨਾਨਕੇ ਮਰ੍ਹਾਝ ਵੀ ਭੱਜਾ-ਭੱਜਾ ਹੀ ਜਾ ਆਉਂਦਾ ਸੀ।

ਚਾਚੇ ਤੇ ਭਤੀਜੇ ਦੋਵਾਂ ਨੇ ਰਲਕੇ ਸਮੇਂ ਨਾਲ ਸਿੱਝਿਆ। ਫਿਰ ਇਹਨਾਂ ਦੀ ਪੈਲ਼ੀ ਦਾ ਝਗੜਾ ਛਿੜ ਪਿਆ ਤੇ ਮੁਕੱਦਮਾ ਫਿਰੋਜ਼ਪੁਰ ਕਚਹਿਰੀ ਵਿੱਚ ਲੱਗ ਗਿਆ। ਵਕੀਲ ਨੂੰ ਦੇਣ ਲਈ ਗਿਆਰਾਂ ਰੁਪਈਏ ਫ਼ੀਸ ਲੋੜੀਂਦੀ ਸੀ ਪਰ ਘਰੇ ਕੋਈ ਪੈਸਾ ਨਹੀਂ ਸੀ। ਪਿੰਡ 'ਚੋਂ ਮੰਗਿਆ, ਕਿਸੇ ਨੇ ਉਧਾਰ ਨਾ ਦਿੱਤਾ, ਤੇ ਆਖਰ ਕਰਨੈਲ ਸਿੰਘ ਆਪਣੀ ਭੂਆ ਕੋਲੋਂ ਗਿਆਰਾਂ ਰੁਪੱਈਏ ਲੈਣ ਤੁਰ ਪਿਆ। ਤੇ ਕੱਚੇ ਰਾਹ ਤੁਰਦਾ-ਤੁਰਦਾ ਜਾਂਦਾ ਕਦੇ ਉਹ ਭੱਜਣ ਲੱਗ ਪੈਂਦਾ ਤੇ ਫਿਰ ਜਦੋਂ ਸਾਹ ਚੜ੍ਹਦਾ...... ਹੌਲੀ ਹੋ ਜਾਂਦਾ, ਪਿੱਛੇ ਨੂੰ ਝਾਕਦਾ, ਕੋਈ ਚੀਜ਼ ਆਉਂਦੀ ਨਾ ਦਿਸਦੀ, ਫਿਰ ਤੇਜ਼-ਤੇਜ਼ ਤੁਰਨ ਲੱਗਦਾ...... ਪਿੰਡ ਦੇ ਨੇੜੇ ਪਹੁੰਚ ਗਿਆ ਤਾਂ (ਭਾਈ ਰੂਪੇ ਨੇੜੇ ਗੁੰਮਟੀ ਪਿੰਡ ਉਹਦੀ ਭੂਆ ਦਾ ਪਿੰਡ ਹੈ) ਉਹਨੂੰ ਰਾਹ ਵਿੱਚ ਹੀ ਤੁਰੇ ਜਾਂਦੇ ਨੂੰ ਅੱਗਿਓਂ ਆਉਂਦਾ ਉਹਦਾ ਫੁੱਫੜ ਮਿਲ ਪਿਆ। ਜਦੋਂ ਕਰਨੈਲ ਸਿੰਘ ਨੇ ਉਸ ਨੂੰ ਦੱਸਿਆ, "ਫੁੱਫੜਾ ਮੈਂ ਥੋਡੇ ਤੋਂ ਗਿਆਰਾਂ ਰੁਪੱਈਏ ਲੈਣ ਚੱਲਿਐਂ...... ਵਕੀਲ ਨੂੰ ਦੇਣੇ ਆਂ, ਫੇਰ ਮੋੜ ਦਿਆਂਗੇ...... ਹੈਗੇ ਆ ਤੇਰੇ ਕੋਲ ?"

ਇਹ ਸੁਣਦਿਆਂ ਫੁੱਫੜ ਉਦਾਸ ਹੋ ਗਿਆ। ਉਸ ਕੋਲ ਵੀ ਅੱਗੋਂ ਕੋਈ ਪੈਸਾ ਨਹੀਂ ਸੀ। ਉਹਦੇ ਫੁੱਫੜ ਨੇ ਤਰਕੀਬ ਕੱਢੀ, "ਕਰਨੈਲ! ਆਪਾਂ ਇਉਂ ਕਰਦੇ ਐਂ...... ਬਈ ਆਪਣੇ ਘਰੇ ਤਾਂ ਕੋਈ ਪੈਸਾ ਪਿਆ ਹੈ ਨ੍ਹੀਂ...... ਆਪਣੇ ਕੋਲ਼ੇ ਛੋਲਿਆਂ ਦਾ ਬੀ ਪਿਐ...... ਉਹ ਵੇਚ ਦਿੰਨੇ ਐਂ...... ਬੀਜਣ ਨੂੰ ਫੇਰ ਲੈ ਆਵਾਂਗੇ।"

ਭੂਆ ਨੇ ਆਖਿਆ, "ਛੋਲੇ ਕਾਹਨੂੰ ਵੇਚਣੇ ਐਂ...... ਬੀ ਦੇ ਛੋਲੇ ਐ, ਆਹ ਲਓ ਖਾਂ...... ਤੁਸੀਂ ਆਹਾ ਮੇਰੀਆਂ ਡੰਡੀਆਂ ਵੇਚ ਲੋ, ਏਹਨਾਂ ਤੋਂ ਆਪਾਂ ਕੀ ਕਰਾਉਣੈ...... ਭੀੜ ਪਈ ਤੋਂ......।"

ਭੂਆ ਕੰਨਾਂ 'ਚੋਂ ਡੰਡੀਆਂ ਲਾਹੁਣ ਲੱਗ ਪਈ ਤੇ ਕਰਨੈਲ ਸਿੰਘ ਨੇ ਰੋਂਦਿਆਂ ਆਖਿਆ, "ਨਹ੍ਹੀਂ ਨਹ੍ਹੀਂ ਭੂਆ...... ਡੰਡੀਆਂ ਨਾ ਲਾਹ ਕੰਨਾਂ 'ਚੋਂ...... ਰਹਿਣ ਦੇ ਭੂਆ ਡੰਡੀਆਂ......।"

ਇੰਜ ਉਹ ਤੰਗੀਆਂ ਤੁਰਸ਼ੀਆਂ ਤੇ ਮਾੜੇ ਸਮੇਂ ਵਿੱਚੋਂ ਲੰਘ ਰਿਹਾ ਸੀ।

**ਕਰਨੈਲ ਸਿੰਘ ਪਾਰਸ ਨੂੰ ਕਵੀਸ਼ਰੀ ਦਾ ਸ਼ੌਕ ਹੋਣਾ ਅਤੇ ਉਸ ਸਮੇਂ ਦੇ ਕਵੀਸ਼ਰ-ਗੁਮੰਤਰੀ:-**

ਜਦੋਂ ਕਰਨੈਲ ਸਿੰਘ ਪਾਰਸ ਦਾ ਜਨਮ ਹੋਇਆ ਸੀ ਤਾਂ ਉਦੋਂ ਹੀ ਉਸਦੇ ਆਸੇ-ਪਾਸੇ ਕਵੀਸ਼ਰੀ ਅਤੇ ਗੌਣਾਂ ਦੀ ਮਹਿਕ ਖਿੰਡੀ ਹੋਈ ਸੀ, ਉਸ ਸਮੇਂ ਹੀ ਉਸਦੇ ਨਾਨਕਿਆਂ ਦਾ ਭਗਵਾਨ ਸਿੰਘ ਉੱਘਾ ਕਵੀਸ਼ਰ ਹੋਇਆ, ਤੇ ਸੁਭਾਵਕ ਹੈ ਕਿ ਕਰਨੈਲ ਸਿੰਘ ਨੇ ਉਸਦੀ ਸ਼ੋਭਾ ਅਵੱਸ਼ ਹੀ ਸੁਣੀ ਹੋਵੇਗੀ।

ਜਦੋਂ ਪਾਰਸ ਜੁਆਨ ਹੋਇਆ ਤਾਂ ਉਸ ਨੂੰ ਕਿਸੇ ਨੇ ਦੱਸਿਆ ਸੀ ਕਿ ਉਸਦੇ ਪਿਓ ਦੇ ਵਿਆਹ ਮੌਕੇ (ਉਸ ਸਮੇਂ ਦਾ ਉੱਘਾ ਗੁਮੰਤਰੀ) ਚੰਨਣ ਦਾਨੇਵਾਲੀਆ ਗਾਉਣ ਗਿਆ ਸੀ।

ਜਦੋਂ ਕਰਨੈਲ ਸਿੰਘ ਪਾਰਸ ਦੇ ਪਿੰਡ 'ਚ ਕਿਸੇ ਗਵੱਈਏ ਜਾਂ ਕਵੀਸ਼ਰ ਨੇ ਆਣ ਕੇ ਅਖਾੜਾ ਲਾਉਂਣਾ ਤਾਂ ਉਸ ਨੇ ਨੀਝ ਲਾ ਕੇ ਸੁਣਨਾ! ਫੇਰ ਉਹ ਖੁਸ਼ੀ-ਖੁਸ਼ੀ 'ਚ ਉਨ੍ਹਾਂ

ਵੱਲੋਂ ਬੋਲੇ-ਬੋਲ ਚੇਤੇ ਰੱਖ ਲੈਂਦਾ ਅਤੇ ਘਰੇ ਜਾ ਕੇ, ਜਾਂ ਆਪਣੇ ਹਾਣੀਆਂ ਨਾਲ ਤੁਰਿਆ ਫਿਰਦਾ ਗੁਣਗੁਣਾਉਂਦਾ ਰਹਿੰਦਾ। ਇਹ ਵੀ ਕਿਹਾ ਜਾਂਦਾ ਹੈ ਕਿ ਪਾਰਸ ਜਦੋਂ ਹਾਲੇ ਕਾਫੀ ਛੋਟਾ ਜਿਹਾ ਸੀ ਤਾਂ ਘਰੇ ਤੁਰਦਾ-ਫਿਰਦਾ, ਗੱਲਬਾਤ ਕਰਦਾ ਵੀ ਉਹ ਜੋੜ 'ਚ ਜੋੜ ਬਿਠਾ ਦਿੰਦਾ, ਇੱਕ ਵਾਰੀ ਉਸਦੀ ਮਾਂ ਨੇ ਪਿੰਨੀਆਂ ਬਣਾਈਆਂ ਸਨ ਤੇ ਉਹ ਖਾਣੋਂ ਹੀ ਨਹੀਂ ਸੀ ਹਟਦਾ। ਉਸਦੀ ਮਾਂ ਨੇ ਪਿੰਨੀਆਂ ਸੰਦੂਕ ਵਿੱਚ ਲੁਕੋ ਕੇ ਰੱਖ ਦਿੱਤੀਆਂ, ਤਾਂ ਪਾਰਸ ਨੇ ਮਾਂ ਨੂੰ ਇਉਂ ਕਹਿਣਾ ਸ਼ੁਰੂ ਕਰ ਦਿੱਤਾ :

"ਮਾਂ, ਪਿੰਨੀਆਂ ? ਕਦੋਂ ਦਿੰਨੀਆਂ ?
ਲਊਂ ਓਨੀਆਂ ? ਖਾਊਂ ਜਿੰਨੀਆਂ"

ਕਰਨੈਲ ਸਿੰਘ ਦੇ ਘਰ ਦੇ ਉਸਦੇ ਇਸ ਤਰ੍ਹਾਂ ਦੇ ਟੋਟਕਿਆਂ ਤੋਂ ਹੈਰਾਨ ਰਹਿ ਜਾਂਦੇ ਸਨ!

ਕਰਨੈਲ ਸਿੰਘ ਪਾਰਸ ਨੇ ਆਪਣੇ ਪਿੰਡ ਜਾਂ ਆਪਣੇ ਲਾਗੇ ਚਾਗੇ ਦੇ ਪਿੰਡਾਂ ਵਿੱਚ ਜਿਹੜੇ ਕਵੀਸ਼ਰਾਂ ਗੁਮੰਤਰੀਆਂ ਨੂੰ ਸੁਣਿਆਂ ਜਾਂ ਜਿੰਨ੍ਹਾਂ ਦੀ ਮਹਿਮਾ ਵੀ ਸੁਣੀ, ਉਹਨਾਂ ਵਿੱਚ ਮੁੱਖ ਤੌਰ 'ਤੇ ਮਾਲਵੇ ਦਾ ਪਹਿਲਾ ਕਵੀਸ਼ਰ ਗੰਗਾ ਸਿੰਘ, ਪਿੰਡ ਭੂੰਦੜ (ਜ਼ਿਲ੍ਹਾ ਬਠਿੰਡਾ) ਹੋਇਆ, ਜਿਸ ਨੇ 1875 'ਚ ਜਨਮ ਲਿਆ ਤੇ 1958 ਤੱਕ ਕਵੀਸ਼ਰੀ ਕੀਤੀ। ਇਹ ਆਮ ਹੀ ਆਪਣੇ ਸਾਥੀਆਂ ਨਾਲ ਮਾਲਵੇ ਦੇ ਪਿੰਡਾਂ ਵਿੱਚ ਗਾਉਣ ਆਉਂਦਾ ਰਿਹਾ। ਇਸ ਤੋਂ ਇਲਾਵਾ ਹੋਰ ਵੀ ਕਈ ਸਾਰੇ ਗੁਮੰਤਰੀ-ਕਵੀਸ਼ਰ ਜਿੰਨ੍ਹਾਂ ਵਿੱਚ ਅੱਛਰੂ ਰਾਮ ਖਾਈ ਵਾਲਾ, ਛੱਜੂ ਸਿੰਘ ਚੰਦਰਾਲਾ ਪਿੰਡ ਝਨੇੜੀ (ਬਠਿੰਡਾ), ਸ਼ੇਰ ਸਿੰਘ ਸੰਦਲ ਤਖਤੂਪੁਰਾ, ਕ੍ਰਿਸ਼ਨ ਲਾਲ ਸ਼ਰਮਾ, ਸਕਰੌਦੀ ਵਾਲਾ ਚੰਨਣ ਸਿੰਘ, ਜੱਸੋਆਣਾ ਦਾ ਮੇਹਰ ਸਿੰਘ, ਹਜ਼ੂਰ ਸਿੰਘ ਬੁਟਾਰੀ ਵਾਲਾ, ਬਠਿੰਡੇ ਦੇ ਪਿੰਡ ਖ਼ਿਆਲਾ ਦਾ ਪੰਡਤ ਨੰਦ ਰਾਮ, ਦਸੌਂਧੀ ਲਲਾਰੀ ਥਰਾਜ ਦਾ, ਇਹ ਦੋਤਾਰੇ ਨਾਲ ਗਾਉਂਦਾ ਹੁੰਦਾ ਸੀ। ਚਉਂਕੇ ਦਾ ਲਾਲ ਸਿੰਘ, ਬੰਗੀ ਵਾਲਾ ਕੂਕਾ, ਮੱਘਰ ਸ਼ੇਖ਼ ਖਾਰੇ ਬਰਨਾਲੇ ਤੋਂ, ਵਧਾਵਾ ਰਾਮ ਤੇ ਦਿੜ੍ਹਬੇ ਵਾਲਾ ਬਾਰੂ ਆਦਿ ਕਾਫੀ ਸਮਾਂ ਪੇਂਡੂ ਲੋਕਾਂ 'ਚ ਚੰਗੇ ਕਵੀਸ਼ਰਾਂ-ਗੁਮੰਤਰੀਆਂ ਵਜੋਂ ਮਾਣੇ-ਜਾਣੇ ਜਾਂਦੇ ਰਹੇ। ਇੰਨ੍ਹਾਂ ਦੇ ਪਿੰਡ ਨੇੜੇ ਚੜਿੱਕ ਮੰਡੀ 'ਤੇ ਆਮ ਗਵੱਈਏ ਆਉਂਦੇ ਸਨ।

ਬਠਿੰਡੇ ਦੇ ਹੀ ਪਿੰਡ ਆਹਮਦ ਵਿਖੇ 1886 ਵਿੱਚ ਜਨਮਿਆਂ ਭਗਤ ਰਾਮ ਆਪਣੀ ਸੁਰੀਲੀ ਆਵਾਜ਼ ਨਾਲ ਪੇਂਡੂ ਲੋਕਾਂ ਵਿੱਚ ਛਾਇਆ ਰਿਹਾ ਤੇ ਉਸ ਨੇ 1965, ਆਪਣੇ ਆਖਰੀ ਸਮੇਂ ਤੱਕ ਕਵੀਸ਼ਰੀ ਕੀਤੀ। ਸੰਗਰੂਰ ਜ਼ਿਲ੍ਹੇ ਦੇ ਪਿੰਡ ਨਮੋਲ ਦਾ ਪੰਡਤ ਕਾਂਸ਼ੀ ਰਾਮ 1956 ਤੱਕ ਕਵੀਸ਼ਰੀ ਕਲਾ ਨੂੰ ਪਰਣਾਇਆ ਰਿਹਾ।

ਇਸ ਸਮੇਂ ਗੁਮੰਤਰੀਆਂ-ਕਵੀਸ਼ਰਾਂ ਦੇ ਗੌਣਾਂ ਦੀ ਸਥਿਤੀ ਇਹ ਸੀ ਕਿ ਇਹਨਾਂ 'ਚੋਂ ਬਹੁਤੇ ਕਵੀਸ਼ਰ ਆਪਣੀਆਂ ਕਵੀਸ਼ਰੀਆਂ ਆਪੇ ਰਚ ਕੇ ਗਾਉਂਦੇ ਰਹੇ ਪਰ ਉਸ ਸਮੇਂ ਪੰਡਤ ਕਿਸ਼ੋਰ ਚੰਦ ਦੀ ਵੀ ਪੂਰੀ ਚੜ੍ਹਤ ਸੀ ਅਤੇ ਉਸ ਨੇ ਫੁਟਕਲ ਕਵੀਸ਼ਰੀਆਂ ਅਤੇ ਕਿੱਸਾ-ਕਾਵਿ ਦੀ ਰਚਨਾ ਬਹੁਤਾਤ ਰੂਪ ਵਿੱਚ ਕੀਤੀ ਹੋਈ ਸੀ। ਕਾਫੀ ਸਾਰੇ ਗੁਮੰਤਰੀ-ਕਵੀਸ਼ਰ ਪੰਡਤ ਕਿਸ਼ੋਰ ਚੰਦ ਦੀਆਂ ਲਿਖੀਆਂ ਕਵੀਸ਼ਰੀਆਂ ਦਾ ਗਾਇਨ ਕਰਦੇ।

ਇਸ ਸਮੇਂ ਜ਼ਿਲ੍ਹਾ ਪਟਿਆਲਾ ਨਾਲ ਸੰਬੰਧਿਤ ਕਈ ਸਾਰੇ ਪੰਡਤ ਵੀ ਕਵੀਸ਼ਰੀ ਕਰਦੇ ਸਨ। ਮਾਲਵੇ ਦੇ ਪਿੰਡਾਂ ਵਿੱਚ ਵਧੇਰੇ ਕਰਕੇ ਪੇਂਡੂ ਸ੍ਰੋਤਿਆਂ ਨੂੰ ਆਪ ਵੀ ਕਵੀਸ਼ਰੀ ਅਤੇ ਪ੍ਰਸੰਗ ਯਾਦ ਸਨ ਤੇ ਲੋਕ ਉਂਜ ਹੀ ਢਾਣੀਆਂ ਵਿੱਚ ਬੈਠੇ ਕਵੀਸ਼ਰੀ-ਗੌਣ ਸੁਣਦੇ ਸੁਣਾਉਂਦੇ ਰਹਿੰਦੇ ਅਤੇ ਕਿੱਸੇ ਵੀ ਆਮ ਹੀ ਪੜ੍ਹਦੇ - ਸੁਣਦੇ ਰਹਿੰਦੇ। ਇਸ ਵੇਲੇ ਹਰੇਕ



ਪਿੰਡ ਵਿੱਚ ਇੱਕ ਅੱਧਾ ਕਵੀਸ਼ਰ ਅਜਿਹਾ ਜ਼ਰੂਰ ਸੀ, ਜਿਸਦੀ ਉਪਜੀਵਕਾ ਦਾ ਸਾਧਨ ਭਾਵੇਂ ਕਵੀਸ਼ਰੀ ਨਹੀਂ ਸੀ ਪਰ ਸ਼ੌਕੀਆ ਤੌਰ 'ਤੇ ਅਜਿਹਾ ਕਵੀਸ਼ਰ ਆਪਣੇ ਪਿੰਡ ਦੇ ਲੋਕਾਂ ਜਾਂ ਲਾਗੇ-ਚਾਗੇ ਪਿੰਡ 'ਚ ਕਵੀਸ਼ਰੀ ਸੁਣਾ ਆਉਂਦਾ, ਇਸ ਤਰ੍ਹਾਂ ਦੇ ਅਨੇਕਾਂ ਹੀ ਕਵੀਸ਼ਰ ਆਪਣੇ-ਆਪਣੇ ਇਲਾਕੇ ਜਾਂ ਨੇੜੇ-ਤੇੜੇ ਦੇ ਪਿੰਡਾਂ ਤੱਕ ਹੀ ਘੁੰਮਦੇ ਰਹੇ ਅਤੇ ਉਨ੍ਹਾਂ ਦੀ ਪ੍ਰਸਿੱਧੀ ਜਾਂ ਚਰਚਾ ਬਹੁਤੀ ਵਧੇਰੇ ਨਹੀਂ ਹੋ ਸਕੀ।

ਕਰਨੈਲ ਸਿੰਘ ਦੇ ਪਿੰਡ ਰਾਮੂੰਵਾਲੇ ਵਿੱਚ ਅੱਛਰੂ ਰਾਮ ਖਾਈ ਵਾਲਾ ਤੇ ਉਸਦੇ ਸਾਥੀ ਵਧੇਰੇ ਆਉਂਦੇ ਰਹਿੰਦੇ ਤੇ ਉਹਨੇ ਸਾਹਮਣੇ ਬੈਠੇ ਆਪਣੇ ਹਾਣੀਆਂ ਵਿੱਚ ਭੁੰਜੇ ਬਹਿ ਕੇ ਸੁਣਨਾ। ਬੈਠੇ ਜਵਾਕਾਂ ਨੇ ਰੌਲ਼ਾ ਪਾਉਣਾ ਤੇ ਇੱਕ ਦੂਏ ਦੇ ਹੁੱਝ-ਹੁਝਕਾ ਵੀ ਲਾਈ ਜਾਣਾ, ਪਰ ਕਰਨੈਲ ਸਿੰਘ ਦੀ ਜਿਵੇਂ ਇੱਕ ਤਰ੍ਹਾਂ ਲਿਵ੍ਹ ਹੀ ਲੱਗ ਜਾਂਦੀ ਸੀ ਤੇ ਉਹ ਮਸਤ ਹੋ ਕੇ ਬੈਠਿਆ ਰਹਿੰਦਾ।

ਪੰਜਾਬੀ ਤਾਂ ਉਹ ਪੂਰੀ ਤਰ੍ਹਾਂ ਸਿੱਖ ਹੀ ਗਿਆ ਹੋਇਆ ਸੀ ਤੇ ਇੱਕ ਦਿਨ ਉਹ ਆਪਣੇ ਘਰੇ ਹੀ ਪੁਰਾਣੇ ਸਮਾਨ ਦੀ ਫੋਲਾ-ਫਰਾਲੀ ਕਰ ਰਿਹਾ ਸੀ ਤਾਂ ਤੂੜੀ ਵਾਲੇ ਕੋਠੇ ਵਿੱਚ ਪਈ ਇੱਕ ਬੋਰੀ ਦਾ ਰੱਸੀ ਨਾਲ ਪੀਚ ਕੇ ਬੱਧਾ ਮੂੰਹ ਖੋਹਲਿਆ। ਜਦ ਉਸਨੇ ਬੋਰੀ ਵਿਹੜੇ ਵਿੱਚ ਲਿਆ ਕੇ ਮੂਧੀ ਕੀਤੀ ਤਾਂ ਉਸ ਵਿੱਚੋਂ ਮਿੱਟੀ-ਘੱਟੇ ਅਤੇ ਤੂੜੀ ਨਾਲ ਲਿੱਬੜੀਆਂ ਕੁਝ ਕਿਤਾਬਾਂ ਅਤੇ ਕਿੱਸੇ ਜਿਹੇ ਨਿਕਲੇ। ਉਸ ਨੇ ਕਿਤਾਬਾਂ ਖੋਹਲ ਕੇ ਦੇਖੀਆਂ, 'ਵਾਰਿਸ ਦੀ ਹੀਰ', 'ਮੁਕਬਲ ਦੀ ਹੀਰ' ਅਤੇ 'ਦਮੋਦਰ ਦੀ ਹੀਰ' ਸਨ। ਇਕੱਠੀਆਂ 'ਤਿੰਨ ਹੀਰਾਂ' ਦੇਖ ਕੇ ਉਹ ਬਾਗੋਬਾਗ ਹੋ ਗਿਆ।

ਇਹ ਕਿੱਸੇ ਉਹਦਾ ਦਾਦਾ ਪੜ੍ਹਦਾ ਹੁੰਦਾ ਸੀ ਕਿਹਾ ਜਾਂਦਾ ਹੈ ਕਿ ਉਹ 'ਹੀਰ' ਪੜ੍ਹਨ ਦਾ ਬੜਾ ਸ਼ੌਕੀਨ ਸੀ। ਲੋਕੀਂ ਬੜੇ ਚਾਅ ਨਾਲ ਉਸ ਕੋਲੋਂ 'ਹੀਰ' ਸੁਣਦੇ ਸਨ। ਪਾਰਸ ਨੇ ਬੜੀ ਸ਼ਰਧਾ ਨਾਲ ਉਹ ਕਿੱਸੇ ਸੰਭਾਲ ਲਏ ਅਤੇ ਕਈ ਕਈ ਵਾਰੀ ਉਹਨਾਂ ਦਾ ਪਾਠ ਕੀਤਾ। ਇਉਂ ਉਸਦੀ ਕਾਵਿ-ਬੁੱਧੀ ਚੰਗੀ ਤਰ੍ਹਾਂ ਜਾਗ ਪਈ ਤੇ ਉਹ ਟੁੱਟੇ-ਫੁੱਟੇ ਛੰਦ ਹੋਰ ਬਣਾਉਣ ਲੱਗਿਆ ਅਤੇ ਪਿੰਡ ਦੀ ਹੀ ਸੱਥ 'ਚ ਬੈਠੇ ਲੋਕਾਂ ਨੂੰ ਜਾ ਸੁਣਾਉਂਦਾ।

ਕਿਹਾ ਜਾਂਦਾ ਹੈ ਕਿ ਕਰਨੈਲ ਸਿੰਘ ਪਾਰਸ ਦੇ ਪਿੰਡ ਦੇ ਬਜ਼ੁਰਗ ਅਤੇ ਸਿਆਣੇ ਲੋਕਾਂ ਨੇ ਉਸ ਸਮੇਂ ਹੀ ਇਹ ਪੱਕਾ ਅੰਦਾਜ਼ਾ ਲਾ ਲਿਆ ਸੀ ਕਿ ਕਰਨੈਲ ਸਿੰਘ ਇੱਕ ਦਿਨ ਨੂੰ ਚੰਗਾ ਕਵੀਸ਼ਰੀਕਾਰ ਬਣੇਗਾ, ਇਸ ਲਈ ਜਦੋਂ ਉਹ ਸੱਥ 'ਚ ਬੈਠੇ ਸਿਆਣਿਆਂ ਤੇ ਹੋਰ ਲੋਕਾਂ ਨੂੰ ਆਪਣੀ ਰਚੀ ਕਵੀਸ਼ਰੀ ਸੁਣਾਉਂਦਾ ਤਾਂ ਉਹ ਖੁਸ਼ ਹੋ ਕੇ ਉਸ ਦਾ ਹੌਂਸਲਾ ਵਧਾਉਣ ਵਜੋਂ ਅਠਿਆਨੀ, ਚੁਆਨੀ ਦੇ ਦਿੰਦੇ!

ਕਰਨੈਲ ਸਿੰਘ ਜਦੋਂ ਵੀ ਵਿਹਲਾ ਹੁੰਦਾ ਤਾਂ ਕਾਗਜ਼ ਕਲਮ ਫੜ੍ਹ ਕੇ ਬੈਠਾ ਕੁਝ ਨਾ ਕੁਝ ਲਿਖਦਾ - ਪੂੰਝਦਾ ਰਹਿੰਦਾ। ਪਿੰਡ ਵਿੱਚ ਉਸਦਾ ਨਾਂ 'ਪਾਰਸ' ਹੁਣ ਪੂਰੀ ਤਰ੍ਹਾਂ ਪੱਕ ਚੁੱਕਾ ਹੋਇਆ ਸੀ ਤੇ ਸਾਰੇ ਉਸ ਨੂੰ 'ਪਾਰਸ' ਆਖ ਕੇ ਹੀ ਬੁਲਾਉਂਦੇ ਸਨ। ਉਸਦਾ ਮਨ ਹਰ ਵੇਲੇ ਕਾਵਿ-ਉਡਾਰੀਆਂ ਹੀ ਭਰਦਾ ਰਹਿੰਦਾ ਤੇ ਉਹ ਆਪਣੀ ਹੀ ਲੀਲ੍ਹਾ ਰਚਾਈ ਰੱਖਦਾ, ਆਪਣੀ ਕਲਾਕਾਰੀ ਨਾਲ ਇੱਕ-ਸੁਰ ਹੋ ਕੇ ਤੁਰਿਆ ਫਿਰਦਾ। ਘਰ ਜਾਂ ਖੇਤ ਕੰਮ ਕਰਦਿਆਂ ਵੀ ਉਹਦੀ ਕਲਾਕਾਰੀ ਉਹਦੇ ਨਾਲ-ਨਾਲ ਫਿਰਨ ਲੱਗ ਪਈ ਤੇ ਉਹ ਖੇਤਾਂ ਦੇ ਬੰਨਿਆਂ-ਵੱਟਾਂ 'ਤੇ ਖੜ੍ਹਕੇ ਉੱਚੀਆਂ ਸੁਰੀਲੀਆਂ ਹੇਕਾਂ ਲਾਉਣ ਲੱਗਿਆ ਤੇ ਇਉਂ ਉਸਦੇ ਆਂਢੀ-ਗੁਆਂਢੀ, ਹਾਲੀ-ਪਾਲੀ ਵੀ ਉਸ ਨਾਲ ਹੋਰ ਮੋਹ ਕਰਨ ਲੱਗ ਪਏ!

ਕਰਨੈਲ ਸਿੰਘ ਪਾਰਸ ਹੁਣ ਇਹ ਚਾਹੁੰਦਾ ਸੀ ਕਿ ਉਸ ਨੂੰ ਕੋਈ ਪਹੁੰਚਿਆ

ਹੋਇਆ ਗੁਰੂ ਮਿਲ ਜਾਵੇ ਜਿਸ ਨਾਲ ਰਲ ਕੇ ਉਹ ਕਵੀਸ਼ਰੀ ਗਾਉਣ ਲੱਗ ਜਾਵੇ। ਪਰ ਗੁਰੂ ਕੋਈ ਲੱਭ ਨਹੀਂ ਰਿਹਾ ਸੀ ਤੇ ਕਰਨੈਲ ਸਿੰਘ ਆਪਣੀ ਟੁੱਟੀ-ਫੁੱਟੀ ਕਵੀਸ਼ਰੀ ਜਿਹੋ-ਜਿਹੀ ਆਉਂਦੀ ਜੋੜਦਾ, ਤੇ ਲੋਕਾਂ ਨੂੰ ਸੁਣਾਉਂਦਾ ਕਿਉਂਕਿ ਹਾਲੇ ਨਿੱਕੀ ਉਮਰ ਹੋਣ ਕਰਕੇ ਉਸਦੀ ਸੋਚ ਅਤੇ ਅਨੁਭਵ ਵਿੱਚ ਪਕਿਆਈ ਨਹੀਂ ਸੀ ਆਈ ਕਿ ਉਹ ਨਿੱਕੀ ਉਮਰੇ ਹੀ ਉੱਚ-ਪੱਧਰ ਦੀ ਅਤੇ ਕਲਾਤਮਿਕਤਾ ਭਰਪੂਰ ਕਵੀਸ਼ਰੀ ਰਚਣ ਲੱਗ ਪੈਂਦਾ। ਪਰ ਫਿਰ ਵੀ ਉਹ ਆਪਣੇ ਯਤਨ ਕਰੀ ਜਾ ਰਿਹਾ ਸੀ।

**ਮੋਹਨ ਸਿੰਘ ਰੋਡਿਆਂ ਵਾਲੇ ਨੂੰ ਮਿਲਣਾ ਤੇ ਉਸਤਾਦ ਧਾਰਨਾ** :-

ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਕਿ ਕਰਨੈਲ ਸਿੰਘ ਪਾਰਸ ਭੱਜਣ ਦਾ ਨਿੱਕੀ ਉਮਰ ਤੋਂ ਈ ਸ਼ੌਕੀਨ ਸੀ ਤੇ ਉਹਦੀ ਭਾਜ ਦਾ ਉਹਦੇ ਸਾਰੇ ਹਾਣੀ ਸਿੱਕਾ ਮੰਨਦੇ ਸਨ।

ਮਾਘੀ ਦਾ ਮੇਲਾ ਸੀ। ਉਸਨੇ ਆਪਣੇ ਪਿੰਡੋਂ ਮੁਕਤਸਰ ਤੱਕ ਭੱਜ ਕੇ ਜਾਣ ਦੀ ਆਪਣੇ ਹਾਣੀਆਂ ਨਾਲ ਸ਼ਰਤ ਲਾ ਲਈ। ਰਾਮੂੰਵਾਲੇ ਤੋਂ ਤੀਹ ਮੀਲ ਕੋਟਕਪੂਰਾ ਪੈਂਦਾ ਹੈ ਤੇ ਅੱਗੇ ਵੀਹ ਮੀਲ ਮੁਕਤਸਰ! ਕਰਨੈਲ ਸਿੰਘ ਭੱਜ ਕੇ ਗਿਆ। ਦੂਜੇ ਮੁੰਡੇ ਟਾਂਗਿਆਂ ਵਗੈਰਾ 'ਤੇ ਚੜ੍ਹ ਗਏ। ਖ਼ੈਰ!

ਅੱਗੇ ਗੁਰਦੁਆਰੇ 'ਚ ਅਜਿਹੇ ਨੌਜਵਾਨਾਂ ਦੀ ਲੋੜ ਸੀ ਜੋ ਮੇਲੇ ਵਾਲੇ ਤਿੰਨ ਦਿਨ ਗੁਰਦੁਆਰੇ 'ਚ ਨੌਕਰੀ ਕਰ ਲੈਣ, ਨੌਕਰੀ ਇਹ ਸੀ ਕਿ ਤਲਾਅ ਦੇ ਆਲ਼ੇ ਦੁਆਲ਼ੇ ਸੋਟੀ ਲੈ ਕੇ ਤੁਰੇ ਫਿਰਨਾ ਹੈ ਅਤੇ ਸੰਗਤਾਂ ਨੂੰ ਖ਼ਾਸ ਤੌਰ 'ਤੇ ਹਦਾਇਤ ਕਰਨੀ ਹੈ ਤਲਾਅ 'ਚ ਤਾਰੀ ਨਹੀਂ ਲਾਉਣੀ, ਸਾਬਨ ਨਹੀਂ ਮਲਣਾ...... ਕਛਹਿਰਾ ਜਾਂ ਕੱਛਾ ਨਹੀਂ ਨਚੋੜਨਾ!

ਬਾਰ੍ਹਾਂ ਘੰਟੇ ਇਹ ਡਿਊਟੀ ਸੀ ਤੇ ਇਸ ਦਾ ਇਵਜ਼ਾਨਾ ਤਿੰਨ ਆਨੇ ਇੱਕ ਦਿਨ ਦੇ, ਲੰਗਰ 'ਚੋਂ ਪ੍ਰਸ਼ਾਦੇ, ਕੜਾਹ-ਪ੍ਰਸ਼ਾਦਿ ਅਤੇ ਤਿੰਨ ਚਾਰ ਡੰਗ ਦੀ ਚਾਹ ਮਿਲ ਜਾਂਦੀ।

ਕਰਨੈਲ ਸਿੰਘ ਪਾਰਸ ਉੱਥੇ ਤਿੰਨ ਦਿਨ ਰਿਹਾ। ਜਦੋਂ ਉਹ ਪਹਿਲੇ ਦਿਨ ਹੀ ਗਿਆ ਸੀ ਤਾਂ ਉਸ ਨੇ ਉੱਥੇ ਉਸ ਵੇਲੇ ਦੇ ਉੱਘੇ ਕਵੀਸ਼ਰ ਮੋਹਨ ਸਿੰਘ ਰੋਡਿਆਂ ਵਾਲੇ ਦੇ ਜੱਥੇ ਨੂੰ ਗਾਉਂਦਿਆਂ ਸੁਣਿਆਂ। ਕਰਨੈਲ ਸਿੰਘ ਦਾ ਮਨ ਟੁੰਬਿਆ ਗਿਆ। ਹੁਣ ਉਹ ਮੋਹਨ ਸਿੰਘ ਨੂੰ ਮਿਲਣਾ ਲੋਚਦਾ ਸੀ। ਪਰ ਇਸ ਗੱਲੋਂ ਝਕਦਾ ਵੀ ਸੀ ਕਿ ਉਹ ਮੋਹਨ ਸਿੰਘ ਨੂੰ ਕਿਵੇਂ ਮਿਲੇ ? ਕੀ ਆਖੇ ਤੇ ਆਪਣੀ ਪਛਾਣ ਕਿਵੇਂ ਦੱਸੇ ?

ਆਖਰ ਸਬੱਬ ਬਣ ਹੀ ਗਿਆ। ਜਿਹੜੇ ਕਮਰੇ 'ਚ ਮੋਹਨ ਸਿੰਘ ਤੇ ਉਸਦੇ ਸਾਥੀ ਠਹਿਰੇ ਹੋਏ ਸਨ ਉੱਥੇ ਹੀ ਕਰਨੈਲ ਸਿੰਘ ਨੂੰ ਸੌਣ ਲਈ ਥਾਂ ਮਿਲ ਗਈ। ਕਰਨੈਲ ਸਿੰਘ ਪਾਰਸ ਮੋਹਨ ਸਿੰਘ ਨੂੰ ਬੁਲਾਉਣਾ ਚਾਹੁੰਦਾ ਸੀ। ਪਾਰਸ ਉਸ ਵੰਨੀਂ ਝਾਕੀ ਜਾ ਰਿਹਾ ਸੀ...... ਤੇ ਮੋਹਨ ਸਿੰਘ ਨੇ ਆਪੇ ਈ ਪੁੱਛ ਲਿਆ।

"ਕਿਓਂ ਬਈ ਕਾਕਾ, ਕਿਹੜੇ ਪਿੰਡੋਂ ਐਂ ਬਈ ?"

"ਮੇਰਾ ਪਿੰਡ ਰਾਮੂੰਵਾਲਾ ਐ...... ਬਾਬਾ ਜੀ ਮੈਨੂੰ ਵੀ ਕਵਿਤਾ ਜੋੜਨ ਦਾ ਤੇ ਕਵੀਸ਼ਰੀ ਗੌਣ ਦਾ ਸ਼ੌਕ ਐ।" ਪਾਰਸ ਨੇ ਬੜੇ ਉਤਸ਼ਾਹ ਨਾਲ ਦੱਸਿਆ।

"ਅੱਛਾ! ਵਾਹ ਬਈ ਵਾਹ ਜੁਆਨਾ...... ਹਾਲੇ ਤਾਂ ਤੂੰ ਲਵਾ ਜਿਹਾ ਈ ਐਂ...... ਆਪ ਵੀ ਲਿਖਦਾ ਐਂ ਤਾਂ ਸੁਣਾ ਬਈ ਕੋਈ ਆਵਦੀ ਲਿਖੀ ਕਵਿਤਾ।"

ਕਰਨੈਲ ਸਿੰਘ ਪਾਰਸ ਨੇ ਸੰਗਦੇ ਸੰਗਦੇ ਕਿਹਾ, "ਮੈਂ ਜੋੜ ਕੇ ਸੁਣਾ ਦਿੰਨੈ", ਤੇ ਉਹਨੇ ਇਹ ਬੋਲ ਜੋੜ ਕੇ ਸੁਣਾਏ :

ਨਿੱਤ-ਨਿੱਤ ਕੱਠੀਆਂ ਨਾ ਹੋਣਾ ਰੂਹਾਂ ਨੇ  
ਗਤੀ ਦਾ ਆਉਂਦਾ ਵੇਗ ਨਹੀਂ  
ਬੰਦੇ ਮਿਲ ਪੈਣ, ਮਿਲਣਾ ਨਹੀਂ ਖੂਹਾਂ ਨੇ  
ਸਕਦਾ ਹੋ ਨੇਮ ਨਹੀਂ  
ਵਸਦੇ ਜਹਾਨ 'ਚ  
ਭਰਦੇ ਮਿਠਾਸ ਸ਼ਾਇਰਾਂ ਦੀ ਜ਼ੁਬਾਨ 'ਚ......

ਮੋਹਨ ਸਿੰਘ ਨੇ ਖੁਸ਼ ਹੋ ਕੇ ਆਖਿਆ, "ਜੁਆਨਾ, ਬਈ ਤੇਰੀ ਸੋਚ ਬੜੀ ਵਧੀਐ, ਨਿੱਗਰ ਐ...... ਤੂੰ ਤਾਂ ਸੱਚੀ ਮੁੱਚੀਂ ਪਾਰਸ ਬਣਿਆ ਫਿਰਦਾ ਐਂ, 'ਕੱਲੇ ਨਾਂ ਦਾ ਈ ਨਹੀਂ ਪਾਰਸ! ਕੀ ਕਰਦਾ ਹੁੰਨੈ ਤੂੰ ?"

ਬੱਸ ਜੀ, ਵੇਹਲਾ ਈ ਆਂ...... ਮੈਂ ਤਾਂ ਥੋਡੇ ਜੱਥੇ ਨਾਲ ਰਲਣੈ...... ਮੈਨੂੰ ਆਪਣੇ ਨਾਲ ਰਲਾ 'ਲੋ ਬਾਬਾ ਜੀ......।"

ਮੋਹਨ ਸਿੰਓਂ ਹੋਰ ਖੁਸ਼ ਹੋ ਗਿਆ ਤੇ ਉਸਨੇ ਆਖਿਆ, "ਜੁਆਨਾ ਗੱਲ ਏਹ ਆ ਬਈ...... ਨਾਲ ਰਲੌਣ ਤੋਂ ਨਾਂਹ ਨਹੀਂ ਤੈਨੂੰ...... ਤੂੰ ਪਹਿਲਾਂ ਆਵਦੇ ਘਰਦਿਆਂ ਨੂੰ ਪੁੱਛ ਲਾ, ਫੇ ਥੋਡੇ ਘਰ ਦੇ ਨਾ ਕਹਿਣ ਬਈ ਮੋਹਨ ਸਿੰਓਂ ਨੇ ਸਾਡਾ ਮੁੰਡਾ ਪੱਟ ਲਿਐ......।" ਮੋਹਨ ਸਿੰਓ ਹੱਸਿਆ।

ਕਰਨੈਲ ਸਿੰਘ ਪਾਰਸ ਉਦਾਸ ਹੋ ਗਿਆ ਤੇ ਉਸਨੇ ਭਰੇ ਹੋਏ ਗਲ਼ੇ ਨਾਲ ਆਖਿਆ, "ਬਾਬਾ ਜੀ, ਮੈਂ ਘਰੇ ਕੀਹਨੂੰ ਪੁੱਛਣਾ ਐਂ, ਮੇਰਾ ਕਿਹੜਾ ਮਾਂ-ਪਿਓ ਹੈਗਾ ਐ, ਜੀਹਨੂੰ ਪੁੱਛ ਕੇ ਆਵਾਂ। ਮੇਰੇ ਮਾਂ ਪਿਓ ਤਾਂ ਮੈਨੂੰ ਨਿੱਕੇ ਜਿਹੇ ਨੂੰ ਛੱਡ ਕੇ ਤੁਰ ਗਏ......।" ਇਹ ਕਹਿੰਦਿਆਂ ਕਰਨੈਲ ਸਿੰਘ ਦੀਆਂ ਅੱਖਾਂ 'ਚੋਂ ਹੰਝੂ ਟਪਕਣ ਲੱਗੇ। ਮੋਹਨ ਸਿੰਓਂ ਰੋਡਿਆਂ ਵਾਲਾ ਉਹਦੀਆਂ ਗੱਲਾਂ ਗਹੁ ਨਾਲ ਸੁਣ ਰਿਹਾ ਸੀ, ਕਰਨੈਲ ਸਿੰਘ ਨੇ ਉਸਨੂੰ ਅੱਗੇ ਦੱਸਿਆ, "ਬਾਬਾ ਜੀ, ਇੱਕ ਚਾਚਾ ਐ ਮੇਰਾ...... ਉਹ ਮੇਰੇ 'ਤੇ ਖੁਸ਼ ਐ ਪੂਰਾ! ਤੁਸੀਂ ਮੈਨੂੰ ਕੇਰਾਂ ਆਵਦੇ ਨਾਲ ਰਲਾ 'ਲੋ...... ਤੇ ਮੈਂ ਵੀ ਹੁਣ ਕਵੀਸ਼ਰ ਬਣਨੈ!"

ਉਸ ਦਿਨ ਤੋਂ ਹੀ ਮੋਹਨ ਸਿੰਓਂ ਰੋਡਿਆਂ ਵਾਲੇ ਨਾਲ ਕਰਨੈਲ ਸਿੰਘ ਪਾਰਸ ਰਲ਼ ਗਿਆ ਤੇ ਪੱਗ ਦੇ ਕੇ ਪੂਰਨ ਰਵਾਇਤ ਅਨੁਸਾਰ ਗੁਰੂ ਧਾਰਨ ਕਰ ਲਿਆ। ਦੂਜੇ ਦਿਨ ਪਾਰਸ ਮੋਹਨ ਸਿੰਘ ਦੇ ਖੇਤ, ਖੂਹ 'ਤੇ ਬੈਠਾ ਹੋਇਆ ਸੀ ਤੇ ਉਸਨੇ ਮਾਘੀ ਦੇ ਮੇਲੇ 'ਤੇ ਜੋੜਕੇ ਸੁਣਾਈ ਕਵਿਤਾ ਨੂੰ ਅੱਗੋਂ ਇਸ ਅੰਤਰੇ ਨਾਲ ਤੋਰਿਆ :

ਸਿੰਘ ਕਰਨੈਲ ਰਾਮੂੰਵਾਲੇ ਨਵੇਂ ਦਾ  
ਰੋਡਿਆਂ ਦਾ ਮੋਹਨ ਸਿੰਓਂ  
ਦੇਖ ਕੇ ਹਾਲਾਤ ਬੀਤ ਰਹੇ ਸਮੇਂ ਦਾ  
ਅੱਡੋ ਅੱਡੀ ਹੋਣ ਕਿਓਂ  
ਰਹਿਣ ਇੱਕੋ ਜਾਨ 'ਚ  
ਭਰਦੇ ਮਿਠਾਸ ਸ਼ਾਇਰਾਂ ਦੀ ਜ਼ੁਬਾਨ 'ਚ......

ਪਾਰਸ 'ਤੇ ਪੂਰੀ ਜਵਾਨੀ ਆਈ ਹੋਈ ਸੀ ਉਦੋਂ! ਉਹ ਮੋਹਨ ਸਿੰਓ ਦੇ ਸਾਥੀਆਂ ਵਿੱਚ ਆਪਣੀ ਸੁੰਦਰ ਜਵਾਨੀ ਸਦਕਾ ਚੰਗਾ ਫਬਦਾ ਸੀ। ਤੇ ਇਉਂ ਹੀ ਲੋਕੀਂ ਲਵਾ ਤੇ ਮਲੂਕੜਾ ਜਿਹਾ ਮੁੰਡਾ ਕਵੀਸ਼ਰ ਹੋਣ ਕਰਕੇ ਉਸ ਨੂੰ ਪੈਸੇ ਵੀ ਵਾਹਵਾ ਦੇਈ ਤੁਰੇ

ਜਾਂਦੇ......। ਇਸ ਗੱਲੋਂ ਵੀ ਮੋਹਨ ਸਿੰਓ ਪਾਰਸ 'ਤੇ ਪੂਰਾ ਬਾਗੋ ਬਾਗ ਰਹਿੰਦਾ ਸੀ। ਤੇ ਪਾਰਸ ਨਿੱਤ-ਦਿਨ ਉਹਨਾਂ ਦੇ ਨਾਲ-ਨਾਲ ਪ੍ਰੋਗਰਾਮਾਂ 'ਤੇ ਤੁਰਿਆ ਫਿਰਦਾ ਸੀ, ਜਦੋਂ ਜੀਅ ਕਰਦਾ, ਉਹਨਾਂ ਤੋਂ ਛੁੱਟੀ ਲੈ ਕੇ ਪਿੰਡ ਗੇੜਾ ਕੱਢ ਜਾਂਦਾ ਸੀ। ਮੋਹਨ ਸਿਓਂ ਦੇ ਘਰੇ ਕੰਮ ਵੀ ਕਰਦਾ, ਖੇਤੋਂ-ਪੱਠੇ ਵੀ ਲਿਆ ਦਿੰਦਾ। ਪਾਰਸ ਨੇ ਅਠਾਈ-ਉਨੱਤੀ ਦਿਨਾਂ ਵਿੱਚ ਹੀ ਮੋਹਨ ਸਿੰਘ ਦੇ ਜੱਥੇ ਵੱਲੋਂ ਗਾਈ ਜਾਣ ਵਾਲੀ ਸਾਰੀ ਕਵੀਸ਼ਰੀ ਯਾਦ ਕਰ ਲਈ। ਮੋਹਨ ਸਿੰਘ ਬਹੁਤੀ ਰਚਨਾ ਪੰਡਤ ਕਿਸ਼ੋਰ ਚੰਦ ਦੀ ਗਾਉਂਦਾ ਸੀ ਜਾਂ ਕੁਝ ਹੋਰ ਸ਼ਾਇਰਾਂ ਦੀ ਲਿਖੀ ਹੋਈ। ਕਰਨੈਲ ਸਿੰਘ ਪਾਰਸ ਆਪਣੀ ਕਵੀਸ਼ਰੀ ਨੂੰ ਨਿਖਾਰਨ-ਸੰਵਾਰਨ ਲਈ ਉਚੇਚੇ ਯਤਨ ਕਰਨ ਲੱਗ ਪਿਆ ਅਤੇ ਉਸ ਨੇ ਨਾਲੋ-ਨਾਲ ਪੁਰਾਤਨ ਲੋਕ ਕਿੱਸੇ ਤੇ ਹੋਰ ਕਈ ਦੁਰਲੱਭ ਪੁਸਤਕਾਂ ਲੱਭਕੇ ਉਨ੍ਹਾਂ ਦਾ ਪਾਠ ਵੀ ਕਰਨਾ ਜਾਰੀ ਰੱਖਿਆ ਹੋਇਆ ਸੀ। ਕਰਨੈਲ ਸਿੰਘ ਪਾਰਸ ਦੀਆਂ ਲਿਖੀਆਂ ਤਾਜ਼ੀਆਂ ਕਵਿਤਾਵਾਂ ਦੀਆਂ ਮੋਹਨ ਸਿਓਂ ਨੇ ਤਰਜ਼ਾਂ ਘੜ ਲਈਆਂ ਜਾਂ ਕੁਝ ਤਰਜ਼ਾਂ ਉਹੀਓ ਹੀ ਰਹਿਣ ਦਿੱਤੀਆਂ ਗਈਆਂ, ਜਿਹੜੀਆਂ ਪਾਰਸ ਨੇ ਘੜੀਆਂ ਹੋਈਆਂ ਸਨ ਤੇ ਉਹ ਆਪਣੇ ਜੱਥੇ ਤੋਂ ਪੇਸ਼ ਕਰਵਾਉਣ ਲੱਗ ਪਿਆ।

ਲੋਕਾਂ ਦੀ ਢਾਣੀ ਗੋਲ ਘੇਰਾ ਘੱਤ ਲੈਂਦੀ ਤੇ ਇਹ ਕਵੀਸ਼ਰ ਉਸ ਢਾਣੀ ਵਿੱਚ ਗੇੜੇ ਦੇ-ਦੇ ਕੇ ਗਾਉਂਦੇ ਰਹਿੰਦੇ। ਮੋਹਨ ਸਿੰਉ ਵੰਨੀਂ ਵੇਖ-ਵੇਖ ਕੇ ਪਾਰਸ ਨੇ ਅਖਾੜਾ ਲਾਉਣ ਦੀਆਂ ਕਈ ਵਿਧੀਆਂ ਸਿੱਖ ਲਈਆਂ, ਕਿਵੇਂ ਕੰਨ 'ਤੇ ਹੱਥ ਰੱਖਣਾ ਹੈ। ਸਰੋਤਿਆਂ ਵੱਲ ਬਾਂਹ ਦੀ ਬਾਲੀ ਕਿਵੇਂ ਮਾਰਨੀ ਹੈ। ਝਾਕਣਾ ਕਿਵੇਂ ਹੈ। ਇਨਾਮ ਕਿਵੇਂ ਫੜ੍ਹਨਾ ਹੈ ਵਗੈਰਾ ਵਗੈਰਾ। ਇਸ ਪ੍ਰਕਾਰ ਮੇਲਿਆਂ ਆਦਿ ਦੇ ਇਕੱਠਾਂ 'ਤੇ ਕਈ-ਕਈ ਕਵੀਸ਼ਰ ਗਾਈ ਜਾਂਦੇ ਤੇ ਕਈ-ਕਈ ਢਾਣੀਆਂ ਬਣੀ ਜਾਂਦੀਆਂ, ਕਵੀਸ਼ਰ-ਢਾਡੀ ਗਾਉਂਦੇ ਰਹਿੰਦੇ। ਤੇ ਪਾਰਸ ਸਭ ਨੂੰ ਮਿਲਦਾ-ਗਿਲਦਾ ਰਹਿੰਦਾ।

ਮੋਹਨ ਸਿੰਘ ਰੋਡਿਆਂ ਵਾਲਾ ਗੋਤ ਦਾ ਬਰਾੜ ਜੱਟ ਤੇ ਧੜੱਲੇ ਵਾਲਾ ਕਲਾਕਾਰ ਸੀ। ਕਥਨੀ ਤੇ ਕਰਨੀ ਦਾ ਪੂਰਾ। ਪੰਜ ਵਾਰੀ ਉਹ ਅਕਾਲੀ ਮੋਰਚੇ 'ਚ ਕੈਦ ਕੱਟ ਚੁੱਕਾ ਸੀ। ਮੋਹਨ ਸਿੰਘ ਭਾਵੇਂ ਆਪ ਕਵਿਤਾ ਨਹੀਂ ਸੀ ਰਚਦਾ ਪਰ ਕਵਿਤਾ ਦਾ ਉਹ ਪਾਰਖੂ ਬੜਾ ਸੀ ਤੇ ਉਸ ਨੇ ਕਰਨੈਲ ਸਿੰਘ ਪਾਰਸ ਦੀਆਂ ਕਵਿਤਾਵਾਂ ਦੀ ਉਸ ਨੇ ਪਰਖ ਕਰ ਲਈ ਸੀ ਫਿਰ ਉਹਨਾਂ ਦਾ ਜੱਥਾ ਉਸਦੀਆਂ ਹੀ ਲਿਖੀਆਂ ਕਵਿਤਾਵਾਂ ਗਾਉਣ ਲੱਗਿਆ ਤੇ ਕਰਨੈਲ ਸਿੰਘ ਧੜਾਧੜ ਲਿਖਣ ਲੱਗ ਪਿਆ।

ਪਾਰਸ ਨੂੰ ਮੋਹਨ ਸਿੰਘ ਨਾਲ ਤੁਰਦਿਆਂ - ਫਿਰਦਿਆਂ ਛੇ ਸੱਤ ਕੁ ਸਾਲ ਹੀ ਲੰਘੇ ਸਨ...... ਪਾਰਸ ਨੇ ਏਨੇ ਸਮੇਂ ਵਿੱਚ ਹੀ ਉਹਦੇ ਨਾਲ ਤੁਰ-ਫਿਰਕੇ ਅਨੇਕਾਂ ਥਾਵਾਂ ਗਾਹ ਲਈਆਂ ਸਨ ਅਤੇ ਆਪਣੀ ਜਾਣ-ਪਛਾਣ ਵਿੱਚ ਵੀ ਚੋਖਾ ਵਾਧਾ ਕਰ ਲਿਆ ਹੋਇਆ ਸੀ। ਉਹ ਜਿੱਥੇ ਕਿਤੇ ਵੀ ਜਾਂਦਾ ਸੀ ਆਪਣੀ ਪ੍ਰਭਾਵਸ਼ਾਲੀ ਬੋਲ-ਬਾਣੀ ਅਤੇ ਡੂੰਘੀ ਨੇਕ ਲਿਆਕਤ ਸਦਕਾ ਆਪਣੇ ਨਾਲ ਹਰੇਕ ਥਾਂ ਤੋਂ ਕੁਝ ਬੰਦੇ ਗੰਢ ਕੇ ਹੀ ਮੁੜਦਾ ਸੀ। ਕਰਨੈਲ ਸਿੰਘ ਪਾਰਸ 'ਤੇ ਮੋਹਨ ਸਿੰਓ ਆਪ ਤਾਂ ਭਾਵੇਂ ਪੂਰਾ ਪ੍ਰਸੰਨ ਸੀ ਪਰ ਮੋਹਨ ਸਿਓਂ ਦਾ ਭਰਾ ਸੋਹਨ ਸਿੰਘ ਥੋੜ੍ਹਾ ਕੁ ਟੇਢਾ ਚਲਦਾ ਸੀ। ਮੋਹਨ ਸਿਓਂ ਜਦੋਂ ਪਾਰਸ ਨੂੰ ਉਹਦਾ ਮਿਹਨਤਾਨਾ (ਪੈਸੇ) ਦੇਣ ਲਗਦਾ ਤਾਂ ਉਹ ਵਿੱਚ ਟੰਗਾ ਅੜਾ ਬਹਿੰਦਾ...... ਇਉਂ ਪਾਰਸ ਨੂੰ ਪੂਰੇ ਪੈਸੇ ਨਾ ਮਿਲਦੇ। ਸੋਹਨ ਸਿੰਘ ਦਾ ਭੱਦਾ ਵਤੀਰਾ ਵੀ ਉਸਨੂੰ ਨਿਰਾਸ਼ ਕਰ ਦਿੰਦਾ ਤੇ ਇਉਂ ਪਾਰਸ ਦੇ ਅਨੁਭਵੀ ਅਤੇ ਸੰਵੇਦਨਸ਼ੀਲ ਮਨ ਉੱਤੇ ਡਾਹਢਾ ਅਸਰ ਪੈਂਦਾ।



ਇਸ ਤਰ੍ਹਾਂ ਕਾਫੀ ਸਮਾਂ ਲੰਘਦਾ ਗਿਆ ਤੇ ਪਾਰਸ ਨਾਲ ਇਹੋ ਜਿਹਾ ਵਿਵਹਾਰ ਹੁੰਦਾ ਰਿਹਾ।

ਕਰਨੈਲ ਸਿੰਘ ਪਾਰਸ ਆਪਣੇ ਉਸਤਾਦ ਨੂੰ ਛੱਡਕੇ ਨਹੀਂ ਸੀ ਜਾਣਾ ਚਾਹੁੰਦਾ ਪਰ ਇੱਕ ਦਿਨ ਮਜਬੂਰ ਹੋ ਕੇ ਉਸਨੇ ਮੋਹਨ ਸਿੰਓ ਅੱਗੇ ਹੱਥ ਜੋੜ ਕੇ ਆਖਿਆ, "ਗੁਰੂ ਜੀ, ਹੁਣ ਮੈਨੂੰ ਪੱਕੀ ਛੁੱਟੀ ਦੇ ਦਿਓ।"

ਮੋਹਨ ਸਿਓਂ ਵੀ ਪਾਰਸ ਦੀ ਮਨੋ-ਦਸ਼ਾ ਤੇ ਸਥਿਤੀ ਭਲੀ-ਭਾਂਤ ਸਮਝਦਾ ਸੀ ਤੇ ਉਹਨੇ ਅਣਮੰਨੇ ਜਿਹੇ ਮਨ ਨਾਲ ਪਾਰਸ ਨੂੰ ਵੱਖ ਹੋਣ ਦੀ ਆਗਿਆ ਦੇ ਦਿੱਤੀ।

ਸੰਨ 1938 ਸੀ। ਦੂਸਰੀ ਵਿਸ਼ਵ ਜੰਗ ਲੱਗਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਮਹਾਰਾਜਾ ਫਰੀਦਕੋਟ ਨੇ ਨਵੇਂ ਭਰਤੀ ਕੀਤੇ ਨੌਜਵਾਨਾਂ ਦੀ ਫੌਜ ਦੀਆਂ ਟੋਲੀਆਂ ਤੋਰਨੀਆਂ ਸਨ ਤੇ ਉਸ ਤੋਂ ਪਹਿਲਾਂ ਢਾਡੀਆਂ-ਕਵੀਸ਼ਰਾਂ ਨੇ ਨਵ-ਯੁਵਕ ਫੌਜੀਆਂ ਨੂੰ ਉਤਸ਼ਾਹ ਅਤੇ ਪ੍ਰੇਰਨਾ ਦੇਣ ਵਾਸਤੇ ਉਹਨਾਂ ਅੱਗੇ ਆਪਣੇ ਜੌਹਰ ਵਿਖਾ ਕੇ, ਬੀਰ ਰਸੀ ਵਾਰਾਂ ਸੁਣਾ ਕੇ, ਫੌਜੀ ਪ੍ਰਭਾਵਤ ਕਰਨੇ ਸਨ ਅਤੇ ਮਹਾਰਾਜੇ ਨੇ ਇਸ ਕੰਮ ਲਈ ਕਈ ਸਾਰੇ ਢਾਡੀ, ਕਵੀਸ਼ਰ ਅਤੇ ਗੁਮੰਤਰੀ ਦੂਰੋਂ ਨੇੜਿਓਂ ਸੱਦ ਕੇ ਇਕੱਠੇ ਕੀਤੇ ਹੋਏ ਸਨ।

ਕੁਝ ਦਿਨ ਹੀ ਪਹਿਲਾਂ ਤਖਤੂਪੁਰੇ ਦੇ ਮੇਲੇ 'ਤੇ ਕਰਨੈਲ ਸਿੰਘ ਪਾਰਸ ਦਾ ਮੇਲ ਸਿੱਧਵਾਂ ਤੋਂ ਇੱਕ ਮੁੰਡੇ ਰਣਜੀਤ ਸਿੰਘ ਨਾਲ ਹੋਇਆ ਸੀ, ਜੋ ਕਵੀਸ਼ਰੀ ਗਾਉਣ ਦਾ ਸ਼ੌਕੀਨ ਅਤੇ ਸੁਰੀਲੀ ਆਵਾਜ਼ ਦਾ ਮਾਲਕ ਸੀ। ਪਾਰਸ ਨੇ ਰਣਜੀਤ ਸਿੰਘ ਨੂੰ ਆਖਿਆ, "ਜੇ ਤੂੰ ਚਾਹੁੰਨਾ ਐਂ ਤਾਂ ਮੇਰੇ ਨਾਲ ਫਰੀਦਕੋਟ ਚੱਲ! ਉਥੇ ਨਵੀਆਂ ਫੌਜਾਂ ਦਾ ਮਨੋਰੰਜਨ ਕਰਨਾ ਐਂ...... ਥੋਨੂੰ ਮੈਂ ਮਹਾਰਾਜੇ ਨਾਲ ਮਿਲਵਾ ਦੇਉਂ......।"

ਰਣਜੀਤ ਸਿੰਘ ਸਿੱਧਵਾਂ ਅਤੇ ਇੱਕ ਕੋਈ ਹੋਰ ਸਾਥੀ, ਪਾਰਸ ਨਾਲ ਫਰੀਦਕੋਟ ਗਏ ਅਤੇ ਉਥੇ ਸਿਰਫ਼ ਰਣਜੀਤ ਸਿੰਘ ਤੇ ਉਸਦੇ ਨਾਲ ਗਏ ਸਾਥੀ ਨੇ ਹੀ ਗਾਇਆ, ਪਾਰਸ ਉਹਨਾਂ ਦੇ ਨਾਲ ਸੀ ਤੇ ਫੇਰ ਵਾਪਸ ਮੁੜਦਿਆਂ ਰੋਟੀ ਪਾਣੀ ਵੀ ਪਾਰਸ ਨੇ ਆਪਣੇ ਪੱਲਿਓਂ ਪੈਸੇ ਖਰਚਕੇ ਖੁਵਾਇਆ ਤੇ ਮੋਗੇ ਪਹੁੰਚਕੇ ਉਹਨਾਂ ਨੂੰ ਸ਼ਰਾਬ ਵੀ ਪਿਆਈ। ਰਣਜੀਤ ਸਿੰਘ ਤੇ ਉਸਦੇ ਨਾਲ ਦਾ ਸਾਥੀ ਪਾਰਸ 'ਤੇ ਬੜੇ ਖੁਸ਼ ਹੋਏ, ਬਈ ਰੰਗੀਲੜਾ ਬੰਦਾ ਹੈ, ਕੋਲੋਂ ਖਰਚਾ ਕਰਕੇ ਸਾਨੂੰ ਲੈ ਕੇ ਗਿਐ, ਹੁਣ ਵੀ ਸਾਰਾ ਖਰਚਾ ਝੱਲ ਰਿਹਾ ਹੈ।

ਪਾਰਸ ਨੇ ਉਹਨਾਂ ਨਾਲ ਗੱਲ ਤੋਰੀ, "ਰਣਜੀਤ ਸਿੰਆਂ ਜੇ ਆਪਾਂ ਆਪਣਾ ਈ ਜੱਥਾ ਬੰਨ੍ਹ ਲਈਏ...... ਮੇਰਾ ਸਾਥ ਦੇਵੇਂਗਾ ?"

ਇਹ ਸੁਣਦਿਆਂ ਰਣਜੀਤ ਸਿੰਘ ਖੁਸ਼ ਹੋ ਗਿਆ ਤੇ ਉਹਨਾਂ ਉਸੇ ਦਿਨ ਤੋਂ ਸਹੁੰ ਖਾ ਲਈ ਕਿ, "ਅਸੀਂ ਅੱਜ ਤੋਂ ਪੱਕੇ ਸਾਥੀ ਹਾਂ, ਤੇ ਇੱਕ ਦੂਜੇ ਦਾ ਪੂਰਾ-ਪੂਰਾ ਸਾਥ ਦਿਆਂਗੇ।"

**ਪਾਰਸ ਦਾ ਵਿਆਹ** :- ਕਰਨੈਲ ਸਿੰਘ ਪਾਰਸ ਦੇ ਵਿਆਹ ਲਈ ਕਈ ਕੁੜੀਆਂ ਵਾਲੇ ਆਏ, ਕੋਈ ਕਹਿੰਦਾ, "ਮੁੰਡਾ ਤਾਂ ਕਵੀਸ਼ਰੀ ਕਰਦੈ...... ਏਹ ਵੀ ਕੋਈ ਕੰਮ ਹੋਇਆ, ਅਸੀਂ ਤਾਂ ਨਹੀਂ ਆਪਣੀ ਧੀ ਵਿਆਹੁਣੀ।"

ਇਉਂ ਕਈ ਜਣੇ ਆਏ ਤੇ ਮੁੜੇ। ਜੇ ਉਹ ਪਾਰਸ ਨੂੰ ਘਰੋਂ ਆਉਂਦੀ ਚੌਦਾਂ ਪੰਦਰਾਂ ਕਿੱਲੇ ਜ਼ਮੀਨ ਵੱਲ ਵੇਖਦੇ ਤਾਂ ਦੁਚਿੱਤੀ 'ਚ ਵੀ ਪੈ ਜਾਂਦੇ। ਪਰ ਫਿਰ ਪਾਰਸ ਕਵੀਸ਼ਰ ਦੇ ਹੋਣ ਕਰਕੇ ਨਾਂਹ ਕਰ ਜਾਂਦੇ ਜਾਂ ਇਉਂ ਆਖ ਜਾਂਦੇ, "ਸਲਾਹ ਬਣਾ ਕੇ ਦੱਸਾਂਗੇ।"

ਜ਼ਿਲ੍ਹਾ ਲੁਧਿਆਣਾ ਦੇ ਪਿੰਡ ਬੋਪਾਰਾਏ ਕਲਾਂ ਦੇ ਸ੍ਰ. ਸੰਤਾ ਸਿੰਘ ਤੇ ਭਗਵਾਨ ਕੌਰ ਦੀ ਸਪੁੱਤਰੀ ਸ਼੍ਰੀਮਤੀ ਦਲਜੀਤ ਕੌਰ ਨਾਲ 1938 ਪਾਰਸ ਦਾ ਨੂੰ ਵਿਆਹ ਹੋ ਗਿਆ। ਦਲਜੀਤ ਕੌਰ ਦੀ ਉਮਰ ਉਸ ਵੇਲੇ ਕੇਵਲ ਸਾਢੇ ਪੰਦਰਾਂ ਵਰ੍ਹੇ ਹੀ ਸੀ। ਸੰਤਾ ਸਿੰਘ ਨੇ ਪਾਰਸ ਦੀ ਕਵੀਸ਼ਰੀ ਤੋਂ ਪ੍ਰਭਾਵਤ ਹੋ ਕੇ ਉਸ ਨੂੰ ਆਪਣੀ ਲੜਕੀ ਦਾ ਰਿਸ਼ਤਾ ਦਿੱਤਾ ਤੇ ਉਸਨੇ ਪਾਰਸ ਨੂੰ ਕਿਹਾ ਸੀ ਕਿ ਉਹ ਗੁਰੂਆਂ-ਪੀਰਾਂ ਦੀ ਕਵੀਸ਼ਰੀ ਹੀ ਗਾਵੇ, ਪਰ ਪਾਰਸ ਆਪਣੇ ਸਹੁਰੇ ਦੀ ਆਖੀ ਬਹੁਤੀ ਗੱਲ ਨਾ ਮੰਨ ਸਕਿਆ ਤੇ ਕੁਝ ਸਮਾਂ ਉਨ੍ਹਾਂ ਦੀ ਆਪੋ-ਵਿੱਚ ਖੜਕਦੀ ਵੀ ਰਹੀ।

**ਜੱਥਾ ਬੰਨ੍ਹਣਾ** :- ਕਰਨੈਲ ਸਿੰਘ ਪਾਰਸ ਦੇ ਵਿਆਹ ਦੇ ਲਾਗੇ-ਚਾਗੇ ਹੀ, ਵਿਆਹ ਤੋਂ ਥੋੜ੍ਹਾ ਸਮਾਂ ਹੀ ਮਗਰੋਂ ਜਿਹੇ ਪਾਰਸ ਨੇ ਰਣਜੀਤ ਸਿੰਘ ਸਿੱਧਵਾਂ ਦੇ ਸਹਿਯੋਗ ਸਦਕਾ ਆਪਣਾ ਜੱਥਾ ਬੰਨ੍ਹ ਲਿਆ ਤੇ ਪ੍ਰੋਗਰਾਮ ਕਰਨ ਲੱਗ ਪਏ, ਤੀਜੇ ਸਾਥੀ ਦੀ ਬਹੁਤਾ ਚਿਰ ਇਹਨਾਂ ਨਾਲ ਨਿਭ ਨਾ ਸਕੀ ਤੇ ਉਸ ਨੂੰ ਵੱਖ ਕਰ ਦਿੱਤਾ। ਇਸ ਸਮੇਂ ਦੌਰਾਨ ਕਰਨੈਲ ਸਿੰਘ ਪਾਰਸ ਨੇ ਟਰੱਕ ਪਾ ਲਿਆ। ਪਰ ਥੋੜ੍ਹੇ ਚਿਰ ਵਿੱਚ ਹੀ ਇਸ ਕੰਮ 'ਚੋਂ ਵੀ ਘਾਟਾ ਪੈ ਗਿਆ। ਫੇਰ ਆਪਣੇ ਦੋਸਤ ਦੇ ਪੁੱਤਰਾਂ ਨੂੰ ਹੋਟਲ ਖੁਲ੍ਹਵਾ ਦਿੱਤਾ, ਉਹ ਵੀ ਨਾ ਚੱਲਿਆ। ਜਗਰਾਓਂ ਲਾਗੇ ਪਿੰਡ ਜੰਡੀ ਦਾ ਚੰਦ ਸਿੰਘ ਕਵੀਸ਼ਰ, ਰਣਜੀਤ ਸਿੰਘ ਸਿੱਧਵਾਂ ਦਾ ਰਿਸ਼ਤੇਦਾਰ ਸੀ। ਫਿਰ ਉਹ ਇਹਨਾਂ ਨੂੰ ਮਿਲ ਪਿਆ ਤੇ ਇਨ੍ਹਾਂ ਦਾ ਪੱਕਾ ਸਾਥੀ ਬਣ ਗਿਆ, ਇਉਂ ਕਰਨੈਲ ਸਿੰਘ ਪਾਰਸ ਦੇ ਜੱਥੇ ਨੇ ਕੁਝ-ਕੁਝ ਸਰਗਰਮੀ ਫੜ੍ਹਨੀ ਸ਼ੁਰੂ ਕੀਤੀ। ਪਾਰਸ ਨੂੰ ਰਾਮੂੰਵਾਲੇ ਪਿੰਡੋਂ ਹੋਣ ਕਰਕੇ ਲੋਕੀਂ "ਰਾਮੂੰਵਾਲੀਆ ਪਾਰਸ" ਵੀ ਆਖ ਕੇ ਸੱਦਣ ਲੱਗ ਪਏ।

**ਵਿਸ਼ੇਸ਼ ਗੱਲਾਂ** :- ਇਨ੍ਹਾਂ ਦੇ ਗਾਉਣ ਵਾਲੀਆਂ ਮੁੱਖ ਤੌਰ ਤੇ ਥਾਂਵਾਂ ਪਿੰਡਾਂ ਵਿੱਚ ਲੱਗਦੇ ਮੇਲੇ, ਵਿਆਹਾਂ-ਸ਼ਾਦੀਆਂ ਤੇ ਮਰਨਿਆਂ, ਜੰਮਣਿਆਂ ਦੇ ਪ੍ਰੋਗਰਾਮ ਹੁੰਦੇ ਸਨ। ਹਾਲੇ ਉਸਦਾ ਜੱਥਾ ਗੁਰਦੁਆਰਿਆਂ ਵਿੱਚ ਪੂਰੀ ਤਰ੍ਹਾਂ ਜਾਣ ਨਹੀਂ ਲੱਗਾ ਸੀ ਕਿਤੇ-ਕਿਤੇ ਹੀ ਜਾਂਦੇ ਸਨ।

ਇਨ੍ਹਾਂ ਨੇ ਪਹਿਲੀ ਵਾਰੀ ਬਹੁਤ ਵਧੀਆ ਤਰੀਕੇ ਨਾਲ ਲੁਧਿਆਣੇ ਨੇੜੇ ਪਿੰਡ ਢਾਬਾ ਵਿਖੇ ਇੱਕ ਵਿਆਹ ਦੇ ਪ੍ਰੋਗਰਾਮ 'ਤੇ ਗਾਇਆ। ਕਾਫੀ ਲੋਕਾਂ ਨੇ ਰੁਪੱਈਏ ਦੇ ਕੇ ਹੌਂਸਲਾ ਵਧਾਈ ਕੀਤੀ ਤੇ ਫੇਰ ਉੱਧਰਲੇ ਇਲਾਕੇ 'ਚੋਂ ਵੀ ਪ੍ਰੋਗਰਾਮ ਮਿਲਣ ਲੱਗ ਪਏ। 1941 ਦੀ ਸ਼ੁਰੂਆਤ ਸੀ ਜਦੋਂ ਕਰਨੈਲ ਸਿੰਘ ਪਾਰਸ ਦੇ ਕਵੀਸ਼ਰੀ ਜੱਥੇ ਦੀ ਲੋਕਾਂ ਵਿੱਚ ਚਰਚਾ ਹੋਣੀ ਸ਼ੁਰੂ ਹੋ ਗਈ ਤੇ ਪ੍ਰੋਗਰਾਮ ਆਮ ਤੌਰ 'ਤੇ ਲੱਗਣ ਲੱਗ ਪਏ। ਪਾਰਸ ਆਪ ਵੀ ਖੁਸ਼ ਰਹਿੰਦਾ ਤੇ ਆਪਣੇ ਸਾਥੀਆਂ ਨੂੰ ਵੀ ਖੁਸ਼ ਰੱਖਦਾ।

**ਪ੍ਰੀਤਲੜੀ ਦਾ ਪ੍ਰਭਾਵ ਕਬੂਲਣਾ** :- ਜਿਵੇਂ ਕਿ ਪਹਿਲੋਂ ਵੀ ਜ਼ਿਕਰ ਆਇਆ ਹੈ ਕਿ ਕਰਨੈਲ ਸਿੰਘ ਪਾਰਸ ਨੂੰ ਪੜ੍ਹਨ ਦਾ ਬੜਾ ਸ਼ੌਂਕ ਸੀ ਤੇ ਜੋ ਵੀ ਪੜ੍ਹਨ ਵਾਲੀ ਚੀਜ਼ ਉਹਦੇ ਹੱਥ ਲੱਗਦੀ, ਉਹ ਪੜ੍ਹਦਾ ਸੀ।

ਪਾਰਸ ਨੇ 'ਪ੍ਰੀਤਲੜੀ' ਰਸਾਲਾ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ ਤੇ ਗੁਰਬਖਸ਼ ਸਿੰਘ ਦੀਆਂ ਲਿਖਤਾਂ ਨੇ ਉਸਦੇ ਮਨ ਵਿੱਚ 'ਪ੍ਰੀਤ ਭਾਵਨਾ' ਉਪਜਾਈ। ਇਉਂ ਉਸਦਾ ਇਹ ਪੱਕਾ ਪਾਠਕ ਬਣ ਗਿਆ। ਉਹ ਜਿੱਥੇ ਵੀ ਜਾਂਦਾ 'ਪ੍ਰੀਤਲੜੀ' ਰਸਾਲਾ ਉਹਦੇ ਝੋਲ਼ੇ ਵਿੱਚ ਹੀ ਹੁੰਦਾ। ਉਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਨੂੰ 'ਪ੍ਰੀਤਲੜੀ' ਪੜ੍ਹਨ



'ਤੇ ਰੋਕ ਲਗਾ ਦਿੱਤੀ ਕਿ ਕੋਈ ਵੀ ਸਿੱਖ 'ਪ੍ਰੀਤਲੜੀ' ਨਾ ਪੜ੍ਹੇ! ਪਰ ਫਿਰ ਵੀ 'ਪ੍ਰੀਤਲੜੀ' ਦੇ ਜੋ ਪਾਠਕ-ਪਿਆਰੇ ਉਸਨੂੰ ਚੋਰੀਓਂ ਪੜ੍ਹਦੇ ਹੀ ਸਨ ਤੇ ਪਾਰਸ ਉਨ੍ਹਾਂ 'ਚੋਂ ਇੱਕ ਸੀ।

ਪ੍ਰੀਤਲੜੀ ਨੂੰ ਕਮਿਊਨਿਸਟਾਂ ਦਾ ਅਤੇ ਨਾਸਤਕ ਵਿਚਾਰਧਾਰਾ ਦਾ ਪੱਤਰ ਹੋਣ ਕਰਕੇ ਸਿੱਖਾਂ ਨੂੰ ਇਸਦੇ ਵਿਰੁੱਧ ਕੀਤਾ ਜਾ ਰਿਹਾ ਸੀ।

ਬਰਨਾਲਾ ਨੇੜੇ ਪਿੰਡ ਕਲਾਲ ਮਾਜਰਾ ਦੇ ਗੁਰਦੁਵਾਰੇ 'ਚ ਰਾਤ ਨੂੰ ਦੀਵਾਨ ਸੀ ਤੇ ਪਾਰਸ ਨੂੰ ਵੀ ਉੱਥੇ ਸੱਦਿਆ ਗਿਆ ਸੀ। ਪਾਰਸ ਆਪਣੇ ਨਾਲ ਝੋਲ਼ੇ 'ਚ ਪ੍ਰੀਤਲੜੀ ਪਾ ਕੇ ਤੁਰ ਗਿਆ ਸੀ। ਗੁਰਦਵਾਰੇ 'ਚ ਹੀ, ਜ਼ਰਾ ਕੁ ਪਰ੍ਹੇ ਜਿਹੇ ਨੂੰ ਹੋ ਕੇ, ਲਾਲਟੈਨ ਦੇ ਚਾਨਣੇ, ਉਹ 'ਪ੍ਰੀਤਲੜੀ' ਖੋਹਲ ਕੇ ਫਰੋਲਣ ਲੱਗ ਪਿਆ...... ਕਿਸੇ ਜਥੇਦਾਰ ਨੇ ਵੇਖ ਲਿਆ ਤੇ ਜਾ ਕੇ ਹੋਰਨਾਂ ਜਥੇਦਾਰਾਂ ਨੂੰ ਦੱਸ ਦਿੱਤਾ।

ਜਥੇਦਾਰਾਂ ਨੇ ਪਾਰਸ ਨੂੰ ਘੇਰਾ ਪਾ ਲਿਆ। ਵਾਹਵਾ ਲੋਕਾਂ ਦਾ 'ਕੱਠ ਹੋ ਗਿਆ ਕੋਈ ਕਹੇ, "ਤੂੰ ਗੁਰਦਵਾਰੇ 'ਚ 'ਪ੍ਰੀਤਲੜੀ' ਲੈ ਕੇ ਵੜਿਆ ਕਿਉਂ ਓਏ ਨਾਸਤਕਾ ?"

ਕੋਈ ਬੋਲੇ, "ਏਹਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਓ ਬਈ...... ਪਤਾ ਲੱਗ ਜੇ 'ਪ੍ਰੀਤਲੜੀ' ਕਿਵੇਂ ਪੜ੍ਹ ਹੁੰਦੀ ਐ...... ਆ ਗਿਐ ਮੂੰਹ ਚੱਕ ਕੇ ਗੁਰਦੁਆਰੇ 'ਚ...... ਵੱਡਾ ਕਵੀਸ਼ਰ......।"

ਇੱਕ ਨਿਹੰਗ ਸਿੰਘ ਨੇ ਆਖਿਆ, "ਐਸ ਤਰ੍ਹਾਂ ਕਰੋ ਸਿੰਘੋ...... ਏਹਦਾ ਪਹਿਲਾਂ ਮੂੰਹ ਕਾਲ਼ਾ ਕਰੋ...... ਫੇ...... ਏਹਨੂੰ ਮੂੰਹ ਕਾਲ਼ਾ ਕਰਕੇ...... ਖੋਤੇ 'ਤੇ ਚਾੜ੍ਹੋ ਤੇ ਸਾਰੇ ਪਿੰਡ 'ਚ ਗੇੜਾ ਦਿਓ......। ਵੱਡਾ ਨਾਢੂ ਖਾਂ......।"

ਭੀੜ 'ਚੋਂ ਕੋਈ ਹੋਰ ਬੋਲਿਆ, "ਓ ਮੇਰੀ ਗੱਲ ਸੁਣੋ ਬਈ! ਏਹਦੇ ਕਮੀਨੇ ਦੇ ਗਲ਼ 'ਚ ਛਿੱਤਰਾਂ ਦੇ ਹਾਰ ਪਾਓ...... ਕਿੱਥੋਂ ਆ ਗਿਐ ਪ੍ਰੀਤਲੜੀਆਂ ਦਾ ਉਪਾਸ਼ਕ ਜੁੱਤੀਆਂ ਨਾਲ ਪ੍ਰੀਤਾਂ ਪਾਓ ਏਹਦੀਆਂ।"

ਪਾਰਸ ਘਿਰਿਆ ਖਲੋਤਾ ਹੈਰਾਨ ਪ੍ਰੇਸ਼ਾਨ ਸੀ। ਜਿੰਨੇ ਮੂੰਹ ਓਨੀਆਂ ਹੀ ਗੱਲਾਂ ਸਨ। ਲੋਕੀਂ ਭਾਂਤ-ਭਾਂਤ ਬੋਲ ਰਹੇ ਸਨ। ਉਹ ਗੂੰਗਾ ਬਣਿਆ ਖੜ੍ਹਾ, ਕੁਝ ਵੀ ਨਹੀਂ ਸੀ ਬੋਲ ਰਿਹਾ। ਕਿਸੇ ਸਿਆਣੇ ਬਜ਼ੁਰਗ ਨੇ ਸਲਾਹ ਦਿੱਤੀ, "ਬਈ ਪਿਆਰਿਓ! ਜਾਣ ਦਿਓ...... ਜੋ ਹੋ ਗਿਆ ਸੋ ਹੋ ਗਿਆ, ਅਗਾਹਾਂ ਤੋਂ ਨਾ ਸੱਦਿਓ! ਹੁਣ ਕੁਛ ਨਾ ਕਹੋ, ਕਵੀਸ਼ਰ ਐ ਫਿਰ ਵੀ...... ਜਾਹ ਬਈ ਪਾਰਸਾ ਚਲਿਆ ਜਾਹ......।"

ਰੌਲਾ-ਰੱਪਾ ਤੇ ਖੱਪ ਪੈਂਦੀ 'ਚ ਪਾਰਸ ਉੱਥੋਂ ਆਪਣੇ ਸਾਥੀਆਂ ਸਮੇਤ ਬੜੀ ਮੁਸ਼ਕਲ ਨਾਲ ਨਿੱਕਲਿਆ। ਫਿਰ ਉਹਨਾਂ ਦੇ ਜੱਥੇ ਨੇ ਧਾਰਮਿਕ ਦੀਵਾਨਾਂ ਤੇ ਜਾਣੋਂ ਕੰਨੀਂ ਕਤਰਾਉਣੀ ਸ਼ੁਰੂ ਕਰ ਦਿੱਤੀ, ਪਰ ਫਿਰ ਵੀ ਲੋਕ ਮੱਲੋ-ਮੱਲੀ ਲੈ ਹੀ ਜਾਂਦੇ...... ਤੇ ਇਹ ਚਲੇ ਜਾਂਦੇ ਸਨ।

'ਪ੍ਰੀਤਲੜੀ' ਪੜ੍ਹਨਾ ਪਾਰਸ ਭਲਾ ਕਿਵੇਂ ਛੱਡ ਸਕਦਾ ਸੀ ਤੇ ਉਹ ਪੜ੍ਹਦਾ ਰਿਹਾ। ਗੁਰਬਖਸ਼ ਸਿੰਘ ਦੀਆਂ ਲਿਖਤਾਂ ਨੇ ਉਸਦੇ ਮਨ 'ਤੇ ਡੂੰਘਾ ਅਸਰ ਕੀਤਾ ਤੇ ਉਸ ਵਿੱਚ ਹੋਰ ਨਵੀਂ ਚੇਤੰਨਤਾ ਵੀ ਪੈਦਾ ਹੋਈ ਅਤੇ ਉਸਦੀ ਸੋਚ ਵਿਗਿਆਨਕ ਹੁੰਦੀ ਚਲੀ ਗਈ।

ਨਾਨਕ ਸਿੰਘ ਦੇ ਨਾਵਲਾਂ ਨੇ ਉਸ ਦੇ ਦਿਮਾਗ ਵਿੱਚੋਂ ਜਾਤ-ਪਾਤ ਦਾ ਭਰਮ ਕੱਢਿਆ ਤੇ ਉਸਦੇ ਮਨ ਵਿੱਚ 'ਸਭ ਏਕ' ਵਾਲੀ ਭਾਵਨਾ ਭਰ ਗਈ।

'ਕਾਮਰੇਡੀ ਸੁਰ' ਹੋਣ ਕਰਕੇ ਉਸ ਕੋਲ ਕਈ ਸਾਰੇ ਨਾਮਵਰ ਕਾਮਰੇਡ ਆਉਂਦੇ-ਜਾਂਦੇ ਰਹਿੰਦੇ ਸਨ ਤੇ ਉਹ ਉਹਨਾਂ ਨਾਲ ਵੀ ਏਧਰ-ਉਧਰ ਤੁਰਿਆ ਫਿਰਦਾ ਰਹਿੰਦਾ ਸੀ।

ਪਾਰਸ ਬਿਨ੍ਹਾਂ ਪੈਸੇ ਲਏ ਕਾਮਰੇਡਾਂ ਦੀਆਂ ਤੇ ਕਾਂਗਰਸ ਦੀਆਂ ਸਟੇਜਾਂ 'ਤੇ ਜਾਣ ਲੱਗਿਆ ਤੇ ਇਉਂ ਉਸਦੀ ਕਾਂਗਰਸ 'ਤੇ ਕਮਿਊਨਿਸਟ ਨੇਤਾਵਾਂ ਵਿੱਚ ਵੀ ਜਾਣ-ਪਛਾਣ ਵਧਣ ਲੱਗੀ। ਵਿੱਚੇ-ਵਿੱਚ ਅਕਾਲੀਆਂ ਦੀਆਂ ਸਟੇਜਾਂ 'ਤੇ ਵੀ ਚਲਿਆ ਜਾਂਦਾ।

ਪਾਰਸ ਅੰਦਰ ਨਿੱਤ ਨਵੇਂ ਭਾਂਬੜ ਬਲਦੇ ਰਹਿੰਦੇ ਤੇ ਉਹ ਕੁਝ ਨਾ ਕੁਝ ਸਿੱਖਣ ਦਾ ਚਾਹਵਾਨ ਬਣਿਆ ਰਹਿੰਦਾ, ਖ਼ਾਸ ਕਰਕੇ ਆਮ ਲੋਕਾਂ ਤੋਂ ਉਹ ਬੜਾ ਕੁਝ ਗ੍ਰਹਿਣ ਕਰਦਾ ਸੀ। ਇੱਕ ਵਾਰੀ ਕਿਸੇ ਦੀਵਾਨ ਵਿੱਚ ਪਾਰਸ ਲੈਕਚਰ ਕਰ ਰਿਹਾ ਸੀ ਤੇ 'ਸ਼ਖ਼ਸ' ਨੂੰ 'ਸਕਸ' ਕਹਿ ਬੈਠਿਆ ਤੇ 'ਗ਼ਜ਼ਬ' ਨੂੰ 'ਗਜਬ'! ਦੀਵਾਨ ਦੀ ਸਮਾਪਤੀ ਤੋਂ ਮਗਰੋਂ ਇੱਕ ਸਿਆਣੀ ਜਿਹੀ ਉਮਰ ਦਾ ਆਦਮੀ ਉਸਦੇ ਕੋਲ ਆਇਆ ਤੇ ਉਸਦੇ ਮੋਢੇ 'ਤੇ ਹੱਥ ਧਰਕੇ ਬੋਲਿਆ, "ਗੱਲ ਸੁਣੋ ਪਾਰਸ ਜੀ, ਜੇ 'ਸ਼ਖ਼ਸ' ਨਹੀਂ ਬੋਲਣਾ ਆਉਂਦਾ...... ਤਾਂ 'ਆਦਮੀ' ਆਖ ਦਿਆ ਕਰ। ਤੇ ਇਉਂ ਈ ਜੇ 'ਗ਼ਜ਼ਬ' ਨਹੀਂ ਬੋਲਣਾ ਆਉਂਦਾ ਤਾਂ 'ਲੋਹੜਾ' ਆਖ ਦਿਆ ਕਰ! ਪਰ ਗ਼ਲਤ ਸ਼ਬਦ ਨਹੀਂ ਉਚਾਰਨੇ ਚਾਹੀਦੇ ਤੈਨੂੰ।"

ਉਸ ਆਦਮੀ ਕੋਲੋਂ ਇਹ ਗੱਲ ਸੁਣ ਕੇ ਕਰਨੈਲ ਸਿੰਘ ਪਾਰਸ ਨੂੰ ਬੜੀ ਸ਼ਰਮ ਆਈ। ਉਸ ਆਦਮੀ ਨੇ ਪਾਰਸ ਨੂੰ ਅੱਗੇ ਫਿਰ ਇਹ ਵੀ ਕਿਹਾ, "ਤੂੰ ਇਉਂ ਕਰ, ਉਰਦੂ ਵੱਧ ਤੋਂ ਵੱਧ ਸਿੱਖ! ਜਿੰਨਾ ਤੈਨੂੰ ਉਰਦੂ ਆਊਗਾ...... ਉਤਨਾ ਈ ਤੇਰਾ ਉਚਾਰਨ ਠੀਕ ਹੋਊਗਾ...... ਸੋ ਉਰਦੂ ਦੀ ਤਾਲੀਮ ਲੈਣੀ ਜ਼ਰੂਰੀ ਐ।"

ਦੂਜੇ ਦਿਨ ਹੀ ਮੋਗਿਓਂ ਉਸ ਨੇ ਉਰਦੂ-ਪੰਜਾਬੀ ਦਾ ਕਾਇਦਾ ਲੈ ਆਂਦਾ ਤੇ ਵਿਹਲੇ ਵੇਲੇ ਆਪਣੇ ਆਪ ਈ ਅਠਾਰਾਂ-ਅਠਾਰਾਂ ਘੰਟੇ ਬੈਠਾ 'ਅਲਫ਼-ਬੇ' ਸਿੱਖਣ ਲੱਗ ਪਿਆ ਤੇ ਉਹਨਾਂ ਦਾ ਜੋੜ ਸਿੱਖ ਗਿਆ। ਫੇਰ ਉਹ ਮੋਗਿਓਂ 'ਮਿਲਾਪ' ਅਤੇ 'ਪ੍ਰਤਾਪ' ਅਖ਼ਬਾਰ ਮੰਗਵਾ ਕੇ ਪੜ੍ਹਨ ਲੱਗ ਪਿਆ। ਅਖ਼ਬਾਰਾਂ ਅਤੇ ਉਹਨਾਂ ਦੀਆਂ ਸੰਪਾਦਕੀਆਂ ਪੜ੍ਹਨੀਆਂ ਪਾਰਸ ਲਈ ਇੱਕ ਵਧੀਆ ਖ਼ੁਰਾਕ ਵਾਂਗ ਸਾਬਤ ਹੋਈਆਂ। ਉਹ ਸਾਹਿਤ ਪੜ੍ਹ-ਪੜ੍ਹ ਕੇ ਹੋਰ-ਹੋਰ ਗਿਆਨਵਾਨ ਹੁੰਦਾ ਗਿਆ। ਤੇ ਉਹਦੇ ਭਾਸ਼ਣ ਵੇਲੇ ਏਧਰੋਂ-ਉਧਰੋਂ ਪੜ੍ਹਿਆ ਹੋਇਆ ਮਸਾਲਾ ਵੀ ਕੰਮ ਆਉਣ ਲੱਗਿਆ।

**ਪਾਰਸ ਦੇ ਜੱਥੇ ਦੀ ਫੀਸ** :- ਜਦੋਂ ਉਹਨਾਂ ਨੇ ਪ੍ਰੋਗਰਾਮਾਂ 'ਤੇ ਜਾਣਾ ਸ਼ੁਰੂ ਕੀਤਾ ਤਾਂ ਪਹਿਲੋਂ ਪਹਿਲ ਜੋ ਪੈਸੇ ਬਣ ਜਾਂਦੇ, ਉਹੀ ਆਪਸ ਵਿੱਚ ਵੰਡ ਲੈਂਦੇ ਸਨ, ਫੇਰ ਜਦੋਂ ਜੱਥੇ ਦੀ ਮਹਿਮਾਂ ਫੈਲਣ ਲੱਗ ਪਈ ਤਾਂ ਇੱਕ ਪ੍ਰੋਗਰਾਮ ਦੇ ਚਾਲ਼ੀ ਰੁਪੱਈਏ ਫੀਸ, ਅਤੇ ਇੱਕ ਬੋਤਲ ਸ਼ਰਾਬ ਦੀ ਕਰ ਦਿੱਤੀ। ਕਿਸੇ ਜ਼ਿਮੀਂਦਾਰ ਦੇ ਮੁੰਡੇ ਦੇ ਵਿਆਹ 'ਤੇ ਗਾਉਣ ਗਏ, ਉਸ ਜ਼ਿਮੀਂਦਾਰ ਨੇ ਇਹਨਾਂ ਨੂੰ ਚਾਲ਼ੀ ਰੁਪੱਈਏ ਦੇਣੇ ਸਨ। ਜਿਹੜੇ ਪੈਸੇ ਇਹਨਾਂ ਨੂੰ ਇਨਾਮ ਵਜੋਂ ਹੋਏ ਉਹ ਇੱਕ ਸੌ ਰੁਪੱਈਏ ਤੋਂ ਵੀ ਵੱਧ ਸਨ, ਉਹ ਉਸ ਜ਼ਿਮੀਂਦਾਰ ਨੇ ਰੱਖ ਲਏ ਤੇ ਇਹਨਾਂ ਨੂੰ ਇੱਕ ਬੋਤਲ ਸ਼ਰਾਬ ਪਿਲਾਈ ਗਈ ਸੀ, ਉਹਦੇ ਦੋ ਰੁਪੱਈਏ ਕੱਟ ਕੇ, ਅਠੱਤੀ ਇਹਨਾਂ ਨੂੰ ਦੇ ਦਿੱਤੇ। ਫਿਰ ਹੋਰ ਪ੍ਰਸਿੱਧੀ ਹੋਣ 'ਤੇ ਫੀਸ ਸੱਠ ਰੁਪਏ ਕਰ ਦਿੱਤੀ ਤੇ ਸ਼ਰਾਬ ਦੀਆਂ ਬੋਤਲਾਂ ਦੋ ਕਰ ਦਿੱਤੀਆਂ। ਤੇ ਫਿਰ ਜਿਉਂ-ਜਿਉਂ ਪ੍ਰੋਗਰਾਮ ਤੇ ਪ੍ਰਸਿੱਧੀ ਵਧੇਰੇ ਹੁੰਦੀ ਗਈ ਇਹਨਾਂ ਦੀ ਫੀਸ ਵੀ ਤਿਉਂ-ਤਿਉਂ ਵਧਦੀ ਗਈ।

**ਵਿਸ਼ੇਸ਼ ਗੱਲਾਂ** :- ਕਰਨੈਲ ਸਿੰਘ ਪਾਰਸ ਨੇ ਆਪਣੀ ਕਵੀਸ਼ਰੀ ਕਲਾ ਨੂੰ ਨਿਖਾਰਨ ਲਈ ਮਿਹਨਤ ਕਰਨੀ ਨਹੀਂ ਛੱਡੀ ਸੀ। ਰੇਡੀਓ ਵੀ ਉਸਦਾ ਪੱਕਾ ਸਾਥੀ ਬਣ ਗਿਆ, ਰੇਡੀਓ ਦੇ ਕਈ ਸਾਰੇ ਪ੍ਰੋਗਰਾਮਾਂ ਅਤੇ ਰੇਡੀਓ ਦੀ ਭਾਸ਼ਾ ਨੇ ਪਾਰਸ 'ਤੇ ਬਹੁਤ



ਅਸਰ ਕੀਤਾ। ਬਾਕੀ ਪੁਸਤਕਾਂ ਅਤੇ ਅਖ਼ਬਾਰਾਂ ਦਾ ਗਿਆਨ ਤਾਂ ਉਸ ਲਈ ਸਹਾਈ ਹੋ ਹੀ ਰਿਹਾ ਸੀ ਤੇ ਉਰਦੂ ਭਾਸ਼ਾ ਨੇ ਵੀ ਉਸ ਦੀ ਵਿਆਖਿਆ-ਕਾਰੀ ਵਿੱਚ ਕਾਫੀ ਸੁਹਜਤਾ ਭਰੀ। ਪ੍ਰੋਗਰਾਮ 'ਤੇ ਜਾਣ ਵੇਲੇ ਛੋਟਾ ਰੇਡੀਓ ਉਹ ਆਪਣੇ ਝੋਲ਼ੇ ਵਿੱਚ ਪਾ ਲੈਂਦਾ।

ਗ਼ਦਰੀ ਬਾਬਿਆਂ ਦੇ ਵਿਲੱਖਣ ਕਾਰਨਾਮੇ ਅਤੇ ਉਹਨਾਂ ਦੀਆਂ ਮਹਾਨ ਕਹਾਣੀਆਂ ਨੇ ਪਾਰਸ ਦੇ ਮਨ ਉੱਤੇ ਗਹਿਰਾ ਪ੍ਰਭਾਵ ਪਾਇਆ ਤੇ ਇਉਂ ਉਹਦਾ ਸੰਬੰਧ ਉੱਘੇ ਦੇਸ਼ ਭਗਤਾਂ ਬਾਬਾ ਜਵਾਲਾ ਸਿੰਘ, ਬਾਬਾ ਨਿਧਾਨ ਸਿੰਘ ਮਹੇਸ਼ਰੀ, ਬਾਬਾ ਰੂੜ ਸਿੰਘ ਚੂਹੜ ਚੱਕ, ਨਿਧਾਨ ਸਿੰਘ ਚੁੱਘਾ, ਬਾਬਾ ਦੇਵਾ ਸਿੰਘ ਮਾਹਲਾ ਨਾਲ ਜੁੜ ਗਿਆ। ਬਾਬਾ ਸੋਹਣ ਸਿੰਘ ਭਕਨਾ ਦੀ ਕਰਨੀ ਤੋਂ ਉਹ ਬੜਾ ਪ੍ਰਭਾਵਤ ਸੀ। ਤੇ ਬਾਬਾ ਭਕਨਾ ਨੇ ਉਸਨੂੰ ਥਾਪੜਾ ਵੀ ਦਿੱਤਾ ਸੀ। ਉਸਦੇ ਘਰ ਵਿੱਚ ਉੱਘੇ-ਉੱਘੇ ਕਾਮਰੇਡਾਂ ਦੀਆਂ ਚੋਰੀ-ਛੁਪੇ ਮੀਟਿੰਗਾਂ ਵੀ ਹੋਣ ਲੱਗੀਆਂ।

1942 ਵਿੱਚ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਪ੍ਰਧਾਨਗੀ ਹੇਠ ਮੋਗੇ ਕਾਮਰੇਡਾਂ ਦੀ ਵੱਡੀ ਕਾਨਫਰੰਸ ਹੋਈ। ਕਰਨੈਲ ਸਿੰਘ ਪਾਰਸ ਅਤੇ ਉਸਦੇ ਸਾਥੀਆਂ ਨੇ ਚੌਦਾਂ ਸੌ ਮਣ ਪੱਕੀ ਮੱਕੀ ਇਕੱਠੀ ਕਰ ਕੇ ਦਿੱਤੀ ਤੇ ਕਾਨਫਰੰਸ ਵਿੱਚ ਜੁੜੇ ਹਜ਼ਾਰਾਂ ਲੋਕਾਂ ਦਾ ਉੱਥੇ ਆਪਣੀ ਕਵੀਸ਼ਰੀ ਨਾਲ ਮਨੋਰੰਜਨ ਵੀ ਕੀਤਾ। ਇਸ ਮੌਕੇ ਉੱਥੇ ਪੀ.ਸੀ. ਜੋਸ਼ੀ ਵੀ ਆਇਆ ਹੋਇਆ ਸੀ ਤੇ ਪਾਰਸ ਦੇ ਜੱਥੇ ਨੇ ਆਪਣੀ ਨਵੀਂ ਰਚੀ ਕਵੀਸ਼ਰੀ 'ਜੱਟ ਦੀ ਬੰਦਨਾ' ਪੇਸ਼ ਕੀਤੀ, ਜੋ ਬੜੀ ਸਲਾਹੀ ਗਈ, ਕਾਮਰੇਡ ਸੁਰਜੀਤ ਵੀ ਇਸ 'ਤੇ ਬੜਾ ਖ਼ੁਸ਼ ਹੋਇਆ ਤੇ ਉਸ ਦਿਨ ਤੋਂ ਪਾਰਸ ਦਾ ਉਹ ਪੱਕਾ ਬੇਲੀ ਬਣ ਗਿਆ।
'ਜੱਟ ਦੀ ਬੰਦਨਾ' ਕਵੀਸ਼ਰੀ ਦਾ ਨਮੂਨਾ ਇਸ ਪ੍ਰਕਾਰ ਹੈ :-

ਤੈਨੂੰ ਹੈ ਹੁਕਮ, ਦੇਹ ਦਸੌਂਧ ਵਿਹਲਿਆਂ ਨੂੰ
ਬੈਠਕੇ ਮਨਾਉਂਦੇ ਜਿਹੜੇ ਮੌਜ ਮੇਲਿਆਂ ਨੂੰ
ਚਾਰਦੈਂ ਤੂੰ ਵੰਡ, ਤੇ ਦੁੱਧ ਚੁੰਘ ਗਿਆ ਕੱਟਾ
ਬੰਦਨਾ ਹੈ ਸਾਡੀ ਤੈਨੂੰ ਯਮਲੇ ਜੱਟਾ.........।

ਆਮ ਲੋਕੀਂ ਤਾਂ ਰੱਬ ਦੀ ਬੰਦਨਾ ਕਰਦੇ ਹਨ ਪਰ ਪਾਰਸ ਨੇ ਆਪਣੀ ਕਵੀਸ਼ਰੀ 'ਚ ਜੱਟ ਦੀ ਬੰਦਨਾ ਕੀਤੀ ਸੀ, ਜਿਹੜਾ ਜੱਟ ਅੰਨ ਪੈਦਾ ਕਰਕੇ ਸਭਨਾਂ ਦਾ ਢਿੱਡ ਭਰਦਾ ਹੈ, ਇਸ ਗੱਲੋਂ ਸਾਰੇ ਕਾਮਰੇਡ ਤੇ ਹੋਰ ਲੋਕ ਬੜੇ ਖ਼ੁਸ਼ ਹੋਏ ਤੇ ਪਾਰਸ ਦੀ ਵਡਿਆਈ ਹੋਈ। ਉਹ ਕਾਮਰੇਡਾਂ ਵਿੱਚ ਖ਼ਾਸ ਕਰਕੇ ਸਲਾਹਿਆ-ਸਤਿਕਾਰਿਆ ਜਾਣ ਲੱਗ ਪਿਆ।

ਉਸ ਸਮੇਂ ਮੀਡੀਆ ਅੱਜ ਵਾਂਗ ਵਿਸ਼ਾਲ ਨਹੀਂ ਸੀ ਤੇ ਹੁਣ ਦੀ ਤਰ੍ਹਾਂ ਪ੍ਰਸਿੱਧੀ ਪ੍ਰਾਪਤ ਕਰ ਲੈਣੀ ਵੀ ਸੰਭਵ ਨਹੀਂ ਸੀ। ਪਰ ਫਿਰ ਵੀ ਕਰਨੈਲ ਸਿੰਘ ਪਾਰਸ ਨੇ ਆਪਣਾ ਨਾਂ ਕਾਫੀ ਚਮਕਾ ਲਿਆ ਤੇ ਆਜ਼ਾਦੀ ਦੀ ਲਹਿਰ ਵਿੱਚ ਵੀ ਉਸਨੇ ਦੇਸ਼ ਭਗਤੀ ਦੀਆਂ ਰਚਨਾਵਾਂ, ਭਾਸ਼ਣ ਆਦਿ ਰਚਕੇ, ਥਾਂ-ਪੁਰ-ਥਾਂ ਕਾਨਫਰੰਸਾਂ ਸਭਾਵਾਂ ਤੇ ਸਮਾਗਮਾਂ ਵਿੱਚ ਪੇਸ਼ ਕੀਤੇ ਅਤੇ ਆਪਣੇ ਵੱਲੋਂ ਬਣਦਾ ਸਰਦਾ ਯੋਗਦਾਨ ਆਜ਼ਾਦੀ ਦੀ ਲਹਿਰ ਵਿੱਚ ਵੀ ਪਾਇਆ।

**ਰੇਡੀਓ ਤੋਂ ਗਾਉਣਾ** :- 1952-53 ਤੱਕ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਆਪਣੀ ਸਥਾਪਤੀ ਦੀ ਸਿਖ਼ਰ ਵੱਲ ਪੂਰੀ ਤਰ੍ਹਾਂ ਵਧਣਾ ਸ਼ੁਰੂ ਹੋ ਗਿਆ ਅਤੇ ਉਸ ਵੱਲੋਂ ਨਿੱਤ ਦਿਨ ਰਚਕੇ ਗਾਈਆਂ ਜਾਂਦੀਆਂ ਨਵੀਆਂ-ਨਵੀਆਂ ਕਵੀਸ਼ਰੀਆਂ, ਨਵੇਂ-ਨਵੇਂ

ਥਾਂਵਾਂ 'ਤੇ, ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣਨ ਲੱਗੀਆਂ। ਇਸ ਸਮੇਂ ਦੌਰਾਨ ਹੀ ਸਪੀਕਰ ਵੀ ਆ ਗਿਆ ਸੀ ਤੇ ਪਾਰਸ ਹੋਰੀਂ ਸਪੀਕਰ ਰਾਹੀਂ ਗਾਉਣ ਸੁਣਾਉਣ ਲੱਗ ਪਏ! ਕਰਨੈਲ ਸਿੰਘ ਪਾਰਸ ਖੱਬੇ ਪੱਖੀਆਂ ਨਾਲ ਖੜ੍ਹਾ ਸੀ ਤੇ ਉਸ ਸਮੇਂ ਦੇ ਮੁੱਖ-ਮੰਤਰੀ ਸ੍. ਪ੍ਰਤਾਪ ਸਿੰਘ ਕੈਰੋਂ ਵਿਰੁੱਧ ਇਹਨਾਂ ਨੇ ਪੂਰਾ ਜਹਾਦ ਛੇੜ ਰੱਖਿਆ ਸੀ। ਥਾਂ-ਥਾਂ 'ਤੇ ਕੈਰੋਂ ਦੇ ਵਿਰੁੱਧ ਬੋਲਦੇ ਫਿਰਦੇ ਸਨ।

ਕੈਰੋਂ ਨੇ ਢਾਡੀਆਂ, ਕਵੀਸ਼ਰਾਂ, ਲਿਖਾਰੀਆਂ ਤੇ ਹੋਰ ਬੁੱਧੀਜੀਵੀਆਂ ਨੂੰ ਆਪਣੇ ਨਾਲ ਗੰਢਣ ਲਈ ਉਨ੍ਹਾਂ ਦੇ ਪਿੱਛੇ ਆਪਣੇ ਖ਼ਾਸ ਬੰਦੇ ਅਤੇ ਉਹਨਾਂ ਦਾ ਪਿੱਛਾ ਕਰਨ ਲਈ ਕੁਝ ਖੁਫ਼ੀਏ ਵੀ ਲਾਏ ਹੋਏ ਸਨ। ਕੈਰੋਂ ਦੀ ਇਹ ਮੱਤ ਸੀ ਕਿ ਜਿੰਨਾ ਵੀ ਹੋ ਸਕਦਾ ਹੈ ਬੁੱਧੀਮਾਨ ਲੋਕ ਖਰੀਦੇ ਜਾਣ ਤੇ ਉਹਨਾਂ ਤੋਂ ਆਪਣੇ ਹੱਕ ਵਿੱਚ ਪ੍ਰਚਾਰ ਕਰਵਾਇਆ ਜਾਵੇ।

ਇਉਂ ਹੀ ਤੁਰਦੇ ਫਿਰਦੇ ਕੁਝ ਬੰਦੇ ਪਾਰਸ ਨੂੰ ਆਣ ਟੱਕਰੇ! ਤੇ ਉਹਨੂੰ ਪ੍ਰੇਰਨਾ ਦੇ ਕੇ ਕੈਰੋਂ ਕੋਲ ਲੈ ਗਏ, ਕੈਰੋਂ ਨੇ ਪਾਰਸ ਨੂੰ ਆਪਣੇ ਸਾਹਮਣੇ ਬਿਠਾ ਕੇ ਆਖਿਆ :-

"ਕਰਨੈਲ ਸਿੰਆਂ, ਬੋਲ ਤੈਨੂੰ ਕੀ ਚਾਹੀਦੈ...... ਮੰਗ ਮੈਥੋਂ, ਪਰ ਮੇਰਾ ਪੁੱਠਾ ਪ੍ਰਚਾਰ ਨਾ ਕਰਿਆ ਕਰ।" ਇਸ ਮੌਕੇ ਦਰਬਾਰਾ ਸਿੰਘ ਵੀ ਕੋਲ ਬੈਠਾ ਹੋਇਆ ਸੀ, ਪਾਰਸ ਨਾਲ ਦਰਬਾਰਾ ਸਿੰਘ ਦੀ ਵੀ ਚੰਗੀ ਦੋਸਤੀ ਪੈ ਗਈ ਹੋਈ ਸੀ।

ਪਾਰਸ ਨੇ ਸਾਫ਼ ਚਿੱਟਾ ਜਵਾਬ ਦਿੰਦਿਆਂ ਕਿਹਾ, "ਕੈਰੋਂ ਜੀ, ਮੈਨੂੰ ਕਿਸੇ ਚੀਜ਼ ਦੀ ਕੋਈ ਘਾਟ ਨਹੀਂ। ਖਾਣ ਜੋਗੇ ਦਾਣੇ ਬਥੇਰੇ ਆ ਜਾਂਦੇ ਐ, ਪੈਲ਼ੀ ਪੱਠਾ ਹੈਗਾ।"

ਪਾਰਸ ਦੀ ਇਹ ਗੱਲ ਸੁਣ ਕੇ ਕੈਰੋਂ ਨੇ ਤਲਖ਼ੀ 'ਚ ਆ ਕੇ ਆਖਿਆ :

"ਮੇਰੀ ਗੱਲ ਸੁਣ...... ਫੇ ਤੂੰ ਮੇਰੇ ਖਿਲਾਫ਼ ਦੀਵਾਨਾਂ ਵਿੱਚ, ਥਾਂ-ਥਾਂ ਜਾ ਕੇ ਟਪਕਦਾ ਐਂ...... ਗ਼ਲਤ ਬੋਲਦਾ ਫਿਰਦੈਂ...... ਮੈਂ ਜੱਟ ਆਂ ਤੇ ਤੂੰ ਵੀ ਜੱਟ ਐਂ...... ਤੇ ਮੈਨੂੰ ਮੁੱਖ ਮੰਤਰੀ ਬਣਿਆ ਵੇਖ ਕੇ ਜਰਿਆ ਨਹੀਂ ਜਾਂਦਾ ਤੈਥੋਂ ? ਕੀ ਗੱਲ ? ਮੇਰੀ ਥਾਵੇਂ ਕੋਈ ਬਾਣੀਆਂ ਮੁੱਖ ਮੰਤਰੀ ਬਣਾਉਣਾ ਐਂ ?"

ਇਹ ਸੁਣਕੇ ਪਾਰਸ ਨੇ ਚੁੱਪੀ ਵੱਟ ਲਈ ਤੇ ਥੋੜ੍ਹੇ ਚਿਰ ਬਾਅਦ ਕੈਰੋਂ ਨੂੰ ਉਸਨੇ ਆਖਿਆ :

"ਮੈਂ ਪੈਸਾ-ਧੇਲਾ ਕੋਈ ਨਹੀਂ ਲੈਣਾ, ਪਰ ਮੈਂ ਅੱਗੇ ਤੋਂ ਹਿਸਾਬ ਸਿਰ ਰਹਿ ਕੇ ਚੱਲੂੰਗਾ।"

ਕੈਰੋਂ ਪ੍ਰਸੰਨ ਹੋ ਗਿਆ ਤੇ ਉਸ ਨੇ ਪਾਰਸ ਨੂੰ ਹੱਸਦਿਆਂ-ਹੱਸਦਿਆਂ ਆਖਿਆ, "ਚੰਗਾ ਫੇਰ ਪਾਰਸ, ਪੰਜਾਬ ਦੀ ਖੁਸ਼ਹਾਲੀ ਬਾਰੇ ਕੋਈ ਕਵੀਸ਼ਰੀ ਲਿਖ ਕੇ ਰੇਡੀਓ 'ਤੇ ਗਾ।"

ਪਾਰਸ ਨੇ ਆਖਿਆ, "ਲਓ...... ਮੈਂ ਹੁਣੇ ਲਿਖ ਦਿੰਨਾਂ...... ਰੇਡੀਓ 'ਤੇ ਭੇਜੋ ਤਾਂ ਸਹੀ।"

ਕੁਝ ਦਿਨਾਂ ਬਾਅਦ ਪਾਰਸ ਨੇ ਤਿੰਨ ਕਵਿਤਾਵਾਂ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਬਾਰੇ ਲਿਖੀਆਂ, ਜਿੰਨ੍ਹਾਂ 'ਚੋਂ ਕੁਝ-ਕੁਝ ਨਮੂਨਾ ਇਸ ਤਰ੍ਹਾਂ ਹੈ :

✲ ਜਾਂਦੀ ਬਦਲੀ ਬਹਿਸ਼ਤ ਨੁਹਾਰ ਪਿੰਡਾਂ ਦੀ......

✲ ਦਿਨ ਦੂਣੀ ਤੇ ਰਾਤ ਚੌਗੁਣੀ
ਕਰ ਰਿਹੈ ਹਿੰਦ ਤਰੱਕੀ
ਚਤਰੰਜਣ ਵਿੱਚ ਇੰਜਣ ਰੇਲ ਦੇ



ਲਟ-ਲਟ ਹਨ ਨਿੱਤ ਬਲਦੇ......

ਪਤਨੀ ਆਪਣੀ ਪਤੀ ਨੂੰ ਕਹਿੰਦੀ ਹੈ :-

✲ ਢੁੱਡੀਕੇ ਵੇਖਿਐ, ਤੇ ਕਾਉਂਕੇ ਵੱਡੇ ਵੇ
ਲੋਹੇ ਦੇ ਜੰਗਲੇ ਜੇ, ਤਾਹਾਂ ਨੂੰ ਗੱਡੇ ਵੇ
ਕਹਿੰਦਾ, ਬਚਨੀਏ! ਤੂੜੀ ਆਲ਼ੇ ਅੰਦਰ
ਬੱਲਬ ਜਗਣਗੇ......

ਇਸ ਦੌਰਾਨ ਕੈਰੋਂ ਨੇ ਗੁਰਨਾਮ ਸਿੰਘ ਤੀਰ ਨੂੰ ਕਹਿ ਕੇ ਪਾਰਸ ਨੂੰ ਜਲੰਧਰ ਰੇਡੀਓ ਵੰਨੀਂ ਭੇਜ ਦਿੱਤਾ ਤੇ ਉੱਥੇ ਉਹਨਾਂ ਦਾ ਮੇਲ-ਜੋਲ ਚੰਗੇ-ਚੰਗੇ ਵਿਅਕਤੀਆਂ ਨਾਲ ਹੋਇਆ।

ਸੰਨ 1954 'ਚ ਕਰਨੈਲ ਸਿੰਘ ਪਾਰਸ ਦਾ ਜੱਥਾ ਆਕਾਸ਼ਵਾਣੀ ਕੇਂਦਰ ਜਲੰਧਰ ਦਾ ਪਹਿਲਾ, ਪ੍ਰਵਾਨਿਤ ਕਵੀਸ਼ਰ ਹੋ ਗਿਆ। ਇਹਨਾਂ ਦੀ ਆਵਾਜ਼ ਰੇਡੀਓ 'ਤੋਂ ਗੂੰਜਣ ਲੱਗੀ। ਇਉਂ ਪਿੰਡਾਂ ਵਿੱਚ ਦੂਰ-ਦੂਰ ਤੀਕ ਇਹਨਾਂ ਦੀ ਪ੍ਰਸਿੱਧੀ ਹੋਰ ਹੋ ਗਈ, ਪਿੰਡਾਂ ਦੇ ਲੋਕ ਆਪੋ-ਵਿੱਚ ਗੱਲਾਂ ਕਰਨ ਲੱਗੇ :-

"ਬਈ, ਪਾਰਸ ਰਾਮੂਵਾਲੀਏ ਦਾ ਜੱਥਾ ਹੁਣ ਰੇਡੀਓ ਤੋਂ ਵੀ ਬੋਲਦਾ ਐ।"

ਰੇਡੀਓ ਤੋਂ ਇਹਨਾਂ ਦੀ ਕਵੀਸ਼ਰੀ ਦੀ ਪੇਸ਼ਕਾਰੀ ਇਹਨਾਂ ਲਈ ਨਵੇਂ ਦਿਨ ਲੈ ਕੇ ਆਈ ਤੇ ਰੇਡੀਓ ਤੋਂ ਫੀਸ ਮਿਲਣ ਲੱਗੀ।

**ਪ੍ਰਸਿੱਧੀ ਵੱਲ ਵਧਣਾ :-** ਇਸੇ ਹੀ ਸਮੇਂ ਦੌਰਾਨ ਤੁਰਦੇ-ਫਿਰਦੇ ਇਹ ਐਚ.ਐਮ.ਵੀ ਕੰਪਨੀ ਵਾਲਿਆਂ ਦੇ ਸੰਪਰਕ ਵਿੱਚ ਆ ਗਏ। ਇਹਨਾਂ ਨੇ ਪਹਿਲਾ ਧਾਰਮਿਕ ਕਵੀਸ਼ਰੀ ਦਾ ਤਵਾ ਰਿਕਾਰਡ ਕਰਵਾਇਆ, ਜੋ ਰਿਕਾਰਡ ਹੋਣ ਸਾਰ ਈ ਘਰ-ਘਰ ਗੂੰਜਣ ਲੱਗ ਪਿਆ ਤੇ ਜਿਵੇਂ ਜਗਤ ਪ੍ਰਸਿੱਧ ਹੀ ਹੋ ਗਿਆ :

ਕਿਉਂ ਫੜੀ ਸਿਪਾਹੀਆਂ ਨੇ
ਭੈਣੋ ਇਹ ਹੰਸਾਂ ਦੀ ਜੋੜੀ......

ਇਸੇ ਤਵੇ ਦਾ ਦੂਜਾ ਪਾਸਾ ਸੀ :

ਹੈ ਆਉਣ ਜਾਣ ਬਣਿਆ
ਦੁਨੀਆ ਚਹੁੰ ਕੁ ਦਿਨਾਂ ਦਾ ਮੇਲਾ......

ਐਚ.ਐਮ.ਵੀ. ਕੰਪਨੀ ਵਾਲੇ ਇਹਨਾਂ ਦੀ ਕਵੀਸ਼ਰੀ ਦੀ ਪ੍ਰਸਿੱਧੀ ਤੋਂ ਖੁਸ਼ ਹੋ ਗਏ। ਇਹਨਾਂ ਨੂੰ ਉਸ ਜ਼ਮਾਨੇ 'ਚ ਪਹਿਲੀ ਵਾਰੀ ਚੌਦਾਂ ਸੌ ਰੁਪਏ ਰਾਇਲਟੀ ਵਜੋਂ ਮਿਲੇ। ਤੇ ਡੇਢ ਲੱਖ ਦੇ ਕਰੀਬ ਇਹਨਾਂ ਦੇ ਤਵੇ ਵਿਕ ਗਏ।

ਕਰਨੈਲ ਸਿੰਘ ਪਾਰਸ ਪਹਿਲਾ ਕਵੀਸ਼ਰ ਸੀ ਜਿਸਦਾ ਰਿਕਾਰਡ ਬਹੁ-ਗਿਣਤੀ 'ਚ ਵਿਕ ਰਿਹਾ ਸੀ। ਲੋਕਾਂ ਨੂੰ ਚਾਅ ਸੀ ਕਿਉਂਕਿ ਉਸ ਵੇਲੇ ਸਪੀਕਰ ਆਏ ਨੂੰ ਥੋੜ੍ਹਾ ਸਮਾਂ ਹੀ ਹੋਇਆ ਸੀ ਤੇ ਵਿਆਹਾਂ-ਸ਼ਾਦੀਆਂ ਤੇ ਬੁੱਢਿਆਂ-ਬੁੱਢੀਆਂ ਦੇ ਮਰਨਿਆਂ-ਪਰਨਿਆਂ 'ਤੇ ਵੀ ਸਪੀਕਰ ਵੱਜਣ ਲੱਗੇ।

ਉਸ ਸਮੇਂ ਤੂੰਬੀ ਦਾ ਬਾਦਸ਼ਾਹ ਉਸਤਾਦ ਲਾਲ ਚੰਦ ਯਮਲਾ ਜੱਟ ਆਪਣੀ ਤੂੰਬੀ ਅਤੇ ਮਧੁਰ ਆਵਾਜ਼ ਅਤੇ ਆਪਣੇ ਸ਼ਾਹਕਾਰ ਗੀਤਾਂ ਦੇ ਸਦਕਾ ਪੰਜਾਬੀਆਂ ਦੇ ਮਨਾਂ

’ਤੇ ਛਾਅ ਰਿਹਾ ਸੀ। ਪੰਜਾਬ ਭਰ ਵਿੱਚ ਲੱਗਦੇ ਪ੍ਰਸਿੱਧ ਮੇਲਿਆਂ ’ਤੇ ਪਾਰਸ ਰਾਮੂਵਾਲੀਏ ਦੇ ਜੱਥੇ ਦੀ ਸ਼ਮੂਲੀਅਤ ਲਾਜ਼ਮੀ ਹੋ ਗਈ ਤੇ ਇਹਨਾਂ ਨੂੰ ਹਰੇਕ ਥਾਂ ’ਤੇ ਉਚੇਚ ਨਾਲ ਸੱਦਿਆ ਜਾਣ ਲੱਗ ਪਿਆ।

ਪਿੰਡ ਚੱਕ ਭੱਟੀਆਂ ਦੇ ਰਾਮਦਾਸੀਏ ਇਹਨਾਂ ਨੂੰ ਮਰਨੇ ਦੇ ਪ੍ਰੋਗਰਾਮਾਂ ’ਤੇ ਇੱਕ-ਦੂਜੇ ਨਾਲ ਜ਼ਿਦ-ਜ਼ਿਦ ਕੇ ਸੱਦਣ ਲੱਗ ਪਏ, ਪਿੰਡਾਂ ਵਿੱਚ ਕਈ-ਕਈ ਦਿਨ ਪਹਿਲੋਂ ਗਦੌੜਾ ਫੇਰਿਆ ਜਾਂਦਾ।

**ਪਾਰਸ ਦੇ ਲਿਖੇ ਕਿੱਸਿਆਂ ਦੀ ਛਪਵਾਈ** :- ਇਸ ਦੌਰਾਨ ਕਰਨੈਲ ਸਿੰਘ ਪਾਰਸ ਨੇ ਕਈ ਕਿੱਸੇ ਵੀ ਲਿਖ ਦਿੱਤੇ, ਜਿੰਨ੍ਹਾਂ ਨੂੰ ਲੋਕ ਜਗਤ ਬੁੱਕ ਸ਼ਾਪ ਮੋਗਾ ਤੇ ਮੇਹਰ ਸਿੰਘ ਸੁਰਿੰਦਰ ਸਿੰਘ ਅੰਮ੍ਰਿਤਸਰ ਨੇ ਛਾਪਿਆ ਤੇ ਪਾਰਸ ਦੇ ਲਿਖੇ ਕਿੱਸੇ ਆਮ ਹੀ ਵਿਕਣ ਲੱਗੇ।

ਪਿੰਡਾਂ ਦੇ ਚਾਂਭਲੇ ਹੋਏ ਜੱਟ, ਚਾਈਂ-ਚਾਈਂ ਕਿੰਨੇ-ਕਿੰਨੇ ਦਿਨ ਪਹਿਲੋਂ ਹੀ ਇਹਨਾਂ ਨੂੰ ਸਾਈ ਫੜਾ ਜਾਂਦੇ ਤੇ ਫਿਰ ਸਮਾਂ ਇਹ ਆ ਗਿਆ ਕਿ ਲੋਕੀਂ ਵਿਆਹਾਂ ਦੇ ਦਿਨ ਵੀ ਇਹਨਾਂ ਨੂੰ ਪੁੱਛ-ਪੁੱਛ ਕੇ ਹੀ ਬੰਨ੍ਹਣ ਲੱਗ ਪਏ। ਪਿੰਡਾਂ ਵਿੱਚ ਕਈ-ਕਈ ਦਿਨ ਪਹਿਲੋਂ ਹੋਕੇ ਲੱਗ ਜਾਂਦੇ, “ਬਈ ਫਲਾਣੇ ਪਿੰਡ, ਫਲਾਣੇ ਦਿਨ ਰਾਮੂਵਾਲੀਏ ਕਰਨੈਲ ਕਵੀਸ਼ਰ ਦਾ ਜੱਥਾ ਗੌਣ ਆ ਰਿਹੈ ਭਾਈ।”

ਜੰਨਾਂ ਵਿੱਚ ਇਹਨਾਂ ਦੇ ਗੌਣਾਂ ਦੀ ਧੁੰਮ ਮੱਚ ਜਾਂਦੀ, ਜੰਨ ਮੰਜਿਆਂ ਉੱਤੇ ਬਹਿੰਦੀ, ਤੇ ਖੁੱਲ੍ਹੇ ਪਿੜ ਵਿੱਚ ਖੁੱਲ੍ਹੇ ਕਰਕੇ ਡੱਠੇ ਹੋਏ ਮੰਜਿਆਂ ਉੱਤੇ ਵਧੀਆ ਵਿਛਾਉਣੇ ਵਿਛਾਏ ਜਾਂਦੇ! ਮੇਲੀ-ਗੇਲੀ ਸ਼ਰਾਬਾਂ ਪੀਂਦੇ, ਗੌਣ ਸੁਣਦੇ ਝੂੰਮਣ ਲੱਗਦੇ......। ਨੋਟਾਂ ਦੀ ਵਰਖਾ ਕਰਦੇ।

ਵਿਆਹ ਵਾਲੇ ਘਰ, ਵਿਆਹ ਤੋਂ ਕਿੰਨੇ ਦਿਨ ਹੀ ਪਹਿਲਾਂ ਹੀ ਸਪੀਕਰ ਵਾਲਾ ਭਾਈ ਆ ਡੇਰਾ ਲਾਉਂਦਾ ਤੇ ਇਹਨਾਂ ਦੇ ਤਵੇ ਲਾਈ ਰੱਖਦਾ। ਤੇ ਲੋਕ ਭਾਈ ਸਪੀਕਰ ਵਾਲੇ ਨੂੰ ਖੁਸ਼ ਹੋ ਕੇ ਇਨਾਮ ਦਿੰਦੇ, ਭਾਈ ਬੋਲਦਾ, “ਓ ਬਈ, ਮੁੰਡੇ ਦਾ ਫੁੱਫੜ ਫੁੰਮਣ ਸਿਓਂ ਕਰਨੈਲ ਪਾਰਸ ਰਾਮੂਵਾਲੀਏ ਦੀ ਕਵੀਸ਼ਰੀ ਤੋਂ ਖੁਸ਼ ਹੋ ਕੇ ਇਨਾਮ ਦੇ ਰਿਹੈ......।”

ਤੇ ਫਿਰ ਲੋਕੀਂ ਸਪੀਕਰਾਂ ਵਾਲਿਆਂ ਨੂੰ ਵੀ ਇਹ ਪੁੱਛ ਕੇ ਸਾਈ ਫੜਾਉਣ ਲੱਗੇ ਕਿ, “ਤੇਰੇ ਕੋਲ ਕਰਨੈਲ ਪਾਰਸ ਦੇ ਰਿਕਾਰਡ ਵੱਧ ਤੋਂ ਵੱਧ ਹਨ ਜਾਂ ਨਹੀਂ ?” ਕਿਉਂਕਿ ਇਹਨਾਂ ਦਾ ਇੱਕ ਤਵਾ ਪ੍ਰਸਿੱਧ ਹੋ ਜਾਣ ਮਗਰੋਂ ਇਹਨਾਂ ਨੂੰ ਫਿਰ ਐਚ.ਐਮ.ਵੀ. ਕੰਪਨੀ ਰਿਕਾਰਡਿੰਗ ਲਈ ਲਗਾਤਾਰ ਸੱਦਣ ਲੱਗ ਪਈ ਸੀ। ਤੇ ਇਉਂ ਇਹਨਾਂ ਦੇ ਹੋਰ ਰਿਕਾਰਡ ਵੀ ਆ ਗਏ ਸਨ।

ਪਾਰਸ ਹੋਰੀਂ ਪਹਿਲੋ-ਪਹਿਲ ਤਾਂ ਲਾਗੇ-ਚਾਗੇ ਦੇ ਪਿੰਡਾਂ ਵਿੱਚ ਪ੍ਰੋਗਰਾਮਾਂ ’ਤੇ ਤੁਰਕੇ ਜਾਂਦੇ ਸਨ ਤੇ ਤੁਰਕੇ ਆਉਂਦੇ ਸਨ ਜਾਂ ਇੱਕ ਪ੍ਰੋਗਰਾਮ ਤੋਂ ਅਗਲੇ ਪ੍ਰੋਗਰਾਮ ਲਈ ਅੱਗੇ ਨੂੰ ਨਿੱਕਲ ਜਾਂਦੇ ਸਨ ਤੇ ਇਉਂ ਹੀ ਤੁਰਦੇ-ਫਿਰਦੇ ਮਹੀਨਾ-ਮਹੀਨਾ ਘਰੇ ਹੀ ਨਹੀਂ ਸਨ ਬਹੁੜਦੇ। ਪਾਰਸ ਰਾਤ ਨੂੰ ਦੋ ਵਜੇ ਆਪਣੇ ਪਿੰਡੋਂ ਸਾਇਕਲ ਤੇ ਲੱਤ ਦਿੰਦਾ ਤੇ ਗੁਰਦੁਆਰੇ ’ਚ ਭਾਈ ਦੇ ਬੋਲਦੇ ਨੂੰ ਜਗਰਾਓਂ ਪਹੁੰਚ ਜਾਂਦਾ, ਪਹਿਲਾਂ ਜਾ ਕੇ ਚਾਹ ਪੀਂਦਾ, ਆਂਡੇ ਖਾਂਦਾ, ਸਾਰੀਆਂ ਅਖਬਾਰਾਂ ਪੜ੍ਹਦਾ। ਤੇ ਏਨੇ ਨੂੰ ਰਣਜੀਤ ਸਿੰਘ ਸਿੱਧਵਾਂ ਤੇ ਚੰਦ ਸਿੰਘ ਜੰਡੀ ਵੀ ਆ ਜਾਂਦੇ ਤੇ ਫਿਰ ਉੱਥੋਂ ਅੱਗੇ ਜਿੱਥੇ ਕਿਤੇ ਪ੍ਰੋਗਰਾਮ ’ਤੇ ਜਾਣਾ ਹੁੰਦਾ, ਨਿੱਕਲ ਤੁਰਦੇ! ਬਹੁਤੀ ਵਾਰੀ ਜਗਰਾਓਂ ਤੋਂ ਬੱਸ ਫੜ੍ਹਦੇ ਸਨ।



ਇਹ ਸਾਇਕਲਾਂ ’ਤੇ ਚੜ੍ਹਕੇ ਵੀ ਜਾਂਦੇ ਰਹੇ ਅਤੇ ਜਦੋਂ ਬਹੁਤੀ ਪ੍ਰਸਿੱਧੀ ਹੋ ਗਈ ਤਾਂ ਫਿਰ ਤਾਂਗਿਆਂ ’ਤੇ ਚੜ੍ਹਨ ਲੱਗ ਪਏ। ਕਈ ਪਿੰਡਾਂ ਵਾਲੇ ਇਹਨਾਂ ਦੇ ਸ਼ੌਕੀਨ ਇਹਨਾਂ ਨੂੰ ਘੋੜੇ-ਘੋੜੀਆਂ ਤੇ ਊਠਾਂ ’ਤੇ ਬਿਠਾ ਲਿਜਾਂਦੇ ਸਨ।

ਕਰਨੈਲ ਸਿੰਘ ਪਾਰਸ ਦੀ ਭਾਸ਼ਣ ਕਰਨ ਦੀ ਵਿਧੀ ਐਨੀ ਸਿੱਧੀ ਸਪਾਟ ਤੇ ਪ੍ਰਭਾਵਸ਼ਾਲੀ, ਮਿੱਠੀ ਹੁੰਦੀ ਕਿ ਮਜ਼ਾਲ ਕੀ ਸੀ ਕੋਈ ਸਰੋਤਾ ਬੈਠਾ ਹਿੱਲ ਵੀ ਜਾਵੇ। ਸਗੋਂ ਕਈ ਵਾਰੀ ਤਾਂ ਵੈਰਾਗਮਈ ਗਾਥਾਵਾਂ ਸੁਣ ਕੇ ਲੋਕੀਂ ਹੰਝੂ ਵਹਾਉਂਦੇ ਤੇ ਇਨਾਮਾਂ ਵਜੋਂ ਪੈਸਿਆਂ ਦੀਆਂ ਵੀ ਝੜੀਆਂ ਲਾਈ ਜਾਂਦੇ।

ਪਾਰਸ ਵਿੱਚ ਇਹ ਇੱਕ ਵੱਡੀ ਸਿਫ਼ਤ ਵੇਖਣ ’ਚ ਆਈ ਕਿ ਉਹ ਜਿਹੜੀ ਵੀ ਰਚਨਾ ਘੜਦਾ ਪਹਿਲੋਂ ਉਸਦੇ ਇਤਿਹਾਸ ਦੀ ਜਾਂ ਗੱਲ ਦੇ ਪਿਛੋਕੜ ਦੀ ਐਨ ਤਹਿ ਤੱਕ ਜਾਂਦਾ ਤੇ ਇਉਂ ਪਾਰਸ ਦੀਆਂ ਰਿਕਾਰਡ ਹੋਈਆਂ ਕਵੀਸ਼ਰੀਆਂ ਤੋਂ ਇਲਾਵਾ ਹੋਰ ਵੀ ਜਿਹੜੀਆਂ ਨਵੀਆਂ-ਨਵੀਆਂ ਕਵੀਸ਼ਰੀਆਂ, ਜੋ ਉਹ ਰਚਦਾ ਸੀ ਤਾਂ ਨਾਲ ਦੀ ਨਾਲ ਆਪਣੇ ਸਾਥੀਆਂ ਨੂੰ ਝੱਟ ’ਚ ਰਟਾ ਦਿੰਦਾ। ਰਣਜੀਤ ਸਿੰਘ ਸਿੱਧਵਾਂ ਦੀ ਸੁਰੀਲੀ ਆਵਾਜ਼ ਉਸਦੀ ਪ੍ਰਸਿੱਧੀ ਵਿੱਚ ਉਸਦਾ ਵਿਸ਼ੇਸ਼ ਆਸਰਾ ਸਿੱਧ ਹੋਈ ਤੇ ਤੀਜਾ ਸਾਥੀ ਚੰਦ ਸਿੰਘ ਜੰਡੀ ਵੀ ਸੁਰੀਲੀ ਆਵਾਜ਼ ਵਾਲੇ, ਫਬਦੇ-ਸਜਦੇ ਤੇ ਹੁਨਰਮੰਦ ਸਾਥੀ ਵਜੋਂ ਪ੍ਰਚਲੱਤ ਹੋ ਗਿਆ।

ਲੌਂਗੋਵਾਲ ਦੀਵਾਨ ’ਚ ਇਹਨਾਂ ਦੀ ਹਾਜ਼ਰੀ ਲਾਜ਼ਮੀ ਹੋ ਗਈ। ਤਖ਼ਤੂਪੁਰੇ ਦਾ ਮੇਲਾ, ਆਲਮਗੀਰ ਦਾ ਦੀਵਾਨ, ਕਪਾਲ ਮੋਚਨ ਦਾ ਮੇਲਾ, ਮੁਕਤਸਰ ਦਾ ਮੇਲਾ, ਛਪਾਰ ਦਾ ਮੇਲਾ, ਫਤਿਹਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ ’ਤੇ ਸੰਗਤਾਂ ਇਹਨਾਂ ਨੂੰ ਉਤਸ਼ਾਹ ਨਾਲ ਉਡੀਕਦੀਆਂ ਰਹਿੰਦੀਆਂ।

**ਸਾੜਾ ਕਰਨ ਵਾਲੇ** :- ਜਿਉਂ-ਜਿਉਂ ਕਰਨੈਲ ਸਿੰਘ ਪਾਰਸ ਦੀ ਲੋਕਾਂ ਵਿੱਚ ਹਰਮਨ-ਪਿਆਰਤਾ ਅਤੇ ਮਕਬੂਲਤਾ ਵਧਦੀ ਗਈ ਤਿਉਂ-ਤਿਉਂ ਉਸ ਨਾਲ ਸਾੜਾ ਕਰਨ ਵਾਲੇ ਵੀ ਰੱਜ-ਰੱਜ ਸਾੜਾ ਕਰਨ ਲੱਗ ਪਏ, ਪਰੰਤੂ ਕਰਨੈਲ ਸਿੰਘ ਪਾਰਸ ਨੇ ਉਹਨਾਂ ਵੱਲ ਉੱਕਾ ਹੀ ਧਿਆਨ ਨਾ ਧਰਿਆ ਤੇ ਆਪਣੀ ਮਸਤ ਚਾਲੇ ਚੱਲੀ ਗਿਆ। ਜੇ ਕੋਈ ਪਾਰਸ ਨੂੰ ਆਣ ਕੇ ਕਹਿੰਦਾ ਕਿ ਫਲਾਣਾ ਬੰਦਾ ਤੇਰੀ ਭੰਡੀ ਕਰਦਾ ਹੈ ਜਾਂ ਤੇਰੇ ਵਿਰੁੱਧ ਬੋਲਦਾ ਹੈ ਤਾਂ ਪਾਰਸ ਇੱਕੋ ਗੱਲ ਹੀ ਆਖ ਕੇ ਨਿਬੇੜਾ ਕਰ ਦਿੰਦਾ, “ਹਾਥੀ ਆਪਣੀ ਮਸਤ ਚਾਲ ਚੱਲਦਾ ਰਹਿੰਦਾ ਹੈ ਤੇ ਕਤੂਰੇ ਉਸਦੇ ਪੈਰਾਂ ਵਿੱਚ ਵੱਜਦੇ ਚਉਂ-ਚਉਂ ਕਰਦੇ, ਰਿੜ੍ਹਦੇ ਫਿਰਦੇ ਰਹਿੰਦੇ ਹਨ।”

ਇਉਂ ਪਾਰਸ ਦੇ ਵਿਰੋਧੀਆਂ ਨੂੰ ਕਈ ਵਾਰੀ ਉਸ ਦੇ ਦ੍ਰਿੜ ਸੰਕਲਪਾਂ ਅੱਗੇ ਝੁਕਣਾ ਪੈ ਜਾਂਦਾ।

ਉਸ ਸਮੇਂ ਪਾਰਸ ਦੀ ਰੀਸੋ-ਰੀਸ ਕਈ ਕਵੀਸ਼ਰ ਢਾਡੀ ਪੈਦਾ ਹੋਏ ਜੋ ਉਸ ਨਾਲ ਜਿਦਾ-ਜਿਦਾਈ ਦੀ ਭਾਵਨਾ ਲੈ ਕੇ ਚੱਲਣ ਲੱਗ ਪਏ। ਪਰ ਪਾਰਸ ਨੇ ਕਿਸੇ ਨਾਲ ਜਿਦਣ ਜਾਂ ਵਾਧੂ ਵਕਤ ਖਰਾਬ ਕਰਨ ਦੀ ਬਜਾਏ ਆਪਣੀ ਕਲਾ ਵੰਨੀਂ ਬਹੁਤਾ ਧਿਆਨ ਦਿੱਤਾ ਹੋਇਆ ਸੀ ਤੇ ਫ਼ਜ਼ੂਲ ਕਿਸਮ ਦੀਆਂ ਬਹਿਸ-ਬਾਜ਼ੀਆਂ ਜਾਂ ‘ਡਫੂੰਗ’ ਰਚਣ ਵਾਲੇ ਲੋਕਾਂ ਤੋਂ ਉਹ ਪਰ੍ਹੇ ਦੀ ਹੀ ਲੰਘ ਜਾਂਦਾ।

ਮੋਹਨ ਸਿੰਘ ਰੋਡਿਆਂ ਵਾਲਾ ਆਪਣੇ ਚੇਲੇ ਪਾਰਸ ਦੀ ਤਰੱਕੀ ਅਤੇ ਚੜ੍ਹਤ ਵੇਖ

ਕੇ ਬਹੁਤ ਪ੍ਰਸੰਨ ਹੁੰਦਾ ਸੀ ਤੇ ਕਈ ਹੋਰ ਢਾਡੀ - ਕਵੀਸ਼ਰ ਲੋਕਾਂ ਨੂੰ ਜਾ ਕੇ ਕਹਿੰਦੇ ਫਿਰਦੇ ਸਨ, "ਪਾਰਸ ਨੂੰ ਨਾ ਸੱਦੋ, ਉਹ ਸ਼ਰਾਬ ਪੀਂਦਾ ਹੈ। ਕਛਹਿਰਾ ਨਹੀਂ ਪਾਉਂਦਾ, ਨੀਕਰ ਪਾਉਂਦਾ ਹੈ, ਖ਼ੋਹਲ ਕੇ ਵੇਖੋ, ਪਾਰਸ ਆਪਣੇ ਰੋਮਾਂ ਦੀ ਬੇਅਦਬੀ ਵੀ ਕਰਦਾ ਹੈ। ਪਾਰਸ ਕਾਮਰੇਡ ਹੈ, ਉਸ ਨੂੰ ਨਾ ਸੱਦੋ।"

ਪਰ ਪਾਰਸ ਦੇ ਚਹੇਤਿਆਂ-ਸਰੋਤਿਆਂ ਦਾ ਘੇਰਾ ਏਨਾ ਵਿਸ਼ਾਲ ਹੋ ਚੁੱਕਾ ਸੀ ਕਿ ਲੋਕ ਉਹਨਾਂ ਨੂੰ ਸਾਹ ਤੱਕ ਨਹੀਂ ਸਨ ਲੈਣ ਦਿੰਦੇ। ਇਉਂ ਇੱਕ ਵਾਰ ਕਿਸੇ ਸਟੇਜ ਉੱਪਰ, ਪਾਰਸ ਸਮੇਤ ਜਥੇ ਦੇ ਬੈਠਾ ਹੋਇਆ ਸੀ। ਕਿਸੇ ਸਾੜੂ ਨੇ ਸਟੇਜ ਉੱਤੋਂ ਹੀ ਬੋਲ ਦਿੱਤਾ, "ਏਹ ਸ਼ਰਾਬ ਪੀਂਦੈ, ਵਾਲ਼ ਕਟਦੈ, ਏਹ ਕਛਹਿਰਾ ਨਹੀਂ ਪਾਉਂਦਾ, ਏਹ ਕਾਮਰੇਡ ਐ...... ਏਹਨੂੰ ਕਿਉਂ ਸੱਦਿਐ।"

ਪਾਰਸ ਬੜੀ ਨਿਮਰਤਾ ਤੇ ਤਹੰਬਲ ਨਾਲ ਬੋਲਿਆ, "ਬਈ ਵੀਰਨੋ! ਜੋ ਏਸ ਬਾਈ ਨੇ ਆਖਿਐ...... ਸਾਰਾ ਸੱਚ ਐ...... ਜੇ ਥੋਨੂੰ ਨਹੀਂ ਮਨਜ਼ੂਰ ਤਾਂ ਮੈਂ ਚਲਿਆ ਜਾਨੈਂ...... ਤੁਸੀਂ ਦੱਸੋ, ਬਈ ਮੈਂ ਚਲਿਆ ਜਾਵਾਂ ?"

ਇਹ ਸੁਣ ਕੇ ਪਾਰਸ ਦੇ ਸਰੋਤੇ-ਚਹੇਤੇ ਰੌਲ਼ਾ ਪਾਉਣ ਲੱਗ ਪਏ, "ਨਹੀਂ ਪਾਰਸਾ, ਨਹੀਂ ਜਾਣਾ...... ਅਸੀਂ ਤਾ ਆਨਾ-ਆਨਾ ਫੀਮ ਦਾ ਡੰਗ ਕੇ, ਦੂਰੋਂ-ਦੂਰੋਂ ਤੈਨੂੰ ਸੁਣਨ ਆਏ ਆਂ...... ਪਾਰਸਾ ਨਹੀਂ ਜਾਣਾ......।"

ਲੋਕਾਂ ਦੀ ਰੌਲ਼ੀ ਤੇ ਪਾਰਸ ਪ੍ਰਤੀ ਪਿਆਰ ਦੀ ਭਾਵਨਾ ਦੇਖ ਕੇ, ਸਾੜੂ ਉੱਥੋਂ ਭੱਜ ਜਾਂਦੇ ਤੇ ਪਾਰਸ ਹੋਰੀਂ ਗਾਉਣ ਲੱਗਦੇ। ਇਉਂ ਕਈਆਂ ਥਾਵਾਂ 'ਤੇ ਇਹਨਾਂ ਨਾਲ ਅਜਿਹਾ ਕੁਝ ਵੀ ਵਾਪਰਦਾ ਰਹਿੰਦਾ।

ਚੌਦਾਂ ਵਾਰੀ ਤੋਂ ਵੱਧ ਫਤਿਹਗੜ੍ਹ ਸਾਹਿਬ, ਸੱਤ ਵਾਰੀ ਅਨੰਦਪੁਰ ਸਾਹਿਬ ਤੇ ਆਜ਼ਾਦੀ ਤੋਂ ਪਹਿਲੋਂ ਅੱਠ ਵਾਰੀ ਪਾਕਿਸਤਾਨ 'ਚ ਗਾਉਣ ਗਏ ਉਦੋਂ ਹੀ ਕਾਮਰੇਡ ਕਰਤਾਰ ਸਿੰਘ ਬਾੜੇਵਾਲ ਨਾਲ ਪਾਰਸ ਦੀ ਦੋਸਤੀ ਪੈ ਗਈ ਤੇ ਫਿਰ ਕੁੜਮ ਬਣ ਗਏ। ਪੂਰੇ ਪੰਜਾਬ 'ਚੋਂ ਘੁੰਮਦੇ-ਘੁੰਮਦੇ ਇਹ ਦਸ ਵਾਰੀ ਕਲਕੱਤਾ, ਭੁਬਨੇਸ਼ਵਰ, ਕਟਕ, ਜਮਸ਼ੇਦਪੁਰ, ਲੱਦਾਖ (ਭਾਰਤੀ ਫੌਜੀ ਅੱਡਾ) ਟਾਟਾ ਨਗਰ, ਪਟਨਾ ਸਾਹਿਬ, ਬੰਬੇ, ਦਿੱਲੀ, ਕਸ਼ਮੀਰ ਤੇ ਇੱਕ ਸੌ ਵਾਰੀ ਭਾਰਤੀ ਸੈਨਾ ਦੇ ਮਨੋਰੰਜਨ ਲਈ ਉਹਨਾਂ ਦੇ ਵਿਸ਼ੇਸ਼ ਸਮਾਗਮਾਂ ਵਿੱਚ ਗਾਉਣ ਗਏ।

ਸੰਨ 1960-62 'ਚ ਇਹਨਾਂ ਦੀ ਪੰਜਾਬ ਭਰ 'ਚ ਹੀ ਨਹੀਂ ਸਗੋਂ ਪੰਜਾਬੋਂ ਬਾਹਰ ਵੀ ਪ੍ਰਸਿੱਧੀ ਫੈਲ ਗਈ। ਪਾਰਸ ਨੇ ਆਪਣੀ ਕਲਾ ਦੇ ਨਾਲ-ਨਾਲ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਪਰਵਰਿਸ਼ ਵੱਲ ਪੂਰਾ-ਪੂਰਾ ਧਿਆਨ ਦਿੱਤਾ ਤੇ ਸਾਰਿਆਂ ਨੂੰ ਉਹਨਾਂ ਦੀ ਇੱਛਾ ਅਨੁਸਾਰ ਪੜ੍ਹਨੇ ਪਾਈ ਰੱਖਿਆ।

ਆਪਣੇ ਪਿਓ ਵੰਨੀਂ ਵੇਖਕੇ ਬਲਵੰਤ ਸਿੰਘ ਨੇ ਵੀ ਕਵੀਸ਼ਰੀ ਗਾਉਣੀ ਸ਼ੁਰੂ ਕਰ ਦਿੱਤੀ। ਫਿਰ ਹੌਲੀ-ਹੌਲੀ ਬਲਵੰਤ ਸਿੰਘ ਸਟੇਜਾਂ 'ਤੇ ਖੁੱਲ੍ਹਦਾ ਗਿਆ ਤੇ ਉਹਦੇ ਨਾਲ ਉਹਦੇ ਛੋਟੇ ਭਰਾ ਇਕਬਾਲ ਤੇ ਰਛਪਾਲ ਵੀ ਗਾਉਣ ਲੱਗ ਪਏ ਤੇ ਇਹਨਾਂ ਨੇ ਆਪਣੀ ਕਵੀਸ਼ਰੀ ਢੱਡ ਅਤੇ ਤੂੰਬੀ 'ਤੇ ਗਾਉਣੀ ਸ਼ੁਰੂ ਕੀਤੀ। ਇਉਂ ਹੌਲੀ-ਹੌਲੀ ਲੋਕਾਂ ਵਿੱਚ ਇਹਨਾਂ ਦੀ ਵੀ ਚਰਚਾ ਹੋਣ ਲੱਗ ਪਈ, "ਬਈ ਰਾਮੂਵਾਲੀਏ ਕਰਨੈਲ ਪਾਰਸ ਦੇ ਮੁੰਡੇ ਗਾਉਂਦੇ ਐ।"

ਪਾਰਸ ਦਾ ਗੋਤ ਗਿੱਲ ਹੋਣ ਕਰਕੇ "ਗਿੱਲ ਜੱਟ" ਇਉਂ ਆਖਣ ਲੱਗੇ, "ਬਈ ਰਾਮੂਵਾਲੀਏ ਗਿੱਲ ਮੁੰਡੇ ਸੱਦੀਏ ਵਿਆਹ 'ਤੇ।"



ਇਸ ਪ੍ਰਕਾਰ ਪਾਰਸ ਦੇ ਮੁੰਡੇ ਵੀ ਚੰਗੇ ਗੁਮੰਤਰੀ ਬਣ ਨਿੱਕਲੇ ਤੇ ਛੇਤੀ ਹੀ ਲੋਕਾਂ ਵਿੱਚ ਉਹਨਾਂ ਦੀ ਚੋਖੀ ਜਾਣ ਪਛਾਣ ਹੋ ਗਈ। ਫਿਰ ਇਹਨਾਂ ਨੇ ਵੀ ਜਲੰਧਰ, ਦਿੱਲੀ ਤੇ ਸ਼੍ਰੀਨਗਰ ਦੇ ਰੇਡੀਓ ਸਟੇਸ਼ਨਾਂ 'ਤੇ ਗਾਉਣਾ ਸ਼ੁਰੂ ਕਰ ਦਿੱਤਾ ਤੇ ਐਚ.ਐਮ.ਵੀ. ਕੰਪਨੀ ਵਿੱਚ ਰਿਕਾਰਡ ਭਰਵਾ ਦਿੱਤੇ।

ਕਰਨੈਲ ਸਿੰਘ ਪਾਰਸ ਦਾ ਜੱਥਾ ਵੱਖਰਾ ਚੱਲਦਾ ਰਿਹਾ ਤੇ ਇਉਂ ਕਈ ਵਾਰੀ ਸਟੇਜਾਂ 'ਤੇ ਇੱਕ ਦੂਜੇ ਨਾਲ ਸਾਹਮਣਾ ਵੀ ਹੋ ਜਾਂਦਾ ਤੇ ਪਿਓ ਪੁੱਤਾਂ ਦੇ ਜੱਥੇ ਵਾਰੋ-ਵਾਰੀ ਲੋਕਾਂ ਦਾ ਮਨੋਰੰਜਨ ਕਰਦੇ ਰਹਿੰਦੇ।

ਬਲਵੰਤ ਸਿੰਘ ਨੇ ਆਪਣੇ ਨਾਂ ਨਾਲ ਪਿੰਡ ਦਾ ਨਾਂ "ਰਾਮੂਵਾਲੀਆ" ਲਾ ਲਿਆ ਤੇ ਉਸਨੇ ਗਾਉਂਦੇ ਨੇ ਹੀ ਆਪਣੀ ਪੜ੍ਹਾਈ ਪੂਰੀ ਕੀਤੀ ਤੇ ਫਿਰ ਉਹ ਹੌਲ਼ੇ-ਹੌਲ਼ੇ ਕਲਾਕਾਰੀ ਵੰਨੀਓਂ ਸਿਆਸਤ ਵੰਨੀਂ ਪਰਤ ਆਇਆ। (ਬਲਵੰਤ ਸਿੰਘ ਰਾਮੂੰਵਾਲੀਆ ਬਾਰੇ ਵਿਸਥਾਰ ਪੂਰਵਕ ਜਾਣਕਾਰੀ 'ਪਾਰਸ ਪਰਵਾਰ ਫੁਲਬਾੜੀ' 'ਚੋਂ ਪੜ੍ਹੋਗੇ)

ਕਰਨੈਲ ਸਿੰਘ ਪਾਰਸ ਦੀ ਸ਼ੋਭਾ ਸੁਣਕੇ ਕਈ ਸਾਰੇ ਸਿਖਾਂਦਰੂ ਤੇ ਕਵੀਸ਼ਰੀ ਦੇ ਸ਼ੌਕੀਨ ਮੁੰਡੇ ਉਸ ਕੋਲ ਆ ਕੇ ਤੇ ਉਹਨੂੰ ਗੁਰੂ ਧਾਰਨ ਕਰਨ ਲੱਗ ਪਏ। ਇਸ ਸਮੇਂ ਕਰਨੈਲ ਸਿੰਘ ਪਾਰਸ ਦਾ ਸ਼ਾਗਿਰਦ ਬਣਨਾ ਥੋੜ੍ਹੇ ਨਹੀਂ ਸਗੋਂ ਬਹੁਤ ਮਾਣ ਵਾਲੀ ਗੱਲ ਸੀ।

ਕਰਨੈਲ ਸਿੰਘ ਪਾਰਸ ਦੀਆਂ ਕਵੀਸ਼ਰੀਆਂ ਅਤੇ ਉਸਦੀ ਹਰਮਨ-ਪਿਆਰਤਾ ਅਤੇ ਪ੍ਰਸਿੱਧੀ ਦੇ ਕਈ ਕਾਰਨ ਸਨ, ਜਿੰਨ੍ਹਾਂ ਵਿੱਚੋਂ ਮੁੱਖ ਤੌਰ 'ਤੇ ਇਹ ਕਿ ਪਾਰਸ ਨੇ ਉਸ ਸਮੇਂ ਦੇ ਲੋਕਾਂ ਦੀ ਇੱਛਾ ਪੂਰਤੀ ਅਤੇ ਸਮੇਂ ਦੀ ਚਾਲ ਅਨੁਸਾਰ ਆਪਣੀ ਕਲਾਕਾਰੀ ਨੂੰ ਢਾਲ ਕੇ ਲੋਕਾਂ ਵਿੱਚ ਪੇਸ਼ ਕੀਤਾ। ਕਰਨੈਲ ਸਿੰਘ ਪਾਰਸ ਦੀ ਮਿੱਠੀ ਬੋਲ ਬਾਣੀ, ਮਿਲਾਪੜੀ ਸ਼ਖ਼ਸੀਅਤ, ਆਮ ਅਤੇ ਵਡਮੁੱਲੀ ਜਾਣਕਾਰੀ ਉਸਦੇ ਬੜੀ ਕੰਮ ਆਈ। ਇੱਕ ਖ਼ਾਸ ਗੁਣ ਹੋਰ, ਉਹ ਇਹ ਕਿ ਕਰਨੈਲ ਸਿੰਘ ਪਾਰਸ ਏਨੀ ਪ੍ਰਸਿੱਧੀ, ਮਾਣ ਅਤੇ ਪੈਸਾ-ਧੇਲਾ ਖੱਟਣ ਦੇ ਬਾਵਜੂਦ ਵੀ ਆਮ ਲੋਕਾਂ ਸੰਗ ਖੜੋਤਾ ਰਿਹਾ ਨਜ਼ਰ ਆਇਆ ਹੈ ਅਤੇ ਜਿਉਂਦੇ ਜੀਅ ਇਉਂ ਹੀ ਖੜੋਤਾ ਨਜ਼ਰ ਆਉਂਦਾ ਰਹੇਗਾ।

**ਪਾਰਸ ਦੇ ਜੱਥੇ ਦੇ ਸਾਥੀ** :- ਕਰਨੈਲ ਸਿੰਘ ਪਾਰਸ ਦੇ ਕਵੀਸ਼ਰੀ ਜੱਥੇ ਵਿੱਚ ਸ੍ਰ: ਰਣਜੀਤ ਸਿੰਘ ਸਿੱਧਵਾਂ ਪਾਰਸ ਦਾ ਸਭ ਤੋਂ ਵਧੀਆ ਤੇ ਵਫ਼ਾਦਾਰ ਸਾਥੀ ਰਿਹਾ ਹੈ। ਪਾਰਸ ਦੀ ਪ੍ਰਸਿੱਧੀ ਵਿੱਚ ਉਸਦਾ ਵਿਸ਼ੇਸ਼ ਰੋਲ ਮਹੱਤਵਪੂਰਨ ਹੈ। ਰਣਜੀਤ ਸਿੰਘ ਸਿੱਧਵਾਂ ਦੀ ਆਵਾਜ਼ ਉੱਚੀ ਅਤੇ ਸੁਰੀਲੀ ਹੋਣ ਕਰਕੇ ਸ੍ਰੋਤੇ ਉਸ ਨੂੰ ਬਹੁਤ ਚਾਹੁੰਦੇ ਰਹੇ ਹਨ। ਕਹਿੰਦੇ ਹਨ ਕਿ ਰਣਜੀਤ ਸਿੰਘ ਸਿੱਧਵਾਂ ਜਦੋਂ ਉੱਚੀ ਹੇਕ ਚੁੱਕਦਾ...... ਮੁੜਦਾ ਨਾ...... ਤਾਂ ਸ੍ਰੋਤੇ ਬੈਠੇ ਆਵਾਜ਼ਾਂ ਮਾਰਦੇ, "ਓ ਬਈ ਵਾਹ ਰਣਜੀਤ ਸਿੰਆ ਜਿਉਂਦਾ ਰਹਿ......।" ਜਾਂ ਸਰੋਤੇ ਆਖਦੇ, "ਓ ਬਈ ਮੁੜਿਆ ਰਣਜੀਤ ਸਿੰਆਂ......।"

ਰਣਜੀਤ ਸਿੰਘ ਸਿੱਧਵਾਂ ਸੁਭਾਅ ਦਾ ਮਿੱਠਾ, ਧੀਮਾ ਤੇ ਸਾਦਾ ਮਨੁੱਖ ਹੈ। ਕਈਆਂ ਸਾਲਾਂ ਤੋਂ ਉਹ ਆਪਣੇ ਬੇਟੇ ਸਤਿੰਦਰ ਪਾਲ ਸਿੰਘ ਸਿੱਧਵਾਂ ਨਾਲ ਟਰਾਂਟੋ ਵਿਖੇ ਰਹਿ ਰਿਹਾ ਹੈ। ਕਰਨੈਲ ਸਿੰਘ ਪਾਰਸ ਦੇ ਆਪਣੇ ਛਪੇ ਹੋਏ ਕਿੱਸਿਆਂ ਵਿੱਚ ਰਣਜੀਤ ਸਿੰਘ ਸਿਧਵਾਂ ਬਾਰੇ ਵਿਸ਼ੇਸ਼ ਕਥਨ ਇਸ ਪ੍ਰਕਾਰ ਕੀਤਾ ਹੋਇਆ ਮਿਲਦਾ ਹੈ "ਇਹ ਹੈ ਮੇਰਾ ਚਰੋਕਾ ਸਾਥੀ ਰਣਜੀਤ ਸਿੰਘ, ਜੋ ਜੱਥੇ ਦਾ ਹੀਰੋ ਤੇ ਸੁਰ ਦਾ ਧਨੀ ਹੈ, ਜਿਸ ਨੇ ਖਰਾ ਰੁਪੱਈਆ ਹੁੰਦਿਆਂ ਭੀ ਆਪਣੀ ਕੀਮਤ ਸਵਾ ਪੰਜ ਆਨੇ ਤੋਂ ਵੱਧ ਵਸੂਲ ਨਹੀਂ ਕੀਤੀ। ਅਸੀਂ ਲਗਭਗ ਸੰਨ

ਚਾਲ਼ੀ ਤੋਂ ਬਤੌਰ ਜੱਥਾ 'ਕੱਠੇ ਹਾਂ, ਸਾਨੂੰ ਇਕੱਠੇ ਰਹਿਣ 'ਚ ਬਿਨ ਪੀਤੀ ਤੋਂ ਨਸ਼ਾ ਚੜ੍ਹਿਆ ਰਹਿੰਦਾ ਹੈ ਅਤੇ ਭਲਕ ਦਾ ਕੋਈ ਪਤਾ ਨਹੀਂ...... ਕਿਉਂਕਿ ਅਸੀਂ ਜੱਟ ਹਾਂ...... ਇਹ ਲੁਧਿਆਣੇ ਦਾ ਸਿੱਧੂ...... ਤੇ ਮੈਂ ਫਿਰੋਜ਼ਪੁਰੀ ਗਿੱਲ......। ਲਓ ਸੁਣੋ :

ਜਿਵੇਂ ਚਾਕ ਦੀ ਬੰਸਰੀ ਵਿੱਚ ਬੇਲੇ,
ਕੀਤੀ ਹੀਰ ਦੇ ਇਸ਼ਕ ਦੀ ਘਾਇਲ ਬੋਲੇ।
ਬੈਠ ਅੰਬਾਂ 'ਤੇ ਜਿਸ ਤਰ੍ਹਾਂ ਕੋਇਲ ਕੂਕੇ
ਮੋਰ ਤੱਕ ਬੱਦਲ ਪਾ ਕੇ ਪਾਇਲ ਬੋਲੇ
ਬਿਜਲੀ ਕਾਲੀਆਂ ਘਟਾਂ ਦੇ ਵਿੱਚ ਕੜਕੇ
ਅਗੋਂ ਪ੍ਰਤਿ ਧਵਿਨੀ ਪੱਕਾ ਮਹਿਲ ਬੋਲੇ।
ਗਲੀ-ਗਲੀ ਦੇ ਵਿੱਚ 'ਰਣਜੀਤ' ਗੂੰਜੇ,
ਉਸ ਦੇ ਸ਼ਬਦਾਂ ਦੇ ਵਿੱਚ "ਕਰਨੈਲ" ਬੋਲੇ।

ਰਣਜੀਤ ਸਿੰਘ ਸਿੱਧਵਾਂ ਦੀ ਆਵਾਜ਼ ਹੁਣ ਵੀ ਉਵੇਂ ਹੀ ਰਸ ਭਰੀ ਅਤੇ ਉੱਚੀ ਹੈ। ਉਸਨੂੰ ਗਾਉਂਦਿਆਂ ਸੱਠ ਵਰ੍ਹੇ ਹੋ ਗਏ ਹਨ। ਰਣਜੀਤ ਸਿੰਘ ਸਿੱਧਵਾਂ ਤੇ ਪਾਰਸ ਦਾ ਵੱਡਾ ਲੜਕਾ ਮਾਸਟਰ ਹਰਚਰਨ ਸਿੰਘ ਆਪਸ ਵਿੱਚ ਸਾਢੂੰ ਹਨ। ਰਣਜੀਤ ਸਿੰਘ ਸਿੱਧਵਾਂ ਉੱਘੇ ਲੇਖਕ ਸੰਤੋਖ ਸਿੰਘ ਧੀਰ ਦੀ ਹੂ-ਬਹੂ ਕਾਪੀ ਹੈ, ਜੇ ਉਸਦਾ ਕੱਦ ਲੰਬਾ ਨਾ ਹੋਵੇ, ਉਹੋ ਨੈਨ-ਨਕਸ਼, ਰੰਗ, ਬੋਲ ਚਾਲ, ਗੱਲ ਬਾਤ ਕਰਨ ਤੇ ਖਾਣ ਪੀਣ ਦਾ ਸਲੀਕਾ, ਝਾਕਦਾ ਵੀ ਧੀਰ ਵਾਂਗ ਹੀ ਹੈ ਤੇ ਸ਼ਕਲ ਤਾਂ ਧੀਰ ਵਰਗੀ ਹੈ ਹੀ...... ਪਰ ਰਣਜੀਤ ਸਿੰਘ ਦਾ ਸੁਭਾਅ ਬੜਾ ਨਿੱਘ ਭਰਿਆ ਹੈ।

**ਚੰਦ ਸਿੰਘ ਜੰਡੀ** :- ਇਹਨਾਂ ਦਾ ਪਿੰਡ ਜਗਰਾਓਂ ਕੋਲ ਜੰਡੀ ਹੈ। ਚੰਦ ਸਿੰਘ ਨਾ-ਮਾਤਰ ਹੀ ਪੜ੍ਹਿਆ ਸੀ। ਸੁਭਾਅ ਦਾ ਥੋੜ੍ਹਾ ਕੁ ਗਰਮ ਸੀ ਪਰ ਦਿਲੋਂ ਸਾਫ਼ ਇਨਸਾਨ ਸੀ। ਮਿੱਠੀ ਆਵਾਜ਼ ਦਾ ਮਾਲਕ ਚੰਦ ਸਿੰਘ ਜੰਡੀ ਪਾਰਸ ਦੇ ਜੱਥੇ ਦਾ ਸਤਿਕਾਰਿਆ ਹੋਇਆ ਸਾਥੀ ਸੀ। ਬੀਮਾਰ ਰਹਿਣ ਕਰਕੇ 1991 'ਚ ਚੰਦ ਸਿੰਘ ਜੰਡੀ ਇਸ ਸੰਸਾਰ ਤੋਂ ਸਦਾ ਲਈ ਚਲਿਆ ਗਿਆ। ਇਹਨਾਂ ਦਾ ਲੜਕਾ ਨਿਰਮਲ ਸਿੰਘ ਜੰਡੀ ਵੀ ਕਵੀਸ਼ਰ ਹੈ ਜੋ ਪਾਰਸ ਨੂੰ ਆਪਣਾ ਉਸਤਾਦ ਮੰਨਦਾ ਹੈ।

**ਹੋਰ ਸਾਥੀ** :- ਥੋੜ੍ਹੇ-ਥੋੜ੍ਹੇ ਸਮੇਂ ਲਈ ਕਈ ਹੋਰ ਕਵੀਸ਼ਰ ਵੀ ਕਰਨੈਲ ਸਿੰਘ ਪਾਰਸ ਦੇ ਜੱਥੇ 'ਚ ਉਹਦੇ ਸਾਥੀ ਬਣਦੇ ਰਹੇ। ਜਦ ਪਾਰਸ ਨੇ ਢਾਡੀ ਜੱਥਾ ਬਣਾਇਆ ਤਾਂ ਉਸ ਸਮੇਂ ਦੌਰਾਨ ਵੀ ਕਈ ਸਾਥੀ ਪਾਰਸ ਨਾਲ ਗਾਉਂਦੇ ਰਹੇ, ਪਰ ਉਸਦੇ ਪੱਕੇ ਦੋ ਸਾਥੀ, ਰਣਜੀਤ ਸਿੰਘ ਸਿੱਧਵਾਂ ਤੇ ਚੰਦ ਸਿੰਘ ਜੰਡੀ ਨੂੰ ਹੀ ਮੰਨਿਆ ਜਾਂਦਾ ਹੈ।

ਜਿਵੇਂ ਕਿ ਆਖਿਆ ਜਾਂਦਾ ਹੈ ਕਿ, ਜੱਟ ਤਾਂ ਦਸ ਦਿਨ 'ਕੱਠੇ ਨਹੀਂ ਕੱਢ ਸਕਦੇ ਹੁੰਦੇ, ਝੱਟ 'ਚ ਲੜ ਪੈਂਦੇ ਹਨ, ਪਰੰਤੂ ਪਾਰਸ ਨਾਲ ਇਹ ਦੋਵੇਂ ਪੈਂਤੀ ਸਾਲ ਤੋਂ ਵੀ ਵੱਧ ਸਮਾਂ ਇਕੱਠੇ ਰਹੇ ਹਨ। ਜਦੋਂ ਇਹਨਾਂ ਦੀ ਇੱਕ ਅਖਾੜੇ ਦੀ ਫ਼ੀਸ ਸੱਠ ਰੁਪਏ ਹੁੰਦੀ ਸੀ ਤਾਂ ਦੋ ਬੋਤਲਾਂ ਸ਼ਰਾਬ ਦੀਆਂ ਵੀ ਲੈਂਦੇ, ਸ਼ਰਾਬ ਪੀਣ ਮਗਰੋਂ ਸੱਠ ਰੁਪਈਏ ਉਹ ਇਸ ਪ੍ਰਕਾਰ ਵੰਡ ਲੈਂਦੇ ਸਨ, ਰਣਜੀਤ ਸਿੰਘ ਸਿੱਧਵਾਂ ਨੂੰ ਵੀਹ ਰੁਪੱਈਏ, ਚੰਦ ਸਿੰਘ ਜੰਡੀ ਨੂੰ ਸਾਢੇ ਸਤਾਰਾਂ ਰੁਪੱਈਏ ਤੇ ਪਾਰਸ ਆਪ ਸਾਢੇ ਬਾਈ ਰੁਪੱਈਏ ਰੱਖ ਲੈਂਦਾ, ਪਾਰਸ ਢਾਈ ਰੁਪੱਈਏ ਰਣਜੀਤ ਸਿੰਘ ਤੋਂ ਵੱਧ ਇਸ ਕਰਕੇ ਰੱਖਦਾ ਸੀ ਕਿਉਂਕਿ ਪਾਰਸ ਕਵੀਸ਼ਰੀ ਵੀ ਰਚਦਾ



ਸੀ ਤੇ ਲੈਕਚਰ ਵੀ ਕਰਦਾ ਸੀ।

**ਕਵੀਸ਼ਰ ਤੋਂ ਢਾਡੀ ਬਣਨਾ** :- 1974-75 ਦੇ ਸਮੇਂ ਪੰਜਾਬ ਵਿੱਚ ਕਵੀਸ਼ਰਾਂ ਅਤੇ ਢਾਡੀਆਂ-ਗੁਮੰਤਰੀਆਂ ਦਾ ਜਿਵੇਂ ਹੜ੍ਹ ਹੀ ਆ ਗਿਆ ਹੋਵੇ। ਪਾਰਸ ਦੀ ਲਿਖੀ ਹੋਈ ਰਚਨਾ ਆਮ ਹੀ ਢਾਡੀਆਂ-ਕਵੀਸ਼ਰਾਂ ਵੱਲੋਂ ਗਾਈ ਜਾਣ ਲੱਗ ਪਈ ਸੀ। ਢਾਡੀ ਜੱਥਿਆਂ ਦੀ ਕੁਝ ਚੜ੍ਹਤ ਹੀ ਏਨੀ ਜ਼ਿਆਦਾ ਹੋ ਗਈ ਕਿ ਪਾਰਸ ਨੂੰ ਏਨੀ ਪ੍ਰਸਿੱਧੀ ਮਿਲਣ ਦੇ ਬਾਵਜੂਦ ਵੀ ਇਸ ਗੱਲ ਦਾ ਅਹਿਸਾਸ ਸ਼ਿੱਦਤ ਨਾਲ ਹੋਣ ਲੱਗਿਆ ਕਿ ਜਿਵੇਂ ਪੰਜਾਬ ਵਿੱਚੋਂ ਕਵੀਸ਼ਰੀ ਦੀ ਕਦਰ ਹੁਣ ਘਟਦੀ ਹੀ ਜਾਂਦੀ ਹੈ, ਇਸ ਦਾ ਮੁੱਖ ਕਾਰਨ, ਬਹੁਤ ਜ਼ਿਆਦਾ ਵਧ ਗਏ ਢਾਡੀ ਜੱਥੇ ਵੀ ਹਨ, ਜੋ ਢੱਡ ਸਾਰੰਗੀ ਨਾਲ ਪੇਸ਼ ਹੁੰਦੇ ਹਨ। ਲੋਕ ਇਹਨਾਂ ਨੂੰ ਕੁਝ ਜ਼ਿਆਦਾ ਮਹੱਤਤਾ ਦੇਣ ਲੱਗ ਗਏ ਕਿਉਂਕਿ ਇਹ ਸਾਜ਼ਾਂ ਦੀ ਸੰਗਤ ਵਿੱਚ ਗਾਇਕੀ ਪੇਸ਼ ਕਰਦੇ ਹਨ। ਕੁਝ ਗਾਇਕ ਤੇ ਗਾਇਕਾਵਾਂ ਵੀ ਪ੍ਰਚੱਲਤ ਹੋ ਗਈਆਂ। ਕੁਝ ਇਸ ਤਰ੍ਹਾਂ ਦੇ ਵਿਚਾਰ ਪਾਰਸ ਦੇ ਮਨ ਵਿੱਚ ਉੱਤਰ ਆਏ ਅਤੇ ਇੱਕ ਹੋਰ ਵੱਡਾ ਕਾਰਨ ਇਹ ਵੀ ਬਣ ਗਿਆ ਕਿ ਅਨੇਕਾਂ ਢਾਡੀ ਪਾਰਸ ਦੀਆਂ ਰਚਨਾਵਾਂ ਆਪ ਮੁਹਾਰੇ ਹੋ ਕੇ ਗਾਉਣ ਡਹਿ ਪਏ ਤੇ ਵਾਧੂ ਕਮਾਈ ਕਰਨ ਲੱਗ ਪਏ, ਕਈ ਤਾਂ ਪਾਰਸ ਦੀਆਂ ਰਚਨਾਵਾਂ ਵਿੱਚੋਂ ਉਸਦਾ ਨਾਂ ਹੀ ਗਾਇਬ ਕਰਨ ਲੱਗ ਪਏ ਸਨ।

ਇਸ ਸਾਰੀ ਸਥਿਤੀ ਨੂੰ ਭਾਂਪਦਿਆਂ ਹੋਇਆਂ ਕਰਨੈਲ ਸਿੰਘ ਪਾਰਸ ਦੇ ਵਿਚਾਰ ਕਵੀਸ਼ਰੀ ਜੱਥੇ ਤੋਂ ਢਾਡੀ ਜੱਥਾ ਬਣਾਉਣ ਲਈ ਪਰਪੱਕ ਹੋ ਗਏ ਤੇ ਉਸ ਨੇ ਆਪਣੇ ਨਾਲ ਬਰਨਾਲੇ ਲਾਗਿਓਂ ਰਾਮਗੜ੍ਹ ਦਾ ਮਲਕੀਤ ਸਿੰਘ ਰਾਮਗੜ੍ਹੀਆ, ਗਿਆਨੀ ਕਰਤਾਰ ਸਿੰਘ ਮੰਡੀ ਕਲਾਂ ਤੇ ਸਾਰੰਗੀ ਲਈ ਚਮਕੌਰ ਸਿੰਘ ਭੋਤਨਾ ਲਾ ਲਏ ਅਤੇ ਆਪਣੇ ਢਾਡੀ ਜੱਥੇ ਦੇ ਨਾਲ-ਨਾਲ ਆਪਣੀ ਕਵੀਸ਼ਰੀ ਕਲਾ ਨੂੰ ਜਿਉਂਦਾ ਰੱਖਕੇ ਲੋਕ-ਸੇਵਾ ਕਰਨ ਲੱਗ ਪਏ।

**ਵਿਦੇਸ਼ ਜਾਣਾ** :- ਕਰਨੈਲ ਸਿੰਘ ਪਾਰਸ ਦੇ ਲੜਕੇ ਮਾਸਟਰ ਹਰਚਰਨ ਸਿੰਘ, ਰਛਪਾਲ ਸਿੰਘ ਤੇ ਇਕਬਾਲ ਸਿੰਘ ਕਨੇਡਾ ਚਲੇ ਗਏ ਤੇ ਫਿਰ ਥੋੜ੍ਹੇ ਸਮੇਂ ਬਾਅਦ ਆਪਣੇ ਪਿਓ ਨੂੰ ਵੀ ਉੱਥੇ ਹੀ ਸੱਦ ਲਿਆ ਤੇ ਪਾਰਸ ਕਨੇਡਾ ਚਲਾ ਗਿਆ ਅਤੇ ਨਾਲ ਆਪਣੇ ਜੱਥੇ ਦੇ ਸਾਥੀਆਂ ਨੂੰ ਵੀ ਲੈ ਗਿਆ, ਤੇ ਇਹਨਾਂ ਦਾ ਜੱਥਾ ਉੱਧਰ ਵਸਦੇ ਪੰਜਾਬੀਆਂ ਦਾ ਮਨੋਰੰਜਨ ਕਰਨ ਲੱਗਿਆ ਤੇ ਇਨ੍ਹਾਂ ਨੇ ਆਪਣੀ ਕਲਾ ਦੇ ਐਸੇ ਜੌਹਰ ਦਿਖਾਏ ਕਿ ਪੰਜਾਬੀ ਲੋਕਾਂ ਨੇ ਇਹਨਾਂ ਨੂੰ ਰੱਜਵਾਂ ਪਿਆਰ-ਮਾਣ ਦੇ ਪੈਸਾ-ਧੇਲਾ ਭੇਟਾ ਕੀਤਾ।

ਪਾਰਸ ਦੇ ਸਾਥੀ ਕਲਾਕਾਰਾਂ ਦਾ ਬਿਦੇਸ਼ੀ ਫੇਰੀ ਦਾ ਸਮਾਂ ਸਮਾਪਤ ਹੋ ਗਿਆ ਤੇ ਉਹ ਤਿੰਨੋਂ ਜਣੇ ਵਾਪਸ ਮੁੜ ਆਏ, ਪਾਰਸ ਉੱਥੇ ਪੱਕਾ ਹੋ ਗਿਆ ਤੇ ਆਪਣਾ ਦਿਲ ਲਾਉਣ ਦੇ ਯਤਨ ਕਰਨ ਲੱਗਿਆ, ਪਰੰਤੂ ਫਿਰ ਵੀ ਉਸਦੀ ਤਾਰ ਆਪਣੀ ਮਾਂ ਬੋਲੀ ਤੇ ਆਪਣੇ ਸੁਹਣੇ ਵਤਨ ਪੰਜਾਬ ਵਿੱਚ ਹੀ ਟੁਣਕ ਰਹੀ ਸੀ ਤੇ ਉਹ ਪੰਜਾਬੀਆਂ ਤੋਂ ਦੂਰ ਰਹਿੰਦਾ ਹੋਇਆ ਵੀ ਉਨ੍ਹਾਂ ਦੇ ਨੇੜੇ-ਨੇੜੇ ਰਹਿ ਰਿਹਾ ਸੀ ਕਿਉਂਕਿ ਉਸ ਨੇ ਕਵੀਸ਼ਰੀ ਕਲਾ ਨੂੰ ਜਿਵੇਂ ਆਪਣੇ ਆਪੇ 'ਚ ਹੀ ਵਸਾ ਲਿਆ ਹੋਇਆ ਸੀ।

**ਹਰਭਜਨ ਮਾਨ ਤੇ ਗੁਰਸੇਵਕ ਮਾਨ ਨਾਲ ਜੱਥਾ ਬਣਾਉਣਾ** :- ਪਿੰਡ ਖੇਮੂਆਣੇ ਦੇ ਉਭਰਦੇ ਹੋਏ ਕਲਾਕਾਰ ਅਤੇ ਦੋਵੇਂ ਸਕੇ ਭਰਾ ਹਰਭਜਨ ਮਾਨ ਤੇ ਗੁਰਸੇਵਕ ਮਾਨ ਨਿੱਕੀ ਉਮਰ ਵਿੱਚ ਪਾਰਸ ਦੇ ਸ਼ਾਗਿਰਦ ਬਣ ਚੁੱਕੇ ਸਨ ਤੇ ਉਹਨਾਂ ਦੀ ਭੈਣ ਸ਼੍ਰੀਮਤੀ

ਸੁਰਿੰਦਰ ਕੌਰ ਕਨੇਡਾ ਵਿੱਚ ਸੀ, ਉਸ ਨੇ ਹਰਭਜਨ ਮਾਨ ਤੇ ਗੁਰਸੇਵਕ ਨੂੰ ਵੀ ਆਪਣੇ ਕੋਲ ਹੀ ਸੱਦ ਲਿਆ ਤੇ ਉਹ ਦੋਵੇਂ ਭਰਾ ਉੱਥੇ ਜਾਂਦੇ ਸਾਰ ਪਾਰਸ ਨੂੰ ਜਾ ਮਿਲੇ। ਪਾਰਸ ਨੂੰ ਉਹਨਾਂ ਦੇ ਇਸ ਤਰ੍ਹਾਂ ਉੱਥੇ ਮਿਲ ਜਾਣ ਦੀ ਬੜੀ ਖੁਸ਼ੀ ਹੋਈ।

ਪਾਰਸ ਇਕੱਲਾ ਸੀ ਤੇ ਹੁਣ ਉਸ ਨੂੰ ਦੋ ਵਧੀਆ ਸ਼ਾਗਿਰਦ ਮਿਲ ਗਏ ਸਨ। ਉਸ ਨੇ ਫਿਰ ਢੱਡ ਤੇ ਸਾਰੰਗੀ ਝਾੜ ਲਈਆਂ, ਗੁਰਸੇਵਕ ਸਾਰੰਗੀ ਤੇ ਹਰਭਜਨ ਢੱਡ ’ਤੇ ਸਾਥ ਦਿੰਦਾ ਤੇ ਇਹਨਾਂ ਦੀਆਂ ਦਮਦਾਰ ਅਤੇ ਸੁਰੀਲੀਆਂ ਆਵਾਜ਼ਾਂ ਵਿੱਚ ਪਾਰਸ ਦੀਆਂ ਕਵੀਸ਼ਰੀਆਂ ਬੜੀਆਂ ਫੱਬ ਗਈਆਂ। ਹਰਭਜਨ ਮਾਨ ਦੀ ਉੱਚੀ ਅਤੇ ਤਿੱਖੀ, ਖੁੱਲ੍ਹੀ-ਡੁੱਲ੍ਹੀ ਆਵਾਜ਼ ਤੋਂ ਪਾਰਸ ਬਹੁਤ ਪ੍ਰਭਾਵਿਤ ਸੀ ਤੇ ਹਰਭਜਨ ਮਾਨ ਨੂੰ ਉਹ ਸਟੇਜ ਬਾਰੇ ਅਤੇ ਉਸਦੇ ਕੰਮ ਆਉਣ ਵਾਲੇ ਹੋਰ ਸਭ ਚੰਗੇ-ਚੰਗੇ ਨੁਕਤੇ ਦੱਸਦਾ ਰਹਿੰਦਾ। (ਇੱਥੋਂ ਇਹ ਗੱਲ ਭਲੀ ਪ੍ਰਕਾਰ ਸਿੱਧ ਹੁੰਦੀ ਹੈ ਕਿ ਅੱਜ ਹਰਭਜਨ ਮਾਨ ਕੌਮਾਂਤਰੀ ਪੱਧਰ ਦਾ ਲੋਕ-ਗਾਇਕ ਸਿੱਧ ਹੋਇਆ ਹੈ ਅਤੇ ਉਸਦੀ ਗਾਇਕੀ ਵਿੱਚ ‘ਲੋਕ ਸੁਰ’ ਵਸੀ ਹੋਈ ਹੈ। ਉਸਦਾ ਮੁੱਖ ਕਾਰਨ ਇਹੋ ਹੈ ਕਿ ਉਸਨੇ ਨਿੱਕੀ ਉਮਰ ਤੋਂ ਹੀ ਆਪਣੀ ਗਾਇਨ ਕਲਾ ਨੂੰ ਨਿਖਾਰਨਾ ਸੰਵਾਰਨਾ ਸ਼ੁਰੂ ਕਰ ਲਿਆ ਸੀ, ਇਸੇ ਕਰਕੇ ਉਸਦੀ ਗਾਇਕੀ, ਕੁਝ ਪਾਰਸ ਦੀਆਂ ਰਚਨਾਵਾਂ ਗਾਉਣ ਕਾਰਨ ਤੇ ਕੁਝ ਹੋਰ ਨਵੇਂ ਕਾਰਨਾਂ ਕਰਕੇ ਲੋਕਾਂ ਦੇ ਹਾਣ ਦੀ ਹੈ ਅਤੇ ਪਾਰਸ ਲਈ ਇਹ ਬੜੇ ਫ਼ਖ਼ਰ ਵਾਲੀ ਗੱਲ ਹੈ ਕਿ ਉਸਦੇ ਚੇਲੇ ਹਰਭਜਨ ਮਾਨ ਨੇ ਨਿੱਕੀ ਉਮਰੇ ਏਨਾ ਨਾਮਣਾਂ ਖੱਟਿਆ ਹੈ ਅਤੇ ਪਾਰਸ ਦੇ ਨਾਂ ਨੂੰ ਵੀ ਹੋਰ ਰੌਸ਼ਨ ਕੀਤਾ ਹੈ।)

ਗੁਰਸੇਵਕ ਮਾਨ ਤੇ ਹਰਭਜਨ ਮਾਨ ਦੋਵੇਂ ਭਰਾ ਪਾਰਸ ਨਾਲ ਬਹੁਤਾ ਸਮਾਂ ਬਿਤਾਉਣ ਲੱਗ ਪਏ ਤੇ ਇੱਕ ਤਰ੍ਹਾਂ ਇਨ੍ਹਾਂ ਦੇ ਘਰ ਦੇ ਜੀਅ ਹੀ ਬਣ ਗਏ ਹੋਏ ਸਨ, ਪਾਰਸ ਨਾਲ ਇਹ ਗੁਰਦੁਆਰਿਆਂ ’ਚ ਜਾਂ ਹੋਰ ਸਮਾਗਮਾਂ ਵਿੱਚ ਗਾਉਣ ਜਾਂਦੇ। ਥਾਂ-ਥਾਂ ’ਤੇ ਇਹਨਾਂ ਤੋਂ ਸ਼ਹੀਦ ਭਗਤ ਸਿੰਘ ਦੀ ਘੋੜੀ ਸੁਣੀ ਜਾਂਦੀ, ਜਿਸ ਦਾ ਨਮੂਨਾ ਪੇਸ਼ ਹੈ :

ਆਓ ਭੈਣੋ, ਰਲ-ਮਿਲ ਗਾਈਏ
ਭਗਤ ਸਿੰਘ ਦੀ ਘੋੜੀ ਨੀ
ਫੁੱਲ ਵਰਗੇ ਸਿਰ ਉੱਤੇ ਬੱਧੇ ਸੁਹਣੇ ਚੀਰੇ ਦੇ
ਛੱਡੋ ਪਰ੍ਹਾਂ ਗ਼ਮਾਂ ਦੀਆਂ ਗੱਲਾਂ
ਸ਼ਗਨ ਮਨਾਈਏ ਵੀਰੇ ਦੇ
ਜਗ੍ਹਾ ਤੇਲ ਦੀ ਪਾ ਕੇ ਜਿਸ ਨੇ
ਆਪਣੀ ਰੱਤ ਨਚੋੜੀ ਨੀਂ
ਆਓ ਭੈਣੋ.............

ਭਗਤ ਸਿੰਘ ਕਹਿੰਦਾ ਹੈ ਕਿ ਮੇਰੀ ਅਪੀਲ ਨਾ ਕਰਿਓ, ਖੁਸ਼ੀ ਦਾ ਦਿਨ ਮੇਰੇ ਲਈ ਉਹੀ ਹੋਵੇਗਾ ਜਿਸ ਦਿਨ ਮੇਰਾ ਜਨਾਜ਼ਾ ਜੇਹਲੋਂ ਨਿੱਕਲੇਗਾ। ਇਹ ਗਾਉਂਦੇ ਹੁੰਦੇ ਸਨ :-

ਜੇਹਲੋਂ ਉੱਠੂਗਾ ਜਦੋਂ ਜਨਾਜ਼ਾ ਮੇਰਾ......

ਕਰਨੈਲ ਸਿੰਘ ਪਾਰਸ ਨੇ ਇਹਨਾਂ ਦੋਵਾਂ ਸ਼ਾਗਿਰਦ ਕਲਾਕਾਰਾਂ ਨਾਲ ਆਪਣੇ ਪ੍ਰੋਗਰਾਮ ਪੇਸ਼ ਕਰਦਿਆਂ ਇਹਨਾਂ ਦੇ ਗਾਉਣ ਵਾਸਤੇ ਹੋਰ ਵੀ ਅਨੇਕਾਂ ਰਚਨਾਵਾਂ ਦੀ



ਰਚਨਾ ਕੀਤੀ।

ਪਾਰਸ ਦੇ ਵੱਡੇ ਲੜਕੇ ਮਾਸਟਰ ਹਰਚਰਨ ਸਿੰਘ ਦੀ ਲੜਕੀ ਹਰਮਨਦੀਪ ਕੌਰ ਦਾ ਵਿਆਹ ਹਰਭਜਨ ਮਾਨ ਨਾਲ ਹੋ ਗਿਆ ਫਿਰ ਪਾਰਸ ਨੇ ਉਨ੍ਹਾਂ ਨਾਲ ਪ੍ਰੋਗਰਾਮ ਕਰਨੇ ਬੰਦ ਕਰ ਦਿੱਤੇ। ਹੌਲੀ ਹੌਲੀ ਪਾਰਸ ਨੇ 1984 ਵਿੱਚ ਕਵੀਸ਼ਰੀ ਤੋਂ ਪੱਕੇ ਤੌਰ ’ਤੇ ਸੰਨਿਆਸ ਲੈ ਲਿਆ। ਲਿਖਣ ਦੇ ਪੱਖ ਤੋਂ ਨਹੀਂ, ਸਿਰਫ਼ ਸਟੇਜਾਂ ’ਤੋਂ ਹੀ ਕਵੀਸ਼ਰੀ ਦੀ ਪੇਸ਼ਕਾਰੀ ਕਰਨ ਵੱਲੋਂ ਸਰੋਤਿਆਂ ਤੋਂ ਛੁੱਟੀ ਮੰਗ ਲਈ। ਕਵੀਸ਼ਰੀ ਰਚਨਾ ਤਾਂ ਉਹ ਹੁਣ ਵੀ ਕਰਦਾ ਹੈ, ਜਿਸ ਨੂੰ ਉਸਦੇ ਚੇਲੇ ਗਾਉਂਦੇ ਰਹਿੰਦੇ ਹਨ।

**ਸ਼੍ਰੋਮਣੀ ਕਵੀਸ਼ਰ ਵਜੋਂ ਸਨਮਾਨ** :- ਪੰਜਾਬ ਸਰਕਾਰ ਨੇ 1985 ਵਿੱਚ ਕਰਨੈਲ ਸਿੰਘ ਪਾਰਸ ਦੀ ਪੰਜਾਬੀ ਕਵੀਸ਼ਰੀ ਨੂੰ ਦਿੱਤੀ ਵਡਮੁੱਲੀ ਦੇਣ ਨੂੰ ਮੱਦੇ ਨਜ਼ਰ ਰੱਖਦਿਆਂ, “ਸ਼੍ਰੋਮਣੀ ਕਵੀਸ਼ਰ ਪੁਰਸਕਾਰ” ਦੇ ਕੇ ਸਨਮਾਨਿਤ ਕੀਤਾ।

ਪਾਰਸ ਉਂਜ ਭਾਵੇਂ ਕਨੇਡਾ ਦਾ ਪੱਕੇ ਤੌਰ ’ਤੇ ਵਸਨੀਕ ਬਣ ਚੁੱਕਾ ਹੈ ਪਰ ਫਿਰ ਵੀ ਪੰਜਾਬ ਦਾ ਮੋਹ ਉਸ ਨੂੰ ਹਰ ਵੇਲੇ ਸਤਾਉਂਦਾ ਰਹਿੰਦਾ ਹੈ, ਤੇ ਉਹ ਆਪਣੀ ਜੀਵਨ ਸਾਥਣ ਸ਼੍ਰੀਮਤੀ ਦਲਜੀਤ ਕੌਰ ਨੂੰ ਨਾਲ ਲੈ ਕੇ, ਜਿੰਨਾਂ ਚਿਰ ਜੀਅ ਕਰੇ, ਆਪਣੇ ਪਿੰਡ ਰਹਿ ਕੇ, ਫਿਰ ਵਾਪਸ ਚਲਿਆ ਜਾਂਦਾ ਹੈ। ਹੁਣ ਉਹ ਆਪਣੀ ਸੁਖ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਹੈ।

✲✲✲

# ਨਿੱਘੀ ਸ਼ਖ਼ਸੀਅਤ ਪਾਰਸ

ਕਰਨੈਲ ਸਿੰਘ ਪਾਰਸ ਰਾਮੂੰਵਾਲੀਆ, ਸੁੱਚੀ ਕਲਾ ’ਚ ਪਰੁੱਚੀ ਹੋਈ ਉੱਚੀ ਸ਼ਖ਼ਸੀਅਤ ਹੈ। ਇਹ ਗੱਲ ਆਪਣੀ ਜਗ੍ਹਾ ਠੀਕ ਹੈ ਕਿ ਅਜੋਕੇ ਯੁਵਾ ਪੋਚ ਦੇ ਬਹੁਤੇ ਸ੍ਰੋਤੇ

ਉਸ ਤੋਂ ਨਾਵਾਕਿਫ਼ ਹਨ, ਪਰੰਤੂ ਫਿਰ ਵੀ ਹਾਲੇ...... ਪੇਂਡੂ ਸਰੋਤਿਆਂ ਦੇ ਦਿਲਾਂ ਵਿੱਚ ਪਾਰਸ ਦੀ ਕਵੀਸ਼ਰੀ ਧੜਕਦੀ ਹੈ ਤੇ ਕੰਨਾਂ 'ਚ ਖੜਕਦੀ ਹੈ। ਪੇਂਡੂ ਸ੍ਰੋਤੇ ਹਾਲੇ ਵੀ ਉਹਦੇ ਗੌਣ, ਤਵਿਆਂ 'ਚੋਂ, ਕੈਸਟਾਂ 'ਚ ਭਰਵਾ ਕੇ ਸੁਣਦੇ ਹਨ। ਉਸਦੇ ਚਹੇਤਿਆਂ-ਸਰੋਤਿਆਂ ਨੂੰ ਹਾਲੇ ਵੀ ਉਸਦਾ ਇੱਕ-ਇੱਕ ਬੋਲ ਚੇਤੇ ਹੈ ਤੇ ਪਿੰਡਾਂ ਵਿੱਚ ਹਾਲੇ ਵੀ ਘਰ-ਘਰ "ਕਰਨੈਲ ਕਵੀਸ਼ਰ" ਦੀਆਂ ਗੱਲਾਂ ਹੁੰਦੀਆਂ ਹਨ। ਪੰਜਾਬ ਦੇ ਹੁਣ ਦੇ ਕਵੀਸ਼ਰ, ਢਾਡੀ ਅਤੇ ਗਾਇਕ ਉਹਦੀਆਂ ਕਵੀਸ਼ਰੀਆਂ ਦਾ ਗਾਇਨ ਕਰਕੇ, ਜੱਸ ਵੀ ਖਟਦੇ ਹਨ ਤੇ ਮਾਇਆ ਵੀ...... ਤੇ ਇਓਂ ਸ੍ਰੋਤਿਆਂ ਵਿੱਚ ਪਾਰਸ ਦੀ ਹਾਜ਼ਰੀ ਹਾਲੇ ਵੀ ਲਗਦੀ ਹੀ ਰਹਿੰਦੀ ਹੈ।

ਕਰਨੈਲ ਸਿੰਘ ਪਾਰਸ ਨੂੰ ਕੇਵਲ ਇੱਕ ਕਵੀਸ਼ਰ ਕਹਿਣਾ ਹੀ ਉਚਿੱਤ ਨਹੀਂ ਜਾਪਦਾ...... ਸਗੋਂ ਉਹ ਤਾਂ ਆਪਣੇ ਆਪ ਵਿੱਚ ਚਲਦੀ ਫਿਰਦੀ ਇੱਕ ਵੱਡੀ "ਸਿੱਖਿਅਕ ਸੰਸਥਾ" ਹੈ। ਉਹ ਚਿੰਤਕ ਹੈ। ਉਹ ਪਾਠਕ ਹੈ। ਉਹ ਖੋਜੀ ਹੈ। ਉਹ ਦੇਸ਼ ਭਗਤ ਵੀ ਹੈ ਤੇ ਕਮਿਊਨਿਸਟ ਵੀ! ਉਹ ਪੱਕਾ ਤਰਕਸ਼ੀਲ ਹੈ। ਉਹ ਸਮਾਜ ਸੇਵਕ ਹੈ, ਦਾਨੀ ਹੈ, ਸਾਦਾ ਹੈ। ਉਹ ਹਰੇਕ ਦਾ, ਹਮੇਸ਼ਾ ਭਲਾ ਚਾਹੁੰਣ ਵਾਲਾ, ਸੰਵੇਦਨਾ ਭਰਪੂਰ, ਸੁਹਿਰਦ, ਸਪੱਸ਼ਟ, ਮਿੱਠਾ, ਠੰਢਾ ਤੇ ਸੰਜਮਸ਼ੀਲ ਕਲਾਕਾਰ ਹੈ। ਉਹ ਸ਼ਾਂਤ, ਖੁਸ਼ ਤੇ ਨਿਰਛਲ ਹੈ। ਆਪਣੀ ਜ਼ਿੰਦਗੀ ਵਿੱਚ ਲੋਕਾਂ ਵੱਲੋਂ ਕੀਤੀਆਂ ਵਧੀਕੀਆਂ ਨੂੰ ਉਸ ਖਿੜੇ ਮੱਥੇ ਸਵੀਕਾਰਿਆ ਹੈ।

ਜਿਵੇਂ ਕਿ ਕਰਨੈਲ ਸਿੰਘ ਪਾਰਸ ਕਈਆਂ ਵਰ੍ਹਿਆਂ ਤੋਂ ਬਿਦੇਸ਼ੀ ਹੈ, ਪਰੰਤੂ ਉਸਦੀਆਂ ਜੜ੍ਹਾਂ ਤਾਂ ਆਪਣੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲੋਂ ਰਤਾ ਵੀ ਪਰ੍ਹੇ ਉਰ੍ਹੇ ਨਹੀਂ ਹੋਈਆਂ ਸਗੋਂ ਉਹ ਦਿਨ-ਬ-ਦਿਨ ਪੰਜਾਬੀਅਤ ਵਿੱਚ ਤੇ ਪੰਜਾਬੀਅਤ ਉਹਦੇ ਵਿੱਚ...... ਧਸੀ, ਵਸੀ ਤੇ ਗ੍ਰਸੀ ਹੈ। ਉਹ ਹਰੇਕ ਬੰਦੇ ਨੂੰ ਬੜਾ ਨੇੜਿਓਂ ਵੇਂਹਦਾ ਹੈ, ਪਰਖਦਾ-ਨਿਰਖਦਾ ਹੈ। ਸੋਚਦਾ-ਸਮਝਦਾ ਹੈ।

ਕਰਨੈਲ ਸਿੰਘ ਪਾਰਸ ਇੱਕ ਉਹ ਸ਼ਖ਼ਸੀਅਤ ਹੈ ਜੀਹਦੀ ਸੋਚ ਹਮੇਸ਼ਾ ਉੱਚੀਆਂ-ਉੱਚੀਆਂ ਉਡਾਰੀਆਂ ਮਾਰਦੀ ਫਿਰਦੀ ਰਹਿੰਦੀ ਹੈ...... ਇੱਕ ਥਾਂਵੇ ਟਿਕ ਕੇ, ਟਿਕਾਅ ਨਾਲ ਨਹੀਂ ਬਹਿੰਦੀ! ਉਹਦਾ ਦਿਮਾਗ ਹਮੇਸ਼ਾ ਕੁਝ ਨਾ ਕੁਝ ਬੁਣਦਾ, ਉਣਦਾ ਜਾਂ ਕੋਈ ਤਾਣਾ ਤਣਦਾ ਰਹਿੰਦਾ ਹੈ। ਪਾਰਸ ਬੁੱਢਾ ਹੋ ਕੇ ਵੀ ਬੁੱਢਾ ਨਹੀਂ। ਆਥਣੇ ਜਿਹੇ...... ਜਦੋਂ ਉਹ ਵਧੀਆ ਸ਼ਰਾਬ ਦਾ ਹਾੜ੍ਹਾ ਲਾ ਬਹਿੰਦਾ ਹੈ ਤਾਂ ਉੱਚੀ ਸਾਰੀ ਕਹਿੰਦਾ ਹੈ...... "ਮੈਂ ਚੋਬਰ ਆਂ ਉਏ.... ਮੈਂ ਚੋਬਰ ਆਂ....।"

ਜਦੋਂ ਦੋ ਤਿੰਨ ਪੈੱਗ ਅੰਦਰ ਚਲੇ ਜਾਣ ਤਾਂ ਫਿਰ ਉਹਦੀ ਰੰਗੀਨੀ ਵੇਖਣ ਵਾਲੀ ਬਣ ਜਾਂਦੀ ਹੈ, ਗੱਲਾਂ ਅਹੁੜੀਆਂ ਈ ਤੁਰੀਆਂ ਆਉਂਦੀਆਂ ਹਨ। ਫਿਰ ਉਹ ਆਪਣੀਆਂ ਵਡਿਆਈਆਂ ਵੀ ਕਰਦਾ ਹੈ।

ਸਰੂਰ 'ਚ ਆ ਕੇ ਉਹ ਝੂੰਮਦਾ ਹੈ। ਆਪਣੇ ਲਾਗੇ ਬੈਠੇ ਕਿਸੇ ਸੱਜਣ ਬੇਲੀ ਜਾਂ ਰਿਸ਼ਤੇਦਾਰ ਜਾਂ ਅਜੀਜ਼ ਦਾ ਮੂੰਹ ਮੱਥਾ ਚੁੰਮੀ ਜਾਵੇਗਾ। ਹਰੇਕ ਨੂੰ ਪਿਆਰ ਕਰੇਗਾ ਤੇ ਜੱਫੀਆਂ ਪਾਵੇਗਾ। ਕੁਤਕੁਤਾੜੀਆਂ ਕੱਢਦਾ ਹੈ। ਚਟਖ਼ਾਰੇ ਨਾਲ ਗੱਲ ਬਣਾਉਂਦਾ ਹੈ ਤੇ ਫਿਰ ਸੁਆਦ ਨਾਲ ਪਰੋਸਦਾ ਹੈ। ਆਪਣੀ ਹਰੇਕ ਗੱਲ ਹੁੱਭ ਕੇ ਦੱਸੇਗਾ।

ਜਾਤਾਂ-ਪਾਤਾਂ ਤੇ ਵਹਿਮਾਂ-ਭਰਮਾਂ ਦੀਆਂ ਬਿਮਾਰੀਆਂ ਫੈਲਾਉਣ ਵਾਲਿਆਂ ਦਾ ਵੈਰੀ ਕਰਨੈਲ ਸਿੰਘ ਪਾਰਸ ਆਪਣੇ ਨੌਕਰ ਨੂੰ, ਹੋਰਨਾਂ ਲੋਕਾਂ ਵਾਂਗ ਨੌਕਰ ਨਹੀਂ ਸਮਝਦਾ ਤੇ ਆਪਣੇ ਡਰਾਇਵਰ ਨੂੰ ਆਪਣੇ ਬਰਾਬਰ ਬਿਠਾ ਕੇ ਸ਼ਰਾਬ ਵੀ ਪਿਆਉਂਦਾ ਹੈ। ਜੇ ਨੌਕਰ



ਚਾਹ ਦਾ ਕੱਪ ਜਾਂ ਗਿਲਾਸ ਨੱਕੋ-ਨੱਕ ਭਰ ਲਿਆਵੇ ਤਾਂ ਪਾਰਸ ਕਹੇਗਾ, "ਇਉਂ ਕਰ...... ਬਈ ਮੈਥੋਂ ਤਾਂ ਐਨੀ ਪੀਤੀ ਨ੍ਹੀਂ ਜਾਣੀ, ਬੌਹਤੀ ਐ...... ਤੂੰ ਪੀ ਲੈ ਅੱਧੀ ਕੁ...... ਅੱਧੀ ਕੁ ਮੇਰੇ ਆਸਤੇ ਛੱਡਦੀਂ, ਜੇ ਨੌਕਰ ਨੱਕ ਮਾਰਕੇ ਕਹੇਗਾ, "ਨਹੀਂ ਬਾਪੂ ਜੀ, ਮੈਂ ਨਹੀਂ ਪੀਣੀ।" ਤਾਂ ਆਪਣੇ ਡਰੈਵਰ ਨੂੰ ਕਹੇਗਾ, "ਲੈ...... ਤੂੰ ਪੀ ਲੈ ਅੱਧੀ, ਅੱਧੀ ਮੈਨੂੰ ਛੱਡ ਦੀਂ।"

ਜਦੋਂ ਕਿਤੇ ਆਪਣੀ ਕਾਰ ਦੀ ਮੂਹਰਲੀ ਸੀਟ 'ਤੇ ਬੈਠਿਆ ਉਹ ਸੜਕ 'ਤੇ ਜਾ ਰਿਹਾ ਹੁੰਦਾ ਹੈ ਤਾਂ ਡਰੈਵਰ ਨੂੰ ਕਹੇਗਾ, "ਉਏ ਮੈਨੂੰ ਸੁਣਦਾ ਤਾਂ ਬੌਹਤਾ ਹੈ ਨ੍ਹੀਂ...... ਊਂ ਈ ਹਾਅ ਟੇਪ ਜਿਹੀ 'ਚ ਸਾਜ਼-ਵਾਜ਼ ਲਾ ਲੈ ਯਾਰ...... ਸੰਗੀਤ ਸੁਣੀਏ!"

ਜੇ ਕਿਤੇ ਉਹਦੀ ਕਾਰ ਮੂਹਰੇ ਕੋਈ ਭੁੱਲਾ ਭਟਕਿਆ, ਭੱਜਦਾ ਨੱਸਦਾ ਪਸ਼ੂ ਆ ਜਾਵੇ ਜਾਂ ਕੋਈ ਸਕੂਟਰ-ਸਾਇਕਲ ਵਾਲਾ ਗ਼ਲਤ ਸਾਈਡ ਆਉਂਦਾ ਹੋਵੇ ਤਾਂ ਉਹ ਮੂੰਹ ਫੈਲਾ ਕੇ, ਏਡੀ ਗੰਦੀ ਗਾਲ੍ਹ ਕੱਢੇਗਾ ਕਿ ਕਾਰ ਚਲਾਉਂਦਾ-ਚਲਾਉਂਦਾ ਉਹਦਾ ਡਰੈਵਰ ਜਦੋਂ ਹੱਸ - ਹੱਸ ਕੇ ਦੂਹਰਾ - ਤੀਹਰਾ ਹੁੰਦਾ ਜਾਂਦਾ ਹੈ ਤਾਂ ਉਹ ਕਹੇਗਾ, "ਉਏ...... ਔਧਰੋਂ ਬਚਾਉਂਦਾ-ਬਚਾਉਂਦਾ ਪਤੰਦਰਾ ਹੁਣ ਸਾਮ੍ਹਣੇ ਕਿੱਕਰ 'ਚ ਨਾ ਮਾਰੀਂ......।"

ਕਹਿੰਦੇ ਹਨ ਕਿ ਪਾਰਸ ਨੇ ਅਠਾਰਾਂ-ਉੱਨੀਆਂ ਸਾਲਾਂ ਦੇ ਨੇ ਦਾਰੂ (ਸ਼ਰਾਬ) ਪੀਣੀ ਸ਼ੁਰੂ ਕਰ ਦਿੱਤੀ ਸੀ ਤੇ ਹੁਣ ਤੀਕ ਬੇਹਿਸਾਬੀ, ਪਤਾ ਹੀ ਨਹੀਂ ਕਿੰਨੇ ਕੁ ਡਰੰਮਾਂ ਦੇ ਡਰੰਮ ਉਸ ਦਾਰੂ ਪੀ ਲਈ ਹੋਣੀ ਹੈ। ਪਰੰਤੂ ਸ਼ਰਾਬ ਨੇ ਉਹਦੇ ਸਰੀਰ ਨੂੰ ਬਲ ਹੀ ਬਖਸ਼ਿਆ ਹੈ, ਨੁਕਸਾਨ ਉੱਕਾ ਨਹੀਂ ਕੀਤਾ। ਕਈ ਵਾਰੀ ਪੀਤੀ-ਪੀਤੀ 'ਚ ਉਹ ਆਪਣੀ ਜੁਆਨੀ ਵੇਲੇ ਦੇ "ਇਸ਼ਕ ਦੇ ਚਿੱਠੇ" ਵੀ ਸੁਣਾਉਣ ਡਹਿ ਪੈਂਦਾ ਹੈ, ਜੋ ਹੁਣ ਸੁਣਾਉਣ ਵਾਲੇ ਦੇ ਬੁੱਢੇ ਪਾਹਰੇ ਹੋਣ ਕਾਰਨ, ਸੁਣਨ ਵਾਲੇ ਨੂੰ ਚੰਗੇ ਲੱਗਣ ਜਾਂ ਨਾ ਲੱਗਣ! ਕਿਹਾ ਜਾਂਦਾ ਹੈ ਕਿ ਆਪਣੀ ਮਾਸੀ ਦੇ ਪਿੰਡ ਦੁਆਬੇ 'ਚ, ਜੁਆਨੀ ਵੇਲੇ ਉਹਦਾ ਉਥੇ ਕਿਸੇ ਕੁੜੀ ਨਾਲ ਪਿਆਰ ਪਿਆ ਰਿਹਾ ਹੈ। ਤੇ ਇੱਕ ਵਾਰੀ ਰੌਲਾ ਰੱਪਾ ਪੈਣ 'ਤੇ ਉਸ ਨੂੰ ਉਸੇ ਕੁੜੀ ਨੇ ਹੀ ਬਚਾ ਕੇ ਉੱਥੋਂ ਭਜਾਇਆ ਸੀ। ਇਉਂ ਔਰਤ ਜਾਤ ਦੀਆਂ ਕਰਾਮਾਤਾਂ ਤੇ ਕਰਨੀਆਂ ਤੋਂ ਵੀ ਪਾਰਸ ਕਾਫੀ ਪ੍ਰਭਾਵਤ ਹੈ ਤੇ ਔਰਤ ਦੇ ਹਰੇਕ ਪਹਿਲੂ ਨੂੰ ਉਹ ਬੜੀ ਨੀਝ ਨਾਲ ਵੇਂਹਦਾ ਹੈ। ਉਸਦੀਆਂ ਰਚਨਾਵਾਂ ਵਿੱਚ ਵੀ ਔਰਤ ਬਾਰੇ ਵਿਸ਼ੇਸ਼ ਤੇ ਚੰਗੀਆਂ ਗੱਲਾਂ ਮਿਲਦੀਆਂ ਹਨ।

ਹੁਣ ਵੀ ਉਹ ਆਪਣੀ ਮਾਂ ਰਾਮ ਕੌਰ ਨੂੰ ਚੇਤੇ ਕਰਕੇ ਰੋਣ ਲੱਗ ਪੈਂਦਾ ਹੈ, ਆਪਣੀਆਂ ਭੈਣਾਂ ਦੀ ਯਾਦ ਵੀ ਉਸਨੂੰ ਬਹੁਤ ਸਤਾਉਂਦੀ ਹੈ। ਛੋਟੀ ਉਮਰੇ, ਬਚਪਨ 'ਚ ਮਾਪੇ ਮਰ ਗਏ ਸਨ, ਫੇਰ ਛੋਟਾ ਭਰਾ ਜਰਨੈਲ, ਬਾਲ ਵਰੇਸੇ ਮਰ ਗਿਆ। ਭੈਣ ਬੀਬਾਂ, ਕੁੰਵਾਰੀ ਸੀ ਹਾਲੇ ਉਹ ਵੀ ਚੱਲ ਵਸੀ। ਇੱਕ ਭੈਣ ਮੌੜ ਢਿੱਲਵਾਂ ਵਿਆਹੀ ਹੋਈ ਸੀ ਪਹਿਲਾਂ ਬੱਚਾ, ਮੁੰਡਾ ਜੰਮਦੀ, ਤਿਲੇ ਦੀਆਂ ਪੀੜਾਂ ਨਾ ਜਰਦੀ ਹੋਈ ਉਹ ਵੀ ਚੱਲ ਵਸੀ। ਇਉਂ ਪਾਰਸ ਦੇ ਨਿੱਕੇ ਹੁੰਦੇ ਤੋਂ ਹੀ, ਜਦੋਂ ਪਕੇਰੂ ਨਹੀਂ ਸੀ ਹੋਇਆ ਤੇ ਇਹਨਾਂ ਹਾਦਸਿਆਂ ਤੇ ਦੁੱਖਾਂ-ਕਲੇਸ਼ਾਂ ਨੇ ਡਾਹਢਾ ਮਾੜਾ ਪ੍ਰਭਾਵ ਪਾਇਆ ਤੇ ਉਹ ਗਾ-ਗਾ ਕੇ ਮਨ ਹੌਲ਼ਾ ਕਰਨ ਦੇ ਯਤਨ ਕਰਦਾ ਰਿਹਾ ਹੈ।

ਕਰਨੈਲ ਸਿੰਘ ਪਾਰਸ ਜਵਾਨੀ ਪਾਹਰੇ ਹੀ ਕਿਸਾਨ ਸਭਾਵਾਂ ਤੇ ਕਿਸਾਨਾਂ ਦੇ ਜਲਸਿਆਂ ਤੋਂ ਪ੍ਰਭਾਵਤ ਹੋ ਕੇ ਕਾਮਰੇਡ ਬਣਿਆ ਸੀ। ਪਾਰਸ ਇੱਕ ਕਿਰਿਆਸ਼ੀਲ ਪੁਰਸ਼ ਹੈ, ਜਿਵੇਂ ਪਹਿਲੋਂ ਵੀ ਲਿਖ ਚੁੱਕਾ ਹਾਂ ਕਿ ਉਸਨੂੰ ਇੱਕ ਕਵੀਸ਼ਰੀਕਾਰ ਜਾਂ ਬੁਲਾਰਾ ਹੀ

ਨਾ ਸਮਝੀ ਰੱਖੋ! ਜੇ ਉਹ ਜੱਟ ਹੈ ਤਾਂ ਜੱਟਾਂ ਦੇ ਪ੍ਰਮੁੱਖ ਧੰਦੇ ਖੇਤੀਬਾੜੀ ਨਾਲ ਸੰਬੰਧਿਤ ਸਾਰੀ ਮਸ਼ੀਨਰੀ ਬਾਰੇ ਵੀ ਖ਼ਾਸਾ ਸੂਝ-ਬੂਝ ਰੱਖਦਾ ਹੈ। ਪਾਰਸ ਕਹਿੰਦਾ ਹੈ, "ਜੇ ਮੈਂ ਤਰਖਾਣਾਂ ਦਾ ਮੁੰਡਾ ਹੁੰਦਾ ਤਾਂ ਹੁਣ ਨੂੰ ਮੇਰੀ ਇੰਜਣਾਂ ਤੇ ਘੋਪਿਆਂ (ਥਰੈਸ਼ਰਾਂ) ਦੀ ਵਰਕਸ਼ਾਪ, ਮੋਗੇ ਦੇ ਕਿਸੇ ਚੌਕ-ਚੌਰਾਹੇ ਵਿੱਚ ਲੱਗੀ ਹੋਣੀ ਸੀ।"

ਹਰੇਕ ਚੀਜ਼, ਜੋ ਸਾਡੇ ਦੇ ਨਿੱਤਾ-ਪ੍ਰਤੀ ਦੇ ਜੀਵਨ 'ਚ ਲੋੜੀਂਦੀ ਹੈ ਪਾਰਸ ਉਸ ਨੂੰ ਗਹੁ ਨਾਲ ਵੇਖਦਾ, ਪਰਖਦਾ ਤੇ ਚੱਜ ਨਾਲ ਵਰਤਦਾ ਹੈ।

ਕਈ ਵਾਰੀ ਆਪਣੇ ਗੁੱਟ ਨਾਲੋਂ ਘੜੀ ਲਾਹ ਕੇ ਘਰ ਆਏ ਕਿਸੇ ਸੱਜਣ-ਬੇਲੀ ਨੂੰ ਕਹੇਗਾ, "ਲੈ ਹਾਅ...... ਘੜੀ ਤੂੰ ਬੰਨ੍ਹ ਲੈ...... ਮੈਂ ਹੋਰ ਲੈ ਲੂੰ......।"

ਜਦੋਂ ਉਸਦੇ ਪੈੱਨ 'ਚੋਂ ਸਿਆਹੀ ਮੁੱਕਣ ਵਾਲੀ ਹੋ ਜਾਵੇ ਤਾਂ ਉਹਨੂੰ ਪਹਿਲੋਂ ਈ ਫ਼ਿਕਰ ਲੱਗ ਜਾਂਦਾ ਹੈ ਤਾਂ ਉਹ ਪੈੱਨ ਨੂੰ ਜੇਭ੍ਹ 'ਚੋਂ ਕੱਢਕੇ ਵੇਖਦਾ ਹੈ, ਫੇਰ ਜੇਭ 'ਚ ਪਾਉਂਦਾ ਕਹਿੰਦਾ ਹੈ, "ਹਾਲੇ ਤਾਂ ਹੈਗੀ ਐ...... ਚੱਲ ਜੂ ਕੰਮ...... ਜਦੋਂ ਮੁੱਕੂਗੀ...... ਵੇਖੀ ਜਾਊ......।"

ਲਿਖਦਾ ਭਾਵੇਂ ਉਹ ਘੱਟ ਹੈ ਪਰ ਪੈੱਨ ਜੇਭ੍ਹ 'ਚ ਲਾਜ਼ਮੀ ਰੱਖਦਾ ਹੈ।

ਹੁਣ ਉਹਦੀ ਆਵਾਜ਼ ਕੁਝ ਘੱਗੀ ਜਿਹੀ ਹੋ ਗਈ ਹੈ, ਇਉਂ ਕਈਆਂ ਸਾਲਾਂ ਤੋਂ ਹੋਈ ਆਵਾਜ਼ ਦਾ ਕਾਰਨ ਉਹ ਜ਼ੁਕਾਮ ਦੱਸਦਾ ਹੈ, ਜਿਸ ਨਾਲ ਆਵਾਜ਼ 'ਚ ਇਹ ਮੋੜਾ ਜਿਹਾ ਆ ਗਿਆ। ਲੱਤਾਂ ਨਾ ਮੁੜਨ ਦਾ ਕਾਰਨ ਉਹ ਜਵਾਨੀ ਵੇਲੇ ਬਹੁਤਾ ਭੱਜਦਾ ਰਿਹਾ ਹੋਣਾ ਦੱਸਦਾ ਹੈ। ਇੱਕ ਵਾਰੀ ਉਹ ਕੋਠੇ 'ਤੋਂ ਵੀ ਡਿੱਗਾ ਸੀ, ਉਹ ਕਹਿੰਦਾ ਹੈ ਕਿ ਸਰੀਰ ਦੇ ਸਭ ਅੰਗਾਂ ਤੋਂ ਜ਼ਿਆਦਾ ਲੱਤਾਂ ਤੋਂ ਹੀ ਮੈਂ ਕੰਮ ਲਿਆ ਹੈ।

ਪਾਰਸ ਹੱਸਣ ਲੱਗਿਆਂ, ਆਪਣਾ ਮੂੰਹ ਕਈਆਂ ਵਾਂਗੂੰ ਬਹੁਤਾ ਨਹੀਂ ਟੱਡਦਾ, ਦੰਦ ਹੀ ਥੋੜ੍ਹੇ-ਥੋੜ੍ਹੇ ਹੱਸਦੇ ਦਿਸਦੇ ਹਨ ਜਾਂ ਬੁੱਲ੍ਹ......।

ਹੁਣ ਉਸ ਤੋਂ ਆਪਣੇ ਕੱਪੜੇ ਵੀ ਆਪ ਨਹੀਂ ਉਤਾਰੇ ਜਾਂਦੇ, ਨੌਕਰ ਜਾਂ ਉਹਦੀ ਜੀਵਨ-ਸਾਥਣ ਕੱਪੜੇ ਲਾਹੁੰਦੀ ਹੈ। ਜਦੋਂ ਉਹਦੇ ਗਲ਼ ਵਾਲਾ ਝੱਗਾ ਲਾਹਿਆ ਜਾਂ ਪਾਇਆ ਜਾਂਦਾ ਹੈ ਤਾਂ...... ਜੇਕਰ ਉਹਦੇ ਸਿਰ ਉੱਤੇ ਪੱਗ ਪਹਿਲੋਂ ਹੀ ਟਿਕੀ ਹੋਈ ਹੋਵੇ ਤਾਂ ਉਹ ਉੱਚੀ-ਉੱਚੀ ਕਹਿੰਦਾ ਹੈ, "ਓ ਹੋ, ਓ..... ਮੇਰੀ ਪੱਗ ਨਾ ਢ੍ਹਾ ਦਿਓ...... ਮੇਰੀ ਪੱਗ......।" ਉਹਦਾ ਕੋਈ ਹੱਥ ਆਮ ਤੌਰ ਤੇ ਦਾਹੜੀ 'ਚ ਫਿਰਦਾ ਰਹਿੰਦਾ ਹੈ।

ਪਾਰਸ ਨੂੰ ਸੁਣਦਾ ਘੱਟ ਹੈ ਤੇ ਕੰਨਾਂ ਨੂੰ ਮਸ਼ੀਨ ਲਾਈ ਹੋਈ ਹੈ, ਕਈ ਵਾਰੀ ਮਸ਼ੀਨ ਲਾਹ ਕੇ ਰੱਖ ਦਿੰਦਾ ਹੈ ਤੇ ਲਾਗੇ-ਚਾਗੇ ਬੈਠਾ ਕੋਈ ਗੱਲਾਂ ਕਰੇ, ਤਾਂ ਉਹ ਕਹਿੰਦਾ ਹੈ, "ਮੈਨੂੰ ਤੇਰੇ ਬੁੱਲ੍ਹ ਈ ਹਿਲਦੇ ਦੀਂਹਦੇ ਐ, ਜਾਹ ਮਸ਼ੀਨ ਚੱਕ ਕੇ ਲਿਆ ਮੇਰੀ, ਲਾਵਾਂ।" ਪਾਰਸ ਕਹਿੰਦਾ ਹੈ ਕਿ ਬੋਲ਼ੇ ਬੰਦੇ ਦੀ ਸਥਿਤੀ ਅਜੀਬ ਤਰ੍ਹਾਂ ਦੀ ਹੁੰਦੀ ਹੈ। ਇਸ ਸੰਬੰਧੀ ਪਾਰਸ ਨੇ ਇੱਕ ਚੁਟਕਲਾ ਇਉਂ ਸੁਣਾਇਆ, "ਘੁਗਿਆਣਵੀ ਤੈਨੂੰ ਮੈਂ ਇੱਕ ਚੁਟਕਲਾ ਸੁਣਾਉਨੈ, ਏਹੇ ਮੇਰੇ 'ਤੇ ਵੀ ਪੂਰਾ ਢੁਕਦੈ। ਬਈ ਇੱਕ ਬੋਲ਼ਾ ਬੰਦਾ ਆਲੂ ਪੱਟੀ ਜਾਵੇ...... ਤੇ ਇੱਕ ਬੋਲ਼ਾ ਹੋਰ ਆ ਗਿਆ, ਜਾ ਕੇ ਉਹਨੂੰ ਕਹਿੰਦਾ ਕੀ ਹਾਲ ਐ ?

ਤੇ ਅੱਗੋਂ ਆਲੂ ਪੱਟਦਾ ਬੋਲ਼ਾ ਬੋਲਿਆ, "ਮੈਂ ਆਲੂ ਪਟਦਾ ਆਂ।"

ਤੇ ਦੂਜਾ ਬੋਲ਼ਾ ਫੇਰ ਬੋਲਿਆ, "ਤੇਰੇ ਜੁਆਕਾਂ ਦਾ ਕੀ ਹਾਲ ਹੈ ?"

ਤੇ ਆਲੂ ਪਟਦਾ ਬੋਲ਼ਾ ਕਹਿੰਦਾ, "ਭੁੰਨ ਭੁੰਨ ਕੇ ਖਾਊਂਗਾ।"

ਪਾਰਸ ਸ਼ੀਸ਼ੇ 'ਚ ਆਪਣੀ ਪੱਗ ਨੂੰ ਸੁਆਰਕੇ ਵੇਖਦਾ ਹੈ। ਦਾਹੜੀ ਤੇ ਮੁੱਛਾਂ 'ਤੇ



ਹੱਥ ਫੇਰਕੇ, ਥੋੜ੍ਹਾ ਕੁ ਮੁਸਕਰਾ ਪੈਂਦਾ ਹੈ ਤੇ ਗੁੱਝਾ ਜਿਹਾ...... ਕਿਸੇ ਆਪਣੇ ਕੋਲ ਖਲੋਤੇ ਵੰਨੀਂ ਵੀ ਵੇਖ ਲੈਂਦਾ ਹੈ।

ਜਿਵੇਂ ਦੱਸਿਆ ਗਿਆ ਹੈ ਕਿ ਕਈਆਂ ਵਰ੍ਹਿਆਂ ਤੋਂ ਉਹਦੀਆਂ ਲੱਤਾਂ ਨਹੀਂ ਮੁੜਦੀਆਂ ਤੇ ਇਸ ਕਾਰਨ ਉਹ ਕਾਫੀ ਹੁੱਝਕਾ ਜਿਹਾ ਮਾਰਕੇ, ਖੂੰਡੀ ਖੜਕਾਉਂਦਾ, ਜਾਂ ਕਿਸੇ ਸਾਥੀ ਦਾ ਹੱਥ ਫੜ੍ਹਕੇ ਤੁਰਦਾ ਹੈ। ਰੁਮਾਲ ਬਹੁਤ ਛੋਟਾ ਜਿਹਾ ਰੱਖਦਾ ਹੈ। ਅਖਬਾਰ ਦਾ ਕਚੂੰਭਰ ਕੱਢ ਦਿੰਦਾ ਹੈ, ਲਾਲ ਸਿਆਹੀ ਵਾਲੇ ਪੈਨ ਨਾਲ ਕੁਝ ਅਹਿਮ ਖ਼ਬਰਾਂ ਦੇ ਹੇਠਾਂ ਲਕੀਰਾਂ ਮਾਰਦਾ ਰਹਿੰਦਾ ਹੈ। ਅਖਬਾਰ ਦਾ ਅੱਖਰ-ਅੱਖਰ ਵੇਂਹਦਾ ਹੈ, ਭਾਵੇਂ ਪੜ੍ਹਿਆ ਹੋਇਆ ਭੁੱਲ ਛੇਤੀ ਹੀ ਜਾਂਦਾ ਹੈ।

ਕਰਨੈਲ ਸਿੰਘ ਪਾਰਸ ਉੱਚੇ ਮਨੋਬਲ, ਦ੍ਰਿੜ ਇਰਾਦੇ ਤੇ ਨਿੱਗਰ ਫੈਸਲੇ ਕਰਨ ਵਾਲਾ ਮਨੁੱਖ ਹੈ। ਦਰਦਮੰਦਾਂ ਦਾ ਆਹੀ, ਮਿੱਤਰਾਂ ਦਾ ਮਿੱਤਰ! ਪਾਰਸ ਆਪਣੇ ਪੁੱਤਾਂ-ਧੀਆਂ ਦਾ ਵਧੀਆ ਪਿਓ ਤਾਂ ਹੈ ਈ...... ਸਗੋਂ ਉਹ ਆਪਣੇ ਪੁੱਤਾਂ ਦਾ ਤਾਂ ਵਧੀਆ ਯਾਰ ਵੀ ਹੈ! ਆਪਣੇ ਪੁੱਤਾਂ ਨਾਲ ਬੈਠਾ ਉਹ ਜਦੋਂ ਦਾਰੂ ਪੀਂਦਾ ਹੈ ਤੇ ਖੁੱਲ੍ਹੀਆਂ-ਡੁੱਲ੍ਹੀਆਂ ਗੱਲਾਂ ਵੀ ਮਾਰਦਾ ਹੈ। ਪਤਨੀ ਦਾ ਪਿਆਰਾ ਦਿਲਦਾਰ, ਤੇ ਸਭ ਕਾਰੋਬਾਰ ਦਾ ਖੁਦਮੁਖ਼ਤਾਰ ਹੈ ਪਾਰਸ!

ਦੱਬੇ ਕੁਚਲੇ ਲੋਕਾਂ ਦਾ ਉਹ ਸੱਚੀਂ ਮੁੱਚੀਂ ਹਮਦਰਦ ਹੈ ਤੇ ਉਨ੍ਹਾਂ ਨਾਲ ਹੁੰਦੇ ਰਹਿੰਦੇ ਵਿਤਕਰੇ ਪ੍ਰਤੀ ਉਹਦੇ ਮਨ ਵਿੱਚ ਰੋਸ ਹੈ। ਇਸਤਰੀ ਜਾਤੀ ਪ੍ਰਤੀ ਉਹਦੇ ਮਨ ਵਿੱਚ ਅਥਾਹ ਸਤਿਕਾਰ ਹੈ ਅਤੇ ਉਸ ਪ੍ਰਤੀ ਹੇਜ਼ ਵੀ। ਆਪਣੇ ਹੱਕਾਂ ਲਈ ਲੜਦੀ ਇਸਤਰੀ ਨੂੰ ਦੇਖ ਕੇ ਉਹ ਤਸੱਲੀ ਮਹਿਸੂਸ ਕਰਦਾ ਹੈ। ਉਹ ਮਜ਼ਦੂਰਾਂ ਤੇ ਕਿਰਤੀਆਂ ਦਾ ਹਾਮੀਂ ਹੈ, ਮਜ਼ਦੂਰ ਦੇ ਸਤਿਕਾਰ ਵਿੱਚ ਉਸਦੀਆਂ ਰਚਨਾਵਾਂ, ਉਸਦੇ 'ਪਾਰਸ ਰਚਨਾਵਲੀ' ਵਾਲੇ ਖੰਡ ਵਿੱਚੋਂ ਪੜ੍ਹ ਕੇ ਇਹ ਗੱਲ ਸਹਿਜ ਪ੍ਰਕਾਰ ਹੀ ਪ੍ਰਗਟ ਹੋ ਜਾਵੇਗੀ। ਉਹ ਰੱਬ ਨੂੰ ਮਿਹਣੇ ਮਾਰਨ ਵਾਲਾ ਤੇ ਆਪਣੇ ਦੇਸ਼ ਦੇ ਕਿਰਸਾਨ ਨੂੰ ਸਤਿਕਾਰਨ ਵਾਲਾ, ਸੱਚਾ ਅਤੇ ਅਨੁਭਵੀ ਕਲਾਕਾਰ ਹੈ। ਉਸਦੀ ਪ੍ਰਵੀਨਤਾ ਅਤੇ ਪ੍ਰਸਿੱਧੀ ਦਾ ਸਿੱਟਾ ਵੀ ਇਹੋ ਹੈ ਕਿ ਉਹ ਆਮ ਲੋਕਾਂ ਨਾਲ ਦਿਨ-ਬ-ਦਿਨ ਜੁੜਿਆ ਹੀ ਜੁੜਿਆ ਹੈ, ਟੁੱਟਾ ਨਹੀਂ।

ਮਾਈਕ ਵਿੱਚ ਬੋਲਣ ਤੋਂ ਪਹਿਲਾਂ ਉੱਚੀ ਕਰ ਕੇ "ਹਾਂ ਜੀ" ਕਹਿਣਾ ਉਹਦੀ ਪੁਰਾਣੀ ਆਦਤ ਹੈ। ਹੁਣ ਵੀ ਉਹ ਟਿਕ ਕੇ ਨਹੀਂ ਬਹਿੰਦਾ, ਲੋਕਾਂ ਦੇ ਵਿਆਹਾਂ-ਸ਼ਾਦੀਆਂ ਤੇ ਸ਼ਗਨ ਦੇਣ, ਮਰਨਿਆਂ ਪਰਨਿਆਂ ਤੇ ਅਫ਼ਸੋਸ ਕਰਨ ਤੇ ਸਕੇ ਸੰਬੰਧੀਆਂ ਜਾਂ ਲਿਹਾਜ਼ੀਆਂ ਨੂੰ ਮਿਲਣ ਲਈ ਨਿੱਤ ਹੀ ਤੁਰਿਆ ਰਹਿੰਦਾ ਹੈ। ਜਾਣ ਲੱਗਾ ਆਪਣੇ ਗਲਮੇਂ 'ਚ ਪਾਊਡਰ ਤੇ ਸੈਂਟ ਛਿੜਕਦਾ ਹੈ। ਪੈਰਾਂ 'ਚ ਗੁਰਗਾਬੀ ਹੌਲ਼ੀ ਜਿਹੀ ਪਾਉਂਦਾ ਹੈ।

ਕੋਈ ਅਮਲੀ ਜਾਂ ਆਰਥਿਕ ਤੌਰ 'ਤੇ ਢਿੱਲਾ ਮੱਠਾ ਬੰਦਾ ਜਦੋਂ ਉਹਦੇ ਵਿਹੜੇ 'ਚ ਜਾ ਵੜੇ ਤਾਂ ਉਹ ਲਾਗੇ ਆਏ ਨੂੰ ਵੇਖ ਕੇ ਆਪਣਾ ਬਟੂਆ ਕੱਢਦਾ ਹੈ, ਤੇ ਵਿੱਚੋਂ ਨੋਟ ਕੱਢਕੇ ਕਹੇਗਾ "ਹਾਅ ਲੈ...... ਥੋੜੇ ਜੇ ਪੈਸੇ ਰੱਖੋ ਲੈ......।" ਕੋਈ ਧੀ-ਧਿਆਣੀ ਜਾਂ ਉਹਦੇ ਛੋਟੇ ਥਾਂ ਲੱਗਦਾ, ਜਾਂ ਕੋਈ ਕਲਾਕਾਰ ਉਹਦੇ ਘਰੋਂ ਖਾਲੀ ਨਹੀਂ ਪਰਤਦਾ!

ਜਦੋਂ ਰਾਮੂੰਵਾਲੇ ਪਿੰਡ ਨੂੰ ਵੜੀਂਦਾ ਹੈ ਤਾਂ ਇੱਕ ਉੱਚੇ ਸਾਰੇ ਉਸਾਰੇ ਗੇਟ ਹੇਠ ਦੀ ਲੰਘੀਦਾ ਹੈ, ਇਹ ਗੇਟ ਪਾਰਸ ਦੇ ਚਹੁੰ ਪੁੱਤਾਂ ਨੇ ਬਣਵਾਇਆ ਹੈ, ਇਸ ਗੇਟ ਉੱਤੇ ਸੀਮਿੰਟ ਨਾਲ ਇਹ ਸ਼ਬਦ ਉੱਕਰੇ ਹੋਏ ਦਿਸਦੇ ਹਨ :

"ਪਿੰਡ ਦੇ ਉਸੱਰੀਏ, ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਦੇ ਜਿਉਂਦੇ ਦੀ

ਯਾਦਗਾਰ, ਦਰਸ਼ਨੀ ਦਰਵਾਜ਼ਾ ਉਸਾਰ ਕੇ ਉਨ੍ਹਾਂ ਦੇ ਚਾਰ ਪੁੱਤਰਾਂ, ਹਰਚਰਨ ਸਿੰਘ, ਬਲਵੰਤ ਸਿੰਘ, ਇਕਬਾਲ ਸਿੰਘ ਤੇ ਰਛਪਾਲ ਸਿੰਘ ਨੇ ਸੌਗਾਤ ਵਜੋਂ ਪਿੰਡ ਦੀ ਭੇਟ ਕੀਤਾ।"

ਗੇਟ ਦੇ ਅੰਦਰ, ਪਿੰਡ ਵਾਲੇ ਪਾਸੇ, ਇਹ ਸ਼ਬਦ ਲਿਖੇ ਹੋਏ ਲੱਭਦੇ ਹਨ : "ਐ ਬੰਦੇ, ਬਦੀਆਂ ਦੀ ਬਦਬੂ ਨਾ ਫੈਲਾ।"

"ਵਿਸ਼ਵ ਸ਼ਾਂਤੀ ਦੀ ਕਾਮਨਾ ਕਰੋ, ਦੁਨੀਆਂ ਭਰ ਦੇ ਜਾਨੂੰਨੀ ਆਦਮ ਖੋਰਾਂ ਤੇ ਸਾਮਰਾਜੀ ਜੰਗਬਾਜ਼ਾਂ ਨੂੰ ਭਾਂਜ ਦਿਓ।" ਕ.ਸ.ਪ.

ਅੱਗੇ ਜਾਓ ਤਾਂ ਪਾਰਸ ਦੇ ਨਾਂ 'ਤੇ ਸਕੂਲ, "ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਸੀਨੀਅਰ ਸੈਕੰਡਰੀ ਸਕੂਲ ਰਾਮੂੰਵਾਲਾ" ਆਉਂਦਾ ਹੈ। ਸਕੂਲ ਦੇ ਗੇਟ ਦੀਆਂ ਬੁਰਜੀਆਂ ਉੱਤੇ, ਪੱਥਰਾਂ 'ਚ ਇਹ ਕੁਝ ਲਿਖਿਆ ਲੱਭਦਾ ਹੈ :

✲ ਦੁਸ਼ਮਣੀ, ਬਦਲਾ ਤੇ ਨਫ਼ਰਤ, ਮੌਤ ਦੇ ਤਿੰਨ ਮੂੰਹ ਹਨ।

✲ ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੈ। ਵਿੱਦਿਆ ਦਾਨ ਉੱਤਮ ਦਾਨ ਹੈ। ਵਿੱਦਿਆ ਅਜਿਹਾ ਧੰਨ ਹੈ ਜਿਸ ਨੂੰ ਚੁਰਾਇਆ ਨਹੀਂ ਜਾ ਸਕਦਾ।

✲ ਅਧਿਆਪਕ ਤੇ ਸਕੂਲ ਕੌਮ ਦੀ ਜ਼ਿੰਦਗੀ ਬਣਾਉਂਦੇ ਹਨ, ਡਾਕਟਰ ਤੇ ਹਸਪਤਾਲ ਜ਼ਿੰਦਗੀ ਬਚਾਉਂਦੇ ਹਨ। ਫਿਰਕੂ ਜਨੂੰਨੀ ਜ਼ਿੰਦਗੀ ਵਿੱਚ ਜ਼ਹਿਰ ਘੋਲਦੇ ਹਨ, ਇਹ ਅਜਿਹੇ ਅੰਨ੍ਹੇ ਹਨ ਜੋ ਜ਼ਿੰਦਗੀ ਦੀਆਂ ਅੱਖਾਂ ਖੋਹ ਲੈਂਦੇ ਹਨ। ਹੈ ਕੋਈ ਰੱਬੀ ਸ਼ਕਤੀ ਜੋ ਇਹਨਾਂ ਨੂੰ ਸੁਮੱਤ ਬਖਸ਼ੇ ?

ਕ.ਸ.ਪ.

✲ ਪਿਆਰੇ ਵਿਦਿਆਰਥੀਓ, ਸਫ਼ਲਤਾ ਦੀ ਕੁੰਜੀ ਕੇਵਲ ਮਿਹਨਤ ਦੇ ਹੱਥ ਵਿੱਚ ਹੈ। ਕੋਈ ਗੁੱਝੀ, ਗ਼ੈਬੀ ਸ਼ਕਤੀ ਜਾਂ ਕਿਸੇ ਕਰਾਮਾਤੀ ਬਾਬੇ ਦੀ ਆਸ਼ੀਰਵਾਦ ਤੁਹਾਨੂੰ ਪ੍ਰੀਖਿਆ ਵਿੱਚੋਂ ਪਾਸ ਨਹੀਂ ਕਰਵਾ ਸਕਦੀ, ਜੇ ਪੂਰੀ ਲਗ਼ਨ ਨਾਲ ਅਭਿਆਸ ਨਾ ਕਰੋਗੇ। ਕ.ਸ.ਪ.

✲ ਐ ਬੰਦੇ, ਬਦੀ ਦੀ ਧੂੜ ਨਾ ਉਡਾ, ਨੇਕੀ ਦੀ ਖੁਸ਼ਬੂ ਖਿੰਡਾਰ, ਆਪ ਜੀਅ ਤੇ ਦੂਜੇ ਨੂੰ ਭੀ ਜੀਣ ਦੇ, ਸਦੀਵੀ ਅਮਨ ਤੇ ਸ਼ਾਂਤੀ ਦੀ ਕਾਮਨਾ ਕਰ! ਕੌਣ ਚੰਗਾ ਤੇ ਕੌਣ ਮਾੜਾ ਹੈ ? ਇਹ ਫ਼ੈਸਲਾ ਲੋਕਾਂ 'ਤੇ ਛੱਡ ਦੇਹ। ਕੀ, ਕਿਉਂ, ਕਿਵੇਂ ਤੇ ਪੁਸਤਕਾਂ ਅਤੇ ਰੀਤੀਆਂ ਨੂੰ ਆਪਣੀ ਬੁੱਧੀ ਦੀ ਕਸਵੱਟੀ 'ਤੇ ਪਰਖ! ਕ.ਸ.ਪ.

ਇੱਕ ਵਾਰ ਪਾਰਸ ਦੇ ਪਿੰਡ ਸਕੂਲ 'ਚ ਸਾਂਝਾ ਸਮਾਗਮ ਸੀ। ਇਸ ਮੌਕੇ 'ਤੇ ਪਾਰਸ ਨੇ ਪਿੰਡ ਵਾਸੀਆਂ ਨੂੰ ਇੱਕ ਸੁਝਾਓ ਦਿੱਤਾ ਕਿ ਆਪਣੇ ਸਮਾਜ ਵਿੱਚ ਜਿਉਂਦਿਆਂ ਦੀਆਂ ਤਾਂ ਵੰਡੀਆਂ ਪਈਆਂ ਹੀ ਹਨ ਤੇ ਮਰਿਆਂ ਦੀਆਂ ਵੰਡੀਆਂ ਨਾ ਰਹਿਣ ਦੇਈਏ, ਪਿੰਡ ਵਿੱਚ ਹਰੀਜਨਾਂ ਤੇ ਜ਼ਿਮੀਂਦਾਰਾਂ ਦੇ ਸਿਵੇ (ਕਬਰਾਂ) ਇੱਕੋ ਕਰ ਦੇਈਏ! ਹਰੇਕ ਮਰੇ ਨੂੰ ਇੱਕੋ ਥਾਂ 'ਤੇ ਸਸਕਾਰਿਆ ਜਾਵੇ! ਸੁਆਹ ਗਰੀਬ ਦੀ ਵੀ ਤੇ ਅਮੀਰ ਦੀ ਵੀ, ਇੱਕੋ ਜਿਹੀਆਂ ਹੀ ਹਨ। ਇਸ ਲਈ ਸਿਵੇ ਸਾਂਝੇ ਕਰ ਲਓ। ਵਿੱਚੋਂ ਹੀ ਪਿੰਡ ਦੇ ਕੁਝ ਹੋਰ ਬੰਦੇ ਬੋਲ ਪਏ ਕਿ ਨਹੀਂ, ਜਿਵੇਂ ਰੀਤ ਚੱਲੀ ਆ ਰਹੀ ਹੈ, ਉਵੇਂ ਹੀ ਚੱਲਣ ਦਿਓ! ਤਾਂ ਪਾਰਸ ਨੇ ਉੱਥੇ ਐਲਾਨ ਕੀਤਾ ਕਿ, "ਜੱਟਾਂ ਦੇ ਸਿਵਿਆਂ ਨੂੰ ਇਕਵੰਜਾ ਸੌ ਰੁਪੱਈਆ ਤੇ ਹਰੀਜਨਾਂ ਦੇ ਸਿਵਿਆਂ ਨੂੰ ਇਕਵੰਜਾ ਹਜ਼ਾਰ ਰੁਪੱਈਆ ਦਿੰਨੈ...... ਤੇ ਮੈਂ ਵਸੀਅਤ ਲਿਖਕੇ ਦੇਣ ਨੂੰ ਤਿਆਰ ਐਂ ਬਈ ਮੈਂ ਜਦੋਂ ਮਰਾਂ, ਤਾਂ ਮੇਰਾ ਸਸਕਾਰ ਹਰੀਜਨਾਂ ਦੇ ਸਿਵਿਆਂ 'ਚ ਕਰਨੈ



ਨਾ ਕਿ ਜੱਟਾਂ ਦੇ ਸਿਵਿਆਂ 'ਚ।"

ਰਾਮੂੰਵਾਲੇ ਅੱਡੇ ਉੱਤੇ ਹੀ ਦਲਜੀਤ ਕੌਰ ਪਾਰਸ ਤੇ ਕਰਨੈਲ ਸਿੰਘ ਦੇ ਨਾਂ ਦੀ ਡਿਸਪੈਂਸਰੀ ਹੈ। ਪਿੰਡ ਦੇ ਲੋਕਾਂ ਨੂੰ ਸਾਹਿਤ ਅਤੇ ਪੁਸਤਕਾਂ ਪੜ੍ਹਨ ਦੀ ਚੇਟਕ ਲਾਉਣ ਲਈ ਕਰਨੈਲ ਸਿੰਘ ਪਾਰਸ ਯਾਦਗਾਰੀ ਲਾਇਬ੍ਰੇਰੀ ਵੀ ਬਣਾਈ ਹੋਈ ਹੈ, ਉਸ ਲਈ ਉਹ ਕਿਤਾਬਾਂ ਲਿਆ ਲਿਆ ਕੇ ਰੱਖਦਾ ਰਹਿੰਦਾ ਹੈ। ਇਸ ਸਭ ਕਾਸੇ ਤੋਂ ਇਲਾਵਾ ਉਸ ਨੇ ਪਿੰਡ ਦੇ ਵੱਖ-ਵੱਖ ਵਿਕਾਸ ਕੰਮਾਂ ਉੱਤੇ ਦਸ ਲੱਖ ਰੁਪੱਈਆ ਖਰਚਿਆ ਹੈ। ਪਿੰਡ ਵਿੱਚ ਦੋ ਬਿਰਧ ਆਸ਼ਰਮ ਵੀ ਬਣਾਏ ਹਨ। ਅਤੇ ਪਿੰਡ ਦੀ ਭਲਾਈ ਲਈ ਉਹ ਹਰ ਵੇਲੇ ਕੋਈ ਨਾ ਕੋਈ ਸਲਾਹ ਜਾਂ ਤਰਕੀਬ ਘੜਦਾ ਰਹਿੰਦਾ ਹੈ।

✲✲

ਇਸ ਪੁਸਤਕ ਨੂੰ ਛਪਵਾਉਣ ਖਾਤਰ ਜਦੋਂ ਮੇਘ ਰਾਜ ਮਿੱਤਰ ਦੇ ਘਰ ਬਰਨਾਲੇ ਕੱਚਾ ਕਾਲਜ ਰੋਡ ਨੂੰ, ਰਿਕਸ਼ੇ ਉੱਤੇ ਬੈਠਿਆ ਜਾ ਰਿਹਾ ਸਾਂ ਤਾਂ ਸਾਹਮਣਿਓਂ ਉੱਘੇ ਸਾਹਿਤਕਾਰ ਸ੍ਰੀ ਰਾਮ ਸਰੂਪ ਅਣਖੀ ਮੋਪਡ 'ਤੇ ਚੜ੍ਹੇ ਆਉਂਦੇ ਦਿਸੇ ਤੇ ਅੱਗੇ ਨੂੰ ਲੰਘ ਗਏ, ਆਪਣੇ ਘਰ ਵੰਨੀਂ ਜਾ ਰਹੇ ਸਨ। ਰਿਕਸ਼ੇ 'ਤੇ ਬੈਠੇ ਬੈਠੇ ਈ ਮੇਰੇ ਮਨ ਵਿੱਚ ਆਈ ਕਿ ਕਿਉਂ ਨਾ ਅਣਖੀ ਜੀ ਤੋਂ ਵੀ ਪਾਰਸ ਜੀ ਬਾਬਤ ਕੁੱਝ ਪੁੱਛਿਆ ਜਾਵੇ। ਤੇ ਮੈਂ ਉਸੇ ਵੇਲੇ ਰਿਕਸ਼ੇ ਵਾਲੇ (ਭਈਏ) ਨੂੰ ਅਣਖੀ ਜੀ ਦੇ ਘਰ ਵੰਨੀਂ ਤੋਰ ਲਿਆ। ਉਹ ਹਾਲੇ ਮੋਪਡ ਤੋਂ ਉੱਤਰੇ ਹੀ ਸਨ। ਖੁਸ਼ ਹੁੰਦੇ ਬੋਲੇ, "ਆ ਬਈ ਘੁਗਿਆਣਵੀ ਆ ਜਾ...... ਕੀ ਹਾਲ ਐ।"

ਧੁੱਪੇ ਕੁਰਸੀਆਂ 'ਤੇ ਬੈਠੇ। ਜਦ ਮੈਂ ਪਾਰਸ ਜੀ ਦੀ ਜੀਵਨੀ ਕਿਤਾਬ ਲਿਖਣ ਬਾਰੇ ਅਣਖੀ ਜੀ ਨੂੰ ਦੱਸਿਆ ਤਾਂ ਉਹ ਖੁਸ਼ ਹੋਏ...... ਪਾਰਸ ਦੀਆਂ ਗੱਲਾਂ ਕਰਨ ਲੱਗ ਪਏ ਤੇ ਮੈਂ ਆਪਣੇ ਬੋਝੇ ਵਿੱਚੋਂ ਕਾਗਜ਼ ਕੱਢ ਕੇ ਅਣਖੀ ਜੀ ਦੀਆਂ ਗੱਲਾਂ ਨੋਟ ਕਰਨ ਲੱਗ ਪਿਆ।

"ਅਸੀਂ ਨਿੱਕੇ ਨਿੱਕੇ ਹੁੰਦੇ ਸਾਂ, ਤੇ ਪਿੰਡ 'ਚ ਤਵਿਆਂ 'ਚੋਂ ਗੌਣ ਸੁਣਦੇ ਹੁੰਦੇ, ਇੱਕ ਰਿਕਾਰਡ ਬੜਾ ਪ੍ਰਸਿੱਧ ਸੀ ਕਵੀਸ਼ਰਾਂ ਦਾ : ਕਿਉਂ ਫੜ੍ਹੀ ਸਿਪਾਹੀਆਂ ਨੇ ਭੈਣੋਂ ਇਹ ਹੰਸਾਂ ਦੀ ਜੋੜੀ। ਤੇ ਸਮਾਂ ਬੀਤਦਾ ਗਿਆ...... ਇਹ ਗੀਤ ਵੱਜਦਾ ਕੰਨੀਂ ਪੈਂਦਾ ਰਿਹਾ।

ਫੇਰ ਮੈਂ ਬਰਨਾਲੇ ਆਣ ਕੇ ਰਹਿਣ ਲੱਗ ਪਿਆ...... ਮੇਰਾ ਨਾਂ ਉਦੋਂ ਪੰਜਾਬ ਦੇ ਚੰਗਾ ਲਿਖਣ ਵਾਲਿਆਂ 'ਚ ਆ ਗਿਆ ਹੋਇਆ ਸੀ।

ਇੱਕ ਦਿਨ ਆਥਣ ਦਾ ਪਹਿਰ, ਮੈਂ ਘਰੇ ਈ ਸਾਂ, ਕੋਈ ਬੰਦਾ ਮੈਨੂੰ ਆ ਕੇ ਆਂਹਦਾ, ਬਈ ਥੋਨੂੰ ਕਰਨੈਲ ਪਾਰਸ ਕਵੀਸ਼ਰ ਸਦਦੈ! ਏਹ ਹੰਡਿਆਏ ਫਾਟਕ ਨੇੜੇ ਢਿੱਲੋਂ ਬੱਸ ਸਰਵਿਸ ਵਾਲਿਆਂ ਦੇ, ਮਲਾਗਰ ਸਿੰਓ ਦੇ ਆਏ ਹੋਏ ਸੀ। ਮੈਂ ਹੈਰਾਨ ਹੋਇਆ ਪਈ ਕਿਹੜਾ ਕਰਨੈਲ ਸਿੰਘ ਪਾਰਸ ? ਖ਼ੈਰ, ਮੈਂ ਉੱਥੇ ਜਾ ਵੜਿਆ। ਤੇ ਮੈਨੂੰ ਇੱਕ ਦਮ ਚੇਤਾ ਆਇਆ ਬਈ ਇਹ ਕਰਨੈਲ ਸਿੰਘ ਪਾਰਸ ਉਹੀ ਐ ਜੀਹਨੇ ਰਿਕਾਰਡ ਤਵਿਆਂ 'ਚ ਭਰਵਾਇਆ ਸੀ, ਕਿਉਂ ਫੜ੍ਹੀ ਸਿਪਾਹੀਆਂ ਨੇ ਭੈਣੋਂ ਇਹ ਹੰਸਾਂ ਦੀ ਜੋੜੀ।

ਮੈਂ ਹੈਰਾਨ ਹੋਇਆ ਕਿ ਕਰਨੈਲ ਸਿੰਘ ਪਾਰਸ ਨੇ ਮੇਰੀਆਂ ਕਈ ਕਹਾਣੀਆਂ ਪੜ੍ਹ ਰੱਖੀਆਂ ਸਨ ਤੇ ਉਹ ਮੈਨੂੰ ਲੇਖਕ ਵਜੋਂ ਚੰਗੀ ਤਰ੍ਹਾਂ ਜਾਣਦਾ ਸੀ ਤਾਂ ਹੀ ਮਿਲਣ ਵਾਸਤੇ ਉਹਨੇ ਮੈਨੂੰ ਸੱਦਿਆ ਸੀ। ਮੈਨੂੰ ਬੜੀ ਖੁਸ਼ੀ ਹੋਈ ਤੇ ਪਾਰਸ ਆਵਦੇ ਅੱਗੇ ਵਿਸਕੀ ਦੀ ਬੋਤਲ ਖੋਹਲੀ ਬੈਠਾ ਸੀ, ਕਹਿੰਦਾ ਅਣਖੀ ਪੀ ਬਈ...... ਜਿੰਨਾ ਚਿਰ ਹੈਥੇ ਪਾਰਸ

ਬੈਠੂਗਾ...... ਦਾਰੂ ਇਉਂ ਈ ਚੱਲੂਗੀ। ਅਸੀਂ ਦਾਰੂ ਪੀਣ ਲੱਗੇ। ਏਧਰ ਮੈਂ ਘਰੋਂ ਜਾਣ ਲੱਗਿਆ ਆਖ ਕੇ ਗਿਆ ਸਾਂ ਬਈ ਮੈਂ ਮਲਾਗਰ ਸਿੰਓ ਕੇ ਚੱਲਿਐਂ। ਤੇ ਪਿੱਛੋਂ ਮੈਨੂੰ ਲੱਭਦੇ...... ਬੂਟਾ ਸਿੰਘ ਚੌਹਾਨ ਤੇ ਸੀ. ਮਾਰਕੰਡਾ ਸਾਡੇ ਘਰੇ ਆ ਗਏ। ਘਰਦਿਆਂ ਨੇ ਉਹ ਮੇਰੇ ਮਗਰੇ ਭੇਜਤੇ। ਉਹਨਾਂ ਨੂੰ ਵੀ ਮਿਲ ਕੇ ਪਾਰਸ ਬੜਾ ਖੁਸ਼ ਹੋਇਆ...... ਉੱਥੇ ਇਉਂ ਈ ਕੁਛ ਹੋਰ ਸੱਜਣ ਬੇਲੀ ਆ ਗਏ...... ਮੇਲਾ ਲੱਗ ਗਿਆ। ਵਿਸਕੀ ਦੀਆਂ ਬੋਤਲਾਂ ਹੋਰ ਖੁੱਲ੍ਹ ਗਈਆਂ। ਬੜੀਆਂ ਗੱਲਾਂ-ਬਾਤਾਂ ਹੁੰਦੀਆਂ ਰਹੀਆਂ ਤੇ ਮੈਂ ਜਦੋਂ ਕੋਈ ਗੱਲ ਕਰਿਆ ਕਰਾਂ, ਸਾਹਿਤ ਦੀ ਜਾਂ ਕਿਸੇ ਲੇਖਕ ਦੀ ਜਾਂ ਕੋਈ ਹੋਰ ਗੱਲ ਤਾਂ ਪਾਰਸ ਆਵਦੀ ਜੇਬ੍ਹ ’ਚ ਹੱਥ ਪਾਉਂਦਾ ਤੇ ਕਹਿੰਦਾ, ਲੈ ਅਣਖੀ ਤੇਰੀ ਗੱਲ ਤੋਂ ਖੁਸ਼ ਹੋ ਕੇ ਮੈਂ ਤੈਨੂੰ ਸੌ ਰੁਪੱਈਆ ਦਿੰਨੈ! ਪਰ ਉਹ ਸੌ ਰੁਪੱਈਆ ਨਾ ਕੱਢਦਾ ਤੇ ਉਈਂ ਹੱਥ ਜੇਬ੍ਹ ’ਚ ਪਾ ਕੇ ਬਾਹਰ ਕੱਢ ਲੈਂਦਾ...... ਫੇਰ ਝੱਟ ਕੁ ਪਿੱਛੋਂ ਆਂਹਦਾ ਲੈ ਅਣਖੀ, ਤੇਰੀ ਗੱਲ ਤੋਂ ਖੁਸ਼ ਹੋ ਕੇ ਮੈਂ ਤੈਨੂੰ ਸੌ ਰੁਪੱਈਆ ਦਿੰਨੈ। ਪਰ ਫੇਰ ਹੱਥ ਖਾਲੀ......।

ਮੈਂ ਹੱਸਦਿਆਂ-ਹੱਸਦਿਆਂ ਕਿਹਾ, ਬਈ ਕਰਨੈਲ ਸਿਆਂ ਆਹ ਕਵੀਸ਼ਰਾਂ ਆਲ਼ੀਆਂ ਗੱਲਾਂ ਨਾ ਕਰ......। ਸਾਰੇ ਹਾਸੜਾਂ ਪੈ ਗਈਆਂ।”

ਇਹ ਗੱਲ ਸੁਣਾਉਂਦੇ ਅਣਖੀ ਜੀ ਵੀ ਖੂਬ ਹੱਸਦੇ ਹਨ ਤੇ ਫੇਰ ਚਾਹ ਵਾਲੇ ਕੱਪ ਦੀ ਕਿਨਾਰੀ ਉਤੋਂ ਮੱਖੀਆਂ ਉਡਾਉਂਦੇ ਕਹਿੰਦੇ ਹਨ, “ਲੈ ਬਈ, ਘੁਗਿਆਣਵੀ...... ਇੱਕ ਗੱਲ ਹੋਰ ਲਿਖ ਲੈ ਪਾਰਸ ਦੀ......।”

“ਇਉਂ ਹੋਇਆ ਐਥੇ ਲਾਂਬੜੇ ਸਾਨੂੰ ਸਨਮਾਨਿਤ ਕੀਤਾ ਪੰਜਾਬੀ ਸੱਥ ਲਾਂਬੜਾ ਆਲ਼ਿਆਂ ਨੇ। ਪਾਰਸ ਹੋਰਾਂ ਨੂੰ ਵੀ...... ਤੇ ਮੈਂ ਹੱਥ ਜਿਹਾ ਮਿਲਾਇਆ ਪਾਰਸ ਨਾਲ। ਕੋਲ਼ੇ ਖੜ੍ਹਾ ਗੁਰਬਚਨ ਸਿੰਘ ਭੁੱਲਰ ਮੈਨੂੰ ਪੁੱਛਦੈ, “ਬਈ ਇਹ ਬਾਪੂ ਜੀ ਕੌਣ ਐਂ ?”

ਮੈਂ ਤਾਂ ਹਾਲੇ ਬੋਲਿਆ ਨਹੀਂ ਸਾਂ ਤੇ ਪਾਰਸ ਆਪੇ ਈ ਬੋਲ ਪਿਆ, ਕਹਿੰਦਾ, “ਮੈਂ ਜੀ, ਬਲਵੰਤ ਰਾਮੂੰਵਾਲੀਏ ਐਮ.ਪੀ. ਦਾ ਬਾਪੂ ਆਂ।”

ਗੁਰਬਚਨ ਸਿੰਘ ਭੁੱਲਰ ਹੱਸਦਿਆਂ-ਹੱਸਦਿਆਂ ਬੋਲਿਆ, “ਬਈ ਬਜ਼ੁਰਗੋ, ਅਸੀਂ ਤਾਂ ਬਲਵੰਤ ਰਾਮੂੰਵਾਲੀਏ ਐਮ.ਪੀ. ਦੇ ਕਿਸੇ ਬਾਪੂ ਨੂੰ ਨਹੀਂ ਜਾਣਦੇ....... ਅਸੀਂ ਤਾਂ ਨਿੱਕੇ-ਨਿੱਕੇ ਹੁੰਦੇ ਗੌਣ ਸੁਣਦੇ ਹੁੰਦੇ ਸੀ। ਤਵਿਆਂ ’ਚੋਂ, ਕਿਉਂ ਫੜ੍ਹੀ ਸਿਪਾਹੀਆਂ ਨੇ ਭੈਣੋਂ ਏਹ ਹੰਸਾਂ ਦੀ ਜੋੜੀ...... ਜਾਂ ਇੱਕ ਗੌਣ ਬੱਜਦਾ ਸੁਣਦੇ, ਹੈ ਆਉਣ ਜਾਣ ਬਣਿਆਂ ਦੁਨੀਆਂ ਚਾਹੁੰ ਕੁ ਦਿਨਾਂ ਦਾ ਮੇਲਾ...... ਜੇ ਤੁਸੀਂ ਉਹੀ ਗੌਣਾਂ ਆਲ਼ੇ ਪਾਰਸ ਐਂ...... ਤਾਂ ਮੈਂ ਉਸ ਪਾਰਸ ਨੂੰ ਤਾਂ ਜਾਣਦੈਂ......।” ਭੁੱਲਰ ਹੱਸਣ ਲੱਗਿਆ ਤੇ ਕਰਨੈਲ ਸਿੰਓਂ ਵੀ ਮੁਸਕਰਾਇਆ।”

“ਲੈ ਬਈ ਘੁਗਿਆਣਵੀ ਇੱਕ ਹੋਰ ਯਾਦ ਲਿਖ ਲੈ।” ਅਣਖੀ ਜੀ ਕੱਪ ਵਿਚਲੀ ਚਾਹ ਦੀ ਅਖੀਰਲੀ ਘੁੱਟ ਭਰਕੇ ਖਾਲੀ ਕੱਪ ਹੇਠਾਂ ਰੱਖਦੇ ਬੋਲੇ, “ਸਾਡੇ ਕਰਾਂਤੀ ਦੇ ਵਿਆਹ ਦੀ ਰਿਸੈਪਸ਼ਨ ਸੀ, ਤੇ ਜੱਸੋਵਾਲ ਵੀ ਆਇਆ ਨਾਲ ਉਹਦੇ ਹਰਭਜਨ ਮਾਨ ਵੀ ਆਇਆ। ਉਦੋਂ ਉਹਦਾ ਗੀਤ ‘ਚਿੱਠੀਏ ਨੀ ਚਿੱਠੀਏ’ ਬੜਾ ਚੜ੍ਹਿਆ ਹੋਇਆ ਸੀ ਤੇ ਇੱਕ ਗੌਣ ਆਲ਼ਾ ਮਲੋਟੋਂ ਆਇਆ ਸੀ ਨਿਰਮਲ ਦਿਓਲ ਨਿੰਮਾਂ...... ਤੇ ਹਰਭਜਨ ਮਾਨ ਨੂੰ ਲੋਕੀਂ ਆਖਣ ਲੱਗੇ ਬਈ ‘ਚਿੱਠੀਏ ਨੀ ਚਿੱਠੀਏ’ ਆਲ਼ਾ ਗੀਤ ਸੁਣਾ।

ਤੇ ਹਰਭਜਨ ਮਾਨ ਬੜੇ ਆਰਾਮ ਨਾਲ ਉੱਠਿਆ, ਸਾਰਿਆਂ ਵੰਨੀਂ ਹੱਥ ਜੋੜੇ ਫੇਰ ਸਟੇਜ ਨੂੰ ਮੱਥਾ ਝੁਕਾਇਆ ਤੇ ਸਾਜ਼ਾਂ ਨੂੰ ਹੱਥ ਛੁਹਾ ਕੇ, ਆਵਦੇ ਮੱਥੇ ਨੂੰ ਲਾਏ। ਗਾਉਣ



ਲੱਗ ਪਿਆ। ਇੱਕ ਤਾਂ ਚਿੱਠੀਏ ਆਲ਼ਾ ਈ ਗਾਇਆ ਗੀਤ ਉਹਨੇ ਤੇ ਇੱਕ ਕੋਈ ਹੋਰ। ਪਤਾ ਨਹੀਂ ਕਿਹੜਾ ਸੀ ਮੈਂ ਭੁੱਲ ਗਿਆ। ਤੇ ਸਾਰੇ ਰਿਸ਼ਤੇਦਾਰ ਤੇ ਮਿੱਤਰ ਬੇਲੀ ਉਹਨੂੰ ਸੌ-ਸੌ ਪੰਜਾਹਾਂ-ਪੰਜਾਹਾਂ ਦੇ ਨੋਟ ਦੇਣ ਲੱਗ ’ਪੇ...... ਵਾਹਵਾ ਰੁਪੱਈਏ ’ਕੱਠੇ ਹੋਗੇ। ਤੇ ਉਹ ਫੜੀ ਗਿਆ। ਮੇਰੇ ਖ਼ਿਆਲ ’ਚ ਚਾਰ ’ਕ ਹਜ਼ਾਰ ਦੇ ਲਗਭਗ ਹੋ ਗਿਆ ਹੋਊ ਇਨਾਮ ਉਹਨੂੰ। ਤੇ ਗਾਉਣ ਮਗਰੋਂ ਉਹਨੇ ਉਹ ਸਾਰੇ ਰੁਪੱਈਏ ਹੱਥ ’ਚ ਫੜਕੇ ਸਾਜਿੰਦਿਆਂ ਨੂੰ ਦੇ ਦਿੱਤੇ...... ਆਪ ਕੋਈ ਨ੍ਹੀਂ ਲਿਆ। ਮੈਂ ਹੈਰਾਨ ਹੋਇਆ ਤੇ ਖੁਸ਼ ਵੀ, ਬਈ ਬੜਾ ਚੰਗੈ ਮੁੰਡਾ। ਮੈਨੂੰ ਚੇਤਾ ਆਇਆ ਬਈ ਏਹੇ ਤਾਂ ਰਾਮੂੰਵਾਲੀਏ ਕਰਨੈਲ ਸਿੰਓਂ ਪਾਰਸ ਦਾ ਪੋਤ ਜੁਆਈ ਐ...... ਤਾਂ ਹੀ ਦਿਲ ਦਰਿਆ ਐ। ਮੈਨੂੰ ਬੜਾ ਚੰਗਾ-ਚੰਗਾ ਲੱਗਿਆ ਹਰਭਜਨ ਮਾਨ। ਕਿਉਂਕਿ ਪਾਰਸ ਵੀ ਦਿਲ ਦਰਿਆ ਐ। ਤੇ ਏਹੋ ਮੁੰਡਾ ਨਿੱਕਾ ਹੁੰਦਾ ਈ ਉਹਦੇ ਨਾਲ ਗਾਉਂਦਾ ਰਿਹੈ। ਮੇਰੇ ਤਾਂ ਆਹੀ ਗੱਲਾਂ ਚੇਤੇ ਐ...... ਆਹੀ ਲਿਖ ’ਲੀਂ। ਤੇ ਇੱਕ ਗੱਲ ਹੋਰ ਐ ਬਈ ਘੁਗਿਆਣਵੀ...... ਆਹ ਜੋ ਹੁਣ ਚੱਲ ਪਿਐ ਨਾ ਪੌਪ ਸੰਗੀਤ, ਏਹਦੀ ਕੋਈ ਉਮਰ ਨਹੀਂ, ਤੇ ਪਾਰਸ ਦੀ ਕਵੀਸ਼ਰੀ ਉਹਦੇ ਭਰੇ ਤਵੇ ਅਸਲੀ ਲੋਕ ਗਾਇਕੀ ਐ, ਇਹ ਲੋਕਾਂ ਦੀ ਗਾਇਕੀ ਐ। ਇਹ ਰਹਿੰਦੀ ਦੁਨੀਆਂ ਤੀਕ ਰਹੂ ਤੇ ਇਹਦਾ ਜ਼ਮਾਨਾ ਫੇਰ ਆ ਜਾਣੈਂ...... ਵੇਖ ਲੀਂ ਤੂੰ......।”

ਇਹਨਾਂ ਯਾਦਾਂ ਨੂੰ ਮੈਂ ਕਾਗਜ਼ ਉੱਤੇ ਨੋਟ ਕਰਕੇ ਅਣਖੀ ਜੀ ਦਾ ਧੰਨਵਾਦ ਕੀਤਾ ਤੇ ਚਾਈਂ-ਚਾਈਂ ਉਹਨਾਂ ਤੋਂ ਵਿਦਾ ਲਈ।

ਜਗਦੇਵ ਸਿੰਘ ਜੱਸੋਵਾਲ ਪਾਰਸ ਦਾ ਦੋਸਤ ਵੀ ਹੈ ਤੇ ਉਹਦੀ ਕਲਾ ਦਾ ਪ੍ਰਸ਼ੰਸਕ ਵੀ। ਪਾਰਸ ਬਾਰੇ ਜੱਸੋਵਾਲ ਇਉਂ ਕਹਿੰਦਾ ਹੈ, “ਪਾਰਸ ਇੱਕ ਵਿਅਕਤੀ ਹੀ ਨਹੀਂ ਸਗੋਂ ਉਹ ਪੰਜਾਬੀ ਲੋਕ-ਗਾਇਕੀ, ਕਵੀਸ਼ਰੀ ਦਾ ਇੱਕ ਵੱਡਾ ਘਰਾਣਾ ਬਣ ਚੁੱਕੈ, ਉਸ ਨੇ ਮੁਹਾਵਰਿਆਂ ਤੇ ਲੋਕ ਜਾਣਕਾਰੀ ਭਰਪੂਰ ਕਵੀਸ਼ਰੀ ਰਚ ਕੇ ਪੰਜਾਬੀ ਸਭਿਆਚਾਰ ਨੂੰ ਭਰਪੂਰ ਕੀਤਾ ਹੈ।”

ਆਪਣੀਆਂ ਯਾਦਾਂ ਦੇ ਝਰੋਖੇ ’ਚ ਝਾਕ ਕੇ, ਜੱਸੋਵਾਲ ਖੁਸ਼ ਹੋ-ਹੋ ਕੇ ਕਹਿੰਦਾ ਹੈ, “ਓ ਹਾਂ, ਸੱਚ...... ਬਈ ਮੈਨੂੰ ਚੇਤਾ ਆ ਗਿਆ ਉਏ ਬਈ...... ਮੇਰੇ ਆਨੰਦ ਕਾਰਜ ਸਮੇਂ, ਪਿੰਡ ਧੂੜਕੋਟ ਜ਼ਿਲ੍ਹਾ ਸੰਗਰੂਰ ਵਿਖੇ 1955 ’ਚ, ਪਾਰਸ ਦਾ ਹੀ ’ਖਾੜਾ ਲੱਗਿਆ ਸੀ। ਤੇ ਮੇਰੇ ਵਿਆਹ ’ਤੇ ਸਭ ਤੋਂ ਪਹਿਲਾਂ ਸ਼ੁਭ ਕਾਮਨਾਵਾਂ ਤੇ ਆਸ਼ੀਰਵਾਦ ਪਾਰਸ ਨੇ ਹੀ ਮੈਨੂੰ ਦਿੱਤਾ ਸੀ, ਉਸ ਆਸ਼ੀਰਵਾਦ ਨੂੰ ਮੈਂ ਅੱਜ ਵੀ ਆਪਣੇ ਮਨ ਦੀ ਚੇਤਨਾ ਵਿੱਚ ਸਾਂਭ ਕੇ ਰੱਖੀ ਬੈਠਾ ਆਂ। ਮੈਂ ਬੜਾ ਖੁਸ਼ ਹੁੰਨਾ ਏਸ ਪਰਿਵਾਰ ਵੰਨੀਂ ਵੇਖ ਕੇ ਬਈ...... ਮਾਸਟਰ ਹਰਚਰਨ ਸਿੰਘ, ਇਕਬਾਲ ਰਾਮੂੰਵਾਲੀਆ ਤੇ ਹਰਚਰਨ ਦਾ ਜੁਆਈ...... ਪੰਜਾਬੀ ਲੋਕ ਗਾਇਕੀ ਦੇ ਅੰਬਰ ਦਾ ਤਾਰਾ ਹਰਭਜਨ ਮਾਨ ਤੇ ਬਲਵੰਤ ਰਾਮੂੰਵਾਲੀਆ ਦੀ ਸਫ਼ਲ ਰਾਜਨੀਤੀ। ਸਭ ਖੁਸ਼ਹਾਲ ਹਨ, ਇਹ ਸਭ ਪਾਰਸ ਦੀ ਬਦੌਲਤ ਹੀ ਹਨ ਤੇ ਉਸਦਾ ਨਾਂ ਚਮਕਾ ਰਹੇ ਹਨ। ਕਵੀਸ਼ਰੀ ਦਾ ਇਹ ਸੂਰਜ ਹਮੇਸ਼ਾ ਚੜ੍ਹਿਆ ਰਹੇ।”

ਗੀਤਾਂ ਦਾ ਬਾਦਸ਼ਾਹ ਇੰਦਰਜੀਤ ਹਸਨਪੁਰੀ ਪਾਰਸ ਦੀ ਕਵੀਸ਼ਰੀ ਦੀ ਤੁਲਨਾ ‘ਲਟ ਲਟ ਬਲਦੇ ਦੀਵੇ’ ਨਾਲ ਕਰਦਾ ਹੈ, ਉਹ ਕਹਿੰਦਾ ਹੈ, “ਪਾਰਸ ਦਾ ਨਾਂ ਪੰਜਾਬ ਦੇ ਗਿਣਤੀ ਦੇ ਚਾਰ ਪੰਜ ਕਵੀਸ਼ਰਾਂ ’ਚੋਂ ਸਭ ਤੋਂ ਮੂਹਰੇ ਆਉਂਦੈ, ਜਿੰਨ੍ਹਾਂ ਨੇ ਮਾਂ ਬੋਲੀ ਦੀ ਝੋਲ਼ੀ ਵਿੱਚ ਸੁੱਚੇ ਮੋਤੀਆਂ ਵਰਗੀ ਕਵੀਸ਼ਰੀ ਪਾ ਕੇ ਪੰਜਾਬੀਅਤ ਨੂੰ ਬਹੁਤ ਅਮੀਰ ਕਰ ਦਿੱਤੈ। ਸਾਡੇ ਮਾਣ ਮੱਤੇ ਸਿੱਖ ਇਤਿਹਾਸ ਦੀ ਜੋ ਬੇਮਿਸਾਲ ਸੇਵਾ ਪਾਰਸ ਨੇ ਕੀਤੀ

ਹੈ, ਉਸਤੇ ਜਿੰਨਾ ਵੀ ਮਾਣ ਕਰੀਏ ਘੱਟ ਹੀ ਹੈ।

ਬਲਵੰਤ ਸਿੰਘ ਰਾਮੂੰਵਾਲੀਆ ਜੋ ਲੋਕਾਂ ਦੀ ਸੇਵਾ ਕਰਕੇ ਜੱਸ ਖੱਟ ਰਿਹੈ, ਤੇ ਹਰਭਜਨ ਮਾਨ ਪਾਰਸ ਦੀਆਂ ਲਿਖਤਾਂ ਨੂੰ ਗਾ ਕੇ ਜੋ ਪੈੜਾਂ ਪਾ ਰਿਹੈ, ਇਹ ਪੰਜਾਬੀ, ਪੰਜਾਬ ਤੇ ਪੰਜਾਬੀਅਤ ਲਈ ਸ਼ੋਭਾ ਵਾਲੀ ਗੱਲ ਹੈ। ਮੈਂ ਪਾਰਸ ਰਾਮੂੰਵਾਲੀਆ ਦੀ ਪੰਜਾਬੀ ਮਾਂ ਬੋਲੀ ਪ੍ਰਤੀ ਕੀਤੀ ਸੇਵਾ ਅੱਗੇ ਸੀਸ ਝੁਕਾਂਦਾ ਹਾਂ।"

✲ ਕਰਨੈਲ ਸਿੰਘ ਪਾਰਸ ਦੇ ਮਨ-ਪਸੰਦ ਲੇਖਕਾਂ ਵਿੱਚੋਂ ਕਾਮਰੇਡ ਜਤਿੰਦਰ ਪਨੂੰ ਇੱਕ ਹਨ ਅਤੇ ਸ਼੍ਰੀ ਪਨੂੰ ਪਾਰਸ ਦੀ ਕਵੀਸ਼ਰੀ ਅਤੇ ਸ਼ਖ਼ਸੀਅਤ ਤੋਂ ਵੀ ਪ੍ਰਭਾਵਤ ਹਨ, ਉਨ੍ਹਾਂ ਦੇ ਵਿਚਾਰਾਂ ਵਿੱਚ ਪਾਰਸ ਨੂੰ ਵੇਖੋ, "ਦੇਹੀ ਵੱਲ ਵੇਖੀਏ ਤਾਂ ਬਜ਼ੁਰਗਾਂ ਵਿੱਚ ਸ਼ਾਮਲ ਜਾਪਦੇ ਨੇ ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂੰਵਾਲੀਏ ਹੋਰੀਂ। ਪਰ ਜੇ ਕੋਲ ਬਹਿ ਕੇ ਪੰਜ ਸੱਤ ਮਿੰਟ ਟੋਟਕੇ ਸੁਣ ਲਓ ਤਾਂ ਇੰਜ ਜਾਪਦੈ ਬਈ ਜਿਵੇਂ ਮੁੰਡਿਆਂ ਨਾਲ ਮੁੰਡਾ ਬੈਠਾ ਹੋਵੇ। ਜ਼ਿੰਦਗੀ ਦਾ ਤਜਰੱਬਾ ਏਨਾ ਭਰਪੂਰ, ਜਿੰਨਾ ਵਿਰਲਿਆਂ ਲੋਕਾਂ ਦੇ ਹਿੱਸੇ ਆਉਂਦਾ ਹੈ। ਸੋਚਣੀ ਦਾ ਸੂਰਜ ਸਿਰ ਦੀ ਪਤਾ ਨਹੀਂ ਕਿਹੜੀ ਨੁੱਕਰ ਵਿੱਚ ਲੁਕਿਆ ਬੈਠਾ ਹੈ ਕਿ ਬਾਪੂ ਕਰਨੈਲ ਸਿੰਘ ਪਾਰਸ ਦੀ ਹਰ ਗੱਲ, ਹਰ ਮੁੱਦੇ ਦਾ ਨਚੋੜ ਜਾਪਦੀ ਹੈ, ਸਿੱਖ ਇਤਿਹਾਸ ਦੀ ਐਨੀ ਜਾਣਕਾਰੀ, ਜਿੰਨੀ ਕਿਸੇ-ਕਿਸੇ ਨੂੰ ਹੁੰਦੀ ਹੈ। ਪੁੱਤ, ਪੋਤੇ, ਦੋਹਤੇ ਸਭ ਸੁਖਾਵੀਂ ਜ਼ਿੰਦਗੀ 'ਚ ਹੋਣ ਦੇ ਬਾਵਜੂਦ ਆਪਣੇ ਸਮਾਜ ਵਿਚਲੇ ਗਰੀਬ ਤੋਂ ਗਰੀਬ ਤੇ ਨਿਤਾਣੇ ਬੰਦੇ ਦਾ ਦਰਦ ਹਾਲੇ ਵੀ ਬਾਪੂ ਕਰਨੈਲ ਸਿੰਘ ਦੇ ਹੱਥੋਂ ਬੁਰਕੀ ਛੁਡਾ ਦਿੰਦਾ ਹੈ। ਜਾਤ-ਪਾਤ ਅਤੇ ਫਿਰਕੂ ਫੁੱਟ ਦੇ ਬੀਜ ਬੀਜਣ ਵਾਲਿਆਂ ਨੂੰ ਕਰੜੇ ਹੱਥੀਂ ਤੇ ਕੌੜੇ ਲਫਜ਼ੀਂ ਲੈਣਾ ਕਰਨੈਲ ਸਿੰਘ ਪਾਰਸ ਦੇ ਸੁਭਾਅ 'ਚ ਸ਼ਾਮਲ ਹੈ।

ਗੁਣਗੁਣਾਉਂਦੇ ਰਹੀਏ ਤਾਂ ਸਫ਼ਿਆਂ ਦੇ ਸਫ਼ੇ ਕਾਲੇ ਕੀਤੇ ਜਾ ਸਕਦੇ ਹਨ। ਦੋ ਹਰਫ਼ੀ ਗੱਲ ਮੁਕਾਉਣੀ ਹੋਵੇ ਤਾਂ ਏਨਾ ਕਹਿ ਦੇਣਾ ਹੀ ਕਾਫੀ ਹੈ ਕਿ ਮਿੱਟੀ ਦੇ ਮੋਹ ਨਾਲ ਪਰੁੱਚਿਆ, ਲੋਕਾਂ ਦਾ ਦਰਦਮੰਦ ਜਿਹੋ ਜਿਹਾ ਕਰਨੈਲ ਸਿੰਘ ਕਵੀਸ਼ਰ ਹੈ, ਉਹੋ ਜਿਹਾ ਹਾਰੀ-ਸਾਰੀ ਨਹੀਂ ਹੋ ਸਕਦਾ। ਮੈਂ ਤੇ ਛੋਟਾ ਜਿਹਾ ਬੰਦਾ ਹਾਂ, ਏਡੇ ਵੱਡੇ ਮਨੁੱਖ ਬਾਰੇ ਕਹਿ ਹੀ ਕੀ ਸਕਦਾ ਹਾਂ, ਬੱਸ ਇਹੀਓ ਕਾਮਨਾ ਕਰਦਾ ਹਾਂ ਕਿ ਉਹ ਲੰਮੀ ਤੋਂ ਲੰਮੀ ਜ਼ਿੰਦਗੀ ਜੀਵੇ ਤੇ ਆਪਣੀ ਕੀਰਤੀ ਦਾ ਚਾਨਣਾ ਖਿਲਾਰਦਾ ਰਹੇ।"

✲ ਆਲ ਇੰਡੀਆ ਰੇਡੀਓ ਦੇ ਬ੍ਰਾਡਕਾਸਟਰ ਸ਼੍ਰੀ ਤਰਸੇਮ ਲਾਲ ਸ. ਕਰਨੈਲ ਸਿੰਘ ਪਾਰਸ ਦੇ ਸ੍ਰੋਤਿਆਂ ਵਿੱਚੋਂ ਇੱਕ ਹਨ। ਲਓ, ਸ਼੍ਰੀ ਤਰਸੇਮ ਦੀ ਜ਼ੁਬਾਨੀ ਵੀ ਕੁਝ ਗੱਲਾਂ ਸੁਣ ਲਓ, "ਏਹ ਗੱਲ ਕੋਈ ਚਾਲ਼ੀ ਕੁ ਸਾਲ ਪਹਿਲੋਂ ਦੀ ਐ, ਸਾਡੇ ਪਿੰਡ ਬੀਰ, ਨੇੜੇ ਨਕੋਦਰ, ਗੁਰਪੁਰਬਾਂ ਦੇ ਮੌਕੇ 'ਤੇ ਪਾਰਸ ਹੋਰੀਂ ਆਪਣੇ ਜਥੇ ਸਮੇਤ ਗਾਉਣ ਆਉਂਦੇ ਹੁੰਦੇ ਸਨ ਤੇ ਇਹਨਾਂ ਦੀ ਠਹਿਰ ਸ੍ਰ. ਕਿਰਪਾ ਸਿੰਘ ਉੱਪਲ ਦੇ ਘਰੇ ਹੁੰਦੀ, ਉੱਥੇ ਰਹਿਣਾ-ਬਹਿਣਾ, ਸੌਣਾ, ਖਾਣ-ਪੀਣਾ ਤੇ ਰਿਆਜ਼ ਵੀ ਕਰਨਾ। ਇਹਨਾਂ ਦੀ ਸੇਵਾ ਕਰਦੇ ਹੁੰਦੇ ਸਨ ਉੱਪਲ ਜੀ ਦੇ ਲੜਕੇ ਪੂਰਨ ਸਿਓਂ ਉੱਪਲ ਤੇ ਸੋਹਣ ਸਿਓਂ ਉੱਪਲ ਹੋਰੀਂ।

ਮੈਂ ਬਾਲ ਵਰੇਸੇ ਹੀ ਸਾਂ ਉਦੋਂ। ਤੇ ਮੈਂ ਪਾਰਸ ਜੀ ਦੀ ਸਿੱਧੀ ਸਾਦੀ ਮੁਹਾਵਰੇਦਾਰ ਤੇ ਮਲਵੱਈ ਜ਼ੁਬਾਨ 'ਚ ਕੀਤੀ ਕਵੀਸ਼ਰੀ ਬੜੀ ਨੀਝ ਤੇ ਸੁਆਦ ਨਾਲ ਸੁਣਿਆ ਕਰਦਾ ਸਾਂ। ਇੱਕ ਅੱਧ ਵਾਰ ਤਾਂ ਉੱਪਲਾਂ ਦੇ ਘਰ ਜਾ ਕੇ ਮੈਨੂੰ ਪਾਣੀ-ਧਾਣੀ ਫੜਾਉਣ ਦੇ ਬਹਾਨੇ ਇਹਨਾਂ ਦੀ ਸੇਵਾ ਕਰਨ ਦਾ ਮੌਕਾ ਵੀ ਮਿਲਿਆ।

ਮੈਂ ਉਹ ਜ਼ਮਾਨਾ ਵੀ ਵੇਖਿਐ...... ਜਦੋਂ ਸ੍ਰ. ਬਲਵੰਤ ਸਿੰਘ ਰਾਮੂੰਵਾਲੀਏ ਨੂੰ ਬਾਲ਼



ਉਮਰ 'ਚ ਈ ਪਾਰਸ ਹੋਰਾਂ ਸਟੇਜ ਉੱਤੇ ਗਾਉਣ ਲਈ ਚਾੜ੍ਹਿਆ। ਸਾਡੇ ਪਿੰਡ 'ਚ ਚਾਰ ਪੜਾ ਲੱਗਦੇ ਹੁੰਦੇ ਸੀ। ਗੁਰੂ ਸਾਹਿਬ ਦੀ ਪਾਲਕੀ ਤੇ ਪਿੱਛੇ-ਪਿੱਛੇ ਸੰਗਤਾਂ ਦਾ ਹੜ੍ਹ ਤੇ ਹਰੇਕ ਪੜਾ 'ਚ ਪਾਰਸ ਹੋਰਾਂ ਦੀ ਕਵੀਸ਼ਰੀ ਦਾ ਦਰਿਆ ਵਹਿੰਦਾ......। ਤੇ ਸੰਗਤਾਂ ਆਨੰਦ ਮਾਣਦੀਆਂ ਰਹਿੰਦੀਆਂ।

ਮੈਂ ਵੇਖਿਆ...... ਜਦੋਂ ਇਹਨਾਂ ਦੇ ਜੱਥੇ ਨੇ ਗਾਇਆ ਸੀ !
ਕਿਉਂ ਫੜ੍ਹੀ ਸਿਪਾਹੀਆਂ ਨੇ
ਭੈਣੋਂ ਇਹ ਹੰਸਾਂ ਦੀ ਜੋੜੀ
ਤਾਂ...... ਭੈਣਾਂ-ਬੀਬੀਆਂ ਅੱਖੀਆਂ 'ਚੋਂ ਹੰਝੂ ਕੇਰਦੀਆਂ ਵੇਖੀਆਂ ਮੈਂ।
ਇੱਕ ਹੋਰ ਰਚਨਾ ਇਹਨਾਂ ਦੀ ਮੈਨੂੰ ਨਹੀਂ ਭੁੱਲਦੀ :
ਜੱਗ ਜੰਕਸ਼ਨ ਰੇਲਾਂ ਦਾ
ਗੱਡੀ ਇੱਕ ਆਵੇ ਇੱਕ ਜਾਵੇ......

ਸਾਡੇ ਪਿੰਡ ਇਹਨਾਂ ਦਾ ਆਉਣਾ ਤੇ ਕਵੀਸ਼ਰੀ ਸੁਣਾਉਣਾ, ਸੰਗਤਾਂ ਲਈ ਬੜੇ ਮਾਣ ਦੀ ਗੱਲ ਹੁੰਦੀ ਸੀ। ਸਾਡੇ ਪਿੰਡ ਸਵ: ਸ੍ਰ. ਅਜੀਤ ਸਿੰਘ ਸਰਪੰਚ, ਚੰਨਣ ਸਿੰਓ ਤੇ ਪੰਡਤ ਫੇਰੂ ਰਾਮ ਦੇ ਹੱਟੀ ਮੂਹਰੇ ਇਹਨਾਂ ਦੇ ਗਾਉਣ, ਅੱਜ ਵੀ ਮੈਨੂੰ ਉਹੀਓ ਦ੍ਰਿਸ਼ ਹੂ-ਬਹੂ ਚੇਤੇ ਆਉਂਦੈ...... ਕੋਠਿਆਂ ਦੀਆਂ ਛੱਤਾਂ ਉੱਤੇ ਬੈਠੀਆਂ ਸੰਗਤਾਂ ਤੇ 'ਬੋਲੇ ਸੋ ਨਿਹਾਲ' ਦੇ ਜ਼ੈਕਾਰੇ ਮੈਨੂੰ ਅੱਜ ਵੀ ਮੇਰੇ ਕੰਨਾਂ 'ਚ ਗੂੰਜਦੇ ਲੱਗਦੇ ਐ।"

✲✲

ਹਰਨੇਕ ਸਿੰਘ ਰਾਣਾ ਪੁਰਾਣਾ ਪੰਜਾਬੀ ਲੋਕ-ਗਾਇਕ ਹੈ। ਕਰਨੈਲ ਸਿੰਘ ਪਾਰਸ ਰਾਮੂਵਾਲੀਆ ਬਾਰੇ ਰਾਣਾ ਜੀ ਚਾਨਣਾ ਪਾਉਂਦੇ ਹਨ :

"ਮੇਰਾ ਪਿੰਡ ਵਿੜਿੰਗ ਮੁਕਤਸਰ ਦੇ ਨੇੜੇ ਹੋਣ ਕਰਕੇ ਮੈਂ ਮੇਲੇ 'ਤੇ ਜਾਂਦਾ ਤੇ ਉੱਥੇ ਗਾਉਣ ਵਾਲਿਆਂ ਨੂੰ ਦੇਖ ਕੇ ਮੈਨੂੰ ਵੀ ਸ਼ੌਂਕ ਹੋ ਗਿਆ। ਅਸਲ ਵਿੱਚ ਮੈਂ ਗਾਉਣਾ ਹੀ ਪਾਰਸ ਜੀ ਵੱਲ ਦੇਖ ਕੇ ਸ਼ੁਰੂ ਕੀਤਾ ਸੀ। ਮੈਂ ਪਾਰਸ ਜੀ ਦੇ ਲੜਕੇ ਇਕਬਾਲ ਤੇ ਬਲਵੰਤ ਦਾ ਸਮਕਾਲੀ ਹਾਂ। ਲਗਭਗ ਬੱਤੀ ਸਾਲ ਮੈਂ ਰੇਡੀਓ ਜਲੰਧਰ ਤੋਂ ਗਾਇਆ ਹੈ ਤੇ ਪਾਰਸ ਜੀ ਦੇ ਪ੍ਰਭਾਵ ਹੇਠ ਹੁਣ ਤੱਕ ਸਾਫ਼ ਸੁਥਰਾ ਹੀ ਗਾਇਆ ਹੈ। ਪਾਰਸ ਜੀ ਦਾ ਲੜੀਬੱਧ ਭਾਸ਼ਣ ਏਨਾ ਪ੍ਰਭਾਵੀ ਹੁੰਦਾ ਸੀ ਕਿ ਸਰੋਤੇ ਜੋਸ਼ ਵਿੱਚ ਆ ਜਾਂਦੇ ਸਨ ਅਤੇ ਜਦ ਇਹ ਗਾ ਕੇ ਹਟਦੇ ਤਾਂ ਲੋਕ ਇਹਨਾਂ ਨੂੰ ਘੇਰ ਕੇ ਇਹਨਾਂ ਨਾਲ ਗੱਲਾਂ ਕਰਨੀਆਂ ਚਾਹੁੰਦੇ, ਲੋਕ ਇਹਨਾਂ ਨੂੰ ਚਾਅ ਨਾਲ ਪੁੱਛਣ ਲੱਗ ਜਾਂਦੇ ਬਈ ਪਾਰਸ ਜੀ ਹੁਣ ਥੋਡਾ 'ਖਾੜਾ ਕਿਹੜੇ ਪਿੰਡ ਐ, ਕਦੋਂ ਹੈ ? ਇਹਨਾਂ ਨੂੰ ਲੋਕਾਂ ਦੇ ਇਕੱਠ 'ਚੋਂ ਨਿਕਲਣਾ ਔਖਾ ਹੋ ਜਾਂਦਾ ਸੀ।

ਮੈਨੂੰ ਜਦ ਵੀ ਪਤਾ ਲੱਗਣਾ ਬਈ ਪਾਰਸ ਜੀ ਦਾ ਅਖਾੜਾ ਫਲਾਣੀ ਜਗ੍ਹਾ ਹੈ ਤਾਂ ਮੈਂ ਉੱਧਰ ਨੂੰ ਵਹੀਰ ਘੱਤ ਜਾਣੀ। ਮੈਨੂੰ ਪੜ੍ਹਿਆ ਲਿਖਿਆ ਹੋਣ ਕਰਕੇ ਨਾਲ ਦੇ ਸਾਥੀ ਮੁੰਡਿਆਂ ਨੇ ਕਹਿਣਾ - ਜਾਹ ਰਾਣਿਆ ਪੁੱਛ ਕੇ ਦੱਸ ਬਈ ਇਨ੍ਹਾਂ ਦਾ ਅਗਲਾ ਪ੍ਰੋਗਰਾਮ ਕਦੋਂ ਹੈ। ਤੇ ਮੈਂ ਜਾ ਕੇ ਪੁੱਛਣਾ, ਇਹਨਾਂ ਨਾਲ ਗੱਲਾਂ ਕਰਕੇ ਖ਼ੁਸ਼ ਹੁੰਦਾ ਤੇ ਫੇਰ ਮੈਂ ਲੋਕਾਂ ਨੂੰ ਦੱਸਦਾ ਫਿਰਦਾ ਬਈ ਮੈਂ ਪਾਰਸ ਜੀ ਨੂੰ ਮਿਲ ਕੇ ਆਇਆ ਹਾਂ। ਮੈਂ ਫਰੀਦਕੋਟ ਕਾਲਜ 'ਚ ਪੜ੍ਹਦਾ ਸੀ, ਇਹਨਾਂ ਦੇ ਅਖਾੜੇ ਸੁਣਨ ਚਲਿਆ ਜਾਂਦਾ ਤੇ ਜਮਾਤ 'ਚੋਂ ਗ਼ੈਰ-ਹਾਜ਼ਰ ਰਹਿਣ ਲੱਗ ਪਿਆ। ਜਦ ਮੇਰਾ ਰੋਲ ਨੰਬਰ ਬੋਲਿਆ ਜਾਂਦਾ ਤਾਂ ਕੋਈ ਮੇਰਾ

ਸਾਥੀ 'ਯੈੱਸ ਸਰ' ਕਹਿ ਦਿੰਦਾ। ਇੱਕ ਦਿਨ ਜਦ ਪ੍ਰੋਫੈਸਰ ਸਾਹਬ ਨੂੰ ਪਤਾ ਲੱਗ ਗਿਆ ਤਾਂ ਉਹਨਾਂ ਮੈਨੂੰ ਸਾਰਿਆਂ ਦੇ ਸਾਹਮਣੇ ਖੜ੍ਹਾ ਕਰਕੇ ਪੁੱਛਿਆ, ਰਾਣੇ ਤੂੰ ਕਿੱਥੇ ਜਾਨੈਂ। ਤਾਂ ਮੈਂ ਬਜਾਏ ਝਿਜਕਣ ਅਤੇ ਡਰਨ ਦੇ ਆਖਿਆ ਜੀ ਸਰ, ਰਾਮੂਵਾਲੀਏ ਪਾਰਸ ਸਾਹਬ ਦਾ 'ਖਾੜਾ ਸੁਣਨ ਜਾਂਦਾ ਹਾਂ ਜਦੋਂ ਕਿਤੇ ਨੇੜੇ ਆਉਂਦਾ ਹੈ ਤਾਂ ਮੈਥੋਂ ਰਹੀਦਾ ਨਹੀਂ ਤੇ ਫੇਰ ਮੈਂ ਕਾਲਜ ਦੇ ਸਮਾਗਮਾਂ ਵਿੱਚ ਗਾਉਣ ਲੱਗ ਪਿਆ ਤਾਂ ਸਾਰੇ ਮੈਥੋਂ ਬੜੇ ਚਾਅ ਨਾਲ ਪਾਰਸ ਜੀ ਦੇ ਬੋਲ ਸੁਣਦੇ, ਤੇ ਮੈਂ ਗਾਉਂਦਾ ਹੁੰਦਾ ਸੀ :

✲ ਗਈ ਥਲ ਵਿੱਚ ਭੁੜਥਾ ਹੋ ਸੱਸੀ
ਪੁੰਨਣਾ - ਪੁੰਨਣਾ ਕਰਦੀ

✲ ਕਿਉਂ ਫੜ੍ਹੀ ਸਿਪਾਹੀਆਂ ਨੇ
ਭੈਣੋ ਇਹ ਹੰਸਾਂ ਦੀ ਜੋੜੀ

✲ ਹੈ ਆਉਣ-ਜਾਣ ਬਣਿਆ
ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ

1957-58 ਦੀਆਂ ਗੱਲਾਂ ਹਨ। ਫਰੀਦਕੋਟ ਕਵੀ ਦਰਬਾਰ ਹੁੰਦੇ। ਉਸਤਾਦ ਲਾਲ ਚੰਦ ਯਮਲਾ ਜੱਟ ਜੀ ਨੇ ਆਉਣਾ। ਨੰਦ ਲਾਲ ਨੂਰਪੁਰੀ ਜੀ ਸਮੇਤ ਕਈ ਉੱਚ ਕੋਟੀ ਦੇ ਕਵੀ ਆਉਣੇ। ਪਾਰਸ ਜੀ ਦੇ ਜੱਥੇ ਨੇ ਵਿਲੱਖਣ ਰੰਗ ਬੰਨ੍ਹਣਾ ਤੇ ਜਦੋਂ ਇਹ "ਕੌਲਾਂ" ਜਾਂ "ਲੂਣਾਂ" ਦਾ ਪ੍ਰਸੰਗ ਛੇੜਦੇ ਤਾਂ ਲੋਕ ਭਾਵੁਕ ਹੋ ਜਾਂਦੇ ਤੇ ਇਨਾਮਾਂ ਦੀਆਂ ਝੜੀਆਂ ਲੱਗ ਜਾਂਦੀਆਂ। ਰੁਪੱਈਏ ਪਾਉਣ ਵਾਸਤੇ ਇਹਨਾਂ ਦੇ ਲੰਮੇ ਕੋਟ ਜਾਂ ਝੱਗੀਆਂ ਪਾਈਆਂ ਹੁੰਦੀਆਂ। ਇਨ੍ਹਾਂ ਦੇ ਜੱਥੇ ਦੀ ਇਹ ਸਿਫ਼ਤ ਸੀ ਬਈ ਜੇ ਦੀਵਾਨ ਲੱਗਿਐ ਤਾਂ ਧਾਰਮਿਕ ਪ੍ਰਸੰਗ, ਜੇ ਵਿਆਹ ਹੈ ਤਾਂ ਕੌਲਾਂ ਜਾਂ ਲੂਣਾਂ ਤੇ ਜੇ ਕੋਈ ਕਾਨਫਰੰਸ ਹੈ ਉੱਥੇ ਫੁਟਕਲ ਵਿਸ਼ਿਆ ਦੀਆਂ ਕਵਿਤਾਵਾਂ ਗਾਈਆਂ ਜਾਂਦੀਆਂ। ਲੋਕੀਂ ਇਹਨਾਂ ਨੂੰ ਫਰਮਾਇਸ਼ਾਂ ਕਰਦੇ, ਤੇ ਇਹਨਾਂ ਦੀ ਇਹ ਸਿਫ਼ਤ ਕਹਿ ਲਓ ਬਈ ਜਿਹੜੀ ਵੀ ਕਿਸੇ ਦੀ ਫਰਮਾਇਸ਼ ਆਈ, ਪੂਰੀ ਹੋਈ, ਚਾਹੇ ਕੋਈ ਅਮੀਰ ਹੈ ਜਾਂ ਗਰੀਬ! ਇਹ ਕਿਸੇ ਦਾ ਦਿਲ ਨਹੀਂ ਸੀ ਤੋੜਦੇ। ਐਚ. ਐਮ.ਵੀ. ਕੰਪਨੀ 'ਚ ਇਹਨਾਂ ਦੇ ਜੋ ਤਵੇ ਰਿਕਾਰਡ ਹੋਏ, ਉਹ ਬੜੇ ਪ੍ਰਸਿੱਧ ਹੋ ਗਏ। ਅਮੀਰ ਲੋਕ ਇਹਨਾਂ ਨੂੰ ਸੱਦ ਕੇ ਅਖਾੜਾ ਲੁਆ ਕੇ ਸੁਣਦੇ ਤੇ ਗਰੀਬ ਲੋਕ ਇਹਨਾਂ ਦੇ ਤਵੇ ਲਾ ਕੇ ਹੀ ਸਾਰ ਲੈਂਦੇ। ਪੂਰੇ ਤਿੰਨ-ਤਿੰਨ ਦਿਨ ਇਹਨਾਂ ਦੇ ਹੀ ਤਵੇ ਵਿਆਹ ਵਾਲੇ ਘਰ ਵੱਜੀ ਜਾਂਦੇ ਰਹਿੰਦੇ ਤੇ ਰੌਣਕਾਂ ਲੱਗੀਆਂ ਰਹਿੰਦੀਆਂ। ਫਿਰ ਐਸਾ ਸਮਾਂ ਆਇਆ ਕਿ ਕੁਝ ਮੁੰਡਿਆਂ ਪਊਆ-ਪਊਆ ਪੀ ਕੇ ਸਪੀਕਰ ਤੇ ਨਾਲੇ ਸਪੀਕਰ ਵਾਲੇ ਨੂੰ ਪਿਆ ਕੇ ਉਹਦੇ ਨਾਲ ਯਾਰੀ ਗੰਢਦੇ ਤੇ ਰਾਮੂਵਾਲੀਏ ਦੇ ਗੀਤ 'ਤੇ ਖੁਸ਼ ਹੋ ਕੇ ਸਪੀਕਰ ਵਾਲੇ ਨੂੰ ਇਨਾਮ ਦੇਈ ਜਾਂਦੇ ਤੇ ਇਉਂ ਉਹ ਸਪੀਕਰ ਦੀ ਕਮਾਈ ਨਾਲੋਂ ਵੀ ਵੱਧ ਇਨਾਮ ਲੈ ਜਾਂਦਾ। ਤੇ ਫਿਰ ਸਮਾਂ ਐਸਾ ਆਇਆ ਕਿ ਇਹਨਾਂ ਦੇ ਤਵੇ ਲਗਾਤਾਰ ਆਉਣ ਕਰਕੇ ਇੱਕ ਗੀਤ ਅਜਿਹਾ ਆ ਗਿਆ,

'ਭਾਈ ਸਪੀਕਰ ਵਾਲਿਆ
ਕੋਈ ਨਵਾਂ ਜਿਹਾ ਗੀਤ ਸੁਣਾ......'

ਇਹ ਕਿਸੇ ਬੀਬੀ ਦਾ ਗਾਇਆ ਹੋਇਆ ਸੀ। ਸੋ ਇਸ ਨਾਲ ਇੰਜ ਲੱਗਣ ਲੱਗ ਪਿਆ ਜਿਵੇਂ ਉਹ ਸਾਰਾ ਦੌਰ ਇਸੇ ਹੀ ਜੱਥੇ ਦਾ ਸੀ। ਤੇ ਇੱਕ ਹੋਰ ਵੱਡੀ ਗੱਲ ਇਹ ਸੀ ਕਿ ਇਹਨਾਂ ਦੇ ਨਾਂ ਲੋਕਾਂ ਦੇ ਮੂੰਹਾਂ 'ਤੇ ਏਨੇ ਚੜ੍ਹ ਗਏ ਸਨ ਕਿ ਕਿਸੇ ਪਿੰਡ ਵਿੱਚ ਕਰਨੈਲ



ਸਿੰਘ ਦੇ ਨਾਂ ਦੇ ਬੰਦੇ ਨੂੰ ਲੋਕ ਨੂੰ 'ਕਰਨੈਲ ਸਿੰਘ ਪਾਰਸ' ਆਖਕੇ ਸੱਦਣ ਲੱਗ ਪਏ। ਜੇ ਕੋਈ ਰਣਜੀਤ ਸਿੰਘ ਸੀ ਤਾਂ ਲੋਕਾਂ ਉਹਨੂੰ ਆਖਣਾ, ਆ ਬਈ ਰਣਜੀਤ ਸਿੰਘ ਸਿਧਵਾਂ ਤੇ ਚੰਦ ਸਿੰਘ ਨਾਂ ਦੇ ਆਦਮੀ ਨੂੰ ਆਖਣਾ ਆ ਬਈ ਚੰਦ ਸਿੰਘ ਜੰਡੀ ਸੁਣਾ ਕੋਈ ਕਵੀਸ਼ਰੀ।

ਮੈਂ ਐੱਸ.ਐੱਸ. ਮਾਸਟਰ ਲੱਗ ਚੁੱਕਾ ਹੋਇਆ ਸੀ ਤੇ ਨਾਲ ਨਾਲ ਰੇਡੀਓ ਤੋਂ ਗਾਉਂਦਾ ਵੀ ਸੀ।

ਇਹ ਗੱਲ ਕੋਈ 1966 ਦੀ ਹੈ, ਇਕਬਾਲ ਰਾਮੂਵਾਲੀਏ ਨਾਲ ਮੇਰਾ ਬੜੇ ਨਾਟਕੀ ਢੰਗ ਨਾਲ ਮੇਲ ਹੋਇਆ ਕਿ ਫਿਰ ਮਗਰੋਂ ਇਸੇ ਕਾਰਨ ਕਰਕੇ ਬਲਵੰਤ ਨਾਲ ਵੀ ਦੋਸਤੀ ਹੋ ਗਈ। ਦਿੱਲੀ ਐਚ.ਐਮ.ਵੀ. ਕੰਪਨੀ 'ਚ ਮੇਰੇ ਗੀਤਾਂ ਦੀ ਰਿਹਰਸਲ ਹੋ ਰਹੀ ਸੀ।

ਰੰਗ ਦੇ ਦੁਪੱਟਾ ਮੇਰਾ ਲਾਲ ਵੇ ਲਲਾਰੀਆ
ਚੀਚ ਵਹੁਟੀਆਂ ਦੇ ਰੰਗ ਨਾਲ ਵੇ ਲਲਾਰੀਆ
ਰੰਗ ਦੇ ਦੁਪੱਟਾ ਮੇਰਾ ਲਾਲ.........

ਤੇ ਦੂਜਾ ਪਾਸਾ ਸੀ :

ਕਾਲ਼ੇ ਕੁਰਮ ਦੀ ਜੁੱਤੀ ਸੁਵਾਦੇ
ਹੇਠ ਲੁਵਾਦੇ ਖੁਰੀਆਂ
ਪਾਣੀ ਭਰਦੀ ਦੇ
ਵੱਜਣ ਕਲੇਜੇ ਛੁਰੀਆਂ......

ਬੰਗਾਲੀ ਡਾਇਰੈਕਟਰ ਜੇ.ਪੀ.ਸੇਨ ਨੂੰ ਮੇਰੀ ਆਵਾਜ਼ ਜਚ ਗਈ। ਉਸ ਸਮੇਂ ਹੀ ਇਕਬਾਲ ਰਾਮੂਵਾਲੀਆ ਸਟੂਡੀਓ ਪੁੱਜ ਗਿਆ। ਜਦ ਉਹਦੀ ਸੇਨ ਨਾਲ ਗੱਲ ਹੋਈ ਤਾਂ ਸੇਨ ਨੇ ਬਿਨਾ ਸਾਜ਼ਾਂ ਤੋਂ ਰਿਕਾਰਡਿੰਗ ਕਰਨ ਤੋਂ ਨਾਂਹ ਕਰ ਦਿੱਤੀ। ਮੈਂ ਬੜਾ ਹੈਰਾਨ ਹੋਇਆ ਬਈ ਡਾਇਰੈਕਟਰ ਨੂੰ ਕੀ ਪਤਾ ਹੈ ਕਿ ਇਕਬਾਲ ਰਾਮੂਵਾਲੀਆ ਕਿਸ ਬਾਪ ਦਾ ਬੇਟਾ ਹੈ। ਤੇ ਮੈਂ ਡਾਇਰੈਕਟਰ ਨੂੰ ਅੰਗਰੇਜ਼ੀ ਵਿੱਚ ਇਹ ਗੱਲ ਸਮਝਾਈ ਬਈ ਇਸਦੇ ਬਾਪ ਕਰਨੈਲ ਸਿੰਘ ਪਾਰਸ ਰਾਮੂਵਾਲੀਏ ਨੇ ਬਿਨਾਂ ਕਿਸੇ ਸਾਜ਼ ਤੋਂ ਗਾ ਕੇ, ਤੁਹਾਡੀ ਕੰਪਨੀ ਵਿੱਚ ਵੀਹ ਰਿਕਾਰਡ ਕਰਵਾ ਕੇ, ਤੁਹਾਡੀ ਕੰਪਨੀ ਦੀ ਬੱਲੇ-ਬੱਲੇ ਕਰਵਾਈ ਹੈ, ਤਾਂ ਹੀ ਤੁਹਾਡੀ ਕੰਪਨੀ ਦਾ ਨਾਮ ਹੋਇਆ ਹੈ। ਉਸਦਾ ਤੁਸੀਂ ਇਹਨਾਂ ਨੂੰ ਇਨਾਮ ਦੇਣ ਦੀ ਬਜਾਏ, ਇਹ ਸਜ਼ਾ ਦੇ ਰਹੇ ਹੋ ? ਤੁਸੀਂ ਆਪਣਾ ਪਿਛਲਾ ਰਿਕਾਰਡ ਤਾਂ ਕੱਢ ਕੇ ਵੇਖੋ ? ਉਹਨਾਂ ਰਿਕਾਰਡ ਫੋਲਿਆ। ਪਾਰਸ ਜੀ ਦੇ ਗੀਤਾਂ ਦੀ ਲਿਸਟ ਪੜ੍ਹੀ। ਤੇ ਝੱਟ 'ਚ ਖੁਸ਼ ਹੋ ਗਏ ਤੇ ਰਿਕਾਰਡਿੰਗ ਹੋ ਗਈ। ਇਉਂ ਫਿਰ ਮੇਰੀ ਇਸ ਪਰਿਵਾਰ ਨਾਲ ਦੋਸਤੀ ਤੇ ਪਿਆਰ ਹੋਰ ਵੀ ਵਧ ਗਿਆ।

✲✲

ਦਸੌਂਧਾ ਸਿੰਘ 'ਪੈਲ' ਸਾਹਿਤ ਸਭਾ ਘੁਗਿਆਣਾ ਦੇ ਪ੍ਰਧਾਨ ਹਨ ਅਤੇ ਸ਼ੌਕੀਆ ਗੀਤਕਾਰ ਵਜੋਂ ਗੀਤ ਲਿਖਦੇ ਹਨ। ਉਹ ਮੁੱਢ ਤੋਂ ਹੀ ਸ੍. ਕਰਨੈਲ ਸਿੰਘ 'ਪਾਰਸ' ਦੀ ਕਵੀਸ਼ਰੀ ਕਲਾ ਤੋਂ ਪ੍ਰਭਾਵਤ ਰਹੇ ਹਨ। ਉਹਨਾਂ ਨੇ ਦੱਸਿਆ ਕਿ ਇਹ ਗੱਲ ਕੋਈ 1960 ਦੇ ਲਾਗੇ-ਚਾਗੇ ਦੀ ਹੈ। ਪੈਲ ਅਤੇ ਉਸਦੇ ਸਾਥੀ ਲਾਗਲੇ ਪਿੰਡ ਗੋਲੇਵਾਲੇ ਪੜ੍ਹਦੇ ਸਨ। ਪਤਾ ਲੱਗਾ ਕਿ ਨਾਲ ਦੇ ਪਿੰਡ ਨੱਥਲ ਵਾਲੇ ਕਰਨੈਲ ਸਿੰਘ ਪਾਰਸ ਰਾਮੂਵਾਲੀਏ ਦਾ ਅਖਾੜਾ ਆਉਣਾ ਹੈ। ਇਹ ਸਾਰੇ ਮੁੰਡੇ ਸਕੂਲੋਂ ਨਿੱਕਲਕੇ ਨੱਥਲ ਵਾਲੇ ਪਿੰਡ ਨੂੰ ਜਾਣ ਲਈ ਨਹਿਰ ਦੀ ਪਟੜੀ ਪਟੜੀ ਚੱਲ ਪਏ। ਰਾਹ ਵਿੱਚ ਉਹਨਾਂ ਨੂੰ ਇੱਕ ਬੰਦਾ ਮਿਲਿਆ।

ਕਹਿੰਦਾ, "ਉਏ ਮੁੰਡਿਓ ਕਿੱਧਰ ਜਾਨੇ ਓਂ ?" ਮੁੰਡਿਆਂ ਨੇ ਇੱਕੋ ਆਵਾਜ਼ 'ਚ ਕਿਹਾ, "ਨੱਥਲ ਆਲ਼ੇ।"

"ਓਥੇ ਕੀ ਐ ਓਏ ?" ਬੰਦੇ ਨੇ ਪੁੱਛਿਆ।

"ਓਥੇ ਰਾਮੂਵਾਲੀਏ ਪਾਰਸ ਦਾ 'ਖਾੜਾ ਆਉਣੈ।"

"ਚੰਗਾ ਫੇ ਚੱਲੋ...... ਮੈਂ ਵੀ ਉੱਥੇ ਈ ਜਾਣੈਂ।" ਇਹ ਆਖਕੇ ਉਹ ਬੰਦਾ ਉਨ੍ਹਾਂ ਦੇ ਨਾਲ਼ੇ-ਨਾਲ ਟੁਰਿਆ ਗਿਆ।

ਨੱਥਲ ਆਲ਼ੇ ਪਿੰਡ 'ਚ ਪੁੱਜੇ। ਅੱਗੋਂ ਅਖਾੜਾ ਵਿਆਹ ਦਾ ਸੀ। ਉਹ ਬੰਦਾ ਮੁੰਡਿਆਂ ਨੂੰ ਕਹਿੰਦਾ, "ਓ ਮੁੰਡਿਓ ਤੁਸੀਂ ਮੇਰੇ ਨਾਲ ਈ ਤੁਰੇ ਆਓ...... ਮੈਂ ਥੋਨੂੰ ਮਿਲਾਊਂਗਾ ਰਾਮੂਵਾਲੀਆ ਕਰਨੈਲ ਸਿਓਂ ਪਾਰਸ।"

ਤੇ ਮੁੰਡੇ ਚਾਈਂ ਚਾਈਂ ਉਸ ਬੰਦੇ ਦੇ ਨਾਲ ਵਿਆਹ ਵਾਲੇ ਘਰੇ ਪਹੁੰਚ ਗਏ। ਅੱਗੇ ਇੱਕ ਕਮਰੇ ਵਿੱਚ ਕੁਝ ਸਾਥੀ ਹੋਰ ਬੈਠੇ ਸਨ। ਖਾਣ-ਪੀਣ ਲਈ ਮਿਠਿਆਈਆਂ ਆਈਆਂ। ਉਹ ਬੰਦਾ ਬੋਲਿਆ, "ਲਓ ਪੁੱਤਰੋ ਖਾਓ! ਚੱਕ ਦਿਓ ਫੱਟੇ...... ਖਾਓ ਮੇਰੇ ਸ਼ੇਰ......।" ਮੁੰਡੇ ਸੰਗਦੇ ਸੰਗਦੇ ਥੋੜ੍ਹਾ ਬਹੁਤਾ ਖਾ ਕੇ ਹਟ ਗਏ ਤਾਂ ਉਹ ਬੰਦਾ ਬੋਲਿਆ, "ਓ ਯਾਰ! ਤੁਸੀਂ ਤਾਂ ਚੋਬਰ ਓਂ ਪਤੰਦਰੋ ਹੁਣੇ ਈ ਬੱਸ ਹੋ 'ਗੀ ਥੋਡੀ ? ਹੋਰ ਖਾਓ...... ਫੇਰ ਆਪਾਂ ਰਾਮੂੰਵਾਲੀਏ ਪਾਰਸ ਨੂੰ ਸੁਣਨ ਚੱਲਾਂਗੇ।" ਤੇ ਫੇਰ ਖਾ ਪੀ ਕੇ ਥੋੜ੍ਹੀ ਦੇਰ ਮਗਰੋਂ ਇਹ ਸਾਰੇ ਅਖਾੜੇ ਵਾਲ਼ੀ ਥਾਂ 'ਤੇ ਆ ਗਏ। ਤੇ ਇਹ ਸਾਰੇ ਮੁੰਡੇ ਲੋਕਾਂ ਵਿੱਚ ਬਹਿ ਗਏ। ਉਹੀਓ ਬੰਦਾ ਸਟੇਜ 'ਤੇ ਚੜ੍ਹਕੇ ਲੈਕਚਰ ਕਰਨ ਲੱਗ ਪਿਆ। ਉਹਦੇ ਦੂਜੇ ਸਾਥੀ ਤਾਂ ਉਥੇ ਪਹਿਲੋਂ ਈ ਪੁੱਜੇ ਹੋਏ ਸਨ। ਦਸੌਂਧਾ ਸਿੰਘ ਪੈਲ ਤੇ ਉਹਦੇ ਸਾਥੀ ਹੈਰਾਨ ਸਨ ਇਹ ਵੇਖ ਕੇ, ਬਈ ਇਹੀਓ ਈ ਹੈ ਕਰਨੈਲ ਸਿੰਘ ਪਾਰਸ ਰਾਮੂਵਾਲੀਆ। ਪੈਲ ਦੱਸਦਾ ਹੈ ਕਿ ਅਸੀਂ ਸਾਰਿਆਂ ਨੇ ਬੜੇ ਚਾਅ ਤੇ ਉਤਸ਼ਾਹ ਨਾਲ ਅਖਾੜਾ ਸੁਣਿਆ ਤੇ ਆਪਣੇ ਪਿੰਡ 'ਚ ਆ ਕੇ ਪਾਰਸ ਜੀ ਨਾਲ ਹੋਈ ਨਾਟਕੀ ਢੰਗ ਵਾਲੀ ਮਿਲਣੀ ਬਾਰੇ ਚਾਈਂ ਚਾਈਂ ਦੱਸਿਆ। ਲੰਮੇਰਾ ਸਮਾਂ ਹੋ ਜਾਣ ਕਰਕੇ ਚੇਤੇ ਨਹੀਂ ਰਿਹਾ, ਪਰ ਉਹਨਾਂ ਦੇ ਜੱਥੇ ਨੇ ਉਥੇ ਦਹੂਦ ਬਾਦਸ਼ਾਹ ਦੇ ਕਿੱਸੇ 'ਚੋਂ ਕੁਝ ਬੰਦ ਪੇਸ਼ ਕੀਤੇ, ਜੋ ਲੋਕਾਂ ਬੜੇ ਸਲਾਹੇ :

ਦੇਹਲੀ ਤੋਂ ਬਾਹਰ ਜਾਣ ਨਾ
ਵਿਹਾ, 'ਲੀਆਂ ਕੁੜੀਆਂ ਨੀਂ
ਸ਼ਾਦੀ ਨਾ ਰੋਜ਼ ਰਕਾਨੇ......

ਪੈਲ ਦੇ ਚੇਤੇ ਵਿੱਚ ਇਹ ਬੋਲ ਰਹਿ ਗਏ ਤੇ ਉਹ ਗੁਣ-ਗੁਣਾਉਣ ਲੱਗ ਪਿਆ। ਫੇਰ ਉਸਤੋਂ ਸਕੂਲ ਵਿੱਚ ਬਾਲ ਸਭਾ ਦੌਰਾਨ ਮਾਸਟਰ ਸੁਣਨ ਲੱਗ ਪਏ। ਇਉਂ ਉਹ ਸ੍ਰ. ਕਰਨੈਲ ਸਿੰਘ ਪਾਰਸ ਦਾ ਪੱਕਾ ਚਹੇਤਾ-ਸਰੋਤਾ ਬਣ ਗਿਆ। ਮੁਕਤਸਰ ਦੇ ਮੇਲਿਓਂ ਉਹਨੇ ਪਾਰਸ ਦੇ ਲਿਖੇ ਕਿੱਸੇ, "ਦਹੂਦ ਬਾਦਸ਼ਾਹ" ਅਤੇ "ਮੌਤ ਦਾ ਰਾਗ" ਖਰੀਦ ਕੇ ਲਿਆਂਦੇ ਅਤੇ ਚਾਅ ਨਾਲ ਪੜ੍ਹੇ।

ਸੰਨ 1962 'ਚ ਫੇਰ ਉਸਨੂੰ ਪਾਰਸ ਹੋਰਾਂ ਦਾ ਅਖਾੜਾ ਸੁਣਨ ਦਾ ਮੌਕਾ ਲਾਗਲੇ ਪਿੰਡ ਝੋਟੀਵਾਲੇ ਮਿਲ ਗਿਆ। ਰਣਜੀਤ ਸਿੰਘ ਸਿੱਧਵਾਂ ਤੇ ਚੰਦ ਸਿੰਘ ਜੰਡੀ ਨਾਲ ਮਿਲਕੇ ਜਦੋਂ ਪਾਰਸ ਜੀ ਨੇ ਗਾਇਆ :

ਚੱਲਿਆ ਸਰੀਰ ਮੁੱਕ
ਮੁੱਕੇ ਤੇਰੇ ਕੰਮ ਨਾ......



ਬੜੇ ਚਾਵਾਂ ਨਾਲ ਝੋਟੀ
ਇੱਕ ਪਾਲ਼ੀ ਸੀ
ਪੰਜ-ਸੱਤ ਦਿਨ ਗਏ
ਉਹੋ ਸੂਣ ਵਾਲ਼ੀ ਸੀ।
ਮਰਗੀ ਦਿਨਾਂ 'ਤੇ ਆ ਕੇ
ਚੋਈ ਘੰਮ-ਘੰਮ ਨਾ
ਚੱਲਿਆ ਸਰੀਰ ਮੁੱਕ
ਮੁੱਕੇ ਤੇਰੇ ਕੰਮ ਨਾ......

ਇਹ ਛੰਦ ਪੈਲ ਨੂੰ ਹੱਦੋਂ ਵੱਧ ਚੰਗਾ ਲੱਗਿਆ ਸੀ ਤੇ ਉਹ ਆਪਣੇ ਬਾਪੂ ਤੋਂ ਮਿੰਨਤਾਂ-ਤਰਲਿਆਂ ਨਾਲ ਪਾਰਸ ਜੀ ਨੂੰ ਦੇਣ ਲਈ ਦੋ ਰੁਪੱਈਏ ਲੈ ਕੇ ਗਿਆ ਸੀ। ਜਦੋਂ ਉਹ ਦੋ ਰੁਪੱਈਏ ਪਾਰਸ ਜੀ ਨੂੰ ਦੇਣ ਗਿਆ ਤਾਂ ਪਾਰਸ ਜੀ ਨੇ ਉਹਦੇ ਸਿਰ 'ਤੇ ਹੱਥ ਧਰਕੇ ਕਿਹਾ, "ਲਓ ਬਈ ਵੀਰਨੋ! ਆਹ ਇੱਕ ਛੋਟੇ ਜਿਹੇ ਬੱਚੇ ਨੇ ਮੇਰਾ ਮਾਣ ਕੀਤੈ......।"

ਫੇਰ ਇੱਕ ਦਿਨ ਪੈਲ ਨੂੰ ਪਤਾ ਲੱਗਿਆ ਕਿ ਲਾਗਲੇ ਪਿੰਡ ਰੁਪੱਈਆਂ ਵਾਲੇ ਪਾਰਸ ਜੀ ਦਾ ਅਖਾੜਾ ਆ ਰਿਹਾ ਹੈ। ਉਹ ਅਖਾੜਾ ਲੱਗਣ ਤੋਂ ਪਹਿਲੋਂ ਹੀ ਉੱਥੇ ਜਾ ਪਹੁੰਚਾ ਤੇ ਬੇਸਬਰੀ ਨਾਲ ਉਡੀਕ ਕਰਨ ਲੱਗਿਆ। ਪਰ ਪਾਰਸ ਜੀ ਕਿਸੇ ਵਜ੍ਹਾ ਕਾਰਨ ਉੱਥੇ ਨਾ ਆ ਸਕੇ, ਉਹਨਾਂ ਦੇ ਲੜਕੇ ਬਲਵੰਤ ਸਿੰਘ ਰਾਮੂਵਾਲੀਆ, ਇਕਬਾਲ ਰਾਮੂਵਾਲੀਆ ਤੇ ਰਛਪਾਲ ਸਿੰਘ ਆਏ ਹੋਏ ਸਨ। ਉਹਨਾਂ ਢੱਡਾਂ ਤੇ ਤੂੰਬੀ ਨਾਲ ਗਾਇਆ :

ਮਾਂ ਮਤਰੇਈ ਪੂਰਨਾ
ਹੁੰਦੀ ਨਾ ਚੰਗੀ......

ਪਿੰਡ ਰੁਪੱਈਆਂ ਵਾਲੇ ਦਿਆਂ ਲੋਕਾਂ ਬੜੇ ਰੁਪੱਈਏ ਦੇ ਕੇ ਉਹਨਾਂ ਦਾ ਮਾਣ - ਤਾਣ ਕੀਤਾ। ਪੈਲ ਉਸਦੇ ਮੁੰਡਿਆਂ ਨੂੰ ਪੁੱਛਦਾ-ਪੁੱਛਦਾ ਸੰਕੋਚ ਕਰ ਗਿਆ, "ਬਈ ਪਾਰਸ ਜੀ ਆਪ ਕਿਉਂ ਨਹੀਂ ਆਏ ?"

ਹੁਣ ਦਸੌਂਧਾ ਸਿੰਘ ਪੈਲ ਦੀ ਆਪਣੀ ਉਮਰ ਸੱਠ ਸਾਲ ਹੈ ਤੇ ਉਹਨੂੰ ਘਰ ਦੇ ਹੀ ਕੰਮਾਂ-ਕਾਰਾਂ ਤੋਂ ਵਿਹਲ ਨਹੀਂ ਮਿਲਦੀ, ਹਮੇਸ਼ਾ ਰੁੱਝਿਆ ਰਹਿੰਦਾ ਹੈ, ਪਰੰਤੂ ਪਾਰਸ ਜੀ ਨੂੰ ਮਿਲਣ ਦੀ ਇੱਛਾ ਹਾਲੇ ਵੀ ਉਹਦੇ ਮਨ ਵਿੱਚ ਜਿਉਂ ਦੀ ਤਿਉਂ ਜਵਾਨ ਹੈ। ਉਹ ਜਦੋਂ ਵੀ ਮਿਲਦਾ ਹੈ ਤਾਂ ਪਾਰਸ ਜੀ ਦੀਆਂ ਗੱਲਾਂ ਕਰਦਾ ਰਹਿੰਦਾ ਹੈ। ਕਹਿੰਦਾ ਹੈ, "ਕੀ ਗੌਣ ਆਲ਼ੇ ਹਨ ਹੁਣ ਦੇ, ਕੱਖ ਨਹੀਂ ਗਾਉਂਦੇ...... ਮਾਂ ਬੋਲੀ ਦਾ ਜਲੂਸ ਕੱਢਦੇ ਹਨ।" ਕਰਨੈਲ ਕਵੀਸ਼ਰ ਪਾਰਸ ਵਰਗਾ ਨਹੀਂ ਕੋਈ ਹੋ ਸਕਣਾ......।"

ਜਦੋਂ ਮੈਂ ਪੈਲ ਨੂੰ ਦੱਸਿਆ ਕਿ ਮੈਂ ਪਾਰਸ ਜੀ ਬਾਰੇ ਕਿਤਾਬ ਲਿਖ ਰਿਹਾ ਹਾਂ ਤਾਂ ਖੁਸ਼ੀ ਨਾਲ ਉਸਦੀਆਂ ਅੱਖਾਂ ਵਿੱਚ ਚਮਕ ਆ ਗਈ ਤੇ ਆਖਣ ਲੱਗਿਆ, "ਯਾਰ! ਤੂੰ ਮੈਨੂੰ ਪਾਰਸ ਜੀ ਨਾਲ ਇੱਕ ਵਾਰੀ ਜ਼ਰੂਰ ਮਿਲਾ ਦੇ।"

ਪਰ ਉਹ ਹਾਲੇ ਵੀ ਆਪਣੇ ਘਰੇਲੂ ਕੰਮਾਂ-ਕਾਰਾਂ ਤੇ ਖੇਤੀਬਾੜੀ ਦੇ ਧੰਦਿਆਂ ਵਿੱਚ ਫਸਿਆ ਹੋਣ ਕਾਰਨ ਪਾਰਸ ਜੀ ਨੂੰ ਨਹੀਂ ਮਿਲ ਸਕਿਆ, ਸਗੋਂ ਸਿਹਤ ਵੀ ਉਹਦੀ ਢਿੱਲੀ-ਮੱਠੀ ਜਿਹੀ ਰਹਿੰਦੀ ਹੈ ਤੇ ਕਈ ਵਾਰੀ ਮੈਂ ਸੁਣਿਆ ਹੈ ਮੇਰੇ ਕੋਲ ਬੈਠਾ ਪਾਰਸ ਜੀ ਦੇ ਇਹ ਬੋਲ ਆਪ-ਮੁਹਾਰਾ ਗੁਣ-ਗੁਣਾਉਂਦਾ ਰਹਿੰਦਾ ਹੈ :

ਚੱਲਿਆ ਸਰੀਰ ਮੁੱਕ
ਮੁੱਕੇ ਤੇਰੇ ਕੰਮ ਨਾ
ਚੱਲਿਆ ਸਰੀਰ ਮੁੱਕ......

✲ ਕੋਟਕਪੂਰੇ ਮੇਰਾ ਸ਼ਾਇਰ ਮਿੱਤਰ ਰਾਜਿੰਦਰ ਜੀਤ ਰਹਿੰਦਾ ਹੈ। ਉਹਦਾ ਬਾਪ ਸ੍ਰ. ਗੁਰਨੈਬ ਸਿੰਘ ਪਾਰਸ ਜੀ ਦਾ ਬੜਾ ਪੁਰਾਣਾ ਚਹੇਤਾ ਹੈ ਅਤੇ ਉਸਨੂੰ ਪਾਰਸ ਜੀ ਦੀ ਤਰਕਸ਼ੀਲ ਵਿਚਾਰਧਾਰਾ ਵੀ ਬੜੀ ਚੰਗੀ ਲੱਗਦੀ ਹੈ। ਗੁਰਨੈਬ ਸਿੰਘ ਦੇ ਹਾਲੇ ਸੰਘਰਸ਼ਮਈ ਦਿਨ ਸਨ। ਉਹਦਾ ਕੋਈ ਖ਼ਾਸ ਕੰਮ-ਕਾਰ ਨਹੀਂ ਸੀ ਚੱਲਿਆ। ਉਹਦੀ ਨਾਨੀ ਉਹਨੂੰ ਆਖਣ ਲੱਗੀ, "ਵੇ ਨੈਬ ਪੁੱਤ! ਤੂੰ ਲਧਾਈ ਕੇ ਵਾਲੇ ਬਾਬਾ ਜੀ ਕੋਲ਼ੇ ਜਾ ਕੇ ਆ। ਉਨ੍ਹਾਂ ਤੋਂ ਕੋਈ ਪੁੱਛ ਪੱਛ ਈ ਲੈ - ਲੈ ! ਤੇਰਾ ਕੰਮ ਕੁੰਮ ਚੱਲ ਪਵੇ!"

ਗੁਰਨੈਬ ਸਿੰਘ ਸਾਇਕਲ 'ਤੇ ਚੜ੍ਹ ਕੇ ਲਧਾਈ ਕੇ ਵਾਲੇ ਬਾਬਾ ਜੀ ਕੋਲ ਪੁੱਜ ਗਿਆ। ਬਾਬਾ ਜੀ ਦੇ ਗੋਡੀਂ ਹੱਥ ਲਾ ਕੇ ਮੂਹਰੇ ਬਹਿ ਗਿਆ, ਬਾਬਾ ਜੀ ਨੇ ਪੁੱਛਿਆ, "ਆ ਬਈ ਜੁਆਨ, ਕਿਵੇਂ ਆਉਣੇ ਹੋਏ ?"

ਗੁਰਨੈਬ ਸਿੰਘ ਨੇ ਦੱਸਿਆ, "ਬਾਬਾ ਜੀ ਕੁਝ ਦੱਸੋ...... ਮੈਂ ਕੀ ਕਰਾਂ, ਕੋਈ ਕੰਮ ਕਾਰ ਨਹੀਂ ਚੱਲਦਾ......।"

ਬਾਬਾ ਜੀ ਨੇ ਕਿਹਾ, "ਬਈ ਤੂੰ ਰਾਮੂੰਵਾਲੀਏ ਗਾਉਂਦੇ ਸੁਣੇ ਐਂ ਕਦੇ...... ?"

"ਹਾਂ ਜੀ ਸੁਣੇ ਐਂ...... ਕਈ ਥਾਈਂ।"

"ਤਾਂ ਫੇਰ ਕਾਕਾ ਉਹਨਾਂ ਵੰਨੀਂ ਵੇਖ। ਕਿਵੇਂ ਉਹਨਾਂ ਨੇ ਮਿਹਨਤ ਤੇ ਹਿੰਮਤ ਕੀਤੀ ਐ, ਮਿਹਨਤ ਕਰਕੇ ਨਾਂ ਬਣਾਇਐ। ਤੂੰ ਵੀ ਮਿਹਨਤ ਕਰ, ਕੰਮ ਆਪੇ ਚੱਲੇਗਾ। ਮੈਂ ਤੇਰਾ ਕੰਮ ਕੀ ਚਲਾ ਸਕਦਾ ਆਂ।"

ਗੁਰਨੈਬ ਸਿੰਘ ਨੇ ਦੱਸਿਆ ਕਿ ਮੈਂ ਸੰਤਾਂ ਦੀ ਇਸ ਗੱਲ ਤੋਂ ਬੜਾ ਪ੍ਰਭਾਵਤ ਹੋਇਆ, ਜਿੰਨ੍ਹਾਂ ਨੇ ਰਾਮੂਵਾਲੀਆ ਦੀ ਮਿਸਾਲ ਦੇ ਕੇ ਮੈਨੂੰ ਪ੍ਰੇਰਿਤ ਕੀਤਾ। ਤੇ ਮੈਂ ਜ਼ਿੰਦਗੀ 'ਚ ਮਿਹਨਤ ਕੀਤੀ...... ਤੇ ਆਪਣਾ ਕਾਰੋਬਾਰ ਚਲਾਇਆ।

✲✲

ਜ਼ੀਰਾ ਤਹਿਸੀਲ 'ਚ ਪੈਂਦੇ ਪਿੰਡ ਹੱਡਾਂਵਾਲੀ ਦੇ ਸਾਬਕਾ ਸਰਪੰਚ ਸ੍ਰ. ਸਾਧੂ ਸਿੰਘ ਦੀ ਪਾਰਸ ਨਾਲ ਭਰਾਵਾਂ ਨਾਲੋਂ ਵੀ ਵੱਧ ਸਾਂਝ ਹੈ ਅਤੇ ਸਾਧੂ ਸਿੰਘ ਨੂੰ ਪਾਰਸ ਦੀ ਬਹੁਤ ਸਾਰੀ ਕਵੀਸ਼ਰੀ ਵੀ ਜ਼ੁਬਾਨੀ ਚੇਤੇ ਹੈ ਅਤੇ ਉਸਨੇ ਪਾਰਸ ਦੀਆਂ ਕਈ ਰਚਨਾਵਾਂ ਸੰਭਾਲ ਕੇ ਰੱਖੀਆਂ ਹੋਈਆਂ ਹਨ। ਮਾਸਟਰ ਹਰਚਰਨ ਸਿੰਘ ਨਾਲ ਜਦੋਂ ਮੈਂ ਸਾਧੂ ਸਿੰਘ ਨੂੰ ਮਿਲਣ ਗਿਆ ਤਾਂ ਮਿੱਠ-ਬੋਲੜੇ ਅਤੇ ਨਿੱਘੀ ਸਖਸ਼ੀਅਤ ਦੇ ਮਾਲਕ ਸਾਧੂ ਸਿੰਘ ਨੇ ਦੱਸਿਆ ਕਿ 1956 ਦੀ ਗੱਲ ਹੈ ਉਨ੍ਹਾਂ ਦੇ ਪਿੰਡ ਬਰਾਤ ਆਈ ਤੇ ਸਪੀਕਰ 'ਚ ਇਹਨਾਂ ਦਾ ਗਾਉਣ ਵੱਜਿਆ, "ਕਿਉਂ ਫੜੀ ਸਿਪਾਹੀਆਂ ਨੇ ਭੈਣੋ ਇਹ ਹੰਸਾਂ ਦੀ ਜੋੜੀ" ਸਾਧੂ ਸਿੰਘ ਉੱਥੇ ਗਿਆ 'ਤੇ ਸਪੀਕਰ ਵਾਲੇ ਤੋਂ ਉਸਨੇ ਪੁੱਛਿਆ ਕਿ ਇਹ ਕਿਹੜੇ ਕਵੀਸ਼ਰਾਂ ਦਾ ਗਾਇਆ ਹੈ ? ਤਾਂ ਪਤਾ ਲੱਗਾ ਕਿ ਇਹ ਕਰਨੈਲ ਪਾਰਸ ਰਾਮੂੰਵਾਲੀਏ ਦਾ ਰਿਕਾਰਡ ਹੈ। ਉਸ ਦਿਨ ਤੋਂ ਸਾਧੂ ਸਿੰਘ ਨੇ ਆਪਣੇ ਮਨ ਵਿੱਚ ਪੱਕੀ ਧਾਰ ਲਈ ਜਦੋਂ ਕੋਈ ਪ੍ਰੋਗਰਾਮ ਘਰੇ ਹੋਏਗਾ ਤਾਂ ਮੈਂ ਪਾਰਸ ਨੂੰ ਸੱਦੂੰਗਾ। ਸਾਧੂ ਸਿੰਘ ਮੋਗੇ ਗਿਆ ਤੇ ਉਸ ਨੂੰ ਕਿਸੇ ਨੇ ਦੱਸਿਆ ਕਿ ਪਾਰਸ ਦਾ ਲਾਹੌਰੀਆਂ ਦੇ ਹੋਟਲ ਤੇ ਆਉਣਾ ਜਾਣਾ ਹੈ, ਉੱਥੋਂ ਪਤਾ ਕਰ, ਤੇ ਸਾਧੂ ਸਿੰਘ ਜਦ ਹੋਟਲ 'ਤੇ ਪੁੱਜਾ ਤਾਂ ਉੱਥੇ ਬੈਠਾ ਬਲਵੰਤ ਰਾਮੂੰਵਾਲੀਆ ਰੋਟੀ ਖਾ ਰਿਹਾ ਸੀ। ਉਸਨੇ



ਹੋਟਲ ਵਾਲਿਆਂ ਤੋਂ ਪੁੱਛਿਆ ਤੇ ਉਹਨਾਂ ਦੱਸਿਆ ਕਿ ਆਹ ਪਾਰਸ ਦਾ ਮੁੰਡਾ ਬਲਵੰਤ ਹੈ। ਸਾਧੂ ਸਿੰਘ ਨੇ ਉਹਦੇ ਨਾਲ ਗੱਲ ਕੀਤੀ ਤੇ ਆਪਣੇ ਘਰ ਆਖੰਡ ਪਾਠ ਦੇ ਪ੍ਰੋਗਰਾਮ ਲਈ ਸੱਦਾ ਦੇ ਆਇਆ। ਪਾਰਸ ਤੇ ਉਸਦੇ ਸਾਥੀ ਪਹਿਲੀ ਵਾਰੀ ਸਾਧੂ ਸਿੰਘ ਦੇ ਘਰ ਪ੍ਰੋਗਰਾਮ ਕਰਨ ਆਏ ਤੇ ਉਸੇ ਦਿਨ ਤੋਂ ਪਾਰਸ ਨਾਲ ਸਾਧੂ ਸਿੰਘ ਦੀ ਗੂੜ੍ਹੀ ਸਾਂਝ ਪੈਦਾ ਹੋ ਗਈ, ਜੋ ਅਜੇ ਵੀ ਹੈ।

ਹਾਲੇ ਇੰਨ੍ਹਾਂ ਦੀ ਯਾਰੀ ਨਵੀਂ-ਨਵੀਂ ਪਈ ਹੀ ਸੀ, ਬਲਵੰਤ ਸਿੰਘ ਦੇ ਵਿਆਹ ਦਾ ਸੱਦਾ ਪਾਰਸ ਨੇ ਸਾਧੂ ਸਿੰਘ ਨੂੰ ਵੀ ਦੇ ਦਿੱਤਾ ਤੇ ਸਾਧੂ ਸਿੰਘ ਮਾਣ-ਤਾਣ ਵੱਜੋਂ ਲੀੜੇ-ਕੱਪੜੇ ਬਣਾ ਕੇ ਲੈ ਗਿਆ ਤੇ ਪਾਰਸ ਨੇ ਕਿਹਾ, "ਜੇ ਤਿੰਨ ਪੀਹੜੀਆਂ ਸਾਂਝ ਰੱਖਣੀ ਐਂ ਤਾਂ ਲੀੜੇ ਰੱਖ ਲੈਨੇ ਆਂ, ਨਹੀਂ ਮੋੜ ਲਿਜਾ।" ਸਾਧੂ ਸਿੰਘ ਨੇ ਆਖਿਆ, "ਮੈਂ ਜਿੰਨਾ ਚਿਰ ਜੀਊਂਗਾ ਉਨਾ ਚਿਰ ਸਾਂਝ ਨਿਭਾਊਂਗਾ।" ਤੇ ਇਉਂ ਫਿਰ ਇਨ੍ਹਾਂ ਦੀ ਸਾਂਝ ਹੋਰ ਪੱਕੀ ਹੋ ਗਈ।

ਪੰਜਾਹ ਅਖਾੜਿਆਂ ਤੋਂ ਵੱਧ ਅਖਾੜੇ ਪਾਰਸ ਦਾ ਜੱਥਾ ਸਾਧੂ ਸਿੰਘ ਦੇ ਪਿੰਡ ਹੱਡਾਂ ਵਾਲੀ 'ਚ ਲਾ ਚੁੱਕਾ ਹੈ ਤੇ 16-17 ਅਖਾੜੇ ਉਹਦੇ ਘਰ ਦੇ ਆਪਣੇ ਪ੍ਰੋਗਰਾਮਾਂ 'ਤੇ ਲੱਗੇ। ਸਾਧੂ ਸਿੰਘ ਦੇ ਰਿਸ਼ਤੇਦਾਰ, ਲਿਹਾਜ਼ੀ ਤੇ ਹੋਰ ਸੱਜਣ ਸਾਧੂ ਸਿੰਘ ਨੂੰ ਆਣ ਕੇ ਕਹਿੰਦੇ ਹੁੰਦੇ ਸਨ ਕਿ ਪਾਰਸ ਕੋਲ ਚੱਲ, ਪ੍ਰੋਗਰਾਮ ਦੀ ਸਾਈ ਦੇਣੀ ਹੈ। ਸਾਧੂ ਸਿੰਘ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਪਾਰਸ ਨਾਲ ਤੁਸੀਂ ਉਹਨਾਂ ਦੀ ਕਿਹੜੀ ਖ਼ਾਸੀਅਤ ਵੇਖ ਕੇ ਜੁੜ ਗਏ ? ਤਾਂ ਸਾਧੂ ਸਿੰਘ ਨੇ ਦੱਸਿਆ, "ਪਾਰਸ ਦੀ ਕਵੀਸ਼ਰੀ ਨੇ, ਜੋ ਪਾਰਸ ਹੀ ਰਚ ਸਕਿਆ ਹੈ, ਮੈਨੂੰ ਸਭ ਤੋਂ ਵੱਧ ਪ੍ਰਭਾਵਤ ਕੀਤੈ, ਮੈਂ ਬੜੇ ਸ਼ਾਇਰ, ਕਵੀਸ਼ਰ ਪੜ੍ਹੇ ਸੁਣੇ, ਪਰ ਪਾਰਸ ਵਿਚਲਾ ਗੁਣ ਹਰੇਕ 'ਚ ਨਹੀਂ ਹੈ। ਇਸਦੀ ਕਲਾਕਾਰੀ ਦੀ ਖ਼ਾਸੀਅਤ ਤੋਂ ਮੈਂ ਪ੍ਰਭਾਵਤ ਹੋਇਆ। ਉਹਦੇ ਲੈਕਚਰ ਦਾ ਵੀ ਮੇਰੇ 'ਤੇ ਬੜਾ ਅਸਰ ਹੈ।"

ਆਪਣੀਆਂ ਯਾਦਾਂ ਦੇ ਝਰੋਖੇ 'ਚ ਝਾਕ ਕੇ ਸਾਧੂ ਸਿੰਘ ਨੇ ਕਿਹਾ ਕਿ, "ਅਸੀਂ ਇੱਕ ਵਾਰੀ ਆਪਸ ਵਿੱਚ ਝਗੜ ਵੀ ਪਏ ਸੀ, ਮੇਰੇ ਮੁੰਡੇ ਦਾ ਵਿਆਹ ਸੀ, ਬਰਾਤ ਰੰਡਿਆਲੇ ਜਾਣੀ ਸੀ। ਨਾ ਪਾਰਸ ਆਇਆ ਤੇ ਨਾ ਬਲਵੰਤ ਹੋਰਾਂ 'ਚੋਂ ਕੋਈ ਆਇਆ। ਬਰਾਤ ਜਾ ਕੇ ਜਦੋਂ ਆਥਣੇ ਅਸੀਂ ਘਰ ਮੁੜੇ ਤਾਂ ਪਾਰਸ ਆ ਗਿਆ। ਮੈਂ ਪਿਆਰ ਭਰਿਆ ਗੁੱਸਾ ਝਾੜਿਆ, ਪਰ ਪਾਰਸ ਨੇ ਮਹਿਸੂਸ ਨਹੀਂ ਕੀਤਾ। ਅਸੀਂ ਨਾ ਕਦੇ ਗੁੱਸੇ, ਨਾ ਨਰਾਜ਼ ਅੱਜ ਤੱਕ ਨਹੀਂ ਹੋਏ।"

ਸਾਧੂ ਸਿੰਘ ਦੱਸਦਾ ਹੈ ਕਿ ਜਦੋਂ ਕਿਤੇ ਉਸਨੂੰ ਪਤਾ ਲੱਗਦਾ ਕਿ ਫਲਾਣੀ ਥਾਂਵੇ ਪਾਰਸ ਨੇ ਆਉਣਾ ਹੈ ਜਾਂ ਪਾਰਸ ਆਪ ਵੀ ਉਸਨੂੰ ਸੁਨੇਹਾ ਭੇਜ ਦਿੰਦਾ ਸੀ ਤਾਂ ਸਾਧੂ ਸਿੰਘ ਨੇ ਆਪਣੇ ਸਾਥੀਆਂ-ਮਿੱਤਰਾਂ ਸਮੇਤ ਉੱਥੇ ਪਹੁੰਚ ਜਾਣਾ ਅਤੇ ਨਾਲ ਤਰਪਾਲ ਵੀ ਆਪਣੀ ਲੈ ਕੇ ਜਾਣੀਂ ਤਾਂ ਕਿ ਜਿੰਨ੍ਹਾਂ ਦੇ ਪ੍ਰੋਗਰਾਮ ਹੈ, ਉਨ੍ਹਾਂ ਨੂੰ ਕੋਈ ਖੇਚਲ ਨਾ ਪਵੇ ਤੇ ਉਹਨਾਂ ਖੁੱਲ੍ਹੀ ਥਾਂਵੇਂ ਤਰਪਾਲ ਵਿਛਾ ਕੇ ਬਹਿ ਜਾਣਾ ਤੇ ਪਾਰਸ ਦਾ ਅਖਾੜਾ ਸੁਣਨਾ। ਸਾਧੂ ਸਿੰਘ ਦੱਸਦਾ ਹੈ ਕਿ ਰਣਜੀਤ ਸਿੰਘ ਸਿੱਧਵਾਂ ਦੀ ਆਵਾਜ਼ ਦੀ ਸਿਫ਼ਤ ਕਰਦਿਆਂ ਪਾਰਸ ਕਹਿੰਦਾ ਹੁੰਦਾ ਸੀ ਕਿ, "ਰਣਜੀਤ ਸਿੰਓਂ ਦੀ ਆਵਾਜ਼ ਟਾਹਲੀਆਂ ਦੇ ਪੱਤੇ ਝਾੜਦੀ ਐ...... ਐਨੀ ਸੁਰੀਲੀ ਐ।" ਤੇ ਵਾਕਿਆ ਈ ਦੁਨੀਆਂ ਅਸ਼-ਅਸ਼ ਕਰ ਉੱਠਦੀ ਸੀ, ਕੋਈ ਪਿਸ਼ਾਬ ਕਰਨ ਨਹੀਂ ਸੀ ਉੱਠਦਾ।

ਸਾਧੂ ਸਿੰਘ ਪਾਰਸ ਨੂੰ ਵੱਡਾ ਭਰਾ ਸਮਝਦਾ ਹੈ ਤੇ 'ਬਾਈ' ਕਹਿੰਦਾ ਹੈ। ਸਾਧੂ

ਸਿੰਘ ਨਾਲ ਪਾਰਸ ਦੇ ਪਰਿਵਾਰ ਦਾ ਘੁਲ-ਮਿਲ ਜਾਣ ਕਰਕੇ ਸਾਧੂ ਸਿੰਘ ਨੂੰ 'ਛੋਟਾ ਪਾਰਸ' ਵੀ ਆਖਿਆ ਜਾਂਦਾ ਸੀ। ਸਾਧੂ ਸਿੰਘ ਦੱਸਦਾ ਹੈ ਕਿ ਇਕਬਾਲ ਤੇ ਰਛਪਾਲ ਤਾਂ ਬਾਹਰ ਚਲੇ ਗਏ ਹਨ। ਮੇਲ-ਜੋਲ ਘੱਟ ਹੋ ਗਿਆ, ਬਲਵੰਤ ਰਾਮੂੰਵਾਲੀਆ ਸਿਆਸਤ 'ਚ ਰੁੱਝ ਗਿਆ ਪਰ ਫਿਰ ਟਾਈਮ ਘੱਟ ਹੁੰਦਾ ਹੈ ਤੇ ਮਾਸਟਰ ਹਰਚਰਨ ਸਿੰਘ ਦਾ ਉਹਦੇ ਨਾਲ ਹਾਲੇ ਵੀ ਰਾਬਤਾ ਕਾਇਮ ਹੈ, ਚਿੱਠੀ ਪੱਤਰ ਤੇ ਫ਼ੋਨ ਕਰਦੇ ਕਰਾਉਂਦੇ ਰਹਿੰਦੇ ਹਨ ਤੇ ਸਾਧੂ ਸਿੰਘ ਨੇ ਦੱਸਿਆ ਕਿ ਪਾਰਸ ਜਦੋਂ ਬਾਹਰੋਂ ਆਉਂਦਾ ਹੈ, ਰਾਮੂੰਵਾਲੇ ਜਾਵੇ ਜਾਂ ਨਾ ਜਾਵੇ ਉਹਦੇ ਘਰ ਜ਼ਰੂਰ ਆਉਂਦਾ ਹੈ।

ਹੁਣ ਪਾਰਸ ਦੇ ਸ਼ਬਦਾਂ ਵਿੱਚ ਸਾਧੂ ਸਿੰਘ ਨੂੰ ਵੇਖੋ, "ਹਾਂ ਜੀ, ਸਾਧੂ ਸਿੰਘ ਮੇਰਾ ਪੱਕਾ ਯਾਰ ਐ ਯਾਰ ਤਾਂ ਹੋਰ ਵੀ ਮੇਰੇ ਬੜੇ ਐ ਪਰ ਸਭ ਤੋਂ ਨੰਬਰ ਵੰਨ ਸਾਧੂ ਸਿਓਂ ਈ ਹੈ। ਸਰਪੰਚ ਵੀ ਰਿਹੈ, ਪਰ ਬੇਈਮਾਨੀ ਜਾਂ ਪੈਸੇ ਖਾਣ ਦਾ ਧੱਬਾ ਏਹਦੇ 'ਤੇ ਨਹੀਂ ਲੱਗਾ, ਤੇ ਨਾ ਲੱਗਣੈ। ਇਹ ਜਿਹੋ ਜਿਹਾ ਅੰਦਰੋਂ ਐਂ ਉਹੋ ਜਿਹਾ ਬਾਹਰੋਂ ਐਂ। ਇਸਦਾ ਸਾਰਾ ਪਰਿਵਾਰ ਮੇਰਾ ਵਾਧੂ ਸਤਿਕਾਰ ਕਰਦੈ।"

✲ ਪ੍ਰਸਿੱਧ ਗੀਤਕਾਰ ਅਤੇ ਪਾਰਸ ਦੇ ਸ਼ਰਧਾਲੂ-ਮਿੱਤਰ ਮੱਖਣ ਬਰਾੜ ਮੱਲਕੇ ਵਾਲਾ ਪਾਰਸ ਬਾਰੇ ਕਹਿੰਦਾ ਹੈ, "ਪਾਰਸ ਜੀ ਨੂੰ ਮੈਂ ਬੜੇ ਮਾਣ ਨਾਲ ਤਾਇਆ ਜੀ ਕਹਿਕੇ ਫੁੱਲਿਆ ਨਹੀਂ ਸਮਾਉਂਦਾ। ਸਾਡੇ ਗੀਤਕਾਰ, ਸੰਗੀਤਕਾਰ ਤੇ ਕਲਾਕਾਰ, ਕਵੀਸ਼ਰ ਇਹਨਾਂ ਤੋਂ ਗੋਡੀਂ ਹੱਥ ਲਗਾ ਕੇ ਪਿਆਰ ਤੇ ਆਸ਼ੀਰਵਾਦ ਲੈਂਦੇ ਹਨ ਤੇ ਇਹਨਾਂ ਦੀਆਂ ਰਚਨਾਵਾਂ ਗਾ ਕੇ ਕਾਫੀ ਧੰਨ ਵੀ ਕਮਾਉਂਦੇ ਹਨ ਪਰ ਤਾਇਆ ਜੀ ਨੂੰ ਕਦੇ ਕੁਝ ਨਹੀਂ ਦਿੱਤਾ। ਮੇਰੇ ਲਈ ਮਾਣ ਦੀ ਗੱਲ ਹੈ ਕਿ ਤਾਇਆ ਜੀ ਨੇ ਮੈਨੂੰ ਹਮੇਸ਼ਾ ਆਪਣੀ ਹਿੱਕ ਨਾਲ ਲਾ ਕੇ ਨਿੱਘ ਪਿਆਰ ਦਿੱਤਾ ਹੈ ਤੇ ਮੇਰੀ ਕਲਮ ਨੂੰ ਹੌਂਸਲਾ ਦੇਣ ਦੇ ਨਾਲ ਨਾਲ ਮੇਰੀ ਲਿਖਤ ਨੂੰ ਵੀ ਸੇਧ ਦਿੱਤੀ ਹੈ। ਕਈ ਵਾਰੀ ਮਨ ਕਰਦੈ ਕਿ ਤਾਇਆ ਜੀ ਦੇ ਕੋਲ ਸਾਰੀ-ਸਾਰੀ ਰਾਤ ਬਹਿ ਕੇ ਇਹਨਾਂ ਕੋਲੋਂ ਕੁਝ ਨਾ ਕੁਝ ਗੁਣ ਗ੍ਰਹਿਣ ਕਰੀ ਜਾਵਾਂ।

✲ ✲ ✲

ਉੱਘੇ ਲੇਖਕ ਕੇ.ਐਲ.ਗਰਗ ਦੇ ਨਿੱਕੇ ਜਿਹੇ ਮਿਡਲ-ਲੇਖ ਵਿੱਚ ਇੱਕ ਯਾਦਗਾਰੀ ਮਿਲਣੀ ਦੀ ਝਲਕ ਵੇਖੋ :

ਰਾਮੂੰਵਾਲੇ ਮੇਰਾ ਛੋਟਾ ਭਰਾ ਸੱਤ ਪਾਲ ਗਰਗ ਅਰਥ-ਸ਼ਾਸਤਰ ਦਾ ਲੈਕਚਰਾਰ ਲੱਗ ਕੇ ਗਿਆ ਤਾਂ ਪਾਰਸ ਨਾਲ ਉਸ ਦਾ ਮੇਲ-ਮਿਲਾਪ ਵਧ ਗਿਆ। ਗੱਲਾਂ-ਗੱਲਾਂ 'ਚ ਉਸ ਨੇ ਪਾਰਸ ਨੂੰ ਦੱਸਿਆ ਕਿ ਕੇ.ਐਲ.ਗਰਗ ਮੇਰਾ ਵੱਡਾ ਭਰਾ ਹੈ। ਪਾਰਸ ਨੂੰ ਇਤਬਾਰ ਈ ਨਾ ਆਵੇ। ਘੜੀ-ਮੁੜੀ ਆਖੇ :-

'ਮੁੰਡਿਆ, ਐਵੇਂ ਤਾਂ ਨੀ ਬੁੜ੍ਹੇ ਨੂੰ ਮੂਰਖ ਬਣਾਈ ਜਾਂਦਾ। ਸੱਚੀਉਂ ਕੇ.ਐਲ. ਤੇਰਾ ਭਰਾ ਐ। ਉਹ ਤਾਂ ਭਾਈ ਬਹੁਤ ਜਾਣਿਆ ਪਛਾਣਿਆ ਬੰਦੈ। ਦੇਖੀਂ ਐਮੇਂ ਟਿੱਚਰ ਨਾ ਕਰੀਂ ਬੁੜ੍ਹੇ ਨੂੰ...।'

ਮੇਰੇ ਭਰਾ ਦੇ ਵਾਰ-ਵਾਰ ਯਕੀਨ ਦਿਵਾਉਣ 'ਤੇ ਵੀ ਉਹ ਨਾ ਮੰਨਿਆ। ਛੋਟਾ ਭਰਾ ਕਹਿਣ ਲੱਗਾ :-

'ਤੁਸੀਂ ਚੱਲੋ ਮੇਰੇ ਨਾਲ ਉਹਦੇ ਘਰ... ਥੋਨੂੰ ਆਪੇ ਪਤਾ ਲੱਗਜੂ... ਸੱਚ ਝੂਠ ਦਾ...।'



ਇੱਕ ਐਤਵਾਰ ਪਾਰਸ ਹੋਰੀਂ ਬਹੁੜ ਪਏ। ਦੁੱਧ ਚਿੱਟੀ ਮਰੂਤੀ 'ਚੋਂ ਖੂੰਡੀ ਲਈ ਇੱਕ ਬਿਰਧ, ਖੁੰਭ ਚਿੱਟੇ ਕੱਪੜੇ ਪਾਈ ਉਤਰਿਆ। ਵੱਡਾ ਗੇਟ ਲੰਘ ਕੇ ਜਦੋਂ ਉਹ ਅੰਦਰ ਆਇਆ ਤਾਂ ਆਉਂਦਿਆਂ ਹੀ ਕਹਿਣ ਲੱਗਾ :-

'ਗਰਗ ਸਾਹਿਬ, ਮੇਰਾ ਇੱਕ ਜਾਣੂੰ ਇੱਕ ਵਾਰ ਕਹਿਣ ਲੱਗਾ, ਪਾਰਸ ਮੈਂ ਯਾਰ ਚੂਹੜਚੱਕ ਗਿਆ, ਤੈਨੂੰ ਤਾਂ ਉੱਥੇ ਵੀ ਲੋਕ ਜਾਣਦੇ ਸੀ। ਮੈਂ ਹੱਸ ਕੇ ਆਖਿਆ ਲੈ ਤੂੰ ਚੂਹੜਚੱਕ ਨੂੰ ਰੋਨੈਂ, ਮੈਨੂੰ ਤਾਂ ਲੋਕ ਭਦੌੜ ਤੱਕ ਜਾਣਦੇ ਐ...।'

ਸਾਰਾ ਘਰ ਸਾਡੇ ਸਭਨਾਂ ਦੇ ਹਾਸੇ ਨਾਲ ਗੂੰਜ ਉੱਠਿਆ। ਮੈਂ ਅਤੇ ਮੇਰੀ ਪਤਨੀ ਨੇ ਪਾਰਸ ਨੂੰ ਜੀ ਆਇਆਂ ਆਖਿਆ। ਤਖਤਪੋਸ਼ 'ਤੇ ਬੈਠਦਿਆਂ ਹੀ ਕਹਿਣ ਲੱਗਾ :-

'ਪਰ ਭਾਈ, ਮੈਨੂੰ ਤਾਂ ਲੋਕ ਭਦੌੜ ਤਾਈਂ ਈ ਜਾਣਦੇ ਐ, ਤੈਨੂੰ ਤਾਂ ਇੰਗਲੈਂਡ, ਕਨੇਡਾ, ਅਮਰੀਕਾ ਤੱਕ ਜਾਣਦੇ ਐ... ਵਾਹ ਬਈ ਵਾਹ।'

ਫੇਰ ਉਹੀ ਗੂੰਜਦਾ ਹੋਇਆ ਹਾਸਾ। ਘਰ ਦੀਆਂ ਕੰਧਾਂ ਵੀ ਉਸ ਨਾਲ ਹੱਸ ਰਹੀਆਂ ਸਨ। ਝੱਟ ਪਾਰਸ ਨੇ ਜੇਬ 'ਚੋਂ ਪੰਜਾਹ ਦਾ ਖੜਕਦਾ ਨੋਟ ਕੱਢਿਆ ਤੇ ਮੇਰੀ ਪਤਨੀ ਨੂੰ ਕਹਿਣ ਲੱਗਾ :-

'ਲੈ ਭਾਈ, ਤੂੰ ਤਾਂ ਮੇਰੀ ਨੂੰਹਾਂ ਅਰਗੀ ਐਂ। ਮੈਂ ਖਾਲੀ ਹੱਥ ਕਦੇ ਨੀ ਕਿਸੇ ਦੇ ਘਰ ਗਿਆ। ਇਹ ਤਾਂ ਸਾਡੇ ਸਭਿਆਚਾਰ 'ਚ ਵੀ ਐ।'

ਉਸ ਪੰਜਾਹ ਦਾ ਨੋਟ ਨਾਂਹ-ਨਾਂਹ ਕਰਦੀ ਮੇਰੀ ਪਤਨੀ ਦੀ ਤਲੀ 'ਤੇ ਧਰ ਦਿੱਤਾ। ਪਾਰਸ ਦਾ ਕਿਸੇ ਘਰ 'ਚ ਦਾਖਲੇ ਦਾ ਇਹ ਵਧੀਆ ਤਰੀਕਾ ਸੀ। ਮੇਰੀ ਪਤਨੀ ਸੱਚਮੁੱਚ ਨੂੰਹਾਂ ਵਾਂਗ ਸੰਗ-ਸ਼ਰਮਾ ਰਹੀ ਸੀ।

ਚਾਹ ਪੀਣ ਲੱਗਿਆਂ ਕਹਿਣ ਲੱਗਾ :-

'ਪੁੱਤ, ਕੋਈ ਸਖ਼ਤ ਚੀਜ਼ ਨਾ ਰੱਖਿਉ... ਮੇਰੇ ਦੰਦ ਕੰਮ ਨੀ ਕਰਦੇ।' ਤੇ ਉਹ ਬਿਸਕੁਟ ਚਾਹ 'ਚ ਭਿਉਂ-ਭਿਉਂ ਖਾਂਦਾ ਰਿਹਾ।

'ਤੁਸੀਂ ਐਡੀ ਪਾਏਦਾਰ ਕਵੀਸ਼ਰੀ ਕੀਤੀ ਐ... ਤੁਸੀਂ ਇਸ ਨੂੰ ਛਪਵਾ ਕਿਉਂ ਨੀਂ ਦਿੰਦੇ। ਛਪੀ ਹੋਈ ਚੀਜ਼ ਰਹਿੰਦੀ ਦੁਨੀਆਂ ਤੱਕ ਚੱਲਦੀ ਐ। ਥੋਡਾ ਨਾਂਅ ਅਮਰ ਹੋ ਜੂ...।' ਮੈਂ ਕਿਹਾ।

'ਕੋਈ ਨਾ ਕੋਈ ਨੀ.. ਇਹ ਵੀ ਕਰਾਂਗੇ... ਪਹਿਲਾਂ ਹੋਰ ਕੁਸ਼ ਕਰ ਲਈਏ... ਉਹ ਬਹੁਤ ਜ਼ਰੂਰੀ ਐ।' ਪਾਰਸ ਨੇ ਹੱਸ ਕੇ ਕਿਹਾ।

ਮੇਰੇ ਛੋਟੇ ਵੀਰ ਨੇ ਦੱਸਿਆ ਕਿ ਪਾਰਸ ਸਾਹਿਬ ਨੇ ਪਿੰਡ ਵਿੱਚ ਆਪਣੇ ਖਰਚੇ 'ਤੇ ਇੱਕ ਡਿਸਪੈਂਸਰੀ ਬਣਾ ਕੇ ਸਰਕਾਰ ਨੂੰ ਦੇ ਦਿੱਤੀ ਹੈ। ਪਿੰਡ ਵਿੱਚ ਇੱਕ ਚੰਗੀ ਲਾਇਬ੍ਰੇਰੀ ਖੋਲ੍ਹ ਦਿੱਤੀ ਐ। ਪਿੰਡ ਦੇ ਬਾਹਰ ਇੱਕ ਵੱਡਾ ਗੇਟ ਬਣਾ ਕੇ ਪਿੰਡ ਨੂੰ ਸੁਹੱਪਣ ਪ੍ਰਦਾਨ ਕੀਤਾ ਹੈ। ਹਰ ਵਰ੍ਹੇ ਇਨ੍ਹਾਂ ਦੇ ਟਰੱਸਟ ਵੱਲੋਂ ਸਕੂਲ ਵਿੱਚ ਸਾਲਾਨਾ ਪ੍ਰੋਗਰਾਮ ਕਰਵਾਇਆ ਜਾਂਦਾ ਹੈ ਜਿਸ ਵਿੱਚ ਕਲਾਕਾਰ ਅਤੇ ਹੁਸ਼ਿਆਰ ਬੱਚਿਆਂ ਨੂੰ ਇਨਾਮ ਦਿੱਤੇ ਜਾਂਦੇ ਹਨ।

'ਪਹਿਲਾਂ ਇਹ ਪ੍ਰਸਿੱਧ ਸਨ, ਹੁਣ ਇਸ ਹਿਸਾਬ ਨਾਲ ਅਮਰ ਹੋਣ ਦਾ ਪ੍ਰਬੰਧ ਕਰ ਰਹੇ ਹਨ...।' ਮੈਂ ਹੱਸ ਕੇ ਆਖਿਆ ਸੀ।

'ਭਾਈ ਅਮਰ ਹੋਣ ਲਈ ਪਹਿਲਾਂ ਮਰਨਾ ਪੈਂਦੈ... ਮੈਂ ਅਜੇ ਪਿੰਡ ਦਾ ਹੋਰ ਕਾਫੀ ਕੁਸ਼ ਸੁਆਰਣਾ ਚਾਹੁੰਨੈਂ। ਮੈਂ ਅਜੇ ਮਰਨਾ ਨਹੀਂ ਚਾਹੁੰਦਾ...।' ਪਾਰਸ ਦਾ ਹਾਸਾ ਸਾਰੇ ਘਰ 'ਚ ਗੂੰਜ ਉੱਠਿਆ।

ਰੋਟੀ ਦਾ ਵੇਲਾ ਸੀ।

'ਚਲੋ ਹੁਣ ਰੋਟੀ ਖਾਂਦੇ ਆਂ' ਮੈਂ ਆਖਿਆ। ਪਾਰਸ ਹੁਰੀਂ ਝੱਟ ਬੋਲੇ :-

'ਮੈਂ ਤਾਂ ਭਾਈ ਪੰਦਰਾਂ ਸਾਲਾਂ ਤੋਂ ਰੋਟੀ ਨ੍ਹੀਂ ਖਾਧੀ।'

'ਹੈਂ! ਹੈਂ!!' ਸਾਡੇ ਸਾਰਿਆਂ ਦੇ ਮੂੰਹੋਂ ਝੱਟ ਨਿੱਕਲ ਗਿਆ।

'ਮੈਂ ਤਾਂ ਜੜ੍ਹੀਆਂ ਬੂਟੀਆਂ ਪਾ ਕੇ ਮਜੂਨ ਬਣਾਇਆ ਹੋਇਐ। ਬੱਸ ਉਸ ਦੀਆਂ ਦੋ ਤਿੰਨ ਵਾਰ ਫ਼ੱਕੀਆਂ ਮਾਰ ਲੈਨਾਂ। ਥੋੜ੍ਹਾ ਜੂਸ ਪੀ ਲੈਨਾਂ... ਮਾੜਾ ਮੋਟਾ ਦੁੱਧ...।'

'ਤੇ ਰਾਤ ਨੂੰ... ?' ਮੈਂ ਹੱਸ ਕੇ ਪੁੱਛਿਆ।

'ਰਾਤ ਨੂੰ ਡੇਢ ਸੌ ਐਮ.ਐਲ. ਵਧੀਆ ਵਿਸਕੀ ਪੀ ਲੈਨਾਂ ਜੇ ਕੋਈ ਮਿਲਣ-ਗਿਲਣ ਵਾਲਾ ਆ ਜਾਵੇ ਤਾਂ ਥੋੜ੍ਹੀ ਹੋਰ ਵੱਧ ਹੋ ਜਾਂਦੀ ਐ...।'

ਸ਼ਰਾਬ ਦੇ ਨਾਂਅ ਤੋਂ ਮੇਰੀ ਘਰਵਾਲੀ ਨੂੰ ਥੋੜ੍ਹੀ ਚਿੜ੍ਹ ਐ। ਉਹ ਝੱਟ ਕਹਿਣ ਲੱਗੀ:-

'ਇਹ ਵੀ...।'

ਪਾਰਸ ਨੇ ਗੱਲ ਬੋਚ ਲਈ। ਕਹਿਣ ਲੱਗਾ :-

'ਦੇਖ ਬੀਬਾ, ਸ਼ਰਾਬ ਉਸ ਬੰਦੇ ਨੂੰ ਬਿਲਕੁਲ ਨਹੀਂ ਪੀਣੀ ਚਾਹੀਦੀ ਜਿਸ ਦੀ ਜੇਬ ਇਜਾਜ਼ਤ ਨਾ ਦੇਵੇ, ਜੋ ਪੀ ਕੇ ਕੁੱਟਮਾਰ ਕਰੇ, ਜਿਸ ਨੂੰ ਪੀ ਕੇ ਬਿਮਾਰੀ ਲੱਗ ਜਾਂਦੀ ਹੋਵੇ, ਜਿਸ ਨੂੰ ਡਾਕਟਰਾਂ ਨੇ ਮਨ੍ਹਾ ਕੀਤੀ ਹੋਵੇ।'

ਏਨਾ ਕਹਿ ਕੇ ਪਾਰਸ ਮੇਰੀ ਪਤਨੀ ਦੇ ਚਿਹਰੇ ਵੱਲ ਨੀਝ ਨਾਲ ਵੇਖਣ ਲੱਗਾ। ਫੇਰ ਹੱਸ ਕੇ ਕਹਿਣ ਲੱਗਾ :-

'ਜੇ ਘੁੱਟ ਪੀ ਕੇ ਤੇਰਾ ਘਰ ਵਾਲਾ ਤੈਨੂੰ ਵੱਧ ਮੁਹੱਬਤ ਕਰਦਾ ਹੋਵੇ, ਤਾਂ ਫੇਰ ਪੀਣ ਦਾ ਕੀ ਹਰਜ ਐ ਭਲਾ ?'

ਮੇਰੀ ਪਤਨੀ ਸੰਗ ਨਾਲ ਸੂਹੀ ਲਾਲ ਹੋ ਗਈ।

ਪਾਰਸ ਮੇਰੇ ਕੋਲ ਵਿਦਾਅ ਹੋ ਗਿਆ ਸੀ ਪਰ ਉਸ ਦਾ ਗੂੰਜਦਾ ਹਾਸਾ ਅਜੇ ਵੀ ਮੇਰੇ ਘਰ ਦੀਆਂ ਕੰਧਾਂ ਨਾਲ ਕਿਤੇ ਨਾ ਕਿਤੇ ਚਿਪਕਿਆ ਹੋਇਆ ਹੈ। ਲਗਦਾ ਹੈ ਜਿਵੇਂ ਉਸਦੀ ਖੂੰਡੀ ਮੇਰੀ ਲਾਇਬ੍ਰੇਰੀ 'ਚ ਹੀ ਰਹਿ ਗਈ ਹੋਵੇ। ਆਸ ਹੈ ਪਾਰਸ ਮੇਰੇ ਘਰ ਫੇਰ ਫੇਰਾ ਪਾਵੇਗਾ।

✲✲

ਉੱਘੇ ਕਵੀਸ਼ਰ ਜੋਗਾ ਸਿੰਘ ਜੋਗੀ ਪਾਰਸ ਦੀ ਨਿੱਘੀ ਸਖ਼ਸ਼ੀਅਤ ਤੋਂ ਬਹੁਤ ਪ੍ਰਭਾਵਤ ਹਨ, ਜੋਗੀ ਨੇ ਪਾਰਸ ਦੇ ਜੱਥੇ ਨੂੰ ਪਹਿਲੀ ਵਾਰੀ ਅੰਮ੍ਰਿਤਸਰ ਦੀਵਾਲੀ ਦੇ ਪ੍ਰੋਗਰਾਮ 'ਤੇ ਗਾਉਂਦੇ ਸੁਣਿਆ ਸੀ। ਰਣਜੀਤ ਸਿੰਘ ਸਿੱਧਵਾਂ ਦੀ ਸੁਰੀਲੀ ਤੇ ਉੱਚੀ ਆਵਾਜ਼ ਅਤੇ ਪਾਰਸ ਜੀ ਦੇ ਭਾਸ਼ਣ ਤੋਂ ਜੋਗੀ ਬਹੁਤ ਪ੍ਰਭਾਵਤ ਤੇ ਖ਼ੁਸ਼ ਹੋਇਆ। ਜੋਗੀ ਜੀ ਨੇ ਦੱਸਿਆ ਕਿ ਦੂਜੀ ਵਾਰੀ ਉਸਨੇ ਪਾਰਸ ਨੂੰ ਤਲਵੰਡੀ ਸਾਬੋ ਕੀ ਵਿਖੇ ਸੁਣਿਆ। ਸੰਗਤਾਂ ਦਾ ਅਥਾਹ ਇਕੱਠ ਸੀ। ਸਟੇਜ ਸੈਕਟਰੀ ਕਹਿ ਰਿਹਾ ਸੀ ਕਿ ਪਾਰਸ ਦੇ ਜੱਥੇ ਤੋਂ ਬਾਅਦ 'ਚ ਜਿਹੜਾ ਜੱਥਾ ਸਟੇਜ ਸੰਭਾਲੇਗਾ ਉਹ ਆ ਜਾਵੇ। ਉੱਥੇ ਬਹੁਤ ਸਾਰੇ ਜੱਥੇ ਪਹੁੰਚੇ ਹੋਏ ਸਨ ਪਰ ਕੋਈ ਸਟੇਜ ਨੂੰ ਮੂੰਹ ਨਹੀਂ ਸੀ ਕਰ ਰਿਹਾ। ਜੋਗਾ ਸਿੰਘ ਜੋਗੀ ਦੇ ਨਾਲ ਉਸਦੇ ਸਾਥੀ ਸਰੂਪ, ਜੰਗੀਰ ਤੇ ਦਰਸ਼ਨ ਸਨ। ਇਹਨਾਂ ਨੇ ਆਪਣਾ ਪ੍ਰੋਗਰਾਮ ਪੇਸ਼ ਕੀਤਾ ਤੇ ਪਾਰਸ ਨੇ ਉੱਥੇ ਬੈਠਕੇ ਸਤਿਕਾਰ ਨਾਲ ਸੁਣਿਆ।

ਜੋਗੀ ਜੀ ਦੱਸਦੇ ਹਨ ਕਿ, "ਪਾਰਸ ਜੀ ਦਾ ਮੈਂ ਬਹੁਤ ਸਤਿਕਾਰ ਕਰਦਾ ਹਾਂ।



ਪਾਰਸ ਜੀ ਮੈਨੂੰ ਕਨੇਡਾ 'ਚੋਂ ਵੀ ਤੋਹਫ਼ੇ ਦੇ ਤੌਰ 'ਤੇ ਰਚਨਾਵਾਂ ਲਿਖਕੇ ਭੇਜਦੇ ਹਨ।" ਜੋਗੀ ਨੇ ਪਾਰਸ ਦੀ ਇੱਕ ਕਵਿਤਾ 'ਮਾਵਾਂ ਠੰਡੀਆਂ ਛਾਵਾਂ' ਆਪਣੀ ਕੈਸਿਟ 'ਅੰਮ੍ਰਿਤ ਦੀ ਸ਼ਕਤੀ' ਵਿੱਚ ਰਿਕਾਰਡ ਵੀ ਕਰਵਾਈ ਹੋਈ ਹੈ।

✲✲

ਕਵੀਸ਼ਰ ਜੋਗਿੰਦਰ ਸਿੰਘ ਸ਼ੇਰਪੁਰੀ ਨੇ ਕਰਨੈਲ ਸਿੰਘ ਪਾਰਸ ਤੇ ਉਸਦੇ ਜਥੇ ਬਾਰੇ ਕਬਿੱਤ ਛੰਦ ਵਿੱਚ ਇਸ ਪ੍ਰਕਾਰ ਲਿਖਿਆ ਹੈ :

ਰਾਮੂਵਾਲੇ ਸ਼ਾਇਰ ਬਲਵੰਤ, ਕਰਨੈਲ ਸਿੰਘ,
ਛੰਦਾਂ 'ਚ ਮਟਕ ਤੇ ਲਟਕ ਰਸ ਭਿੰਨੀ ਐਂ।
ਸਿੱਧੂ ਰਣਜੀਤ ਸਿੰਘ ਬੋਲਦਾ ਰਿਕਾਟਾਂ ਵਿੱਚ,
ਤਿੱਖੇ ਤੀਰ ਵਾਗੂੰ ਜਾਵੇ ਕਾਲਜੇ ਨੂੰ ਵਿੰਨ੍ਹੀ ਐਂ।
ਚੰਦ ਸਿੰਘ, ਜੰਡੀ ਚੇਹਰਾ ਚੰਦ ਦੇ ਸਮਾਨ ਸੋਹਣਾ,
ਬੋਲ ਤਾਂ ਬਹੁਤ ਤੇ ਰੁਹਾਲ ਕੁਝ ਮਿੰਨੀ ਐ।
ਗਿੰਦਰ ਗਰੀਬ ਜੈਸੇ ਮੇਮਣੇ ਬਹੁਤ ਹੋਰ,
ਮਿਲਣ ਜ਼ਰੂਰ ਜੇ ਖਰੀਦੋ ਢਾਈ ਤਿੰਨੀ ਐ।

## ਮਿੱਤਰ ਤੇ ਸ਼ਰਧਾਲੂ ਜਾਂ ਨੇੜਲੇ ਬੰਦੇ :

ਕਰਨੈਲ ਸਿੰਘ ਪਾਰਸ ਦੇ ਸ਼ਰਧਾਲੂ, ਮਿੱਤਰਾਂ ਤੇ ਨੇੜਲੇ ਬੰਦਿਆਂ ਦਾ ਘੇਰਾ ਬਹੁਤ ਵਿਸ਼ਾਲ ਹੈ। ਪਰ ਮੁੱਖ ਤੌਰ ਤੇ ਕਲਾਕਾਰਾਂ ਦੀ ਦੁਨੀਆਂ ਵਿੱਚੋਂ ਸੋਹਣ ਸਿੰਘ ਸ਼ੀਤਲ, ਲਾਲ ਚੰਦ ਯਮਲਾ ਜੱਟ, ਜਗਤ ਸਿੰਘ ਜੱਗਾ, ਕਰਮਜੀਤ ਧੂਰੀ, ਬਲਵੰਤ ਸਿੰਘ ਧਮਾਲ ਦੇ ਨਾਂ ਲਏ ਜਾ ਸਕਦੇ ਹਨ ਇਹ ਕਲਾਕਾਰ ਪਾਰਸ ਦੇ ਨੇੜਲੇ ਦੋਸਤਾਂ ਵਿੱਚ ਗਿਣੇ ਜਾਂਦੇ ਹਨ। ਹੁਣ ਦੇ ਕਲਾਕਾਰਾਂ ਵਿੱਚੋਂ ਸ਼ਰਧਾਲੂ ਵੀ ਤੇ ਨੇੜਲਾ ਵਾਹ ਰੱਖਣ ਵਾਲਿਆਂ ਵਿੱਚ ਗੁਰਦਾਸ ਮਾਨ ਤੇ ਸਰਦੂਲ ਸਿਕੰਦਰ, ਭਗਵੰਤ ਮਾਨ ਦੇ ਨਾਂ ਪ੍ਰਮੁੱਖ ਹਨ ਅਤੇ ਲੇਖਕਾਂ ਵਿੱਚ ਬਲਦੇਵ ਸਿੰਘ ਸੜਕਨਾਮਾ, ਕੇ.ਐਲ. ਗਰਗ, ਇਕਬਾਲ ਮਾਹਲ, ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਾ, ਮੱਖਣ ਬਰਾੜ, ਤੇਜਾ ਸਿੰਘ ਤਿਲਕ ਬਰਨਾਲਾ, ਜਗੀਰ ਸਿੰਘ ਜਗਤਾਰ, ਪ੍ਰੀਤਮ ਸਿੰਘ ਰਾਹੀ, ਓਮ ਪ੍ਰਕਾਸ਼ ਗਾਸੋ, ਤਰਕਸ਼ੀਲ ਮੇਘ ਰਾਜ ਮਿੱਤਰ, ਕ੍ਰਿਸ਼ਨ ਬਰਗਾੜੀ, ਸਰਵਨ ਸਿੰਘ ਖੇਡ ਲੇਖਕ, ਸੁਰਿੰਦਰ ਧੰਜਲ ਕਨੇਡਾ, ਅਜਮੇਰ ਰੋਡੇ, ਅਜਮੇਰ ਕਵੈਂਟਰੀ, ਨਵਤੇਜ ਭਾਰਤੀ ਦੇ ਨਾਂ ਲਏ ਜਾ ਸਕਦੇ ਹਨ।

**ਪੁਰਾਣੇ ਸਾਥੀ** :- ਪੁਰਾਣੇ ਕਾਮਰੇਡਾਂ ਤੇ ਦੇਸ਼ ਭਗਤਾਂ ਵਿੱਚ ਤੇਜਾ ਸਿੰਘ ਸੁਤੰਤਰ, ਬਾਬਾ ਨਿਧਾਨ ਸਿੰਘ ਮਹੇਸਰੀ, ਨਵਤੇਜ ਪ੍ਰੀਤਲੜੀ, ਬਾਬਾ ਰੂੜ ਸਿੰਘ ਚੂਹੜ ਚੱਕ, ਬਾਬਾ ਭਗਤ ਸਿੰਘ ਬਿਲਗਾ, ਕਾ. ਹਰਕਿਸ਼ਨ ਸਿੰਘ ਸੁਰਜੀਤ, ਕਾਮਰੇਡ ਜੰਗੀਰ ਸਿੰਘ ਜੋਗਾ, ਕਾ. ਬੂਝਾ ਸਿੰਘ, ਬਾਬਾ ਦੂਲਾ ਸਿੰਘ ਜਲਾਲਦੀਵਾਲ, ਕਾ. ਲਾਇਲਪੁਰੀ, ਕਾ. ਭਾਨ ਸਿੰਘ ਭੌਰਾ, ਹਰਨਾਮ ਸਿੰਘ ਚਮਕ, ਬਾਬੂ ਸਿੰਘ ਰਾਮਪੁਰਾ ਫੂਲ, ਬਚਨ ਸਿੰਘ ਘੋਲੀਆ ਤੇ ਕਾਮਰੇਡ ਸੁਰਜੀਤ ਗਿੱਲ ਘੋਲੀਆ ਨਾਲ ਨੇੜਲਾ ਵਾਹ ਰਿਹਾ ਹੈ।

ਜਗਜੀਤ ਸਿੰਘ ਆਨੰਦ, ਜਤਿੰਦਰ ਪਨੂੰ, ਹਰਦੇਵ ਸਿੰਘ ਮਹਿਰੋਂ ਦੇ ਨਾਂ ਵੀ ਜ਼ਿਕਰਯੋਗ ਹਨ।

ਪੁਰਾਣੇ ਅਕਾਲੀਆਂ ਤੇ ਕਾਂਗਰਸੀਆਂ ਵਿੱਚੋਂ ਕਈ ਪੁਰਾਣੇ ਬੰਦੇ ਪਾਰਸ ਦੇ ਦੋਸਤ ਰਹੇ ਹਨ। ਜਗਦੇਵ ਸਿੰਘ ਜੱਸੋਵਾਲ ਵੀ ਨੇੜੇ ਦਾ ਦੋਸਤ ਹੈ।

ਸੰਤ ਫਤਿਹ ਸਿੰਘ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਪਾਰਸ ਦੇ ਉੱਘੇ ਮਿੱਤਰ ਸਨ। ਹੋਰਨਾਂ ਸ਼ਰਧਾਲੂ ਤੇ ਦੋਸਤਾਂ ਮਿੱਤਰਾਂ ਵਿੱਚੋਂ ਹਰਨੇਕ ਸਿੰਘ ਮਾਨ ਖੇਮੂਆਣਾ, ਮਲਾਗਰ ਸਿੰਘ ਬਰਨਾਲਾ, ਨਛੱਤਰ ਢਿੱਲੋਂ ਮਾਂਗੇਵਾਲੀਆ, ਰਣਜੀਤ ਰੰਧਾਵਾ ਬੀਹਲਾ, ਪੂਰਨ ਸਿੰਘ ਪਾਂਧੀ, ਮੱਘਰ ਸਿੰਘ ਮੋਸਣ, ਸੌਦਾਗਰ ਸਿੰਘ ਕਾਉਂਕੇ, ਅਮਰ ਸਿੰਘ ਭੱਦਲਵੱਢ (ਸਵ.), ਭਰਪੂਰ ਸਿੰਘ ਬਲਬੀਰ ਸਿੰਘ ਰੌਣੀ, ਜੋਗਿੰਦਰ ਸਿੰਘ ਗਰੇਵਾਲ, ਸਰਦਾਰਾ ਸਿੰਘ ਗਰੇਵਾਲ ਪਲੀਆ (ਸਵ:), ਭਜਨ ਸਿੰਘ ਭੁੱਲਰ, ਗੁਰਬਚਨ ਸਿੰਘ ਭੁੱਲਰ ਮੰਡੀ ਕਲਾਂ, ਬੋਘਾ ਸਿੰਘ ਟਹਿਣਾ, ਮਾਸਟਰ ਗੁਰਬਚਨ ਸਿੰਘ ਕੈਂਥੋ ਕਨੇਡਾ, ਰਣਧੀਰ ਸਿੰਘ ਗਿੱਲ ਮੋਗਾ, ਗੁਰਦੇਵ ਸਿੰਘ ਮਾਨ, ਮਹਿੰਦਰ ਸਿੰਘ ਤਿਹਾੜਾ, ਰਣਜੀਤ ਸਿੰਘ ਉੱਪਲ ਟਰਾਂਟੋ, ਜੋਗਿੰਦਰ ਸਿੰਘ ਸ਼ੇਰਪੁਰੀ, ਕਾ: ਜਗਤ ਮਧੇ, ਗੁਰਨਾਮ ਸਿੰਘ ਘੋੜੀਵਾਲਾ, ਬਿੱਕਰ ਸਿੰਘ ਮਿਸਤਰੀ, ਮਰਹੂਮ ਭਾਗ ਲੁਹਾਰ ਰਾਮੂੰਵਾਲਾ ਹਰਚੋਕਾ, ਬਚਿੱਤਰ ਗਾਦੜੀਵਾਲ।

✲✲

# ਕੁਝ ਗੱਲਾਂ
# ਸ਼੍ਰੀਮਤੀ ਦਲਜੀਤ ਕੌਰ 'ਪਾਰਸ' ਨਾਲ

ਕੋਰੇ ਘੜੇ ਦੇ ਠੰਢੇ ਤੇ ਸ਼ੀਤਲ ਜਲ ਵਾਂਗ ਸੁਭਾਅ ਹੈ ਮਾਤਾ ਦਲਜੀਤ ਕੌਰ 'ਪਾਰਸ' ਦਾ। ਬੜੀ ਹੀ ਮਿੱਠੀ ਬੋਲੀ ਤੇ ਹਮੇਸ਼ਾ ਹਸੂੰ-ਹਸੂੰ ਕਰਦੇ ਮਾਤਾ ਜੀ ਨੂੰ ਸਲੀਕਾ ਤੇ ਗੂਹੜ-ਗਿਆਨ ਪੜ੍ਹਿਆਂ-ਲਿਖਿਆਂ ਤੋਂ ਕਿਤੇ ਵਧੇਰੇ ਹੈ। ਇਸ ਪੁਸਤਕ ਨੂੰ ਤਿਆਰ ਕਰਦੇ ਸਮੇਂ ਇੱਕ ਦਿਨ ਸ੍. ਕਰਨੈਲ ਸਿੰਘ 'ਪਾਰਸ' ਜੀ ਘਰ ਨਹੀਂ ਸਨ, ਕਿਤੇ ਲਾਗੇ ਹੀ ਕੰਮ ਗਏ ਹੋਏ ਸਨ। ਤੇ ਮੈਂ ਵੇਖਿਆ, ਮੌਕਾ ਬੜਾ ਚੰਗਾ ਹੈ! ਕਿਉਂ ਨਾ ਮਾਤਾ ਦਲਜੀਤ ਕੌਰ ਨਾਲ ਹੀ ਕੁਝ ਗੱਲਾਂ ਕਰ ਲਈਆਂ ਜਾਣ। ਕਿਹਾ ਜਾਂਦਾ ਹੈ ਕਿ ਕਿਸੇ ਵੀ ਵੱਡੇ ਆਦਮੀ ਦੀ ਸਫ਼ਲਤਾ ਪਿੱਛੇ ਕਿਸੇ ਨਾ ਕਿਸੇ ਔਰਤ ਦਾ ਜ਼ਰੂਰ ਹੱਥ ਹੁੰਦਾ ਹੈ, ਤੇ ਦੂਜਾ ਇਹ ਕਿ ਕਿਸੇ ਵੀ ਵੱਡੇ ਆਦਮੀ ਦੀ ਘਰ ਵਾਲੀ ਨਾਲ ਗੱਲਾਂ-ਬਾਤਾਂ ਕਰਨ ਖਾਤਰ ਲੋਕੀਂ ਬੜੇ ਉਤਸੁਕ ਹੁੰਦੇ ਹਨ ਤੇ ਇਉਂ ਪਾਰਸ ਜੀ ਦੇ ਚਹੇਤਿਆਂ-ਸ੍ਰੋਤਿਆਂ ਦੀ ਜਾਣਕਾਰੀ ਲਈ



ਮਾਤਾ ਜੀ ਨਾਲ ਗੱਲ ਬਾਤ ਕਰਨੀ ਜ਼ਰੂਰੀ ਬਣਦੀ ਸੀ।

ਸੋ ਮੈਂ ਮਾਤਾ ਜੀ ਨੂੰ ਪੁੱਛਿਆ, "ਮਾਂ ਜੀ! ਤੁਸੀਂ ਕੋਈ ਕੰਮ ਕਰ ਰਹੇ ਓ ?"

"ਨਹੀਂ ਪੁੱਤ, ਮੈਂ ਤਾਂ ਊਂ-ਈਂ ਬੈਠੀ ਆਂ... ਦੱਸ ਪੁੱਤ, ਚਾਹ ਚੂਹ ਪੀਣੀ ਐਂ ?"

"ਨਹੀਂ ਨਹੀਂ ਮਾਂ ਜੀ, ਮੈਂ ਤਾਂ ਥੋਡੇ ਨਾਲ ਕੁਛ ਗੱਲਾਂ ਬਾਤਾਂ ਕਰਨੀਆਂ ਚਾਹੁੰਨਾ ਆਂ, ਜੇ ਤੁਸੀਂ ਐਥੇ ਮੇਰੇ ਕੋਲ ਆ ਕੇ ਬਹਿ ਜਾਵੋ ਤਾਂ...।"

ਮਾਤਾ ਜੀ ਨੇ ਕਿਹਾ, "ਲੈ ਮੈਂ ਹੈਥੇ ਆਉਨੀ ਆਂ ਪੁੱਤ।" ਤੇ ਉਹ ਮੇਰੇ ਲਾਗੇ ਕੁਰਸੀ 'ਤੇ ਆ ਬੈਠੇ, "ਪੁੱਛ ਪੁੱਤ ਜੋ ਪੁੱਛਣੈ।" ਉਹਨਾਂ ਹਾਲੇ ਏਨਾ ਕਿਹਾ ਹੀ ਸੀ ਕਿ ਲਾਗਿਓਂ ਫੋਨ ਟਰਨੰ-ਟਰਨੰ ਕਰਨ ਲੱਗਿਆ, ਮਾਤਾ ਜੀ ਬੋਲੇ, "ਸਾਰੀ ਦਿਹਾੜੀ ਫੋਨ ਈ ਨੀ ਖਹਿੜਾ ਛਡਦੇ", ਤੇ ਉਹਨਾਂ ਰਿਸੀਵਰ ਆਪਣੇ ਕੰਨ ਨੂੰ ਲਾ ਕੇ ਬੜੀ ਹੀ ਮਿੱਠੀ ਤੇ ਹੌਲੀ ਜਿਹੀ ਆਵਾਜ਼ 'ਚ ਆਖਿਆ, "ਹੈ...ਲੋ...।"

ਮੈਂ ਹੈਰਾਨ ਸਾਂ ਕਿ ਮਾਤਾ ਜੀ ਕਿੰਨੇ ਮਿੱਠੇ ਸੁਭਾਅ ਦੇ ਹਨ, ਨਹੀਂ ਤਾਂ ਆਮ ਤੌਰ 'ਤੇ ਇਹ ਵੇਖਿਆ ਜਾਂਦੈ ਕਿ ਪਿਛਲੇ ਪਹਿਰੇ ਬੁੱਢੇ-ਬੁੱਢੀਆਂ ਅੜਬਾਊ ਤੇ ਚਿੜਾਊ ਸੁਭਾਅ ਦੇ ਹੋ ਜਾਂਦੇ ਹਨ ਤੇ ਸਾਰਾ ਸਮਾਂ ਖਿਝਦੇ-ਖਪਦੇ ਰਹਿੰਦੇ ਹਨ। ਖ਼ੈਰ ਮਾਤਾ ਜੀ ਫੋਨ ਸੁਣ ਕੇ ਵਿਹਲੇ ਹੋ ਗਏ। ਮੈਂ ਪੁੱਛਣਾ ਸ਼ੁਰੂ ਕੀਤਾ ? ਮਾਂ ਜੀ, ਜਦੋਂ ਪਾਰਸ ਜੀ ਨੇ ਕਵੀਸ਼ਰੀ ਗਾਉਣੀ ਸ਼ੁਰੂ ਕੀਤੀ ਸੀ ਤਾਂ ਥੋਡੀ ਉਮਰ ਉਦੋਂ ਕਿੰਨੀ ਸੀ।

– ਮੇਰੀ ਉਮਰ ਸਾਢੇ ਕੁ ਪੰਦਰਾਂ ਵਰ੍ਹੇ ਸੀ, ਜਦੋਂ ਸਾਡਾ ਵਿਆਹ ਹੋ ਗਿਆ... ਨਿੱਕੀ ਉਮਰ ਈ ਸੀ ਅਜੇ।

? – ਤੁਸੀਂ ਇਹਨਾਂ ਦੀ ਕਵੀਸ਼ਰੀ 'ਤੇ ਖੁਸ਼ ਸੀਗੇ।

– ਹਾਂ... ਲੈ, ਮੈਂ ਕਾਹਨੂੰ ਨਾਰਾਜ਼ ਹੋਣਾ ਪੁੱਤ! ਮੈਂ ਤਾਂ ਉਦੋਂ ਵੀ ਪੂਰੀ ਖੁਸ਼ ਸਾਂ ਤੇ ਹੁਣ ਵੀ ਪੂਰੀ ਖੁਸ਼ ਆਂ। ਏਹੇ ਕੋਈ ਮਾੜਾ ਕੰਮ ਥੋੜ੍ਹੋ ਸੀ, ਪੁੱਤ... ਏਹਨਾਂ ਦਾ ਛੋਟੇ ਹੁੰਦਿਆਂ ਦਾ ਮਾਂ-ਪਿਓ ਗੁਜ਼ਰ ਗਿਆ ਸੀ। ਤੇ ਏਹਨਾਂ ਨੂੰ ਕੁਦਰਤ ਨੇ ਦਿਮਾਗ ਬੜਾ ਦਿੱਤਾ ਸੀ ਚੰਗਾ। ਤੇ ਏਹਨਾਂ ਦੇ ਚਾਚੇ ਨੇ ਇਹਨਾਂ ਨੂੰ ਪਾਲ਼ਿਆ ਪੋਸਿਆ ਤੇ ਇਹ ਪਿੰਡਾਂ 'ਚ ਗੌਣ ਜਾਂਦੇ। ਬਾਬੇ ਮੋਹਨ ਸਿਓਂ ਰੋਡਿਆਂ ਆਲ਼ੇ ਦੇ ਚੇਲੇ ਹੋਗੇ... ਫੇਰ ਆਵਦਾ ਜੱਥਾ ਬੰਨ੍ਹ ਲਿਆ। ਕਵਿਤਾ ਰਚਨੀ ਤਾਂ ਬਚਪਨ ਤੋਂ ਈ ਆ ਗਈ ਸੀ ਏਹਨਾਂ ਨੂੰ।

? – ਪਿੰਡਾਂ 'ਚੋਂ ਪ੍ਰੋਗਰਾਮਾਂ 'ਤੋਂ ਕਿੰਨੇ ਕੁ ਪੈਸੇ ਬਣਾ ਲਿਆਉਂਦੇ ਸੀ।

– ਮੈਂ ਤਾਂ ਕਦੇ ਗਿਣੇ ਨ੍ਹੀਂ ਸੀ... ਵਾਹਵਾ ਹੁੰਦੇ ਸੀ। ਉਦੋਂ ਇੱਕ-ਇੱਕ, ਦੋ-ਦੋ ਜਾਂ ਪੰਜ-ਪੰਜ ਤੇ ਵੱਧ ਤੋਂ ਵੱਧ ਦਸਾਂ ਦਾ ਨੋਟ... ਤੇ ਨਿਰ੍ਹੇ ਈ 'ਕੱਠੇ ਹੋ ਜਾਂਦੇ ਸੀ ਪੈਸੇ ਤਾਂ... ਤੇ ਫੇਰ ਇਹ ਆਪਸ 'ਚ ਈ ਜੱਥੇ 'ਚ ਵੰਡ ਲੈਂਦੇ ਸੀ ਆਵਦੇ-ਆਵਦੇ ਹੀਸੇ ਆਉਂਦੇ...।"

? – ਕਈ ਵਾਰੀ ਇਹ ਆਪਣੇ ਜੱਥੇ ਨਾਲ ਮਹੀਨਾ-ਮਹੀਨਾ ਘਰੋਂ ਬਾਹਰ ਈ ਤੁਰੇ ਫਿਰਦੇ ਰਹਿੰਦੇ ਸੀ ਪ੍ਰੋਗਰਾਮਾਂ 'ਤੇ। ਜੁਆਕ ਥੋਡੇ ਨਿੱਕੇ ਹੋਣੇ ਉਦੋਂ, ਤੇ ਫੇਰ ਤੁਹਾਨੂੰ ਕਿਵੇਂ ਮਹਿਸੂਸ ਹੁੰਦਾ ਸੀ ਉਦੋਂ।

– ਜੁਆਕ ਤਾਂ ਨਿੱਕੇ ਸੀ... ਫੇਰ ਆਪੇ ਹੌਲੀ-ਹੌਲੀ ਸਿਆਣੇ ਹੋ ਗਏ। ਬਲਵੰਤ ਤਾਂ ਪੰਜਾਂ ਛੀਆਂ ਸਾਲਾਂ ਦਾ ਸੀ ਜਦੋਂ ਅਖ਼ਬਾਰਾਂ ਪੜ੍ਹਨ ਲਾ ਦਿੱਤਾ। ਇੱਕ ਬੁੱਢਾ ਬਾਬਾ ਸਾਡੀ ਰਾਖੀ 'ਤੇ ਹੁੰਦਾ ਸੀ ਤੇ ਉਹਨੂੰ ਥੋੜ੍ਹੇ ਬਾਹਲ਼ੇ ਪੈਸੇ ਦੇ ਦਿੰਦੇ। ਫੇਰ ਜੁਆਕ ਆਪੇ ਈ ਪੱਠੇ ਦੱਥੇ ਲਿਆਉਣ ਲੱਗਗੇ।

? – ਪਾਰਸ ਜੀ ਕਦੇ ਥੋਡੇ ਨਾਲ ਗੁੱਸੇ ਵੀ ਹੋ ਜਾਂਦੇ ਸੀ।

– ਨਾ ਪੁੱਤ... ਕਦੇ ਨ੍ਹੀਂ। ਹਾਂ, ਮੈਂ ਗੁੱਸੇ ਹੁੰਦੀ ਸੀ, ਜਦੋਂ ਇਹ ਰਾਤ ਨੂੰ ਕਵਿਤਾ ਰਚਦੇ ਸੀ ਤੇ ਮੈਂ ਕਹਿਣਾ... ਥੋਡੇ ਚਾਨਣ ਨਾਲ ਸਾਨੂੰ ਨੀਂਦ ਨ੍ਹੀਂ ਆਉਂਦੀ... ਤੇ ਏਹ ਬੱਤੀ ਜਗਾ ਕੇ ਬੈਠੇ ਕਵਿਤਾ ਬਣਾਉਂਦੇ ਰਹਿੰਦੇ ਹੁੰਦੇ ਸੀ... ਬਣਾਉਂਦੇ ਰਾਤ ਨੂੰ ਈ ਹੁੰਦੇ ਸੀ।

? – ਕਵਿਤਾ ਬਣਾ ਕੇ ਫਿਰ ਥੋਨੂੰ ਵੀ ਸੁਣਾਉਂਦੇ ਸੀ।

– ਆਹੋ... ਮੈਨੂੰ ਸੁਣਾਉਂਦੇ ਸੀ, ਮੈਂ ਸੁਣਦੀ ਸਾਂ।

? – ਤੁਸੀਂ ਚਾਅ ਨਾਲ ਸੁਣਦੇ ਸੀ ਜਾਂ ਮਜਬੂਰੀ ਨਾਲ, ਕਿਉਂਕਿ ਕਈ ਕਵੀ ਜਾਂ ਕਵੀਸ਼ਰ ਧੱਕੇ ਨਾਲ ਈ ਆਪਣੀਆਂ ਘਰ ਵਾਲੀਆਂ ਨੂੰ ਆਪਣੀਆਂ ਰਚਨਾਵਾਂ ਸੁਣਾਉਂਦੇ ਰਹਿੰਦੇ ਐ। ਜਿਹੜੀਆਂ ਵਿਚਾਰੀਆਂ ਔਰਤਾਂ ਨੂੰ ਕੋਈ ਰੁਚੀ ਨਹੀਂ ਹੁੰਦੀ ਉਹ ਅੱਕ ਕੇ ਖਿਝ ਜਾਂਦੀਆਂ ਤੇ ਲੜ ਪੈਂਦੀਐਂ ਤੁਸੀਂ...।

– (ਜ਼ੋਰ ਜ਼ੋਰ ਦੀ ਹੱਸਦੇ ਹੋਏ)... ਨਾ ਨਾ ਪੁੱਤ। ਮੈਂ ਤਾਂ ਉਤਸ਼ਾਹ ਨਾਲ ਸੁਣਦੀ ਸਾਂ। (ਫੇਰ ਹੱਸਦੇ ਹੋਏ) ਕਵਿਤਾ ਬਣਾ ਕੇ ਕਹਿੰਦੇ ਹੁਣ ਮੈਂ ਆਹ ਛੰਦ ਲਿਖਿਐ, ਆਹ ਪ੍ਰਸੰਗ ਲਿਖਿਐ ਫਲਾਣਾ। ਲੈ ਸੁਣ... ਤੈਨੂੰ ਸੁਣਾਵਾਂ, ਦਲਜੀਤ ਕੁਰੇ ਤੇ ਮੈਂ ਪਰੇਮ ਨਾਲ ਸੁਣਦੀ ਰਹਿੰਦੀ।

? – ਸੁਣ ਕੇ ਆਪਣੇ ਵੱਲੋਂ ਕੋਈ ਸੁਝਾਅ ਵੀ ਦਿੰਦੇ ਸੀ ਤੁਸੀਂ।

– ਸੁਝਾਅ... ਤਾਂ ਮੈਂ ਜੇ ਕੋਈ ਦੇਣ ਆਲ਼ਾ ਦੀਂਹਦਾ ਤਾਂ ਈ ਦਿੰਦੀ ਸੀ ਊਂ ਤਾਂ ਏਹੇ ਆਪ ਈ ਐਹੋ ਜੀਆਂ ਕਵਿਤਾਵਾਂ ਬਣਾਉਂਦੇ ਸੀ ਬਈ ਸੁਝਾ ਦੀ ਲੋੜ ਈ ਨ੍ਹੀਂ ਸੀ ਪੈਂਦੀ ਹੁੰਦੀ। ਇਹ ਵੈਰਾਗ ਦੀਆਂ ਕਵਿਤਾਵਾਂ ਜਦੋਂ ਬਣਾਉਂਦੇ ਮੈਨੂੰ ਬੜੀਆਂ ਚੰਗੀਆਂ ਲੱਗਦੀਆਂ ਸੀ।

? – ਥੋਨੂੰ ਗਾ ਕੇ ਸੁਣਾਉਂਦੇ ਸੀ ਜਾਂ ਪੜ੍ਹਕੇ ਸੁਣਾਉਂਦੇ ਸੀ।

– ਨਾ – ਨਾ, ਗਾ ਕੇ ਵੀ ਸੁਣਾਉਂਦੇ ਹੁੰਦੇ ਸੀ... ਜੇ ਪੜ੍ਹ ਕੇ ਸੁਣਾਉਂਦੇ ਤਾਂ ਮੈਂ ਆਖ ਦਿੰਦੀ ਬਈ ਗਾ ਕੇ ਸੁਣਾਓ ਖਾਂ, ਫੇਰ ਗਾ ਕੇ ਸੁਣਾਉਂਦੇ। ਉਦੋਂ ਤਾਂ ਏਹਨਾਂ ਦੀ 'ਵਾਜ ਬਹੁਤ ਵਧੀਆ ਸੀ। ਖਰਾਬ ਤਾਂ ਪਿੱਛੇ ਜੇ ਈ ਹੋਗੀ...... ਜ਼ੁਖ਼ਾਮ ਹੋ ਗਿਆ ਸੀ।

? – ਇਹਨਾਂ ਦੀਆਂ ਸਾਰੀਆਂ ਕਵੀਸ਼ਰੀ–ਕਵਿਤਾਵਾਂ ਵਿੱਚੋਂ ਕਿਹੜੀ ਥੋਡੇ ਮਨ ਨੂੰ ਜ਼ਿਆਦਾ ਭਾਉਂਦੀ ਐ।

– ਮੈਨੂੰ ਤਾਂ ਪੁੱਤ ਸਾਰੀਆਂ ਈ ਮਨ ਭਾਉਂਦੀਆਂ। ਪਰ ਔਹ ਸੀ... ਕਿਉਂ ਫੜ੍ਹੀ ਸਿਪਾਹੀਆਂ ਨੇ, ਭੈਣੋ ਏਹ ਹੰਸਾਂ ਦੀ ਜੋੜੀ... ਇਹ ਤਾਂ ਬਾਹਲ਼ੀ ਚੰਗੀ ਲਗਦੀ... ਇਹ ਮਸ਼ਹੂਰ ਵੀ ਬਾਹਲ਼ੀ ਹੋਈ। ਥਾਂ–ਥਾਂ ਵੱਜੀ ਇਹ ਕਵਿਤਾ, ਥਾਂ–ਥਾਂ ਸੁਣੀਂ। ਪਤਾ ਨ੍ਹੀਂ ਹੋਰ ਕਿੰਨਿਆਂ ਕੁ ਨੇ ਗਾਈ। ਬਾਹਲ਼ੀ ਵਧੀਆ ਕਵਿਤਾ ਏਹੇ ਤਾਂ ਤੇ ਇੱਕ ਇਹਨਾਂ ਦੀ ਸੀ ਜਿਹੜੀ, 'ਕੁੰਡਲੀਆ ਸੱਪ' ਉਹ ਵੀ ਵਧੀਆ ਲਗਦੀ ਸੀ।

? – ਮਾਂ ਜੀ, ਕੋਈ ਐਹੋ ਜੀ ਗੱਲ ਜੋ ਤੁਸੀਂ ਕਦੇ ਭੁੱਲ ਨਾ ਸਕਦੇ ਹੋਵੋ।

– ਪੁੱਤ ਹੁਣ ਬੁੱਢੇ ਹੋਗੇ... ਚੇਤੇ ਨ੍ਹੀਂ ਰਹਿੰਦਾ। ਨਿੱਕੀਆਂ–ਮੋਟੀਆਂ ਯਾਦਾਂ ਤਾਂ ਸੌ ਹੁੰਦੀਆਂ.... ਭੁੱਲ ਭੁਲਾ ਜਾਂਦੀਆਂ। ਹੁਣ ਤਾਂ ਮੇਰੇ ਕੋਈ ਚੇਤੇ ਨਹੀਂ ਆਉਂਦੀ... ਜੇ ਚੇਤੇ ਆਗੀ ਫੇਰ ਤੈਨੂੰ ਲਿਖਾ ਦੂੰ...।

? – ਹੁਣ ਤੁਸੀਂ ਵਿਦੇਸ਼ ਰਹਿੰਨੇ ਓਂ, ਪਿੰਡ ਆਉਣ ਨੂੰ ਕਿੰਨਾ ਕੁ ਜੀਅ ਕਰਦੈ।



– ਪੁੱਤ ਸਿਆਣੇ ਆਂਹਦੇ ਹੁੰਦੇ ਐ ਬਈ ਆਵਦਾ ਘਰ ਤਾਂ ਆਵਦਾ ਈ ਹੁੰਦੈ। ਘਰ ਤਾਂ ਭਾਵੇਂ ਉੱਥੇ ਵੀ ਆਵਦੈ... ਪਰ ਪਿੰਡ ਦਾ ਮੋਹ ਨ੍ਹੀਂ ਟੁਟਦਾ। ਪਿੰਡ ਤਾਂ ਪਿੰਡ ਈ ਹੁੰਦੈ। ਬਥੇਰਾ ਜੀ ਕਰਦੈ ਆਉਣ ਨੂੰ... ਤਾਂ ਈ ਆ ਜਾਈਦੈ। ਪਿੰਡ ਦੀ ਤਾਂ ਰੌਣਕ ਈ ਹੋਰ ਆ। ਸਾਨੂੰ ਕਨੇਡੇ ਗਿਆਂ ਨੂੰ ਬਾਈ ਵਰ੍ਹੇ ਹੋ ਗੇ, ਤੇ ਏਥੇ ਆ ਕੇ ਵੀ ਮੈਂ ਬੜੀ ਖੁਸ਼ ਰਹਿੰਨੀ ਆਂ। ਖੁੱਲ੍ਹਾ ਡੁੱਲ੍ਹਾ ਘਰ–ਬਾਰ੍ਹ ਐ, ਖੇਤ ਐ, ਰੌਣਕ ਰਹਿੰਦੀ ਐ। ਲੋਕ ਆਉਂਦੇ ਜਾਂਦੇ ਐ। ਬਹਿੰਦੇ ਐ, ਗੱਲਾਂ–ਬਾਤਾਂ ਦੱਸਦੇ–ਕਰਦੇ ਐ।

? – ਥੋਡੇ ਪੁੱਤ ਬਲਵੰਤ ਸਿੰਓਂ ਰਾਮੂੰਵਾਲੀਏ ਨੇ ਕਿੰਨੀ ਤਰੱਕੀ ਕੀਤੀ ਐ, ਨਾਮਣਾ ਖੱਟਿਐ। ਕੇਂਦਰ 'ਚ ਮੰਤਰੀ ਵੀ ਬਣਿਆ... ਤੇ ਹੋਰ ਵੀ ਕਿੰਨਾ ਨਾਂ ਐ ਉਹਨਾਂ ਦਾ ਤੁਸੀਂ ਕਿਵੇਂ ਮਹਿਸੂਸ ਕਰਦੇ ਓ।

– ਪੁੱਤ ਗੱਲ ਇਉਂ ਐ ਬਈ... ਬਲਵੰਤ ਦਾ ਦਿਮਾਗ ਬੜਾ ਤੇਜ਼ ਰਿਹੈ ਮੁੱਢ ਤੋਂ। ਤੇ ਤਰੱਕੀ ਏਹਦੀ 'ਤੇ ਮੈਂ ਖ਼ੁਸ਼ ਤਾਂ ਹਾਂ, ਪਰ ਲਗਦਾ ਮੈਨੂੰ ਉਹੋ ਜਾ ਬਲਵੰਤ ਈ ਐ... ਜਿਹੋ ਜਾ ਪਹਿਲਾਂ ਸੀ। ਕਿਉਂ ਪੁੱਤ ਅਸੀਂ ਘੁਮੰਡ ਜਾਂ ਫੂੰ–ਫਾਂ 'ਚ ਨਹੀਂ ਪੈਂਦੇ। ਤੇ ਨਾਲ਼ੇ ਮਾਂ–ਪਿਓ ਨੂੰ ਤਾਂ ਜੋ ਪੁੱਤ ਹੁੰਦੇ ਐ ਪੁੱਤ ਈ ਲੱਗਦੇ ਹੁੰਦੇ ਐ। ਤੇ ਮੈਂ ਆਵਦੇ ਬਲਵੰਤ ਨੂੰ ਕਿਹਾ ਸੀ ਜਦੋਂ ਉਹ ਵਜ਼ੀਰ ਬਣਿਐਂ... ਬਈ ਪੁੱਤਾ! ਲੋਕੀਂ ਮਾਂ ਦਾ ਦੁੱਧ ਪਰਖਦੇ ਹੁੰਦੇ ਐ। ਵੇਖੀਂ... ਮੇਰੇ ਦੁੱਧ ਨੂੰ ਲਾਜ ਨਾ ਲਾਈਂ। ਗਰੀਬ ਗੁਰਬੇ ਦੀ ਪਹਿਲਾਂ ਸੁਣੀਂ ਤੇ ਤਕੜੇ ਦੀ ਮਗਰੋਂ। ਕਿਸੇ ਦਾ ਮਾੜਾ ਨਾ ਕਰੀਂ ਤੇ ਕਿਸੇ ਦਾ ਦਿਲ ਨਾ ਦੁਖਾਈਂ। ਮੇਰੇ ਪੁੱਤ ਨੇ ਮੇਰੇ ਬੋਲ ਪੁਗਾਏ ਐ 'ਤੇ ਗਾਹਾਂ ਵੀ ਬੋਲ ਪੁਗਾ ਰਿਹੈ...।"

? – ਮਾਂ ਜੀ, ਤੁਸੀਂ ਪੜ੍ਹੇ ਵੀ ਓ।

– ਮੈਂ ਤਾਂ ਪੁੱਤ ਪੰਜ ਕੁ ਜਮਾਤਾਂ ਈ ਪੜ੍ਹੀ ਆਂ... ਉਸ ਜ਼ਮਾਨੇ 'ਚ ਕੁੜੀਆਂ ਨੂੰ ਕੌਣ ਪੜ੍ਹਾਉਂਦਾ ਸੀ। ਮੈਂ ਅਖਬਾਰਾਂ, ਕਿਤਾਬਾਂ ਤੇ ਸਭ ਕੁਛ ਪੜ੍ਹ ਲੈਨੀ ਆਂ, ਪੰਜਾਬੀ ਦੀਆਂ।

? – ਥੋਡੀ ਕੋਈ ਐਹੋ ਜੀ ਇੱਛਾ ਜੋ ਹਾਲੇ ਪੂਰੀ ਨਾ ਹੋਈ ਹੋਵੇ।

– ਸੱਭੇ ਇੱਛਾ ਪੂਰੀਆਂ... ਪੁੱਤ। ਕੋਈ ਕਿਸੇ ਚੀਜ਼ ਦੀ ਤੋਟ ਨਹੀਂ। ਊਂ ਤਾਂ ਘਾਟਾ ਸਾਨੂੰ ਪਹਿਲੋਂ ਤੋਂ ਈ ਕੋਈ ਨ੍ਹੀਂ ਰਿਹਾ। ਤੋਟ ਨ੍ਹੀਂ ਆਈ। ਹੁਣ ਤਾਂ... ਰੰਗ–ਭਾਗ ਲੱਗੇ ਐ। ਸਭ ਧੀਆਂ ਪੁੱਤ ਆਪੋ–ਆਪਣੇ ਕੰਮਾਂ–ਕਾਰਾਂ 'ਚ ਐ। ਸਭ ਠੀਕ ਐ।

? – ਤੁਸੀਂ ਵੀ ਪਾਰਸ ਜੀ ਵਾਂਗ ਤਰਕਸ਼ੀਲ ਓ।

– ਪੁੱਤ ਗੱਲ ਸਿੱਧੀ ਐ। ਕੋਈ ਵਲ਼–ਵਿਲਿੰਗ ਨ੍ਹੀਂ... ਬਈ ਮੈਂ ਤਾਂ ਆਹਾ ਜੋ ਚਾਟੜੇ ਸਾਧ...... ਪਾਖੰਡੀ ਇਹਨਾਂ ਦੇ ਪੂਰੀ ਉਲਟ ਆਂ। ਤੁਸੀਂ ਨਿੱਤ ਪੜ੍ਹਦੇ ਓਂ ਅਖਬਾਰਾਂ 'ਚ। ਵੇਹਨੇ ਓਂ ਬਈ ਇਹ ਸਾਧ ਕੀ ਕਾਰੇ ਕਰਦੇ ਐ। ਮੇਰਾ ਤਾਂ ਗੁਰੂ ਦੀ ਬਾਣੀ 'ਚ ਈ 'ਕੱਲਾ ਵਿਸ਼ਵਾਸ਼ ਐ... ਹੋਰ ਕਿਤੇ ਵੀ ਨ੍ਹੀਂ।

? – ਮਾਂ ਜੀ ਥੋਡੇ ਘਰੇ ਆਮ ਈ ਕਾਮਰੇਡ ਜਾਂ ਪਾਰਸ ਜੀ ਦੇ ਦੋਸਤ–ਮਿੱਤਰ, ਜਾਂ ਪ੍ਰੋਗਰਾਮਾਂ ਲਈ ਲੋਕ ਆਉਂਦੇ ਜਾਂਦੇ ਰਹਿੰਦੇ ਸੀ। ਤੇ ਤੁਸੀਂ ਸਾਰਾ ਸਾਰਾ ਦਿਨ ਚਾਹਾਂ ਬਣਾਉਂਦੇ, ਰੋਟੀਆਂ ਪਕਾਉਂਦੇ ਅਕਦੇ–ਥਕਦੇ ਨਹੀਂ ਸੀ। ਇਉਂ ਕਈਆਂ ਲਿਖਾਰੀਆਂ ਤੇ ਕਲਾਕਾਰਾਂ ਦੀਆਂ ਘਰਾਂ ਵਾਲ਼ੀਆਂ ਤਾਂ ਬੜੀਆਂ ਔਖੀਆਂ –ਭਾਰੀਆਂ ਹੋ ਜਾਂਦੀਆਂ ਨੇ।

– ਨਾ ਵੇ ਪੁੱਤ, ਕਾਹਨੂੰ ਅੱਕਣਾ ਸੀ ਮੈਂ, ਸਗੋਂ ਮੈਂ ਤਾਂ ਖ਼ੁਸ਼ ਹੁੰਦੀ ਬਈ ਇਹਨਾਂ ਦਾ ਐਨਾ ਰਸੂਖ ਐ। ਪਿਆਰ ਐ ਲੋਕਾਂ ਨਾਲ, ਬਣੀ ਐਂ... ਅਗਲਾ ਪਿਆਰ ਸਤਿਕਾਰ

ਨਾਲ ਆਉਂਦੈ ਬਾਹਲ਼ੇ ਮਾਣ ਨਾਲ। ਤੇ ਸਾਡਾ ਮੁੰਡਾ ਹਰਭਜਨ ਮਾਨ ਗਾਉਂਦਾ ਹੁੰਦੈ ਨਾ... ਅਖੇ ਜੱਗ ਜਿਉਂਦਿਆਂ ਦੇ ਮੇਲੇ ਤੇ ਪੁੱਤ ਇਹ ਜੱਗ ਤਾਂ ਇੱਕ ਹਿਸਾਬ ਦਾ ਮੇਲਾ ਐ। ਇਹਨਾਂ ਨੂੰ ਲੋਕਾਂ ਨੇ ਪਿਆਰ ਦਿੱਤੈ ਤੇ ਦੇ ਰਹੇ ਐ... ਮੈਂ ਖੁਸ਼ ਆਂ ਤੇ ਖੁਸ਼ ਰਹੀ ਆਂ। ਕਦੀ ਨਹੀਂ ਮੈਂ ਅੱਕੀ ਥੱਕੀ... ਹੁਣ ਤੂੰ ਵੇਹਨਾਂ ਈ ਐਂ... ਮੈਂ ਇੱਕ ਮਿੰਟ ਨ੍ਹੀਂ ਵੇਹਲੀ ਰਹਿੰਦੀ... ਘਰ ਦਾ ਸਾਰਾ ਕੰਮ ਆਪ ਵੀ ਤੇ... ਕਾਮਿਆਂ ਤੋਂ ਵੀ... ਸਿਰ 'ਤੇ ਖੜ੍ਹ ਕੇ, ਮਿੱਠਤ ਪਿਆਰ ਨਾਲ ਕਰਾਉਨੀ ਆਂ।"

? – ਪਾਰਸ ਜੀ ਜਦੋਂ ਸ਼ਰਾਬ ਪੀਂਦੇ ਐ, ਥੋਨੂੰ ਚੰਗੇ ਲੱਗਦੇ ਐ... ਜਾਂ।

– ਏਹੇ ਤਾਂ ਇਹਨਾਂ ਦੀ ਮਰਜ਼ੀ ਆ ਪੁੱਤ। ਏਹਨਾਂ ਦਾ ਸ਼ੌਂਕ ਐ। ਇਹ ਮਜਬੂਰੀ ਨਈਂ। ਸ਼ੌਂਕ ਨਾਲ ਪੀਂਦੇ ਐ... ਜਿੰਨੀ ਕੁ ਜੀ ਕਰਦੈ ਜਾਂ ਜਿੰਨੀ ਕੁ ਪਚਦੀ ਐ... ਅੰਨ੍ਹੇ ਵਾਹ ਲੋਕਾਂ ਵਾਂਗੂੰ ਨਈਂ ਪੀਂਦੇ। ਤਾਂ ਈ... ਫੇ ਮੈਨੂੰ ਭੈੜੇ ਕਾਹਤੋਂ ਲੱਗਣੇ ਆਂ ਭਲਾ...।

? – ਪਾਰਸ ਜੀ ਬਾਰੇ ਕੁਝ ਹੋਰ ਆਖੋਗੇ।

– ਮੈਂ ਦੱਸਿਆ ਬਈ... ਸੁਭਾਅ ਪੱਖੋਂ ਤਾਂ ਏਹੇ ਬੜੇ ਈ ਦਿਆਲੂ ਐ। ਹਰੇਕ ਨੂੰ ਈ ਰੋਟੀ-ਪਾਣੀ, ਚਾਹ-ਦੁੱਧ ਛਕੇ ਤੋਂ ਬਿਨਾਂ ਨ੍ਹੀਂ ਜਾਣ ਦਿੰਦੇ। ਗਰੀਬ-ਗੁਰਬੇ ਦੀ ਮੱਦਤ ਕਰਦੇ ਐ। ਕਿਸੇ ਨੂੰ ਦਾਣੇ ਦੇ – ਤੇ, ਕਿਸੇ ਨੂੰ ਲੀੜੇ-ਕੱਪੜੇ, ਕਿਸੇ ਨੂੰ ਪੈਸੇ। ਤੇ ਗੱਲ ਦਿਮਾਗ ਦੀ ਐ। ਹੁਣ ਵੀ ਦਿਮਾਗ ਲਾਉਂਦੇ ਰਹਿੰਦੇ ਐ... ਮੈਂ ਤਾਂ ਆਹਨੀ ਆਂ ਬਈ ਹੁਣ ਐਨਾ ਦਿਮਾਗ ਨਾ ਲਾਇਆ ਕਰੋ। ਲਿਖਣ ਲੱਗ ਜਾਂਦੇ ਐ, ਕਦੇ ਅਖਬਾਰ ਲੈ ਬਹਿੰਦੇ ਐ... ਕਦੇ ਕੋਈ ਕਿਤਾਬ, ਰੇਡੀਓ ਸੁਣਦੇ ਐ। ਇੱਕ ਗੱਲ ਹੋਰ ਪੁੱਤ... ਇਹ ਇਹਨਾਂ 'ਚ ਏਹੇ ਬਾਹਲ਼ੀ ਸਿਫ਼ਤ ਐ। ਇਹ ਬੰਦੇ ਦੀ ਪਛਾਣ ਝੱਟ 'ਚ ਕਰ ਲੈਂਦੇ ਐ। ਓਦਣ, ਜਿੱਦਣ ਤੂੰ ਪਹਿਲੇ ਦਿਨ ਈ ਆਇਆ ਸੈਂ... ਮੈਨੂੰ ਮਗਰੋਂ ਵੀ ਆਂਹਦੇ... ਬਈ ਮੁੰਡਾ ਨਿੱਕਾ ਜਿਹੈ ਤੇ ਕੰਮ ਵੱਡਿਆਂ ਵੱਡਿਆਂ ਆਲ਼ੇ ਕਰਦਾ ਫਿਰਦੈ। ਬਈ ਅਖੇ ਕਈ ਨਿੱਕੀ ਉਮਰੇ ਈ ਬਾਹਲ਼ੇ ਸਿਆਣੇ ਹੁੰਦੇ ਐ...।"

ਹਾਲੇ ਅਸੀਂ ਗੱਲਾਂ ਕਰ ਹੀ ਰਹੇ ਸਾਂ ਕਿ ਪਾਰਸ ਜੀ ਦੀ ਕਾਰ ਵਿਹੜੇ ਵਿੱਚ ਆ ਖੜ੍ਹੀ ਹੋਈ ਤੇ ਉਹ ਮੁਸਕਰਾਉਂਦੇ ਹੋਏ, ਫਰਸ਼ 'ਤੇ ਆਪਣੀ ਖੂੰਡੀ ਦੀ 'ਠਿੱਪ ਠਿੱਪ' ਕਰਦੇ ਆਣ ਕੇ ਕੁਰਸੀ 'ਤੇ ਬੈਠ ਗਏ। ਮਾਤਾ ਜੀ ਨੇ ਕਿਹਾ, "ਲੈ ਪੁੱਤ... ਘੁਗਿਆਣਵੀ... ਹੁਣ ਤੂੰ ਆਵਦੇ ਬਾਪੂ ਨੂੰ ਘੇਰ ਲੈ... ਮੈਂ ਤਾਂ ਜਾਨੀ ਆਂ, ਜਾ ਕੇ ਥੋਡੇ ਲਈ ਚਾਹ ਭੇਜਦੀ ਆਂ।"

ਤੇ ਮਾਤਾ ਜੀ ਅੰਦਰ ਨੂੰ ਚਲੇ ਗਏ।

✲✲✲



# ਪਾਰਸ-ਪਰਿਵਾਰ ਫੁਲਵਾੜੀ

**ਜੀਵਨ ਸਾਥਣ :-** ਪਾਰਸ ਦੀ ਜੀਵਨ ਸਾਥਣ ਸ਼੍ਰੀਮਤੀ ਦਲਜੀਤ ਕੌਰ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਬੋਪਾਰਾਏ ਕਲਾਂ ਦੇ ਸ੍ਰ. ਸੰਤਾ ਸਿੰਘ ਜਗਪਾਲ ਦੇ ਘਰ 1922 ਵਿੱਚ ਹੋਇਆ। ਆਪ ਦੀ ਮਾਂ ਦਾ ਨਾਂ ਸ਼੍ਰੀਮਤੀ ਭਗਵਾਨ ਕੌਰ ਸੀ। ਆਪ ਦੇ ਪਿਤਾ ਸ੍ਰ. ਸੰਤਾ ਸਿੰਘ ਦੇਸ਼ ਭਗਤ ਸਨ ਅਤੇ ਉਹਨਾਂ ਜੈਤੋ ਮੋਰਚੇ ਵਿੱਚ ਕੈਦ ਵੀ ਕੱਟੀ। ਆਪ ਦਾ ਭਰਾ ਜਸਵੰਤ ਸਿੰਘ ਜਗਪਾਲ ਐਮ.ਏ., ਪੀ.ਐਚ.ਡੀ. ਅੱਜ ਕੱਲ੍ਹ ਇੰਗਲੈਂਡ ਰਹਿੰਦਾ ਹੈ।

ਸ਼੍ਰੀਮਤੀ ਦਲਜੀਤ ਕੌਰ ਨੇ ਪਾਰਸ ਦੀ ਜ਼ਿੰਦਗੀ ਵਿੱਚ ਆਏ ਉਤਰਾਵਾਂ-ਚੜ੍ਹਾਵਾਂ ਵਿੱਚ ਉਸਦਾ ਪੂਰਾ-ਪੂਰਾ ਸਾਥ ਦਿੱਤਾ ਤੇ ਦੇ ਰਹੀ ਹੈ। ਦਲਜੀਤ ਕੌਰ ਸਬਰ ਤੇ ਸਿਦਕ ਵਾਲੀ ਮਿੱਠੀ ਬੋਲੜੀ ਔਰਤ ਹੈ।

**ਪੁੱਤਰ :- ਮਾਸਟਰ ਹਰਚਰਨ ਸਿੰਘ** ਦਾ ਜਨਮ 14-1-1939 ਦਾ ਹੈ। ਆਪ ਨੇ ਮੁੱਢਲੀ ਪੜ੍ਹਾਈ ਰਾਮੂੰਵਾਲਾ ਤੇ ਬੁੱਟਰਾਂ ਤੋਂ ਕੀਤੀ। ਐਮ.ਏ., ਬੀ.ਐੱਡ ਮੋਗੇ ਕਾਲਜ 'ਚੋਂ ਕੀਤੀ ਅਤੇ ਫੇਰ ਮਾਸਟਰ ਲੱਗ ਗਏ। ਦਸ ਸਾਲ ਮਾਸਟਰੀ ਕੀਤੀ ਤੇ 1972 'ਚ ਕਨੇਡਾ ਚਲੇ ਗਏ, ਉੱਥੇ ਆਪਣਾ ਕਾਰੋਬਾਰ ਚਲਾ ਲਿਆ। ਹਰਚਰਨ ਸਿੰਘ ਨੂੰ ਆਮ ਤੌਰ 'ਤੇ 'ਮਾਸਟਰ' ਕਹਿ ਕੇ ਹੀ ਬੁਲਾਇਆ ਜਾਂਦਾ ਹੈ। ਆਪ ਸੁਭਾਅ ਦੇ ਬੜੇ ਮਿੱਠ-ਬੋਲੜੇ, ਨਿੱਘੇ ਅਤੇ ਮਿਲਾਪੜੇ ਇਨਸਾਨ ਹਨ।

ਮਾਸਟਰ ਹਰਚਰਨ ਸਿੰਘ ਦੀ ਜੀਵਨ ਸਾਥਣ ਦਾ ਨਾਂ ਸ਼੍ਰੀਮਤੀ ਜੋਗਿੰਦਰ ਕੌਰ ਹੈ। ਇਹਨਾਂ ਦੇ ਇੱਕ ਲੜਕਾ ਬਲਤੇਜ ਸਿੰਘ ਗਿੱਲ ਅਤੇ ਦੋ ਲੜਕੀਆਂ ਹਰਮਨਦੀਪ ਕੌਰ ਤੇ ਰਮਨਦੀਪ ਕੌਰ ਹਨ। ਬਲਤੇਜ ਸਿੰਘ ਦੀ ਜੀਵਨ ਸਾਥਣ ਦਾ ਨਾਂ ਕੁਲਦੀਪ ਕੌਰ ਹੈ, ਇਹਨਾਂ ਦੇ ਇੱਕ ਲੜਕਾ ਹੈ ਉਸਦਾ ਨਾਂ ਭਵਨੇਸ਼ ਹੈ।

ਵੱਡੀ ਲੜਕੀ ਰਮਨਦੀਪ ਕੌਰ, ਕੰਮੇਆਣਾ ਪਿੰਡ ਦੇ ਸ. ਗੁਰਬਿੰਦਰ ਸਿੰਘ ਨੂੰ ਵਿਆਹੀ ਹੋਈ ਹੈ। ਇਹਨਾਂ ਦੇ ਬੱਚਿਆਂ ਦੇ ਨਾਂ ਪਵਨ ਤੇ ਜਸ਼ਨ ਹਨ।

ਛੋਟੀ ਲੜਕੀ ਹਰਮਨਦੀਪ ਕੌਰ, ਹਰਭਜਨ ਮਾਨ ਦੀ ਜੀਵਨ ਸਾਥਣ ਹੈ। ਇਨ੍ਹਾਂ ਦੇ ਇੱਕ ਲੜਕਾ ਅਵਕਾਸ਼ ਅਤੇ ਲੜਕੀ ਦਾ ਨਾਂ ਸਾਹਰ ਹੈ।

**ਬਲਵੰਤ ਸਿੰਘ ਰਾਮੂਵਾਲੀਆ** ਦਾ ਜਨਮ 1941 ਦਾ ਹੈ। ਆਪ ਨੇ ਆਪਣੀ ਰੌਸ਼ਨ ਬੁੱਧੀ ਸਦਕਾ ਸਿਆਸਤ ਦੇ ਖੇਤਰ ਵਿੱਚ ਖੂਬ ਤਰੱਕੀ ਕੀਤੀ ਹੈ। ਆਪ ਦੀ ਬੋਲ-

ਬਾਣੀ ਤੇ ਰਹਿਣੀ-ਬਹਿਣੀ ਤੇ ਦੂਰ-ਅੰਦੇਸ਼ੀ ਉੱਤੇ ਆਪਣੇ ਪਿਤਾ ਕਰਨੈਲ ਸਿੰਘ ਪਾਰਸ ਦਾ ਸਿੱਧਾ ਪ੍ਰਭਾਵ ਹੈ। ਬਲਵੰਤ ਸਿੰਘ ਰਾਮੂਵਾਲੀਆ ਬਹੁਤ ਜੁਗਾੜੀ, ਮੌਕੇ ਦੀ ਨਬਜ਼ ਫੜ੍ਹਨ ਵਾਲਾ, ਮਖ਼ੌਲੀਆ, ਮਿੱਠਾ, ਲੋਕਾਂ ਦਾ ਹਮਦਰਦ, ਚੁਸਤ ਤੇ ਦਿਲਚਸਪ ਲੀਡਰ ਹੈ। ਹਰੇਕ ਨਿੱਕੀ ਤੋਂ ਨਿੱਕੀ ਤੇ ਵੱਡੀ ਤੋਂ ਵੱਡੀ ਗੱਲ ਨੂੰ ਬੜੇ ਗਹੁ ਨਾਲ ਵਾਚਦਾ - ਵੇਖਦਾ ਹੈ।

ਮੋਗੇ ਡੀ.ਐਮ. ਕਾਲਜ 'ਚੋਂ ਆਪ ਨੇ ਬੀ.ਏ., ਬੀ.ਐੱਡ. ਕੀਤੀ। ਐੱਮ. ਏ. ਸਰਕਾਰੀ ਕਾਲਜ ਲੁਧਿਆਣਾ ਤੋਂ ਕੀਤੀ ਅਤੇ ਐਲ.ਐਲ.ਬੀ. ਮੇਰਠ ਤੋਂ ਕੀਤੀ। ਕਾਫੀ ਸਮਾਂ ਗਾਉਂਦਾ ਵੀ ਰਿਹਾ ਤੇ ਆਪਣੇ ਪਿਤਾ ਪਾਰਸ ਤੋਂ ਸਟੇਜ 'ਤੇ ਬੋਲਣ ਤੇ ਖਲੋਣ ਦੀ ਵਿਧੀ ਵੀ ਸਿੱਖੀ। ਆਪ ਦੀ ਕਵੀਸ਼ਰੀ ਵੀ ਰਿਕਾਰਡ ਹੋਈ।

1965-66 'ਚ ਬਲਵੰਤ ਸਿੰਘ ਰਾਮੂੰਵਾਲੀਆ ਨੇ ਸਿਆਸਤ 'ਚ ਪੈਰ ਪਾਇਆ। ਸੰਤ ਫਤਹਿ ਸਿੰਘ ਦੀ ਸਰਪ੍ਰਸਤੀ ਹੇਠ ਆਪ ਨੇ ਸਿਆਸਤ 'ਚ ਵਿਚਰਨਾ ਸ਼ੁਰੂ ਕੀਤਾ ਅਤੇ ਕਾਫੀ ਸਮਾਂ ਸੰਤ ਜੀ ਦੇ ਨਿੱਜੀ ਸਹਾਇਕ ਵੀ ਰਹੇ। ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਵੀ ਕਾਫੀ ਸਮਾਂ ਬਿਤਾਇਆ।

1978 'ਚ ਪਹਿਲੀ ਵਾਰੀ ਮੈਂਬਰ ਪਾਰਲੀਮੈਂਟ ਵਜੋਂ ਚੋਣ ਜਿੱਤੀ ਅਤੇ ਫਿਰ ਕੇਂਦਰ ਵਿੱਚ ਕੈਬਨਿਟ ਮੰਤਰੀ ਰਹੇ। ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਅਤੇ ਉਪ ਚੇਅਰਮੈਨ ਵੀ ਰਹੇ। ਫਿਰ 1998 'ਚ ਰਾਜ ਸਭਾ ਦੇ ਮੈਂਬਰ ਬਣੇ ਅਤੇ ਲੋਕ ਭਲਾਈ ਮੰਚ ਨਾਂ ਦੀ ਪਾਰਟੀ ਦੀ ਸਥਾਪਨਾ ਕਰਕੇ ਆਮ ਲੋਕਾਂ ਨੂੰ ਵੀ ਆਪਣੇ ਨਾਲ ਜੋੜਨ ਦੀ ਸਫ਼ਲ ਕੋਸ਼ਿਸ਼ ਕੀਤੀ ਹੈ। ਅੱਜਕੱਲ ਆਪ ਦਾ ਨਾਂ ਭਾਰਤ ਦੇ ਸਿਰਕੱਢ ਨੇਤਾਵਾਂ 'ਚ ਗਿਣਿਆ ਜਾਂਦਾ ਹੈ।

ਆਪ ਦੇ ਲੜਕੇ ਨਵਤੇਜ ਸਿੰਘ ਦਾ ਕਾਰੋਬਾਰ ਕਨੇਡਾ ਵਿੱਚ ਹੈ ਅਤੇ ਆਪ ਦੀਆਂ ਲੜਕੀਆਂ ਦੇ ਨਾਂ, ਵੱਡੀ ਅਮਨਜੋਤ ਕੌਰ ਅਤੇ ਛੋਟੀ ਨਵਜੋਤ ਕੌਰ 'ਪਾਈਲਟ' ਹੈ।

**ਇਕਬਾਲ ਰਾਮੂਵਾਲੀਆ** :- ਆਪ ਦਾ ਜਨਮ 1946 ਦਾ ਹੈ। ਮੁਢਲੀ ਪੜ੍ਹਾਈ ਪਿੰਡੋਂ ਕੀਤੀ। ਬੀ.ਏ. ਮੋਗੇ ਪੜ੍ਹੀ ਤੇ ਐਮ.ਏ. ਗੌਰਮਿੰਟ ਕਾਲਜ ਲੁਧਿਆਣਾ ਤੋਂ ਪਾਸ ਕੀਤੀ। 1975 'ਚ ਕਨੇਡਾ ਚਲੇ ਗਏ ਅਤੇ ਉੱਥੇ ਜਾ ਕੇ ਵੀ ਪੜ੍ਹਾਈ ਕੀਤੀ। ਕਾਫੀ ਸਮਾਂ ਕਵੀਸ਼ਰੀ ਵੀ ਗਾਈ। ਆਪ ਦੀ ਸੂਖ਼ਮ ਬਿਰਤੀ ਨੇ ਆਪ ਨੂੰ ਇੱਕ ਪਰਪੱਕ ਸ਼ਾਇਰ ਵਜੋਂ ਪੰਜਾਬੀ ਸਾਹਿਤ ਜਗਤ ਅੰਦਰ ਪ੍ਰਵੇਸ਼ ਕਰਵਾਇਆ ਅਤੇ ਆਪ ਨੇ ਖੁੱਲ੍ਹੀ ਕਵਿਤਾ ਲਿਖ ਕੇ ਖੂਬ ਨਾਮ ਕਮਾਇਆ ਹੈ। ਅੱਜ ਕੱਲ੍ਹ ਆਪ ਅਧਿਆਪਨ ਦਾ ਕਾਰਜ ਕਰਦੇ ਹਨ ਅਤੇ ਸਾਹਿਤ ਰਚਨਾ ਵੀ ਕਰ ਰਹੇ ਹਨ। ਆਪ ਦੀ ਜੀਵਨ ਸਾਥਣ ਦਾ ਨਾਂ ਸੁਖ ਸਾਗਰ ਹੈ ਅਤੇ ਆਪ ਦੀਆਂ ਦੋ ਬੇਟੀਆਂ ਸੁਖਦੀਪ ਤੇ ਕਿਰਨ ਹਨ।

ਇਕਬਾਲ ਰਾਮੂਵਾਲੀਆ ਦੀਆਂ ਲਿਖੀਆਂ ਕਵਿਤਾਵਾਂ ਪੰਜਾਬੀ ਦੇ ਪ੍ਰਮੁੱਖ ਸਾਹਿਤਕ ਰਸਾਲਿਆਂ ਅਤੇ ਅਖ਼ਬਾਰਾਂ ਦਾ ਸ਼ਿੰਗਾਰ ਬਣਦੀਆਂ ਰਹਿੰਦੀਆਂ ਹਨ। 'ਸੁਲਘਦੇ ਅਹਿਸਾਸ' ਅਤੇ 'ਪਲੰਘ ਪਘੂੰੜਾ' ਨਾਂ ਦੀਆਂ ਸ਼ਾਹਕਾਰ ਪੁਸਤਕਾਂ ਪੰਜਾਬੀ ਸਾਹਿਤ ਜਗਤ ਨੂੰ ਭੇਟ ਕਰਕੇ ਇਕਬਾਲ ਰਾਮੂਵਾਲੀਆ ਨੇ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਨ ਦਾ ਸਫ਼ਲ ਯਤਨ ਕੀਤਾ ਹੈ।

"ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ" ਨਾਂ ਦੀ ਪੁਸਤਕ ਦੇ ਭਾਗ



'ਨਵੀਨ ਕਵਿਤਾ' ਵਿੱਚ ਵਿਦਵਾਨ ਲੇਖਕਾਂ ਨੇ ਇਕਬਾਲ ਰਾਮੂਵਾਲੀਆ ਬਾਰੇ ਇਉਂ ਲਿਖਿਆ ਹੈ, "ਇਕਬਾਲ ਰਾਮੂਵਾਲੀਆ ਆਪਣੀ ਪੁਸਤਕ "ਸੁਲਘਦੇ ਅਹਿਸਾਸ" ਵਿੱਚ ਉਨ੍ਹਾਂ ਬਿਖੜੇ ਪੈਂਡਿਆਂ ਦਾ ਜ਼ਿਕਰ ਕਰਦਾ ਹੈ, ਜਿੰਨ੍ਹਾਂ 'ਤੇ ਕ੍ਰਾਂਤੀਕਾਰੀਆਂ ਨੂੰ ਤੁਰਨਾ ਪੈਂਦਾ ਹੈ, ਉਹ ਲਿਖਦਾ ਹੈ :

ਅਸੀਂ ਸ਼ਾਇਰੀ ਨਹੀਂ ਕਰਦੇ
ਸਿਰਫ਼ ਜਦ ਕਤਲ ਹੁੰਦੇ ਹਾਂ
ਲਹੂ ਦੇ ਛਿੱਟੇ
ਸਾਡੇ ਬੋਲ ਹੁੰਦੇ ਨੇ
ਕਾਤਲੋ ਆਓ
ਤੁਹਾਡਾ ਭਰਮ ਲਾਹ ਦੇਵਾਂ
ਜਦ ਸਿਰ ਕਲਮ ਹੁੰਦਾ ਹੈ
ਸਿਰਫ਼ ਗਲ਼ ਹੀ ਕੱਟੀਂਦਾ ਹੈ
ਬੋਲ ਮੌਤੋਂ ਮੁਕਤ ਹੁੰਦੇ ਹਨ.....

**ਰਛਪਾਲ ਸਿੰਘ** :- ਆਪ ਦਾ ਜਨਮ 1948 ਦਾ ਹੈ। ਪੜ੍ਹਾਈ ਐਮ.ਏ. ਤੇ ਪੀ.ਐਚ.ਡੀ. ਹੈ। ਰਛਪਾਲ ਸਿੰਘ ਨੇ ਕਾਫੀ ਸਮੇਂ ਤੱਕ ਕਵੀਸ਼ਰੀ ਵੀ ਕੀਤੀ ਹੈ ਅਤੇ 1972 'ਚ ਕਨੇਡਾ ਚਲੇ ਗਏ। ਆਪ ਦਾ ਵਿਆਹ ਸ਼੍ਰੀਮਤੀ ਰਾਜਿੰਦਰ ਕੌਰ ਨਾਲ 1974 'ਚ ਹੋਇਆ। ਰਛਪਾਲ ਸਿੰਘ ਅਧਿਆਪਨ ਦਾ ਕਾਰਜ ਕਰਦੇ ਹਨ। ਆਪ ਦੇ ਲੜਕੇ ਦਾ ਨਾਂ ਸੁਖਪਾਲ ਹੈ। ਰਛਪਾਲ ਸਿੰਘ ਚੁਸਤ-ਚੇਤੰਨ ਤੇ ਚੰਗੀ ਤਬੀਅਤ ਦੇ ਮਾਲਕ ਹਨ। ਆਪ ਦੀ ਆਵਾਜ਼ ਵੀ ਸੁਰੀਲੀ ਹੈ।

**ਚਰਨਜੀਤ ਕੌਰ** ਦਾ 1944 'ਚ ਜਨਮ ਹੋਇਆ। ਆਪ ਦੇ ਜਨਮ ਵੇਲੇ ਪਾਰਸ ਨੇ ਲੜਕੀ ਪੈਦਾ ਹੋਣ ਦੇ ਚਾਅ ਵਜੋਂ ਸ਼ਰਾਬ ਦਾ ਖੁੱਲ੍ਹਾ ਲੰਗਰ ਲਗਾਇਆ ਸੀ। ਬਹੁਤੀ ਜ਼ਿਆਦਾ ਪੜ੍ਹਾਈ ਨਹੀਂ ਕਰ ਸਕੇ। ਆਪ ਦੇ ਪਤੀ ਦਾ ਨਾਂ ਸ੍ਰ. ਅਮਰਜੀਤ ਸਿੰਘ ਧਾਲੀਵਾਲ ਹੈ। ਆਪ ਸਮੇਤ ਪਰਿਵਾਰ ਕਨੇਡਾ 'ਚ ਰਹਿੰਦੇ ਹਨ। ਆਪ ਦੇ ਦੋ ਬੇਟੇ ਨਵਰਾਜ ਤੇ ਨਵਦੀਪ ਹਨ।

**ਕਰਮਜੀਤ ਕੌਰ** ਦਾ ਜਨਮ 13 ਅਪ੍ਰੈਲ 1950 'ਚ ਹੋਇਆ। ਪੜ੍ਹਾਈ ਆਪ ਨੇ ਦਿਲ ਲਾ ਕੇ ਕੀਤੀ ਅਤੇ ਅੱਜ ਕੱਲ ਰਣਬੀਰ ਕਾਲਜ ਸੰਗਰੂਰ ਵਿਖੇ ਮੁਖੀ ਪੰਜਾਬੀ ਵਿਭਾਗ ਹਨ। ਸੁਭਾਅ ਦੇ ਮਿੱਠੇ ਅਤੇ ਮਿਲਾਪੜੇ ਹਨ। ਆਪ ਦਾ ਵਿਆਹ 1974 'ਚ ਸ੍ਰ. ਬਲਵਿੰਦਰ ਸਿੰਘ ਸੇਖੋਂ ਨਾਲ ਹੋਇਆ, ਜੋ ਪਨਸਪ ਵਿੱਚ ਉੱਚ ਅਧਿਕਾਰੀ ਹਨ। ਆਪ ਦਾ ਬੇਟਾ ਬਲਦੀਪ ਸਿੰਘ ਕਨੇਡਾ 'ਚ ਹੈ ਅਤੇ ਬੇਟੀ ਹਰਸਿਮਰਤ ਕੌਰ ਡਾਕਟਰੀ ਕਰ ਰਹੀ ਹੈ।

✲ ਇਸ ਪ੍ਰਕਾਰ 'ਪਾਰਸ ਪਰਿਵਾਰ ਫੁਲਵਾੜੀ' ਮਹਿਕਾਂ ਵੰਡਦੀ ਟਹਿਕ-ਮਹਿਕ ਰਹੀ ਹੈ ਅਤੇ ਇਸ ਫੁਲਬਾੜੀ ਦਾ ਮਾਲਕ ਤੇ ਮਾਲੀ ਪਾਰਸ ਆਪਣੀ ਫੁਲਬਾੜੀ ਨੂੰ ਵੇਖਕੇ ਪ੍ਰਸੰਨ ਹੁੰਦਾ ਰਹਿੰਦਾ ਹੈ।

✲✲✲

# ਕਰਨੈਲ ਸਿੰਘ ਪਾਰਸ ਦੀ ਪੰਜਾਬੀ ਕਵੀਸ਼ਰੀ ਨੂੰ ਦੇਣ

ਪਾਰਸ ਦੀ ਪੰਜਾਬੀ ਕਵੀਸ਼ਰੀ ਨੂੰ ਦੇਣ ਵਡਮੁੱਲੀ ਤਾਂ ਹੈ ਹੀ ਸਗੋਂ ਆਪਣੇ ਆਪ ਵਿੱਚ ਬਹੁਤ ਮਹੱਤਵਪੂਰਨ ਵੀ ਹੈ। ਉਸ ਨੇ ਲੰਬਾ ਸਮਾਂ ਕਵੀਸ਼ਰੀ ਕਲਾ ਦੀ ਸੇਵਾ ਕਰਦਿਆਂ ਆਪਣੀ ਕਾਵਿ-ਰਚਨਾ ਵਿੱਚ ਕਈ ਸਾਰੇ ਨਵੀਨ ਤਜਰੱਬੇ ਵੀ ਕੀਤੇ ਹਨ ਅਤੇ ਆਪਣੀ ਕਾਵਿ-ਕਲਾ ਨੂੰ ਨਵੀਂ ਨੁਹਾਰ ਵੀ ਪ੍ਰਦਾਨ ਕੀਤੀ ਹੈ। ਪਾਰਸ ਦੀ ਕਾਵਿ-ਕਲਾ ਦੀਆਂ ਵਿਸ਼ੇਸ਼ ਜੁਗਤਾਂ ਬਾਰੇ ਉਸਦੇ ਰਚਨਾ ਸੰਸਾਰ ਵਿੱਚ ਵਿਸ਼ੇਸ਼ ਉਲੇਖ ਕੀਤਾ ਗਿਆ ਹੈ।

ਪੰਜਾਬੀ ਕਵੀਸ਼ਰੀ ਨੂੰ ਗੁਰਦਵਾਰਿਆਂ ਵਿੱਚ ਲੈ ਕੇ ਜਾਣ ਦਾ ਸਿਹਰਾ ਵੀ ਪਾਰਸ ਨੂੰ ਜਾਂਦਾ ਹੈ, ਇਸ ਤੋਂ ਪਹਿਲਾਂ ਕਵੀਸ਼ਰ, ਤੇ ਗੁਮੰਤਰੀ ਗੁਰਦੁਵਾਰਿਆਂ ਵਿੱਚ ਨਹੀਂ ਸਗੋਂ ਮੇਲਿਆਂ-ਮੁਸਾਹਬਿਆਂ, ਵਿਆਹਾਂ-ਸ਼ਾਦੀਆਂ ਤੇ ਮਰਨਿਆਂ 'ਤੇ ਹੋਰਾਂ ਇਕੱਠਾਂ ਵਿੱਚ ਹੀ ਗਾਉਂਦੇ ਰਹਿੰਦੇ ਸਨ ਤੇ ਇਸ ਤਰ੍ਹਾਂ ਕਵੀਸ਼ਰ-ਗਵੱਈਏ ਉਂਜ ਹੀ ਗਾਉਂਦੇ ਪਿੰਡੋ-ਪਿੰਡ ਹੀ ਘੁੰਮਦੇ-ਤੁਰੇ ਫਿਰਦੇ ਰਹਿੰਦੇ ਸਨ। ਜਿਉਂ ਹੀ ਕਰਨੈਲ ਸਿੰਘ ਪਾਰਸ ਨੇ ਧਾਰਮਿਕ ਤੇ ਇਤਿਹਾਸਕ ਕਾਵਿ-ਰਚਨਾ ਕਰਨੀ ਆਰੰਭ ਕਰ ਦਿੱਤੀ ਤੇ ਸਰੋਤਿਆਂ ਸਾਹਮਣੇ ਪੇਸ਼ ਕਰਨ ਲੱਗ ਪਿਆ ਤਾਂ ਉਸਦੀ ਕਲਾਕਾਰੀ ਸਹਿਜ ਰੂਪ ਵਿੱਚ ਹੀ ਗੁਰਦੁਆਰਿਆਂ ਤੱਕ ਅੱਪੜ ਪਈ। ਇਸ ਤੋਂ ਪਹਿਲੋਂ ਭਾਵੇਂ ਉਹ ਗੁਰਦੁਆਰਿਆਂ ਵਿੱਚ ਜਾਣ ਤਾਂ ਲੱਗ ਪਿਆ ਸੀ ਪਰੰਤੂ ਜਦੋਂ ਉਸ ਨੇ ਆਪਣੀ ਧਾਰਮਿਕ ਰਚਨਾ, ਛੋਟੇ ਸਾਹਿਬਜਾਦਿਆਂ ਬਾਰੇ :

ਕਿਉਂ ਫੜ੍ਹੀ ਸਿਪਾਹੀਆਂ ਨੇ, ਭੈਣੋਂ ਇਹ ਹੰਸਾਂ ਦੀ ਜੋੜੀ

ਰਚਕੇ ਐੱਚ.ਐੱਮ.ਵੀ ਕੰਪਨੀ ਦੇ ਤਵੇ ਰਾਹੀਂ ਸਰੋਤਿਆਂ ਦੇ ਸਨਮੁਖ ਕੀਤੀ ਤਾਂ ਉਸਦੀ ਪ੍ਰਸਿੱਧੀ ਚਹੁੰ ਕੂਟੀ ਹੀ ਨਹੀਂ ਫੈਲੀ ਸਗੋਂ ਉਸ ਨੂੰ ਧਾਰਮਿਕ ਸਥਾਨਾਂ ਦਾ ਪਹਿਲਾ ਕਵੀਸ਼ਰ ਪ੍ਰਮਾਣਤ ਹੋਣ ਦਾ ਮਾਣ ਵੀ ਛੇਤੀ ਹੀ ਪ੍ਰਾਪਤ ਹੋ ਗਿਆ ਤੇ ਇਸ ਦੇ ਫਲਸਰੂਪ ਉਸ ਨੇ ਧਾਰਮਿਕ ਪੱਖ ਦੇ ਵਿਸ਼ਿਆਂ 'ਤੇ ਹੋਰ ਵੀ ਵਧੇਰੇ ਕਾਵਿ-ਰਚਨਾ ਕਰਨੀ ਆਰੰਭ ਕਰ ਦਿੱਤੀ ਤੇ ਨਾਲੋ-ਨਾਲ ਆਪਣੀ ਕਵੀਸ਼ਰੀ ਕਲਾ ਦੇ ਉੱਚੇ ਅਤੇ ਕਲਾਤਮਿਕ ਪੱਖਾਂ ਤੇ ਵਿਸ਼ੇਸ਼ ਗੁਣਾਂ ਵਿੱਚ ਵਾਧਾ ਕਰਨ ਦੀਆਂ ਕੋਸ਼ਿਸ਼ਾਂ ਵੀ ਜਾਰੀ ਰੱਖੀਆਂ ਤੇ ਆਪਣੀ ਕਾਵਿ ਕਲਾ ਵਿੱਚ ਨਵੇਂ-ਨਵੇਂ ਰੂਪ ਤੇ ਰੁਝਾਨ ਵੀ ਪੈਦਾ ਕਰ ਲਏ, ਜਿੰਨ੍ਹਾਂ ਸਦਕੇ ਪਾਰਸ ਦੀਆਂ ਕਵੀਸ਼ਰੀਆਂ ਲੋਕਾਂ ਵਿੱਚ ਹਰਮਨ-ਪਿਆਰੀਆਂ ਹੁੰਦੀਆਂ ਚਲੀਆਂ ਗਈਆਂ। ਸਾਹਿਬਜਾਦਿਆਂ ਬਾਰੇ ਉਸਦੀ ਜਿਹੜੀ ਰਚਨਾ ਦਾ ਪਹਿਲੋਂ ਜ਼ਿਕਰ ਕੀਤਾ ਗਿਆ ਹੈ ਉਸ ਕਵਿਤਾ ਨੇ ਪਾਰਸ ਦੀ ਏਨੀ ਜ਼ਿਆਦਾ ਪ੍ਰਸਿੱਧੀ ਕੀਤੀ ਕਿ ਉਸ ਨੂੰ ਗੁਰਦੁਆਰਿਆਂ ਵਿੱਚ, ਧਾਰਮਿਕ ਪੁਰਬਾਂ ਮੌਕੇ, ਸਿੱਖ ਸੰਗਤਾਂ ਤੇ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਉਚੇਚੇ ਰੂਪ ਵਿੱਚ ਸੱਦ ਕੇ ਸਨਮਾਨਿਤ ਵੀ ਕੀਤਾ ਜਾਣ ਲੱਗ ਪਿਆ। ਇਸ ਪ੍ਰਕਾਰ ਪਾਰਸ ਦੀ ਪੰਜਾਬੀ ਕਵੀਸ਼ਰੀ ਨੂੰ ਦੇਣ ਤਾਂ ਵਧਦੀ ਹੀ ਰਹੀ ਸਗੋਂ ਪਾਰਸ ਨੇ ਕਾਵਿ-ਕਲਾ ਦੇ ਖੇਤਰ ਵਿੱਚ ਅਜਿਹਾ ਸਫ਼ਲ ਕਾਰਜ ਕਰਕੇ ਹੋਰਨਾਂ ਕਈਆਂ ਕਵੀਸ਼ਰੀਕਾਰਾਂ ਲਈ ਗੁਰਦੁਆਰਿਆਂ ਤੇ



ਧਾਰਮਿਕ ਸਥਾਨਾਂ 'ਤੇ ਜਾ ਕੇ ਗਾਉਣ ਲਈ ਰਾਹ ਵੀ ਸਾਫ਼ ਕਰ ਦਿੱਤਾ। ਇਸ ਤਰ੍ਹਾਂ ਪੰਜਾਬੀ ਕਵੀਸ਼ਰੀ ਨੂੰ ਧਾਰਮਿਕ ਸਥਾਨਾਂ ਵਿੱਚ ਆ ਜਾਣ ਦਾ ਸੁਭਾਗ ਵੀ ਮਿਲ ਗਿਆ।

ਕਰਨੈਲ ਸਿੰਘ ਪਾਰਸ ਉਹ ਪਹਿਲਾ ਕਵੀਸ਼ਰ ਹੈ ਜਿਸ ਨੇ ਕਵੀਸ਼ਰੀ ਨੂੰ ਪਿੰਡਾਂ ਦੇ ਸਾਧਾਰਨ ਅਖਾੜਿਆਂ, ਧਾਰਮਿਕ ਸਥਾਨਾਂ ਵਿੱਚੋਂ ਦੀ ਘੁਮਾਉਂਦਿਆਂ-ਫਿਰਾਉਂਦਿਆਂ ਆਕਾਸ਼ਵਾਣੀ ਦੇ ਪ੍ਰਸਾਰਨ ਤੇ ਐੱਚ.ਐੱਮ.ਵੀ. ਦੇ ਰਿਕਾਰਡਾਂ ਤੱਕ ਦੀ ਸੈਰ ਵੀ ਕਰਵਾਈ ਹੈ ਅਤੇ ਉੱਚ-ਪੱਧਰ ਦੇ ਸਾਹਿਤਕ, ਸਮਾਜਿਕ ਤੇ ਸਭਿਆਚਾਰਕ ਸਮਾਗਮਾਂ ਦੀ ਸ਼ਾਨ ਵੀ ਬਣਾਇਆ, ਇਸ ਪ੍ਰਕਾਰ ਕਰਨੈਲ ਸਿੰਘ ਪਾਰਸ ਨੇ ਆਪਣੀ ਕਲਾ ਦੁਆਰਾ ਪੰਜਾਬੀ ਕਵੀਸ਼ਰੀ ਨੂੰ ਲੋਕ ਮਨਾਂ ਵਿੱਚ ਵਿਸ਼ੇਸ਼ ਤੇ ਮਾਣਯੋਗ ਸਥਾਨ ਹਾਸਲ ਕਰਵਾਇਆ ਤੇ ਪਾਰਸ ਦੀ ਕਵੀਸ਼ਰੀ ਕਲਾ ਨੂੰ ਚੜ੍ਹਦੀ ਕਲਾ ਵਿੱਚ ਤੇ ਤਰੱਕੀਆਂ ਖੁਸ਼ਹਾਲੀਆਂ ਵਿੱਚ ਵੇਖ ਕੇ ਅਨੇਕ ਨਵੇਂ ਕਵੀਸ਼ਰਾਂ, ਗੁਮੰਤਰੀਆਂ ਤੇ ਢਾਡੀਆਂ ਨੇ ਉਸ ਤੋਂ ਪ੍ਰੇਰਤ ਹੋ ਕੇ ਪੂਰੀ ਤਰ੍ਹਾਂ ਕਵੀਸ਼ਰੀ ਕਲਾ ਦੇ ਖੇਤਰ ਵਿੱਚ ਪ੍ਰਵੇਸ਼ ਕਰ ਲਿਆ।

ਭਾਵੇਂ ਕਿ ਕਰਨੈਲ ਸਿੰਘ ਪਾਰਸ ਨੇ ਆਪ ਆਪਣੇ ਸਾਥੀਆਂ ਨਾਲ ਬਹੁਤ ਜ਼ਿਆਦਾ ਤਾਂ ਨਹੀਂ ਗਾਇਆ ਪਰੰਤੂ ਪਾਰਸ ਦਾ ਲੜੀਬੱਧ, ਰੌਚਕਤਾ ਭਰਪੂਰ ਲੈਕਚਰ, ਮੁਹਾਵਰੇਦਾਰ ਬੋਲੀ, ਮਿੱਠੀ ਆਵਾਜ਼, ਤੱਥਾਂ ਸਹਿਤ ਗੱਲਾਂ ਤੇ ਗੱਲ ਨੂੰ ਸ਼ੁਰੂ ਕਰਨ ਤੇ ਸਮੇਟਣ ਦਾ ਪੂਰਨ ਤੇ ਖ਼ਾਸ ਸਲੀਕਾ, ਆਪਣੇ ਸਰੋਤਿਆਂ ਦੀ ਇੱਛਾ ਸਹਿਤ ਚੱਲਣਾ, ਇਹ ਸਭ ਗੁਣ ਹੀ ਉਸ ਨੂੰ ਸਿਰਮੌਰ ਕਵੀਸ਼ਰ ਸਿੱਧ ਕਰਨ ਵਿੱਚ ਉਸਦੇ ਸਹਾਇਕ ਬਣੇ! ਕਰਨੈਲ ਸਿੰਘ ਪਾਰਸ ਨੇ ਭਾਵੇਂ ਗਿਣਨਾਤਮਿਕ ਪੱਖ ਤੋਂ ਬਹੁਤੀਆਂ ਰਚਨਾਵਾਂ ਲਿਖ-ਲਿਖ ਕੇ ਹੋਰਾਂ ਕਵੀਸ਼ਰਾਂ ਵਾਂਗ ਢੇਰ ਨਹੀਂ ਲਗਾਏ ਹਨ ਪਰੰਤੂ ਗੁਣਾਤਮਿਕ ਪੱਖ ਤੋਂ ਉਸਦੀਆਂ ਸਾਰੀਆਂ ਰਚਨਾਵਾਂ ਹੀ ਉੱਚ ਪੱਧਰ ਦੀਆਂ ਤੇ ਕਲਾਤਮਿਕਤਾ ਭਰਪੂਰ ਹਨ। ਇਸ ਪ੍ਰਕਾਰ ਪੰਜਾਬੀ ਕਵੀਸ਼ਰੀ ਨੂੰ ਪਾਰਸ ਦੀ ਦੇਣ ਆਪਣੇ ਆਪ ਵਿੱਚ ਵਿਸ਼ੇਸ਼ ਮਹੱਤਵ ਵਾਲੀ ਤਾਂ ਹੈ ਹੀ, ਸਗੋਂ ਪੰਜਾਬ ਭਰ ਦੇ ਕੋਨੇ-ਕੋਨੇ ਵਿੱਚ ਅਤੇ ਪੰਜਾਬੋਂ ਬਾਹਰ ਵੀ ਉਸ ਵੱਲੋਂ ਆਪਣੀ ਕਵੀਸ਼ਰੀ ਕਲਾ ਦਾ ਪ੍ਰਦਰਸ਼ਨ ਕਰਨਾ, ਪੰਜਾਬ ਦੀ ਕਵੀਸ਼ਰੀ ਕਲਾ ਵਾਸਤੇ ਵਡਿਆਈ ਅਤੇ ਪੰਜਾਬੀ ਕਵੀਸ਼ਰੀ ਦੀ ਪ੍ਰਫੁੱਲਤਾ ਵਜੋਂ ਸਾਬਤ ਹੋਈ, ਇਸ ਕਰਕੇ ਹੀ ਕਰਨੈਲ ਸਿੰਘ ਪਾਰਸ ਨੂੰ "ਸ਼੍ਰੋਮਣੀ ਪੰਜਾਬੀ ਕਵੀਸ਼ਰ" ਦੀ ਉਪਾਧੀ ਪ੍ਰਾਪਤ ਹੋਈ ਹੈ। ਪਾਰਸ ਦੀ ਵਿਸ਼ਾਲ ਸ਼ਾਗਿਰਦ ਪਰੰਪਰਾ ਵੀ ਪੰਜਾਬ ਦੀ ਕਵੀਸ਼ਰੀ ਨੂੰ ਇੱਕ ਖ਼ਾਸ ਦੇਣ ਵਾਲੀ ਗੱਲ ਹੈ।

ਸੋ ਇਸ ਲੇਖ ਨਾਲ ਸੰਬੰਧਿਤ ਸਿਰਲੇਖ "ਕਰਨੈਲ ਸਿੰਘ ਪਾਰਸ ਦੀ ਪੰਜਾਬੀ ਕਵੀਸ਼ਰੀ ਨੂੰ ਦੇਣ" ਸੰਬੰਧੀ ਇਹ ਗੱਲ ਆਖਣ ਵਿੱਚ ਕੋਈ ਅਤਿਕਥਨੀ ਨਹੀਂ ਹੈ ਕਿ ਪਾਰਸ ਨੇ ਪੰਜਾਬੀ ਕਵੀਸ਼ਰੀ ਨੂੰ ਵਡਮੁੱਲੀ ਦੇਣ ਦਿੱਤੀ ਜਿਸ ਕਰਕੇ ਉਸਦੇ ਸਰੋਤੇ, ਚਹੇਤੇ ਤੇ ਕਵੀਸ਼ਰੀ ਕਲਾ ਨਾਲ ਪਿਆਰ ਕਰਨ ਵਾਲੇ ਸੱਭੇ ਲੋਕ ਉਸਦੇ ਰਿਣੀ ਰਹਿਣਗੇ।

✲✲✲

# ਅਜੋਕੀ ਪੰਜਾਬੀ ਗਾਇਕੀ -

# ਬਨਾਮ - ਕਵੀਸ਼ਰੀ ਕਲਾ

ਅਜੋਕੇ ਗਾਇਕਾਂ, ਸੰਗੀਤਕਾਰਾਂ, ਗੀਤਕਾਰਾਂ, ਵੱਖ-ਵੱਖ ਟੀ.ਵੀ. ਚੈਨਲਾਂ ਤੇ ਸਸਤੀ ਕਿਸਮ ਦੀ ਸਭਿਆਚਾਰਕ ਪੱਤਰਕਾਰੀ ਕਰਨ ਵਾਲੇ ਲੋਕਾਂ ਨੇ ਪੰਜਾਬ ਦੀ ਪਰੰਪਰਾਗਤ ਗਾਇਨ ਸ਼ੈਲੀ ਕਵੀਸ਼ਰੀ ਅਤੇ ਢਾਡੀ ਕਲਾ ਦਾ ਚੋਖਾ ਨੁਕਸਾਨ ਕੀਤਾ ਹੈ। ਅੱਜ ਵਿਰਲੇ ਟਾਂਵੇ ਹੀ ਗਾਇਕ ਕਲਾਕਾਰ ਅਜਿਹੇ ਦਿਸਦੇ ਹਨ ਜੋ ਕਲਾ ਦੇ ਖੇਤਰ ਵਿੱਚ ਸਹੀ ਕਾਰਜ ਕਰ ਰਹੇ ਹਨ।

ਕੋਈ ਸਮਾਂ ਸੀ ਜਦੋਂ ਪੰਜਾਬ 'ਚ ਕਵੀਸ਼ਰੀ ਦੇ ਜਿਵੇਂ ਦਰਿਆ ਹੀ ਵਹਿੰਦੇ ਸਨ। ਜਦੋਂ ਦੇਸ਼ ਹਾਲੇ ਨਵਾਂ-ਨਵਾਂ ਸੁਤੰਤਰ ਹੋਇਆ ਸੀ ਤਾਂ ਲੋਕਾਂ ਦੇ ਮਨੋਰੰਜਨ ਖਾਤਰ ਪਿੰਡਾਂ ਵਿੱਚ ਕਵੀਸ਼ਰਾਂ ਤੇ ਗੁਮੰਤਰੀਆਂ ਦੇ ਟੋਲੇ ਆਉਂਦੇ, ਤੇ ਕਵੀਸ਼ਰੀ ਗੌਣਾਂ ਦਾ ਇਹ ਸਿਲਸਿਲਾ ਕਈ-ਕਈ ਰਾਤਾਂ ਤੇ ਦਿਨ, ਅੱਗੋਂ-ਅੱਗੋਂ ਲਈ ਚਲਦਾ ਰਹਿੰਦਾ। ਲੋਕਾਂ ਦੇ ਗੋਲ ਮੰਡਲ ਵਿੱਚ ਗੇੜੇ ਦੇ-ਦੇ ਕੇ ਕਵੀਸ਼ਰਾਂ-ਗੁਮੰਤਰੀਆਂ ਨੇ ਗੌਣ ਗਾਈ ਜਾਣੇ ਤੇ ਲੋਕਾਂ ਨੇ ਮੰਤਰ-ਮੁਗਧ ਹੋ ਕੇ ਸੁਣੀ ਜਾਣੇ। ਨਾ ਲੋਕਾਂ ਨੂੰ ਗਰਮੀ ਦੀ ਪ੍ਰਵਾਹ ਹੀ ਹੁੰਦੀ ਸੀ ਤੇ ਨਾ ਹੀ ਠੰਢ ਦੀ। ਤੇ ਅਜੋਕੇ ਸਰੋਤਿਆਂ ਵਾਗੂੰ ਉਦੋਂ ਦੇ ਸ੍ਰੋਤੇ ਖੱਪ-ਖਾਨਾ ਜਾਂ ਚੀਕਾਂ-ਕੂਕੀ ਉੱਕਾ ਨਹੀਂ ਸਨ ਪਾਉਂਦੇ ਤੇ ਨਾ ਹੀ ਕਲਾਕਾਰਾਂ ਨੂੰ ਮਖੌਲ ਕਰਕੇ ਜਾਂ 'ਟਿੱਚ' ਜਾਣ ਕੇ, ਉਨ੍ਹਾਂ ਦਾ ਸੋਸ਼ਣ ਕਰਦੇ ਸਨ। ਹੁਣ ਤਾਂ ਕਲਾਕਾਰਾਂ ਦੇ ਭੰਨ ਬੜੀ ਪੈਂਦੀ ਰਹਿੰਦੀ ਹੈ, ਆਮ ਹੀ ਅਖਬਾਰੀ ਸੁਰਖ਼ੀਆਂ ਹੁੰਦੀਆਂ ਹਨ ਕਿ ਫਲਾਣੀ ਥਾਂ, ਫਲਾਣਾ ਕਲਾਕਾਰ, ਲੋਕਾਂ ਨੇ ਸ਼ਰਾਬ ਪੀ ਕੇ ਖੂਬ ਮਾਂਜਿਆ, ਵਗੈਰਾ-ਵਗੈਰਾ।

ਇਹ ਗੱਲ ਵੱਖ ਹੈ ਕਿ ਅਜੋਕੇ ਗਾਇਕ ਲੱਖਾਂ ਦੀ ਗਿਣਤੀ ਵਿੱਚ ਆਪਣੀ ਕਲਾ ਪੇਸ਼ ਕਰਨ ਦੀਆਂ ਫੀਸਾਂ ਲੈਂਦੇ ਹਨ ਅਤੇ ਉਸ ਸਮੇਂ ਦੇ ਕਵੀਸ਼ਰ-ਗੁਮੰਤਰੀ ਸਬਰ-ਸਬੂਰੀ ਵਾਲੇ ਕਲਾਕਾਰ ਸਨ, ਜੋ ਬਹੁਤ ਥੋੜ੍ਹੇ ਜਿਹੇ ਪੈਸੇ ਲੈ ਕੇ ਹੀ ਸਬਰ ਕਰ ਲੈਂਦੇ ਸਨ ਤੇ ਖਾਣ ਜੋਗੇ ਜਾਂ ਡੰਗ ਟਪਾਉਣ ਜੋਗੇ ਪੈਸੇ ਲੇ ਕੇ ਅਗਾਂਹ ਨੂੰ ਤੁਰਦੇ ਬਣਦੇ ਸਨ। ਹੁਣ ਤਾਂ ਕਲਾਕਾਰ ਪੈਸੇ ਪਹਿਲਾਂ ਰਖਾਉਂਦੇ ਹਨ ਤੇ ਸਟੇਜ 'ਤੇ ਬਾਅਦ 'ਚ ਚੜ੍ਹਦੇ ਹਨ। ਇੱਥੇ ਇਹ ਗੱਲ ਲਿਖਣ ਵਿੱਚ ਕੋਈ ਸੰਕੋਚ ਨਹੀਂ ਹੈ ਕਿ ਸਾਡੀ ਜਨਤਾ ਇਹਨਾਂ ਅਜੋਕੇ ਕਲਾਕਾਰਾਂ ਪਾਸੋਂ ਆਪਣੀ ਖੂਬ ਲੁੱਟ ਕਰਵਾਉਂਦੀ ਹੈ, ਤੇ ਦੋ - ਤਿੰਨ ਘੰਟਿਆਂ ਵਿੱਚ, ਲੱਖਾਂ ਰੁਪੱਈਆ ਲੈ ਕੇ, "ਅਹੁ ਗਏ - ਅਹੁ ਗਏ" ਕਰਵਾਉਣ ਵਾਲੇ ਇਹਨਾਂ ਗਾਇਕਾਂ ਨੂੰ ਜੇ ਦਿਨ-ਦੀਂਵੀ ਲੁੱਟਣ ਵਾਲੇ ਲੁਟੇਰੇ ਕਿਹਾ ਜਾਵੇ, ਤਾਂ ਵੀ ਕੋਈ ਅਤਿਕਥਨੀ ਨਹੀਂ। ਇਹਨਾਂ ਨੂੰ ਫੈਸ਼ਨਾ-ਪੱਟੀ ਤੇ ਮਨੋਰੰਜਨਾ ਦੀ ਮਾਰੀ ਹੋਈ ਸਾਡੀ ਜਨਤਾ ਨੇ ਹੀ ਅਫ਼ਰਾਇਆ ਹੈ ਤੇ ਆਪਣੇ ਸਿਰੇ ਲਿਆ ਕੀਤਾ ਹੈ। ਤਦੇ ਹੀ ਇਹਨਾਂ ਕਲਾਕਾਰਾਂ ਨੇ ਅੱਜ ਸਾਡੇ ਸਮਾਜ ਅੰਦਰ ਰੱਜ ਕੇ ਗੰਦ ਪਾਇਆ ਹੋਇਆ ਤੇ ਅਸ਼ਲੀਲਤਾ ਖਿਲਾਰੀ ਹੋਈ ਹੈ। ਅਧਨੰਗੀਆਂ ਜਿਹੀਆਂ ਜਨਾਨੀਆਂ ਤੋਂ ਆਪਣੇ ਨਾਲ, ਸਟੇਜ ਉੱਪਰ, ਬਾਂਦਰੀਆਂ ਵਾਂਗਰ ਟਪੂਸੀਆਂ ਮਰਵਾਉਂਦੇ ਤੇ ਏਧਰ-ਓਧਰ ਭੂਤਣੀਆਂ ਵਾਂਗ ਟਪਾਉਂਦੇ ਫਿਰਦੇ ਹਨ। ਬੰਦੇ ਕਲਾਕਾਰ ਵੀ ਜਨਾਨਾ ਐਕਸ਼ਨ ਕਰ-ਕਰ ਕੇ ਸ੍ਰੋਤਿਆਂ ਨੂੰ ਉਕਸਾਉਂਦੇ ਤੇ ਭਰਮਾਉਂਦੇ ਹਨ।

ਮੈਂ ਭਾਵੇਂ ਆਪ ਅਜੋਕੇ ਨੌਜਵਾਨ ਤਬਕੇ ਵਿੱਚ ਆਉਂਦਾ ਹਾਂ ਪਰੰਤੂ ਇਹ ਗੱਲ ਲਿਖਦਿਆਂ ਮੈਨੂੰ ਉੱਕਾ ਹੀ ਸੰਕੋਚ ਨਹੀਂ ਹੈ ਕਿ ਸਾਡਾ ਅੱਜ ਦਾ, ਆਪਣੇ ਆਪ ਨੂੰ



ਪੜ੍ਹਿਆ-ਲਿਖਿਆ ਅਖਵਾਉਂਦਾ ਨੌਜਵਾਨ ਤਬਕਾ ਆਪਣੇ ਅਸਲੀ ਗਾਉਣ ਤੇ ਸੰਗੀਤ ਸੁਣਨਾ ਤੇ ਆਪਣੀ ਸੱਚੀ-ਸੁੱਚੀ ਕਲਾਕਾਰੀ ਨੂੰ ਮਾਨਣਾ ਤਾਂ ਉੱਕਾ ਜਾਣਦਾ ਹੀ ਨਹੀਂ ਹੈ, ਇਹਨਾਂ ਨੌਜਵਾਨ ਵੀਰਾਂ ਦਾ ਜੋ ਕੰਨ ਰਸ ਹੈ ਉਹ ਸਾਰੰਗੀ ਦੀਆਂ ਤਰਬਾਂ-ਲਹਿਰਾਂ ਤੇ ਉਸਦੇ ਆਕਾਸ਼ੀ ਝੋਲਿਆਂ ਨੂੰ ਉੱਕਾ ਹੀ ਨਹੀਂ ਸਮਝਦਾ। ਤੂੰਬੀ ਦੀ ਮਿੱਠੀ ਟੁਣਕਾਰ ਤੇ ਅਲਗੋਜ਼ਿਆਂ ਦੀ ਝਣਕਾਰ ਇਹਨਾਂ ਦਾ ਸੁਵਾਦ ਨਹੀਂ। ਇਹ ਤਾਂ ਸਟੇਜ ਉੱਪਰ ਚੜ੍ਹੀ ਖਲੋਤੀ ਯਭਲੀ ਜਿਹੀ ਜਨਾਨੀ ਦੇ ਕਮਲੇ - ਰਮੂਲੇ ਜਿਹੇ ਤੇ ਕਾਮੁਕ ਅੰਦਾਜ਼ਾਂ, ਅੱਖ-ਮਟੱਕਿਆਂ, ਬੇਸੁਰੀਆਂ ਤੇ ਉਕਸਾਊ ਅੰਗ ਮਰੋੜੀਆਂ ਨੂੰ ਹੀ ਆਪਣਾ ਸਭ ਕੁਝ ਮੰਨੀ ਬੈਠਿਆ ਹੈ। ਕਈ ਸਾਲਾਂ ਤੋਂ ਪੰਜਾਬ ਅੰਦਰ ਲੱਚਰ ਗਾਇਕੀ ਬੜੀ ਪ੍ਰਫੁਲਤ ਹੋਈ ਹੈ। ਅਜਿਹੇ ਲੱਚਰ ਗਾਉਣ ਵਾਲਿਆਂ ਕਲਾਕਾਰਾਂ ਨੇ ਸਾਡੇ ਸਰੋਤਿਆਂ ਵਿੱਚੋਂ ਮਨੁੱਖੀ ਸ਼ਰਮਾਂ, ਅਣਖਾਂ, ਬਹਾਦਰੀ, ਭਗਤੀ-ਭਾਵਨਾ, ਪ੍ਰੇਮ, ਤਿਆਗ਼, ਸਬਰ, ਸਿਦਕ, ਭਾਈਚਾਰਕ ਸਾਂਝ ਤੇ ਉੱਚੀ ਸੰਤੁਲਿਤ ਸੋਚ ਜਿਵੇਂ ਖਤਮ ਹੀ ਕਰ ਦਿੱਤੀ ਹੋਵੇ। ਇਸੇ ਕਰਕੇ ਹੀ ਪੰਜਾਬ ਦੀ ਸੱਚੀ-ਸੁੱਚੀ ਕਲਾਕਾਰੀ ਦੀ ਬੜੀ ਹੇਠੀ ਹੋਈ ਹੈ। ਹੁਣ ਕਵੀਸ਼ਰਾਂ-ਗੁਮੰਤਰੀਆਂ ਤੇ ਢਾਡੀਆਂ ਨੂੰ ਸੁਣ ਕੇ ਲੋਕ ਰਾਜ਼ੀ ਨਹੀਂ ਹੁੰਦੇ, ਮੂੰਹ ਫੇਰ ਲੈਂਦੇ ਹਨ, ਨੱਕ-ਬੁੱਲ੍ਹ ਚੜ੍ਹਾਉਂਦੇ ਹਨ। ਟਾਂਵੇ ਲੋਕ ਹੀ ਹੁਣ ਇਹਨਾਂ ਕਲਾਕਾਰਾਂ ਦੇ 'ਆਸ਼ਕ' ਲੱਭਦੇ ਹਨ। ਟਪੂੰ-ਟਪੂੰ ਅਤੇ ਡਊਂ-ਡਊਂ ਜਾਂ ਧੂਮ-ਧੜਾਕਾ ਜਾਂ ਕਲਾ ਦਾ ਸਿਆਪਾ, ਕਰਨ ਵਾਲੇ ਕਲਾਕਾਰ ਹੀ ਹਰ ਥਾਂ ਪ੍ਰਧਾਨ ਦਿਸਦੇ ਹਨ। ਇਹਨਾਂ ਕਲਾਕਾਰਾਂ ਨੂੰ "ਅਸਲੀ ਕਲਾਕਾਰ" ਆਖਣਾ ਉੱਕਾ ਹੀ ਮੁਨਾਸਬ ਨਹੀਂ ਜਾਪਦਾ ਅਤੇ ਇੱਥੇ ਮੈਂ ਗਾਇਕਾਂ-ਕਲਾਕਾਰਾਂ, ਇਕੱਲਿਆਂ ਨੂੰ ਹੀ ਦੋਸ਼ੀ ਨਹੀਂ ਮੰਨਦਾ, ਸਗੋਂ ਸਰੋਤਾ ਅਤੇ ਗਾਇਕ ਦੋਵੇਂ ਹੀ ਘਟੀਆ ਪੱਧਰ 'ਤੇ ਆ ਉੱਤਰੇ ਹੋਏ ਹਨ।

ਅੰਨ੍ਹੇ ਨੂੰ ਬੋਲ਼ਾ ਘੜੀਸੇ
ਨਾ ਉਹਨੂੰ ਸੁਣੇ, ਨਾ ਉਹਨੂੰ ਦੀਸੇ

ਵਾਲੀ ਗੱਲ ਹੋਈ ਪਈ ਹੈ। ਖ਼ੈਰ! ਸਭ ਤੋਂ ਵੱਡੀ ਗੱਲ ਸਰੋਤਿਆਂ ਦੀ ਹੈ, ਜੇਕਰ ਉਹ ਅਜੋਕੇ ਗਾਇਕਾਂ ਦੀ ਭੱਦੀ ਤੇ ਘਟੀਆ ਕਲਾਕਾਰੀ ਨੂੰ ਨਾ ਪ੍ਰਵਾਨ ਕਰਨ, ਤਾਂ ਗੱਲ ਕੁਝ ਸਾਰਥਕ ਹੋ ਸਕਦੀ ਹੈ। ਪਹਿਲੇ ਸ੍ਰੋਤੇ ਕਿੰਨੇ ਚੰਗੇ ਹੁੰਦੇ ਸਨ ਤੇ ਕਿੰਨੇ ਚੰਗੇ ਹੁੰਦੇ ਸਨ ਉਦੋਂ ਦੇ ਗੌਣ। ਕਿੰਨੇ ਭਲੇ ਸਮੇਂ ਸਨ। ਗੌਣਾਂ ਵਿੱਚ ਰਾਗ, ਰੰਗ ਸਨ। ਸੁਵਾਣੀਆਂ ਤੇ ਕਿਰਸਾਨਾਂ, ਗੱਭਰੂ ਤੇ ਮੁਟਿਆਰਾਂ ਦੀਆਂ ਗੱਲਾਂ ਹੁੰਦੀਆਂ ਸਨ ਚੱਜ ਅਚਾਰ ਨਾਲ ਉਨ੍ਹਾਂ ਗੌਣਾਂ ਵਿੱਚ ਤੇ ਸ੍ਰੋਤੇ ਇੱਕ-ਮਿੱਕ ਹੁੰਦੇ ਸਨ ਉਹਨਾਂ ਗੌਣਾਂ ਨਾਲ!

ਤੇ ਹੁਣ ਦੇ ਸਰੋਤਿਆਂ ਦੇ ਖੜਮਸਤੀ ਤੇ ਹੁਲੜਬਾਜ਼ੀ ਕਰਨ ਲਈ ਕੁਤਕੁਤਾੜੀਆਂ ਲੜਦੀਆਂ ਹਨ, ਤਦੇ ਹੀ ਉਹ ਸ਼ਰਾਬਾਂ ਡਕਾਰ ਕੇ, ਲਲਕਾਰੇ ਤੇ ਚੀਕਾਂ-ਕੂਕਾਂ ਮਾਰਦੇ, ਅੰਨ੍ਹੇ ਧੁੱਤ ਹੋ ਕੇ, ਗਾਉਣ ਵਾਲੀਆਂ ਦੇ ਅੱਖ-ਮਟੱਕਿਆਂ ਵਿੱਚ ਚਾਂਭਲ ਕੇ, ਉਨ੍ਹਾਂ ਦੇ ਉੱਤੋਂ ਦੀ ਨੋਟਾਂ ਦਾ ਮੀਂਹ ਵਰ੍ਹਾਉਂਦੇ ਹਨ ਤੇ ਜਿੱਦੋ-ਜਿੱਦੀ ਵਿੱਚ ਆਪਣੇ ਜੇਭ੍ਹੇ ਖਾਲੀ ਕਰਵਾ ਲੈਂਦੇ ਹਨ, ਘਰੋਂ ਭਾਵੇਂ ਬਾਅਦ ਵਿੱਚ ਜੁੱਤੀਆਂ ਪੈਣ, ਤੇ ਏਧਰ ਸਾਡੇ ਕਲਾਕਾਰ ਹੱਥ ਅੱਡ-ਅੱਡ ਕੇ ਰੁਪੱਈਏ ਫੜ੍ਹਦੇ ਹਨ, ਜੇ ਕੋਈ ਨਾ ਦੇਵੇ ਤਾਂ ਕੋਈ ਰੁਪੱਈਆਂ ਨਾਲ ਸੰਬੰਧਤ ਚੁਟਕਲਾ ਸੁਣਾ ਕੇ ਹੀ ਰੁਪੱਈਏ ਜੇਭਾਂ 'ਚੋਂ ਕਢਾ ਲੈਂਦੇ ਹਨ।

**ਪਹਿਲੇ ਕਵੀਸ਼ਰ - ਗੁਮੰਤਰੀ** ਤੇ ਢਾਡੀ ਕਿੰਨੇ ਚੰਗੇ ਹੁੰਦੇ ਸਨ, ਜੋ ਸਰੋਤਿਆਂ ਪਾਸੋਂ ਇੱਕ - ਅੱਧ ਵਾਰੀ ਹੀ ਇਨਾਮ ਲੈਂਦੇ ਸਨ, ਜੇ ਕੋਈ ਸਰੋਤਾ ਖੁਸ਼ ਹੋ ਕੇ ਵਾਰੀ ਵਾਰੀ

ਇਨਾਮ ਦੇਈ ਜਾਂਦਾ ਤਾਂ ਗੁਮੰਤਰੀ ਇੱਕੋ ਰੁਪੱਈਆ ਲੈ ਕੇ, ਮੱਥੇ ਨੂੰ ਛੁਹਾ ਕੇ, ਦੋਵੇਂ ਹੱਥ ਜੋੜ ਕੇ, ਸ਼ੁਕਰਾਨਾ ਕਰਦੇ ਇਉਂ ਆਖਦੇ :-

ਜਿਵੇਂ ਕੱਢਿਆ, ਜੇਭ 'ਚ ਪਾ ਲੈ
ਇੱਕ ਤੇਰਾ ਲੱਖ ਵਰਗਾ

ਪਹਿਲੋਂ ਪਹਿਲ ਮੁੱਖ ਤੌਰ 'ਤੇ ਮਿਰਾਸੀ, ਮਜ਼ਬੀ ਜਾਂ ਪੰਡਤ ਵਗੈਰਾ ਹੀ ਬਹੁਤਾ ਗਾਉਂਦੇ ਹੁੰਦੇ ਸਨ ਤੇ ਹੁਣ ਤਾਂ ਸਭ ਤੋਂ ਵੱਧ ਜੱਟ ਕੌਮ ਹੀ ਗਾਉਣ ਦੇ ਮਗਰ ਜਿਵੇਂ ਹੱਥ ਧੋ ਕੇ ਪਈ ਹੋਈ ਹੈ। ਪਹਿਲੋਂ ਕੋਈ ਵਿਰਲਾ ਟਾਂਵਾ ਜੱਟ ਗਾਉਂਦਾ ਹੁੰਦਾ ਸੀ ਤਾਂ ਉਦੋਂ ਉਸ ਨੂੰ ਉਸਦੇ ਸਕੀਰੀਦਾਰ ਜਾਂ ਪਿੰਡੋਂ, ਘਰੋਂ ਬਾਹਰੋਂ, ਲੋਕ ਚੰਗਾ ਨਹੀਂ ਸਮਝਦੇ ਸਨ। ਖ਼ੈਰ! ਹੁਣ ਮਾਨ, ਬਰਾੜ, ਸਿੱਧੂ, ਸੰਧੂ, ਢਿੱਲੋਂ, ਗਿੱਲ, ਭੁੱਲਰ ਤੇ ਕਈ ਹੋਰ ਵੀ, ਸਭ ਨੇ ਜਿਵੇਂ ਗਾਉਣ-ਵਜਾਉਣ ਦਾ ਹੀ ਕਿੱਤਾ ਕਰ ਲਿਆ ਹੈ।

ਪੱਛਮੀਂ ਸਾਜ਼ਾਂ ਦਾ ਸ਼ੋਰ, ਬੇਸੁਰੇ ਰਾਗ, ਡਾਂਸ, ਪਹਿਰਾਵੇ ਤੇ ਕੱਚ ਘਰੜ, ਰੋਣੇ ਕੁਰਲਾਣੇ ਬੇਤੁਕੇ ਗੀਤ, ਇਸ ਸਭ ਕਾਸੇ ਨਾਲ ਸਭਿਆਚਾਰਕ ਖੇਤਰ ਵਿੱਚ ਧੂੰਆਂ ਹੀ ਧੂੰਆ ਫੈਲਿਆ ਹੋਇਆ, ਸਾਡੀਆਂ ਅੱਖਾਂ 'ਤੇ ਕੰਨਾਂ ਨੂੰ ਨੁਕਸਾਨ ਪਹੁੰਚਾਉਂਦਾ ਦਿਮਾਗ਼ਾਂ 'ਤੇ ਵੀ ਅਸਰ ਪਾ ਰਿਹਾ ਹੈ। ਇਹ ਧੂੰਆਂ ਛੇਤੀ ਕੀਤਿਆਂ ਉਤਾਂਹ ਨੂੰ ਉੱਠਣ ਵਾਲਾ ਨਹੀਂ ਜਾਪਦਾ। ਅਜਿਹੇ ਦਮ ਘੁਟਣ ਵਾਲੇ ਮਾਹੌਲ ਵਿੱਚ ਅਜੋਕੇ ਪੰਜਾਬ ਦੀ ਕਵੀਸ਼ਰੀ ਕਲਾ ਤੇ ਢਾਡੀ ਕਲਾ, ਵਾਕਿਆ ਈ ਦਮ ਘੁਟਦੀ, ਦਬੀਂਦੀ ਜਾਂਦੀ ਹੈ ਅਤੇ ਅੱਗੋਂ ਲਈ ਵੀ ਇਸਦਾ ਭਵਿੱਖ ਧੁੰਦਲਾ-ਧੁੰਦਲਾ ਤੇ ਅੰਧਲਾ-ਅੰਧਲਾ ਹੀ ਦਿਸਦਾ ਹੈ।

ਸਾਡਾ ਅਸਲੋਂ ਹੀ ਨਵਾਂ ਪੋਚ, ਜਿਸ ਵਿੱਚ ਨਿੱਕੇ ਜੁਆਕ ਵੀ ਸ਼ਾਮਲ ਕੀਤੇ ਜਾ ਸਕਦੇ ਹਨ, ਕਵੀਸ਼ਰੀ ਵਰਗੀ ਕੋਮਲ ਕਲਾ ਤੋਂ ਬਿਲਕੁਲ ਹੀ ਨਾਵਾਕਿਫ਼ ਹੈ ਅਤੇ ਇਹ ਆਖਣਾ ਕੁਥਾਂ ਨਹੀਂ ਹੋਵੇਗਾ ਕਿ ਆਉਂਦੇ ਥੋੜ੍ਹੇ ਜਿਹੇ ਸਮੇਂ ਵਿੱਚ ਹੀ, ਜੇਕਰ ਸਭਿਆਚਾਰਕ ਪ੍ਰਸਥਿਤੀਆਂ 'ਚ ਇਉਂ ਹੀ ਪਰਵਿਰਤਨ ਹੁੰਦਾ ਰਿਹਾ ਤਾਂ ਕਵੀਸ਼ਰੀ ਅਤੇ ਢਾਡੀ ਕਲਾ ਦਾ ਉੱਕਾ ਹੀ ਨਾਮੋ-ਨਿਸ਼ਾਨ ਮਿਟ ਜਾਣ ਦਾ ਡਾਹਢਾ ਖਦਸ਼ਾ ਹੈ।

ਸੰਨ 1976 ਦੀ ਗੱਲ ਹੈ। ਸਮੇਂ ਦੀ ਬਦਲ ਰਹੀ ਚਾਲ-ਢਾਲ ਵੇਖਕੇ ਕਰਨੈਲ ਸਿੰਘ ਪਾਰਸ ਨੇ ਮਾਨਸਾ ਵਿਖੇ ਇਕੱਠ ਭਰੇ ਵਿੱਚ ਇਹ ਐਲਾਨ ਕੀਤਾ ਸੀ ਕਿ ਬਈ ਖੜ੍ਹ ਕੇ ਗਾਉਣ ਵਾਲੀ ਕਵੀਸ਼ਰੀ ਖਤਮ ਹੁੰਦੀ ਜਾਂਦੀ ਹੈ ਤੇ ਕਿਸੇ ਦਿਨ ਨੂੰ ਇਹ ਉੱਕਾ ਹੀ ਖਤਮ ਹੋ ਜਾਵੇਗੀ, ਤੇ ਉਹ ਦਿਨ ਭੱਜੇ-ਭੱਜੇ ਆ ਰਹੇ ਹਨ।

ਅਜਿਹੇ ਪ੍ਰਦੂਸ਼ਣ ਵਾਲੇ ਅਤਿਅੰਤ ਮਾੜੇ ਮਾਹੌਲ ਵਿੱਚ ਕੁਝ ਇੱਕ ਨੂੰ ਛੱਡ ਕੇ ਕੋਈ ਹੋਰ ਚੱਜ ਦਾ ਕਵੀਸ਼ਰ ਆਇਆ ਨਹੀਂ ਦਿਸਦਾ। ਤੇ ਨਾ ਹੀ ਲੋਕ ਸੁਣਨ ਲਈ ਤਿਆਰ ਹੋਏ ਦਿਸਦੇ ਹਨ। ਬੱਸ, ਜੋ ਕੋਈ ਵਿਰਲੇ ਟਾਂਵੇ ਹੀ ਹਨ, ਉਹ ਮਾੜੀ-ਮੋਟੀ ਡੰਗ ਟਪਾਈ ਕਰ ਰਹੇ ਹਨ। ਜੋਗਾ ਸਿੰਘ ਜੋਗੀ ਦੀ ਘਾਲਣਾ ਇੱਥੇ ਮਹੱਤਵਪੂਰਨ ਹੈ। ਖ਼ੈਰ! ਬਹੁਤੇ ਕਵੀਸ਼ਰ ਤਾਂ ਢਾਡੀ ਵਜੋਂ ਤਬਦੀਲ ਹੋ ਚੁੱਕੇ ਹਨ। ਹੋਰ ਵੀ ਕਈ ਨਾਂ ਹਨ ਜੋ ਚੰਗਾ ਕਾਰਜ ਕਰ ਰਹੇ ਹਨ।

ਇਸ ਬਾਰੇ ਕਰਨੈਲ ਸਿੰਘ ਪਾਰਸ ਸਾਫ-ਸਾਫ ਕਹਿੰਦਾ ਹੈ ਕਿ, "ਕਵੀਸ਼ਰੀ ਕਲਾ ਮਰ ਰਹੀ ਹੈ, ਇਸ ਨੂੰ ਬਚਾਉਣ ਵਾਲਾ ਕੋਈ ਨਜ਼ਰ ਨਹੀਂ ਆਉਂਦਾ।"

ਕਰਨੈਲ ਸਿੰਘ ਪਾਰਸ ਨੂੰ ਜਦੋਂ ਇਹ ਗੱਲ ਪੁੱਛੀ ਗਈ ਕਿ, ਪੰਜਾਬ ਦੀ ਕਵੀਸ਼ਰੀ ਕਲਾ ਦੀ ਚਿੰਤਾਜਨਕ ਹਾਲਤ ਅਤੇ ਇਸਦੀ ਬੇਕਦਰੀ ਲਈ ਤੁਸੀਂ ਮੁੱਖ ਜ਼ਿੰਮੇਵਾਰ ਕਿਸ



ਨੂੰ ਮੰਨਦੇ ਹੋ ? ਤਾਂ ਕਰਨੈਲ ਸਿੰਘ ਪਾਰਸ ਨੇ ਸਾਫ਼ ਤੇ ਸਪਸ਼ਟ ਤੌਰ 'ਤੇ ਆਖਿਆ ਕਿ ਬਿਜਲਈ ਸਾਧਨ, ਜਿਵੇਂ ਚੈਨਲਾਂ ਦਾ ਸਿੱਧਾ ਪ੍ਰਭਾਵ, ਪੱਛਮੀ ਸੰਗੀਤ ਤੇ ਸਾਜ਼ ਭਾਰੂ ਹੋਏ, ਕੱਚੇ ਪਿੱਲੇ ਗੀਤ, ਬੇਸੁਰੀਆਂ ਆਵਾਜ਼ਾਂ, ਤੇ ਕਲਾ ਦੇ ਖੇਤਰ ਵਿੱਚ ਬੇਸੁਧੇ ਲੋਕਾਂ ਦਾ ਅੰਨ੍ਹੇਵਾਹ ਪ੍ਰਵੇਸ਼ ਅਤੇ ਵਪਾਰਕ ਮਨਸ਼ੇ ਨਾਲ ਕਲਾ ਦੀ ਸੇਵਾ, ਇਹ ਸਭ ਕੁਝ ਹੀ ਕਵੀਸ਼ਰੀ ਤੇ ਢਾਡੀ ਕਲਾ ਲਈ ਮਾੜੇ ਦਿਨ ਲਿਆਉਣ ਤੇ ਹੇਠੀ ਕਰਵਾਉਣ ਵਾਲਾ ਹੈ।

ਕਰਨੈਲ ਸਿੰਘ ਪਾਰਸ ਅਜੋਕੇ ਗਾਇਕਾਂ ਤੇ ਗਾਇਕਾਵਾਂ ਨੂੰ ਪੁੱਛਦਾ ਹੈ ਕਿ, "ਨਚਾਰੋ! ਬੀਬਾ ਨਰਿੰਦਰ ਕੌਰ ਕਿੰਨਾ ਕੁ ਨਚਦੀ ਟੱਪਦੀ ਸੀ ? ਲਾਲ ਚੰਦ ਯਮਲਾ ਜੱਟ ਕਿੰਨਾ ਕੁ ਟੱਪਦਾ ਸੀ। ਸੁਰਿੰਦਰ ਕੌਰ ਵੇਖੀ ਐ ਕਿਸੇ ਨੇ ਭੁੜਕਦੀ ਫਿਰਦੀ ? ਜਾਂ ਹੋਰ ਸਿਆਣੇ ਬੀਬੇ ਕਲਾਕਾਰ ਕਈ...।"

ਮੰਚ ਉੱਪਰ ਤਰਥੱਲੀ ਤੇ ਖਲਬਲੀ ਮਚਾਉਣ ਵਾਲੇ ਅਜੋਕੇ ਕਲਾਕਾਰ ਇਹ ਸਿੱਧ ਕਰਦੇ ਹਨ ਜਿਵੇਂ ਸਟੇਜ ਥੱਲੇ ਅੱਗ ਦੇ ਭਾਂਬੜ ਬਲ਼ ਰਹੇ ਹਨ... ਤੇ ਸਰੀਰ ਨੂੰ ਅੱਗ ਲੂੰਹਦੀ ਜਾਂਦੀ ਹੈ ਅਤੇ ਸਰੋਤਿਆਂ ਵੱਲ ਨੂੰ ਵਿੰਗੀਆਂ ਟੇਢੀਆਂ ਉਂਗਲਾਂ ਦੇ ਇਸ਼ਾਰੇ ਇਉਂ ਪ੍ਰਤੀਤ ਕਰਦੇ ਹਨ ਜਿਵੇਂ ਕਲਾਕਾਰ ਸ੍ਰੋਤਿਆਂ ਨੂੰ ਕਹਿੰਦਾ ਹੋਵੇ, "ਬਈ ਤੂੰ ਮੇਰੇ ਜ਼ਰਾ ਲਾਗੇ ਆ, ਮੈਂ ਤੇਰੀਆਂ ਅੱਖਾਂ 'ਚ ਉਂਗਲਾਂ ਮਾਰ ਕੇ ਤੇਰੇ ਦੋਵੇਂ ਡੇਲੇ (ਅੱਖਾਂ) ਬਾਹਰ ਕੱਢ ਲਵਾਂ।"

ਇੱਥੇ ਇਹ ਗੱਲ ਵੀ ਵਿਸ਼ੇਸ਼ ਵਰਨਣਯੋਗ ਹੈ ਕਿ ਪਾਰਸ ਹੋਰੀਂ ਰੇਡੀਓ ਅਤੇ ਟੀ.ਵੀ. ਉੱਤੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਰਹੇ ਹਨ ਤੇ ਇਹਨਾਂ ਨੂੰ ਉੱਥੇ ਪੂਰੀ-ਪੂਰੀ ਫ਼ੀਸ ਮਿਲਦੀ ਰਹੀ ਹੈ ਤੇ ਹੁਣ ਦੇ ਕਲਾਕਾਰ ਟੀ.ਵੀ. ਉੱਤੇ ਜਾ ਕੇ ਗਾਉਣ ਲਈ, ਸਗੋਂ ਆਪਣੇ ਕੋਲੋਂ ਹਜ਼ਾਰਾਂ ਰੁਪੱਈਏ, ਟੀ.ਵੀ. ਵਾਲਿਆਂ ਨੂੰ ਦਿੰਦੇ ਹਨ। ਕਿੰਨਾ ਅੰਤਰ ਹੈ ?

**ਪੁਰਾਣੇ ਸਮੇਂ ਦੇ ਗੁਮੰਤਰੀ ਤੇ ਉਨ੍ਹਾਂ ਦੇ ਗੌਣ** :- ਪੁਰਾਣਿਆਂ ਸਮਿਆਂ ਦੇ ਗੁਮੰਤਰੀ ਕਵੀਸ਼ਰ-ਢਾਡੀ, ਪਿੰਡੋ-ਪਿੰਡ ਮੇਲਿਆਂ, ਮੁਸਾਹਬਿਆਂ, ਡੇਰਿਆਂ 'ਤੇ ਇਕੱਠਾਂ ਵਿੱਚ ਗਾਉਣ ਗਾਉਂਦੇ ਤੁਰੇ ਫਿਰਦੇ ਰਹਿੰਦੇ ਸਨ। ਸਰੋਤਿਆਂ ਦੀ ਢਾਣੀਆਂ ਵਿੱਚ ਖਲੋਕੇ ਗੁਮੰਤਰੀਆਂ ਨੇ, ਗੇੜੇ ਦੇ ਦੇ ਕੇ ਗਾਉਣਾ! ਕਿਹਾ ਜਾਂਦਾ ਹੈ ਕਿ ਕਵੀਸ਼ਰਾਂ-ਗੁਮੰਤਰੀਆਂ ਨੂੰ ਉਹਨਾਂ ਸਮਿਆਂ ਦੇ ਮਹਾਰਾਜੇ ਖੁੱਲ੍ਹੇ-ਗੱਫ਼ੇ ਇਨਾਮ ਦਿੰਦੇ ਹੁੰਦੇ ਸਨ ਤੇ ਕਈਆਂ ਗੁਮੰਤਰੀਆਂ ਨੂੰ ਤਾਂ ਮਹਾਰਾਜਿਆਂ ਨੇ ਜਾਗੀਰਾਂ ਵੀ ਇਨਾਮ ਵਜੋਂ ਦੇ ਛੱਡੀਆਂ ਸਨ। ਇਉਂ ਗੁਮੰਤਰੀਆਂ ਦੇ ਹੌਂਸਲੇ ਵੀ ਵਧਦੇ ਫੁੱਲਦੇ ਰਹਿੰਦੇ ਤੇ ਉਹ ਆਪਣੀ ਕਲਾਕਾਰੀ ਵਿੱਚ ਪੂਰੀ ਤਰ੍ਹਾਂ ਰੁਚਿਤ ਰਹਿੰਦੇ ਸਨ। ਮਹਾਰਾਜਾ ਹੀਰਾ ਸਿੰਘ ਨਾਭਾ ਗਾਉਣ ਸੁਣਨ ਦਾ ਸ਼ੌਕੀਨ ਤੇ ਗੁਮੰਤਰੀਆਂ-ਕਵੀਸ਼ਰਾਂ ਦਾ ਸਰਪ੍ਰਸਤ ਮੰਨਿਆ ਗਿਆ ਹੈ। ਕਵੀਸ਼ਰ ਭਗਵਾਨ ਸਿੰਘ ਮਰਾੜ੍ਹ ਵਾਲਾ, ਮਹਾਰਾਜਾ ਪਟਿਆਲੇ ਦਾ ਦਰਬਾਰੀ ਕਵੀਸ਼ਰ ਸੀ।

ਰਜਵਾੜਿਆਂ, ਜ਼ੈਲਦਾਰਾਂ, ਨੰਬਰਦਾਰਾਂ ਤੇ ਦਰਮਿਆਨੇ ਜ਼ਿਮੀਂਦਾਰਾਂ, ਸਰਦਾਰਾਂ ਤੇ ਸਿਰਕੱਢ ਮਹਾਜਨਾਂ ਤੇ ਮੁਸਲਮਾਨ ਨਵਾਬਾਂ ਦੇ ਵਿਆਹਾਂ ਵਿੱਚ ਕਵੀਸ਼ਰਾਂ ਤੇ ਗੁਮੰਤਰੀਆਂ ਦਾ ਆਉਣਾ ਲਾਜ਼ਮੀ ਸਮਝਿਆ ਜਾਂਦਾ ਸੀ। ਭਾਵੇਂ ਕਿ ਵਿੱਚੋਂ ਦੀ ਤੁਰਦੇ-ਫਿਰਦੇ ਮਿਰਾਸੀ ਨਕਲੀਏ (ਭੰਡ) ਵੀ ਆਪਣੇ ਹਾਸੇ ਮਖੌਲ ਬਿਖੇਰਦੇ, ਟੋਟਕੇ ਸੁਣਾ ਕੇ ਇਨਾਮ ਲੈ ਜਾਂਦੇ ਤੇ ਰੌਣਕਾਂ ਵਿੱਚ ਵਾਧਾ ਕਰਦੇ ਸਨ। ਉਸ ਸਮੇਂ ਦੀਆਂ ਜੰਜਾਂ ਵੀ ਖੁੱਲ੍ਹੇ ਪਿੜਾਂ ਵਿੱਚ ਬਿਠਾਈਆਂ ਜਾਂਦੀਆਂ ਤੇ ਮੰਜਿਆਂ ਉੱਪਰ ਰੰਗ-ਬਿਰੰਗੇ ਸੂਤੀ ਵਿਛਾਉਣੇ ਵਿਛਾਏ ਜਾਂਦੇ। ਕੱਚੀ ਥਾਂ ਉੱਤੇ ਪਾਣੀ ਦਾ ਛਿੜਕਾਓ ਕੀਤਾ ਜਾਂਦਾ। ਖੁੱਲ੍ਹੀ ਡੁੱਲ੍ਹੀ ਸ਼ਰਾਬ

ਵਰਤੀਂਦੀ ਪਰ ਪੀਤੀ ਸਬਰ ਨਾਲ ਜਾਂਦੀ। ਪਿੰਡ ਦੇ ਲੋਕ ਤੇ ਹੋਰ ਲਾਗੇ-ਚਾਗੇ ਦੇ ਸਰੋਤੇ ਆ ਜੁੜਦੇ, ਤੇ ਕਵੀਸ਼ਰਾਂ ਨੇ ਮੰਜਿਆਂ ਦੇ ਵਿਚਾਲੇ ਜਾਂ ਇੱਕ ਬੰਨੇ ਖਲੋ ਕੇ ਗਾਉਣਾ। ਜਾਂਜੀਆਂ ਨੇ ਸ਼ਰਾਬ ਦੇ ਨਸ਼ੇ ਵਿੱਚ ਪ੍ਰੇਮ ਭਰੀ ਮਸਤੀ ਕਰਨੀ ਤੇ ਗੁਮੰਤਰੀਆਂ ਨੂੰ ਨੋਟ ਦੇਣੇ। ਇਉਂ ਕਿੰਨਾ-ਕਿੰਨਾ ਚਿਰ ਅਖਾੜਾ ਭਖ਼ਿਆ ਰਹਿੰਦਾ। ਸ਼ਰਾਬ ਪੀ ਕੇ ਖੱਪ ਖਾਨਾ ਕਰਨਾ ਜਾਂ ਲੜਾਈ ਝਗੜਾ ਨਹੀਂ ਸੀ ਹੁੰਦਾ। ਲੜਾਈਆਂ ਹੋ ਜਾਂਦੀਆਂ ਤਾਂ ਛੇਤੀ ਸੁਲਝਾ ਲਈਆਂ ਜਾਂਦੀਆਂ। ਗੁਮੰਤਰੀ-ਕਵੀਸ਼ਰ ਨੂੰ ਲੋਕੀਂ ਆਪਣੇ ਮਨ ਪਸੰਦ ਦਾ ਗੌਣ ਸੁਣਨ ਲਈ ਫਰਮਾਇਸ਼ ਜ਼ਰੂਰ ਕਰਦੇ ਸਨ ਤੇ ਉਂਜ ਬਹੁਤੇ ਗੁਮੰਤਰੀ ਲੰਬਾ-ਲੰਬਾ ਗੌਣ, ਕਿੱਸਾ-ਕਹਾਣੀ ਤੌਰ ਬਹਿੰਦੇ, ਜੋ ਕਈ ਕਈ ਘੰਟੇ 'ਚ ਮੁੱਕਣ 'ਚ ਹੀ ਨਹੀਂ ਸੀ ਆਉਂਦਾ ਤੇ ਲੋਕ ਚਾਅ ਨਾਲ ਬੈਠੇ ਸੁਣਦੇ ਸਨ।

ਗਿਧੇ ਵੀ ਖ਼ੂਬ ਪੈਂਦੇ ਸਨ ਤੇ ਜਲਸੇ ਵੀ ਬਹੁਤ ਹੁੰਦੇ। ਜਲਸਿਆਂ ਵਿੱਚ ਨਚਾਰਾਂ ਦੇ ਨਾਚ ਵਿਸ਼ੇਸ਼ ਖਿੱਚ ਦਾ ਕਾਰਨ ਹੁੰਦੇ ਸਨ। ਨਚਾਰਾਂ ਦਾ ਪਹਿਰਾਵਾ ਸੱਗੀ ਫੁੱਲ ਤੇ ਘੱਗਰਾ ਹੁੰਦਾ ਸੀ ਤੇ ਨਚਾਰ ਜਲਸਿਆਂ ਵਿੱਚ ਨੱਚਦੇ ਫਿਰਦੇ, ਧਮੱਚੜਾਂ ਪਾਉਂਦੇ। ਜਲਸੇ ਬਹੁਤੇ ਪਿੰਡੋਂ ਬਾਹਰ, ਖੁੱਲ੍ਹੀ ਥਾਂ ਉੱਤੇ ਲੱਗਦੇ।

ਉਸ ਸਮੇਂ ਦਿਆਂ ਗੌਣਾਂ ਵਿੱਚ ਉੱਚੇ ਗੁਣਾਂ ਵਿੱਚੋਂ ਪੈਦਾ ਹੋਏ ਪ੍ਰੇਮ ਭਾਵਨਾ ਵਾਲੇ ਰਸ, ਰੰਗ, ਬੀਰ-ਰਸੀ ਵਾਰਾਂ ਜੋ ਮਨੁੱਖ ਨੂੰ ਅਣਖ ਤੇ ਸ਼ਰਮ ਨਾਲ ਜਿਉਣ ਦਾ ਢੰਗ ਦੱਸਦੀਆਂ ਸਨ, ਤੇ ਇਹਨਾਂ ਵਿੱਚ ਖ਼ਾਸ ਤੌਰ ਤੇ 'ਪੂਰਨ ਭਗਤ' ਦਾ ਕਿੱਸਾ, ਜੋ ਤਿਆਗ ਤੇ ਤਪੱਸਿਆ ਦੀ ਗੱਲ ਕਰਦਾ ਤੇ ਸੁਹਣੀ, ਕੌਲਾਂ ਜਾਂ ਪੂਰਨ ਦੇ ਚਰਿੱਤਰ ਵਿੱਚੋਂ ਪੈਦਾ ਹੋਇਆ ਵਾਸਤਲ ਰਸ ਪੇਸ਼ ਕਰਦਾ ਜਿਵੇਂ ਕਿ ਪੂਰਨ ਭਗਤ ਦੇ ਕਿੱਸੇ ਵਿੱਚ ਮਾਂ ਦੀ ਮਮਤਾ ਦੀਆਂ ਮਮਟੀਆਂ ਹਨ। ਪੂਰਨ ਦੇ ਦੁਖਾਂਤ ਭਰੇ ਕਿੱਸੇ ਨੂੰ ਸੁਣਨ ਵੇਲੇ ਉਸ ਸਮੇਂ ਦੇ ਬਹੁਤੇ ਸਰੋਤੇ ਤਾਂ ਭਾਵੁਕ ਜਾਂ ਰੋਣ-ਹੱਕੇ ਹੋ ਜਾਇਆ ਕਰਦੇ ਸਨ। ਪੂਰਨ ਦਾ ਕਿੱਸਾ ਇਸਤਰੀ ਜਾਤੀ ਦੀ ਨਿੰਦਾ ਜਾਂ ਭੰਡੀ-ਛੰਡੀ ਨਹੀਂ ਕਰਦਾ ਸਗੋਂ ਕਾਮੁਕ ਸੋਚ ਨੂੰ ਭੰਡਦਾ ਹੈ, ਚਾਹੇ ਲੂਣਾਂ ਦੀ ਕਾਮੁਕ ਸੋਚ ਹੈ ਜਾਂ ਰਾਜੇ ਸਲਵਾਨ ਦੀ। ਤਿਆਗੀ ਤੇ ਤਪੱਸਿਆ ਵਾਲਾ ਪੂਰਾ ਭਗਤ ਹੋਣ ਕਰਕੇ ਹੀ ਉਸ ਸਮੇਂ ਦੇ ਗਵੱਈਏ ਵਧੇਰੇ ਪੂਰਨ ਨੂੰ ਹੀ ਗਾਉਂਦੇ ਸਨ ਤੇ ਉਸਦੀ ਸੱਚੀ ਤੇ ਦ੍ਰਿੜ ਸੋਚ ਦੀ ਸਿਫ਼ਤ-ਸਲਾਹੁਤਾ ਵੀ ਭਰਪੂਰ ਹੁੰਦੀ ਸੀ ਤੇ ਸਰੋਤੇ ਆਪ ਮੁਹਾਰੇ ਹੀ ਬੋਲ ਪੈਂਦੇ ਸਨ :

"ਓ ਵਾਹ ਉਏ, ਭਗਤਾ ਪੂਰਨਾ।"

ਕਿਉਂਕਿ ਪੂਰਨ ਭਗਤ ਰਾਣੀ ਸੁੰਦਰਾਂ ਦੇ ਧਨ ਪਦਾਰਥਾਂ ਤੇ ਮਹੱਲਾਂ ਨੂੰ ਵੀ ਹਾਸਲ ਹੁੰਦਿਆਂ ਅਸਵੀਕਾਰ ਕਰ ਦਿੰਦਾ ਹੈ ਤੇ ਆਪਣੀ ਤਿਆਗ ਭਾਵਨਾ ਨੂੰ ਬਰਕਰਾਰ ਰੱਖਦਾ ਹੈ। ਕਰਨੈਲ ਸਿੰਘ ਪਾਰਸ ਨੇ ਰਾਣੀ ਸੁੰਦਰਾਂ ਬਾਰੇ ਰਚੀਆਂ ਆਪਣੀਆਂ ਰਚਨਾਵਾਂ ਵਿੱਚ ਇਹਨਾਂ ਗੱਲਾਂ ਦਾ ਵਰਨਣ ਵੀ ਬਾਖ਼ੂਬੀ ਕੀਤਾ ਹੋਇਆ ਹੈ।

ਅਜੋਕੇ ਗਵੱਈਆਂ ਦੇ ਗੀਤਾਂ ਵਿਚਲੇ ਨਾਇਕ ਆਸ਼ਕ-ਮਸ਼ੂਕ ਨਿਰਾਸ਼ਾ ਵਾਦੀ ਸੋਚ ਵਾਲੇ, ਜ਼ਿਹਨੀ ਤੌਰ 'ਤੇ ਬਿਮਾਰ, ਰੋਂਦੇ-ਪਿਟਦੇ ਤੇ ਕੁਰਲਾਂਦੇ ਫਿਰਦੇ, ਕੰਧਾਂ ਨਾਲ ਟੱਕਰਾਂ ਮਾਰਕੇ ਸਿਰ ਪਾੜਦੇ, ਬੂਥਾ ਭੰਨ੍ਹਾਉਂਦੇ ਤੇ ਬਹੁਤੇ ਖ਼ੁਦਕਸ਼ੀਆਂ ਕਰ ਰਹੇ ਹਨ। 'ਕੁੜੀ' ਹੀ ਹਰ ਗੀਤ ਦੀ ਨਾਇਕਾ ਬਣੀ ਹੋਈ ਹੈ। ਜਿਸ ਨੂੰ ਪਿਆਰ ਵਿੱਚ ਧੋਖਾ ਦੇਣ ਵਾਲੀ "ਵੱਡੀ ਦੋਸ਼ਣ" ਬਣਾ ਕੇ ਤੇ ਬੇਵਫ਼ਾ ਆਖ ਕੇ, ਵੱਡੀਆਂ-ਵੱਡੀਆਂ ਗਾਹਲ੍ਹਾਂ, ਟੁੱਟ ਪੈਣੀਏਂ, ਮਰਜਾਣੀਏਂ, ਵੈਰਨੇ, ਹੰਕਾਰਨੇ, ਉੱਜੜ ਜਾਣੀਏਂ, ਤਬਾਹ ਹੋਣੀਏਂ, ਪਾਪਣੇਂ, ਜਾਂਦੀ ਰੰਡੀ



ਹੋਜੇਂ, ਦਗ਼ੇ ਬਾਜਣੇਂ, ਫਰੇਬਣੇਂ, ਝੱਲੀਏ ਤੇ ਹੋਰ ਵੀ ਕਈ ਤਰ੍ਹਾਂ ਦੀਆਂ ਭਾਰੀਆਂ ਮੋਟੀਆਂ ਗਾਹਲ੍ਹਾਂ ਦੇ ਕੇ ਬੁਰੀ ਤਰ੍ਹਾਂ ਭੰਡਿਆ ਛੰਡਿਆ ਜਾ ਰਿਹਾ ਹੈ। ਮੁੱਖ ਰੂਪ ਵਿੱਚ ਇਹੋ ਆਖਿਆ ਜਾ ਸਕਦਾ ਹੈ ਕਿ ਸਾਡੇ ਅਜੋਕੇ ਗਾਇਕਾਂ ਕੋਲ 'ਪਿਆਰ' ਤੇ 'ਕੁੜੀ' ਤੋਂ ਸਿਵਾਏ ਹੋਰ ਕੋਈ ਵਿਸ਼ਾ ਹੈ ਹੀ ਨਹੀਂ। ਇਹ ਸਿਰਫ਼ ਇੱਥੋਂ ਤੱਕ ਅਪੜਨ ਜੋਗੇ ਸਨ। ਕਿਹਾ ਜਾਂਦਾ ਹੈ ਕਿ ਪਹਿਲੇ ਕਲਾਕਾਰਾਂ ਦੀ ਮੱਤ ਉੱਚੀ ਤੇ ਮਨ ਬਹੁਤ ਨੀਵਾਂ ਹੁੰਦਾ ਸੀ ਤੇ ਹੁਣ ਦੇ ਕਲਾਕਾਰਾਂ ਦੀ ਮੱਤ ਨੀਵੀਂ ਖੱਡਾਂ-ਖੁੱਡਾਂ ਵਿੱਚ ਧੁਸ ਗਈ ਹੈ ਤੇ ਮਨ ਅਕਾਸ਼ਾਂ 'ਚ ਬਹੁਤ ਉੱਚਾ ਉੱਡਿਆ ਚੜ੍ਹਿਆ ਹੋਇਆ ਫਿਰਦਾ ਹੈ।

ਪੰਜਾਬ ਅੰਦਰ ਆਏ ਦਿਨ ਸਭਿਆਚਾਰਕ ਮੇਲੇ ਥਾਂ-ਪੁਰ-ਥਾਂ ਹੁੰਦੇ ਰਹਿੰਦੇ ਹਨ। ਤੇ ਇਹਨਾਂ ਮੇਲਿਆਂ ਵਿੱਚ ਗਾਇਕ ਕਲਾਕਾਰਾਂ ਦੀ ਹੀ ਭਰਮਾਰ ਹੁੰਦੀ ਹੈ। ਕਿਸੇ ਕਵੀਸ਼ਰ-ਢਾਡੀ ਨੂੰ ਸੱਦਿਆ ਨਹੀਂ ਜਾਂਦਾ ਤੇ ਜੇਕਰ ਕੋਈ ਭੁੱਲਿਆ ਭਟਕਿਆ ਕਵੀਸ਼ਰ ਇਸ ਤਰ੍ਹਾਂ ਦੇ ਸਭਿਆਚਾਰਕ ਮੇਲੇ ਵਿੱਚ ਚਲਿਆ ਜਾਵੇ ਤਾਂ, ਪਹਿਲੀ ਗੱਲ, ਉਸ ਨੂੰ ਉੱਥੇ ਗਾਉਣ ਲਈ ਸਮਾਂ ਹੀ ਨਹੀਂ ਮਿਲਦਾ, ਤੇ ਜੇਕਰ ਸਮਾਂ ਮਿਲ ਜਾਵੇ ਤਾਂ ਸਾਡੇ ਮੱਛਰੇ ਹੋਏ ਅਜੋਕੇ ਸ੍ਰੋਤਿਆਂ ਨੇ ਹਾਸੀ ਪਾ ਦੇਣੀ ਹੁੰਦੀ ਹੈ ਤੇ ਸ਼ੋਰ ਪਾਉਣ ਲਈ ਚੀਕਾਂ ਕੂਕੀ ਕਰਦੇ ਹਨ ਤੇ ਉੱਚੀ-ਉੱਚੀ ਹੱਸਣਾ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਨਮੋਸ਼ੀ ਹੋਣ ਤੋਂ ਡਰਦੇ ਸਾਡੇ ਇਹ ਮਾਣਯੋਗ ਕਵੀਸ਼ਰ ਤੇ ਗੁਮੰਤਰੀ, ਢਾਡੀ ਕਲਾਕਾਰ, ਘਰੋਂ ਬਾਹਰ ਹੀ ਨਹੀਂ ਨਿਕਲਦੇ।

ਇਸ ਲੇਖ ਨੂੰ ਸਮੇਟਣ ਤੋਂ ਪਹਿਲੋਂ ਇੱਕ ਗੱਲ ਬੜੀ ਜ਼ਰੂਰੀ (ਜੋ ਸਾਡੇ ਹੁਣ ਦੇ ਸਰੋਤਿਆਂ ਲਈ ਪ੍ਰੇਰਨਾਦਾਇਕ ਹੈ) ਸੁਣਾ ਦੇਣੀ ਬਣਦੀ ਹੈ ਜਿਵੇਂ ਕਿ ਪਹਿਲੋਂ ਵੀ ਦੱਸ ਚੁੱਕਾ ਹਾਂ ਕਿ ਪਹਿਲੇ ਸਮਿਆਂ ਵਿੱਚ ਸ੍ਰੋਤੇ ਤੇ ਸਾਡੇ ਉਦੋਂ ਦੇ ਬਜ਼ੁਰਗ ਜਾਂ ਮਾਪੇ ਬੜੀ ਅਣਖੀਲੀ ਤੇ ਸ਼ਰਮੀਲੀ ਬਿਰਤੀ ਦੇ ਮਾਲਕ ਸਨ। ਸਾਡੇ ਪਿੰਡ ਘੁਗਿਆਣਾ ਦੇ ਬਜ਼ੁਰਗ ਸ੍ਰ. ਮੁਖਤਿਆਰ ਸਿੰਘ ਬਰਾੜ (ਚੌਧਰੀ) ਨੇ ਇੱਕ ਦਿਨ ਮੈਨੂੰ ਗੱਲ ਸੁਣਾਈ, ਜੋ ਸਾਡੇ ਲਾਗੇ ਪਿੰਡ ਜੰਡ ਵਾਲੇ ਦੀ ਪੁਰਾਣੀ ਗੱਲ ਹੈ। ਉਨ੍ਹਾਂ ਦੱਸਿਆ ਕਿ, "ਪਿੰਡ ਵਿੱਚ ਕਿਸੇ ਦੇ ਮੁਕਲਾਵਾ ਲੈਣ ਆਏ ਸਨ, ਤੇ ਉਹਨਾਂ ਨੇ ਛੱਤ ਉੱਤੇ 'ਧੂਤੂ ਵਾਜਾ' ਲਾ ਦਿੱਤਾ। ਗੀਤ ਵੱਜਣ ਲੱਗਿਆ :

ਕਿਹੜੇ ਯਾਰ ਦੀ ਬੁੱਕਲ 'ਚੋਂ ਆਈ
ਨੀ ਕੁੜਤੀ ਨੂੰ ਦਾਗ਼ ਪੈ ਗਿਆ.....

ਤਾਂ ਉਸ ਘਰ ਦਾ ਬਜ਼ੁਰਗ ਸ਼ਰਮ ਮਹਿਸੂਸ ਕਰਦਿਆਂ ਗੁੱਸੇ 'ਚ ਆਣ ਕੇ ਕੋਠੇ 'ਤੇ ਚੜ੍ਹ ਗਿਆ ਤੇ 'ਧੂਤਰੂ ਵਾਜਾ" ਚੁੱਕ ਕੇ ਥੱਲ੍ਹੇ ਠਾਹ ਕਰਕੇ ਵਗਾਹ ਮਾਰਿਆ ਤੇ ਉਨ੍ਹਾਂ ਨੂੰ ਫਿਟਕਾਰਾ ਪਾਉਂਦਿਆਂ ਉਸ ਨੇ ਕਿਹਾ :

"ਥੋਡੇ ਘਰੇ ਧੀਆਂ ਭੈਣਾਂ ਹੈ ਨਹੀਂ, ਕੀ ਤੁਸੀਂ ਉਹਨਾਂ ਨੂੰ ਆਹਾ ਗੀਤ ਸੁਣਾ ਲਓਂਗੇ?"

ਮੁਕਲਾਵੇ ਵਾਲੇ ਰੁੱਸ ਕੇ ਤੁਰ ਪਏ ਤਾਂ ਮਸੀਂ ਸਾਰੀ ਪੰਚਾਇਤ ਇਕੱਠੀ ਹੋ ਕੇ, ਉਨ੍ਹਾਂ ਨੂੰ ਸਮਝਾ-ਬੁਝਾ ਕੇ ਲਿਆਈ।"

ਸੋ ਅਜੋਕੇ ਸਮੇਂ ਵਿੱਚ ਉਸ ਬਜ਼ੁਰਗ ਦੀ ਸੋਚ ਦੇ ਧਾਰਨੀ ਵੀ ਘੱਟ ਹੀ ਮਾਪੇ ਰਹੇ ਹਨ। ਸਗੋਂ ਹੁਣ ਦੇ ਬਹੁਤੇ ਮਾਪੇ ਤਾਂ ਆਪਣੇ ਬੱਚਿਆਂ ਨੂੰ ਅਜਿਹੇ ਗੀਤ ਸੁਣਨ ਲਈ ਉਤਸ਼ਾਹਿਤ ਕਰਨ ਵਾਲੇ ਲਗਦੇ ਹਨ ਤੇ ਹੌਲੀ-ਹੌਲੀ ਅਜਿਹੀ ਬਿਰਤੀ ਦੇ ਮਾਲਕ ਮਾਪਿਆਂ ਦੀ ਗਿਣਤੀ ਵਿੱਚ ਵਾਧਾ ਹੋਈ ਜਾ ਰਿਹਾ ਹੈ। ਖ਼ੈਰ!

ਅਜੋਕੀ ਪੰਜਾਬੀ ਗਾਇਕੀ-ਬਨਾਮ-ਕਵੀਸ਼ਰੀ ਕਲਾ ਸਬੰਧੀ ਸੰਖੇਪ ਰੂਪ ਵਿੱਚ ਇਹੀਓ ਗੱਲ ਆਖੀ ਜਾ ਸਕਦੀ ਹੈ, ਇਹੀਓ ਗੱਲ ਕਰਨੈਲ ਸਿੰਘ ਪਾਰਸ ਨੇ ਵੀ ਮੰਨੀ ਹੈ ਕਿ ਕਵੀਸ਼ਰੀ ਕਲਾ ਦਾ ਭਵਿੱਖ ਰੌਸ਼ਨ ਨਹੀਂ, ਸਗੋਂ ਖ਼ਾਸਾ ਡਾਹਢਾ ਖ਼ਤਰਨਾਕ ਹੈ ਅਤੇ ਅਜੋਕੀ ਪੰਜਾਬੀ ਗਾਇਕੀ ਨੇ ਸਾਡੀ ਪਰੰਪਰਾਗਤ ਤੇ ਸ਼ੁੱਧ ਗਾਇਨ ਕਲਾ ਨੂੰ ਭਾਰੀ ਢਾਹ ਲਾਈ ਹੈ ਤੇ ਇਸਦੇ ਰਾਸ ਆ ਸਕਣ ਦੇ ਕੋਈ ਵੀ ਆਸਾਰ ਵੀ ਉਭਰਦੇ ਨਹੀਂ ਦਿਸਦੇ। ਕਰਨੈਲ ਸਿੰਘ ਪਾਰਸ ਦੀ ਕਵੀਸ਼ਰੀ ਕਲਾ ਦੀ ਪਰੰਪਰਾ ਨੂੰ ਅੱਗੇ ਤੋਰਨ ਵਾਲੇ ਉਸਦੇ ਕੁਝ ਸ਼ਾਗਿਰਦਾਂ ਅਤੇ ਕੁਝ ਹੋਰ ਗਿਣਵੇਂ ਕਵੀਸ਼ਰਾਂ ਦੀ ਕਲਾਕਾਰੀ, ਇਸ ਝੱਖੜ ਵਿੱਚ, ਕਵੀਸ਼ਰੀ ਦੀ ਜੋਤ ਨੂੰ, ਹੁਣ ਹੋਰ ਭਲਾ ਕਿੰਨਾ ਕੁ, ਉਹਦੇ ਆਸੇ-ਪਾਸੇ ਆਪਣੇ ਹੱਥਾਂ ਦਾ ਉਹਲਾ ਕਰਕੇ ਜਗਾਈ ਰੱਖੇਗੀ ?

✲✲✲

# ਪਾਰਸ ਦੀ ਸ਼ਾਗਿਰਦ ਪਰੰਪਰਾ

ਭਾਵੇਂ ਕਿ ਅਜੋਕੇ ਸਮੇਂ 'ਚ ਪੰਜਾਬ ਦੀ ਕਵੀਸ਼ਰੀ ਦਾ ਹੁਣ ਅੱਗੇ ਵਾਲਾ ਸਥਾਨ ਤੇ ਅੱਗੇ ਵਾਲਾ ਰੰਗ-ਰਾਗ ਨਹੀਂ ਜਿਹੜਾ ਕਿ ਕਰਨੈਲ ਸਿੰਘ ਪਾਰਸ ਹੋਰਾਂ ਦੇ ਜ਼ਮਾਨੇ ਵਿੱਚ ਹੁੰਦਾ ਸੀ, ਕਿਉਂਕਿ ਸਾਡੇ ਮਨੋਰੰਜਕ ਸਾਧਨਾਂ ਵਿੱਚ ਆਈਆਂ ਵੱਡੀ ਪੱਧਰ 'ਤੇ ਤਬਦੀਲੀਆਂ ਨੇ ਪੰਜਾਬ ਦੀ ਅਮੀਰ ਸਭਿਆਚਾਰਕ ਸ਼ਾਨ ਨੂੰ ਤਾਂ ਧੁੰਦਲਾ ਕੀਤਾ ਹੀ ਹੈ ਸਗੋਂ ਇਹਨਾਂ ਤਬਦੀਲੀਆਂ ਨੇ ਸਾਡੀਆਂ ਸ਼ਾਨਾਮੱਤੀ ਸਭਿਆਚਾਰਕ ਪ੍ਰੰਪਰਾਵਾਂ ਦਾ ਘਾਣ ਵੀ ਕੀਤਾ ਹੈ। ਸਾਡੇ ਮਨੋਰੰਜਕ ਖੇਤਰ ਵਿੱਚ ਫੈਲਿਆ ਹੋਇਆ ਸੰਘਣਾ ਪ੍ਰਦੂਸ਼ਣ ਸਾਡੀਆਂ ਸਭਿਆਚਾਰਕ ਪਰੰਪਰਾਵਾਂ ਦਾ ਖ਼ੁਰਾ ਖੋਜ ਮਿਟਾਉਣ ਵਿੱਚ ਸਭ ਤੋਂ ਵਧੇਰੇ ਜ਼ਿੰਮੇਵਾਰ ਹੈ ਜੋ ਨਵੇਂ ਪੋਚ ਦੇ ਆਪਾ-ਧਾਪੀ ਵਿੱਚ ਆਪੂੰ ਬਣੇ ਕਲਾਕਾਰਾਂ ਨੇ ਬੁਰੀ ਤਰ੍ਹਾਂ ਫੈਲਾਅ ਰੱਖਿਆ ਹੈ।

ਪਰੰਤੂ ਫਿਰ ਵੀ ਗੱਲ ਤਸੱਲੀ ਵਾਲੀ ਹੈ ਕਿ ਇਸ ਸਭ ਕਾਸੇ ਦੇ ਬਾਵਜੂਦ ਕਰਨੈਲ ਸਿੰਘ ਪਾਰਸ ਦੀ ਸ਼ਾਗਿਰਦ ਪਰੰਪਰਾ ਪੰਜਾਬ ਦੇ ਕਵੀਸ਼ਰੀ ਜਗਤ ਵਿੱਚ ਆਪਣਾ ਮਾਣ ਭਰਿਆ ਅਤੇ ਵਿਸ਼ੇਸ਼ ਮਹੱਤਵ ਇਸ ਕਰਕੇ ਰੱਖਦੀ ਹੈ ਕਿਉਂਕਿ ਜ਼ੋਰਦਾਰ ਤੇ ਅੰਨ੍ਹੇ ਝੱਖੜਾਂ ਹਨ੍ਹੇਰੀਆਂ ਵਿੱਚ ਵੀ ਪਾਰਸ ਦੇ ਸ਼ਾਗਿਰਦਾਂ ਨੇ ਆਪਣੀ ਕਵੀਸ਼ਰੀ ਦੀ ਜੋਤ ਨੂੰ ਆਪਣੇ ਵੱਲੋਂ ਉਹਦੇ ਆਲੇ-ਦੁਆਲੇ ਆਪਣੇ ਹੱਥਾਂ ਦਾ ਉਹਲਾ ਕਰਕੇ, ਤੇ ਉਹਦੇ ਵਿੱਚ ਬਣਦਾ ਸਰਦਾ ਘਿਓ ਪਾ ਕੇ ਉਸ ਜੋਤ ਨੂੰ ਜਗਦਿਆਂ ਤਾਂ ਰੱਖਿਆ ਹੀ ਹੋਇਆ ਹੈ...।

ਇਸ ਵੇਲੇ ਇਹ ਗੱਲ ਵੀ ਸੁੱਟ ਪਾਉਣ ਵਾਲੀ ਨਹੀਂ ਕਿ ਸਮੇਂ ਦੀ ਚਕਾਚੌਂਧ ਵਿੱਚ ਹੁਣ ਨਾ ਹੀ ਪਹਿਲੋਂ ਵਾਲੇ ਚੇਲੇ ਰਹੇ ਹਨ। ਅਤੇ ਨਾ ਹੀ ਪਹਿਲੋਂ ਵਰਗੇ ਉਸਤਾਦ ਲੱਭਦੇ ਹਨ। ਪਰੰਤੂ ਕਰਨੈਲ ਸਿੰਘ ਪਾਰਸ ਦੇ ਸ਼ਾਗਿਰਦਾਂ ਵਿੱਚ ਉਹਨਾਂ ਦਾ ਉਸਤਾਦ ਅੱਜ ਵੀ ਬਹੁਤ ਆਦਰਯੋਗ ਤੇ ਪੂਜਨੀਕ ਹੈ।

ਕਰਨੈਲ ਸਿੰਘ ਪਾਰਸ ਨੇ ਆਪਣੇ ਸ਼ਾਗਿਰਦ ਬਹੁਤ ਘੱਟ ਬਣਾਏ ਹਨ। ਇਸ ਸੰਬੰਧੀ ਪਾਰਸ ਜੀ ਨੇ ਦੱਸਿਆ, "ਮੈਂ ਆਪਣਾ ਚੇਲਾ ਉਸੇ ਨੂੰ ਹੀ ਬਣਾਉਂਦਾ ਸਾਂ ਜੋ ਸੱਚਮੁੱਚ



ਹੀ ਚੇਲਾ ਬਣਨ ਦੇ ਯੋਗ ਹੁੰਦਾ ਸੀ, ਜਿਹੜਾ ਘਰੋਂ ਕੰਮ ਤੋਂ ਡਰਦਾ ਚੇਲਾ ਬਣਨ ਭੱਜਿਆ ਆਉਂਦਾ ਸੀ ਮੈਂ ਉਸ ਨੂੰ ਚੇਲਾ ਨਹੀਂ ਬਣਾਉਂਦਾ ਸਾਂ ਤੇ ਘਰ ਜਾ ਕੇ ਕੰਮ ਕਰਨ ਦੀ ਪ੍ਰੇਰਨਾ ਦੇ ਕੇ ਤੋਰ ਦਿੰਦਾ ਸਾਂ। ਮੈਂ ਸਿਰਫ਼ ਪਗੜੀਆਂ 'ਕੱਠੀਆਂ ਕਰਨ ਖਾਤਰ ਹੀ ਚੇਲੇ ਨਹੀਂ ਬਣਾਏ, ਅਗਲੇ ਦੀ ਕਲਾ ਦੀ ਪਛਾਣ ਕਰਦਾ ਸਾਂ। ਸਗੋਂ ਮੈਨੂੰ ਤਾਂ ਉਹਨਾਂ ਲੋਕਾਂ ਨਾਲ ਨਫ਼ਰਤ ਵੀ ਹੈ ਜੋ ਸਿਰਫ਼ ਪੱਗਾਂ ਜਾਂ ਰੁਪੱਈਏ 'ਕੱਠੇ ਕਰਨ ਲਈ ਚੇਲੇ ਬਣਾਉਂਦੇ ਹਨ।"

ਇੱਕ ਵਾਰ ਬੁਢਲਾਢੇ ਨੇੜੇ ਕਿਸੇ ਪਿੰਡ 'ਚ ਪਾਰਸ ਪ੍ਰੋਗਰਾਮ ਕਰਨ ਗਿਆ ਤੇ ਇੱਕ ਲੰਬੇ ਕੱਦ ਵਾਲਾ ਮੁੰਡਾ ਉਹਦੇ ਕੋਲ ਆਣ ਬੈਠਾ ਤੇ ਕਹਿੰਦਾ ਕਿ ਮੈਂ ਥੋੜਾ ਚੇਲਾ ਬਣਨੈ। ਪਾਰਸ ਨੇ ਉਸ ਨੂੰ ਉਸਦੇ ਪਿਛੋਕੜ ਬਾਰੇ ਪੁੱਛਿਆ ਤੇ ਪੜ੍ਹਾਈ ਬਾਰੇ ਵੀ, ਕਿ ਕਿੱਥੋਂ ਤੱਕ ਪੜ੍ਹਿਆ ਹੈਂ, ਤਾਂ ਉਸ ਮੁੰਡੇ ਨੇ ਦੱਸਿਆ, "ਮੈਂ ਜਦੋਂ ਸਕੂਲੇ ਪੜ੍ਹਦਾ ਸੀ ਤਾਂ ਮੈਥੋਂ ਮਾਸਟਰ ਦੇ ਮੂੰਹ 'ਤੇ ਲਫੇੜਾ ਵੱਜ ਗਿਆ, ਉਹਨਾਂ ਸਕੂਲੋਂ ਕੱਢ ਦਿੱਤਾ। ਫੇਰ ਵੱਡਾ ਹੋਇਆ, ਤੇ ਫੌਜ 'ਚ ਭਰਤੀ ਹੋ ਗਿਆ, ਉੱਥੇ ਸੂਬੇਦਾਰ ਨਾਲ ਲੜ ਪਿਆ, ਉਹਦੇ ਵੀ ਲੱਫੜ ਵੱਜ ਗਿਆ, ਉਹਨਾਂ ਵੀ ਭਜਾ ਦਿੱਤਾ ਤੇ ਫੇਰ ਘਰ ਆ ਕੇ ਕੰਮ ਕਰਨ ਲੱਗ ਪਿਆ, ਪਿੰਡ 'ਚ ਲੋਕਾਂ ਨਾਲ ਬਹੁਤ ਲੜਾਈ ਹੋਈ ਫਿਰ ਪਿੰਡੋਂ ਨਿੱਕਲ ਗਿਆ ਤੇ ਫੇਰ ਇੱਕ ਦਿਨ ਭਰਾ ਨਾਲ ਲੜ ਪਿਆ ਤੇ ਉਹਦੇ ਸਿਰ 'ਚ ਮੈਥੋਂ ਫਹੁੜਾ ਵੱਜ ਗਿਆ ਉਹਦਾ ਸਿਰ ਪਾਟ ਗਿਆ, ਫੇਰ ਸੁਲਹ-ਸਫ਼ਾਈ ਹੋਈ।

ਹੁਣ ਕੋਈ ਕੰਮ ਕਾਰ ਨਹੀਂ ਐ, ਮੈਂ ਸੋਚਿਆ ਬਈ ਰਾਮੂੰਵਾਲੀਆ ਦੇ ਜੱਥੇ ਤੋਂ ਕਵੀਸ਼ਰੀ ਦਾ ਗੁਰ ਲੈ ਲਵਾਂ, ਤੇ ਹੁਣ ਮੈਂ ਜੱਥਾ ਬੰਨ੍ਹਣੈ। ਤੁਸੀਂ ਮੈਨੂੰ ਆਪਣਾ ਚੇਲਾ ਬਣਾਓ।"

ਪਾਰਸ ਨੇ ਹਾਸੇ ਨਾਲ ਕਿਹਾ, "ਬਈ ਐਂ ਦੱਸ, ਚੇਲਾ ਤਾਂ ਤੈਨੂੰ ਮੈਂ ਬਣਾ ਲੂੰ... ਪਰ ਮੇਰਾ ਸਿਰ ਕਿੱਦਣ ਪਾੜੇਂਗਾ?"

ਤੇ ਉਹ ਮੁੰਡਾ ਸ਼ਰਮਿੰਦਾ ਹੋ ਕੇ ਚਲਾ ਗਿਆ।

ਕਰਨੈਲ ਸਿੰਘ ਪਾਰਸ ਵੀ ਇਹ ਗੱਲ ਸਵੀਕਾਰ ਕਰਦਾ ਹੈ ਕਿ ਹੁਣ ਜ਼ਮਾਨੇ ਦੇ ਬਦਲਾਓ ਅਤੇ ਤੇਜ਼ੀ ਨਾਲ ਬਦਲ ਰਹੀਆਂ ਕਲਾ-ਪ੍ਰਸਥਿਤੀਆਂ ਦੇ ਕਾਰਨ ਪਹਿਲੋਂ ਵਾਲੇ ਗੁਰੂ ਚੇਲੇ ਨਹੀਂ ਰਹੇ ਹਨ ਅਤੇ ਹੁਣ ਦੇ ਉਸਤਾਦ ਵੀ ਲੋਭੀ ਹੀ ਲੱਭਦੇ ਹਨ ਅਤੇ ਚੇਲਿਆਂ ਦੇ ਮਨਾਂ ਵਿੱਚ ਵੀ ਭਾਵਨਾ ਜਾਂ ਸਤਿਕਾਰ ਨਹੀਂ ਰਿਹਾ, ਸਭ ਨੇ ਸਵੈ-ਪੂਰਤੀ ਅਤੇ ਪੈਸਾ ਹੀ ਮੁੱਖ ਰੱਖਿਆ ਹੋਇਆ ਹੈ। ਹੁਣ ਦੇ ਚੇਲਿਆਂ ਵਿੱਚ ਸ਼ਰਧਾ ਜਾਂ ਕਲਾ ਪ੍ਰਤੀ ਸੁਹਿਰਦ ਸੋਚ ਬੜੀ ਹੀ ਘੱਟ ਮਿਲਦੀ ਹੈ, ਪਦਾਰਥਵਾਦੀ ਯੁੱਗ ਹੋਣ ਕਾਰਨ ਪਦਾਰਥਾਂ ਦੀ ਪ੍ਰਾਪਤੀ ਲਈ ਅੰਨ੍ਹੇਵਾਹ ਦੌੜ ਤੇ ਸਵਾਰਥੀਪੁਣਾ ਅੱਜ ਦੇ ਗੁਰੂਆਂ ਵਿੱਚ ਵੀ ਹੈ ਅਤੇ ਚੇਲਿਆਂ ਵਿੱਚ ਉਸ ਤੋਂ ਕਿਤੇ ਵਧਕੇ ਹੈ।

**ਪਾਰਸ ਦਾ ਜੇਠਾ ਸ਼ਾਗਿਰਦ** :- ਤਰਨਤਾਰਨ ਨੇੜੇ ਪਿੰਡ ਮੁੰਡੇ ਦੇ ਦੋ ਸਕੇ ਭਰਾ ਗੁਰਦਿਆਲ ਸਿੰਘ ਅਤੇ ਜੋਗਿੰਦਰ ਸਿੰਘ ਨੇ ਸਭ ਤੋਂ ਪਹਿਲਾਂ ਕਰਨੈਲ ਸਿੰਘ ਪਾਰਸ ਨੂੰ 1942 ਵਿੱਚ ਆਪਣਾ ਉਸਤਾਦ ਧਾਰਿਆ। ਹੁਣ ਇਹ ਦੋਵੇਂ ਭਰਾ ਇਸ ਦੁਨੀਆ ਵਿੱਚ ਨਹੀਂ ਰਹੇ।

ਮੱਖਣ ਸਿੰਘ ਲਹੂਕਿਆਂ ਦਾ ਅਤੇ ਮੋਰੋ ਮੰਡੀ ਅੱਪਰਾਂ ਤੋਂ ਮਾਸਟਰ ਜਰਨੈਲ ਸਿੰਘ

ਤੇ ਉਸਦੇ ਸਪੁੱਤਰ ਤਲਵਿੰਦਰ ਸਿੰਘ ਢਿੱਲੋਂ, ਚਮਕੌਰ ਸਿੰਘ ਭੋਤਨਾ, ਬੂਟਾ ਸਿੰਘ ਬਿਲਾਸਪੁਰੀ, ਮਾਸਟਰ ਬੋਹੜ ਸਿੰਘ, ਗੁਰਦੇਵ ਸਿੰਘ ਮੱਲਣ, ਗੁਰਚਰਨ ਸਿੰਘ ਮੱਲਣ, ਬਰਨਾਲੇ ਨੇੜੇ ਰਾਮਗੜ੍ਹ ਤੋਂ ਮਲਕੀਤ ਸਿੰਘ ਮਰੜ੍ਹੀ, ਮੰਡੀ ਕਲਾਂ ਤੋਂ ਗਿ: ਕਰਤਾਰ ਸਿੰਘ, ਨਿਰਮਲ ਸਿੰਘ ਜੰਡੀ, ਅਜੀਤ ਸਿੰਘ ਮਹੂਮ ਬਰਨਾਲਾ, ਗੁਰਦੇਵ ਸਿੰਘ ਰਾਮਨਿਵਾਸ (ਹੁਣ ਸਵ:) ਤਰਲੋਕ ਸਿੰਘ ਰਾਮਾਂ, ਭਾਈ ਰੂਪਾ ਤੋਂ ਸ੍ਰ. ਦਰਸ਼ਨ ਸਿੰਘ (ਜਿਸ ਨੂੰ ਰਚਨਾਵਾਂ ਸਾਂਭਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ) ਨਥਾਣਾ ਤੋਂ ਯੁੱਧਵੀਰ ਸਿੰਘ ਪੁੱਤਰ ਸੁਖਦੇਵ ਸਿੰਘ ਸਮੇਤ ਅਨੇਕਾਂ ਹੋਰ ਵੀ ਪਾਰਸ ਦੇ ਸ਼ਾਗਿਰਦ ਆਪੋ-ਆਪਣੀ ਕਵੀਸ਼ਰੀ ਕਲਾ ਨਾਲ ਲੋਕਾਂ ਦੀ ਸੇਵਾ ਕਰ ਰਹੇ ਹਨ।

**ਮੁਖਤਿਆਰ ਸਿੰਘ ਜ਼ਫ਼ਰ** :- ਮੱਲੋ ਕੇ ਦਾ ਜੰਮਪਲ ਤੇ ਜ਼ੀਰੇ ਦਾ ਬਾਸ਼ਿੰਦਾ ਮੁਖਤਿਆਰ ਸਿੰਘ ਜ਼ਫ਼ਰ ਪੰਜਾਬ ਦੇ ਸਿਰਕੱਢ ਢਾਡੀ-ਕਵੀਸ਼ਰ ਵਜੋਂ ਜਾਣਿਆ ਜਾਂਦਾ ਹੈ। ਉਸ ਨੇ ਪੰਜਾਬ ਵਿੱਚ ਹੀ ਨਹੀਂ ਸਗੋਂ ਪੰਜਾਬੋਂ ਬਾਹਰ ਵੀ ਆਪਣੇ ਜੱਥੇ ਸਮੇਤ ਆਪਣੀ ਕਵੀਸ਼ਰੀ ਕਲਾ ਨਾਲ ਆਪਣਾ ਵਿਸ਼ਾਲ ਸ੍ਰੋਤਾ ਮੰਡਲ ਕਾਇਮ ਕੀਤਾ ਹੈ। ਜਿੱਥੇ ਕਿਤੇ ਵੀ ਕਵੀਸ਼ਰੀ ਦਾ ਪ੍ਰਵਾਹ ਹੁੰਦਾ ਹੈ ਮੁਖਤਿਆਰ ਸਿੰਘ ਜ਼ਫ਼ਰ ਦੀ ਮਕਬੂਲਤਾ ਅਤੇ ਹਰਮਨ-ਪਿਆਰਤਾ ਕਾਰਨ ਉਸਨੂੰ ਉਚੇਚ ਨਾਲ ਉੱਥੇ ਸੱਦਿਆ ਜਾਂਦਾ ਹੈ।

ਮੁਖਤਿਆਰ ਸਿੰਘ ਜ਼ਫ਼ਰ ਬਾਰੇ ਉਸਦੇ ਉਸਤਾਦ ਕਰਨੈਲ ਸਿੰਘ ਪਾਰਸ ਦਾ ਕਥਨ ਇਸ ਪ੍ਰਕਾਰ ਹੈ, "ਜ਼ਫ਼ਰ ਨੇ ਮੇਰੀ ਪ੍ਰੰਪਰਾ ਸੰਭਾਲਣ ਦਾ ਸਫ਼ਲ ਯਤਨ ਕੀਤਾ ਹੈ ਅਤੇ ਮੈਨੂੰ ਇਸ ਤੋਂ ਪੂਰਨ ਆਸ ਹੈ ਕਿ ਉਹ ਮੇਰੀ ਕਵੀਸ਼ਰੀ ਪਰੰਪਰਾ ਨੂੰ ਹੋਰ-ਹੋਰ ਅੱਗੇ ਤੋਰਦਾ ਜਾਵੇਗਾ।"

**ਹਰਭਜਨ ਮਾਨ ਤੇ ਗੁਰਸੇਵਕ ਮਾਨ** :- ਕਰਨੈਲ ਸਿੰਘ ਪਾਰਸ ਆਪਣੇ ਜੱਥੇ ਨੂੰ ਲੈ ਕੇ ਪਿੰਡ ਖੇਮੂਆਣੇ (ਜ਼ਿਲ੍ਹਾ ਬਠਿੰਡਾ) ਵਿਖੇ ਗੁਰਪੁਰਬ ਜਾਂ ਕਿਸੇ ਪ੍ਰੋਗਰਾਮ 'ਤੇ ਜਾਂਦਾ-ਆਉਂਦਾ ਰਹਿੰਦਾ ਸੀ। ਖੇਮੂਆਣਾ ਪਿੰਡ ਦੇ ਸ੍ਰ. ਹਰਨੇਕ ਸਿੰਘ ਮਾਨ ਪਾਰਸ ਦੇ ਹਿਤੈਸ਼ੀ ਹੋਣ ਕਾਰਨ ਉਸ ਨੂੰ ਆਪਣੇ ਘਰ ਲਿਜਾ ਠਹਿਰਾਉਂਦੇ। ਇਸ ਪ੍ਰਕਾਰ ਪਾਰਸ ਦਾ ਉਸ ਦੇ ਘਰੇ ਆਉਣਾ ਜਾਣਾ ਆਮ ਹੀ ਹੋ ਗਿਆ ਤੇ ਹਰਨੇਕ ਸਿੰਘ ਦੇ ਛੋਟੇ ਲੜਕੇ ਹਰਭਜਨ ਤੇ ਗੁਰਸੇਵਕ ਵੀ ਪਾਰਸ ਦੀ ਕਵੀਸ਼ਰੀ ਕਲਾ ਦੇ ਟੁੰਬੇ ਹੋਏ ਆਪਣੇ ਘਰ ਆਏ ਪਾਰਸ ਦੇ ਆਲੇ-ਦੁਆਲੇ ਬੈਠੇ ਰਹਿੰਦੇ। ਤੇ ਉਨ੍ਹਾਂ ਨੂੰ ਗਾਉਂਦਿਆਂ ਵੇਖਦੇ ਤੇ ਇਉਂ ਹੀ ਹਰਭਜਨ ਤੇ ਗੁਰਸੇਵਕ ਨੂੰ ਪਾਰਸ ਤੇ ਉਸਦੇ ਸਾਥੀਆਂ ਦੀ ਸੇਵਾ ਕਰਨ ਦਾ ਸੁਭਾਗਾ ਸਮਾਂ ਵੀ ਪ੍ਰਾਪਤ ਹੋ ਜਾਂਦਾ... ਉਹ ਦੋਵੇਂ ਭਰਾ ਚਾਈਂ-ਚਾਈਂ ਉਹਨਾਂ ਦੀ ਸੇਵਾ ਕਰਦੇ ਭੱਜੇ ਫਿਰਦੇ।

ਪਾਰਸ ਹੋਰਾਂ ਵੱਲੋਂ ਗਾਈ ਕਵੀਸ਼ਰੀ ਦੇ ਬੋਲ ਚੇਤੇ ਰੱਖਕੇ ਗਾਉਂਦੇ ਹਰਭਜਨ ਤੇ ਗੁਰਸੇਵਕ, ਹੌਲੀ ਹੌਲੀ ਆਪਣੇ ਪਿੰਡ ਦੇ ਗੁਰਦੁਆਰੇ 'ਚ ਗਾਉਣ ਲੱਗ ਪਏ :

ਕਿਉਂ ਫੜ੍ਹੀ ਸਿਪਾਹੀਆਂ ਨੇ
ਭੈਣੋ ਇਹ ਹੰਸਾਂ ਦੀ ਜੋੜੀ...

ਇੱਕ ਦਿਨ ਹਰਨੇਕ ਸਿੰਘ ਮਾਨ ਆਪਣੇ ਪੁੱਤਰਾਂ ਨੂੰ ਪਾਰਸ ਕੋਲ ਪਿੰਡ ਰਾਮੂੰਵਾਲੇ ਹੀ ਲੈ ਆਇਆ ਤੇ ਗੁਰਦੁਆਰੇ 'ਚ ਅਰਦਾਸ ਕਰਵਾ ਕੇ ਕੜਾਹ-ਪ੍ਰਸ਼ਾਦਿ ਦੀ ਦੇਗ ਵੰਡ ਕੇ, ਰਵਾਇਤ ਅਨੁਸਾਰ ਪੱਗ ਦੇ ਕੇ, ਇਹ ਦੋਵੇਂ ਭਰਾ, ਸਾਲ 1974 ਵਿੱਚ ਪਾਰਸ ਦੇ ਸ਼ਾਗਿਰਦ ਬਣ ਗਏ।



ਹਰਭਜਨ ਮਾਨ ਤੇ ਗੁਰਸੇਵਕ ਮਾਨ ਨੇ ਲਗਾਤਾਰ ਮਿਹਨਤ ਕਰਕੇ ਲੋਕ-ਗਾਇਕੀ ਦੇ ਖੇਤਰ ਵਿੱਚ ਭਰਪੂਰ ਨਾਮਣਾ ਖੱਟਿਆ ਹੈ ਅਤੇ ਕਾਫੀ ਸਮਾਂ ਕਨੇਡਾ ਵਿੱਚ ਪਾਰਸ ਨਾਲ ਕਵੀਸ਼ਰੀ ਗਾਉਣ ਵਿੱਚ ਸਾਥ ਵੀ ਦਿੱਤਾ ਹੈ। ਹਰਭਜਨ ਤੇ ਗੁਰਸੇਵਕ ਨੇ ਕਰਨੈਲ ਸਿੰਘ ਪਾਰਸ ਦੀਆਂ ਰਚਨਾਵਾਂ ਨੂੰ ਰਵਾਇਤੀ ਲੋਕ ਧੁਨਾਂ 'ਤੇ ਗਾ ਕੇ ਇਹ ਗੱਲ ਵੀ ਸਿੱਧ ਕੀਤੀ ਹੈ ਕਿ ਉਹ ਆਪਣੇ ਉਸਤਾਦ ਦੀ ਕਲਾ ਪਰੰਪਰਾ ਨੂੰ ਹਮੇਸ਼ਾ ਲਈ ਜੀਵਤ ਰੱਖਣ ਖਾਤਰ ਤਤਪਰ ਹਨ।

**ਪਾਰਸ ਦੀ ਆਪਣੇ ਸ਼ਾਗਿਰਦਾਂ ਨੂੰ ਸਿੱਖਿਆ** :- ਕਰਨੈਲ ਸਿੰਘ ਪਾਰਸ ਨੇ ਆਪਣੇ ਸ਼ਾਗਿਰਦਾਂ ਨੂੰ ਨਾਮਣਾ ਖੱਟਣ ਅਤੇ ਕਲਾ ਖੇਤਰ ਵਿੱਚ ਚੰਗਾ ਕੁਝ ਕਰਕੇ ਵਿਖਾਉਣ ਲਈ ਕੁਝ ਖ਼ਾਸ ਹਦਾਇਤਾਂ ਕੀਤੀਆਂ ਹੋਈਆਂ ਹਨ, ਜਿੰਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ : ਜਿੱਥੇ ਵੀ ਜਾਣਾ ਹੈ ਐਨ ਪੂਰੇ ਸਮੇਂ ਸਿਰ ਜਾਣਾ ਹੈ। ਲੋਭ ਨਹੀਂ ਕਰਨਾ, ਪੈਸੇ ਇਕੱਠੇ ਕਰਨ ਦਾ, ਖਾਣ-ਪੀਣ ਦਾ, ਤੇ ਗਾਉਣ ਲਈ ਟਾਈਮ ਲਾਉਣ ਦਾ।

ਪਹਿਲੋ-ਪਹਿਲ ਤਾਂ ਪਾਰਸ ਜੀ ਨੇ ਆਪਣੇ ਸ਼ਾਗਿਰਦਾਂ ਨੂੰ ਇਹ ਵੀ ਸਖ਼ਤ ਹਦਾਇਤ ਕੀਤੀ ਹੋਈ ਸੀ ਕਿ ਜਿਸ ਦੇ ਘਰ ਵੀ ਜਾਣਾ ਹੈ, ਨਖ਼ਰੇ ਨਹੀਂ ਕਰਨੇ। ਪਾਖੰਡ ਤੇ ਖੇਖਣ ਨਹੀਂ ਕਰਨੇ। ਬਹੁਤਾ ਨਹੀਂ ਬੋਲਣਾ। ਕੌੜਾ ਜਾਂ ਟੇਢਾ-ਮੇਢਾ ਨਹੀਂ ਝਾਕਣਾ। ਹਰੇਕ ਦੀ ਧੀ ਭੈਣ ਨੂੰ ਆਪਣੀ ਧੀ ਭੈਣ ਸਮਝਣਾ ਹੈ ਕਿਤੋਂ ਵੀ ਕਿਸੇ ਕਿਸਮ ਦਾ ਉਲਾਂਭਾ ਨਹੀਂ ਆਉਣਾ ਚਾਹੀਦਾ। ਰੁੱਖਾਪਣ ਨਹੀਂ ਵਿਖਾਉਣਾ।

ਬਿਸਤਰੇ ਨਾਲ ਸਿਰਹਾਣਾ ਨਹੀਂ ਮੰਗਣਾ, ਜੇ ਕਿਸੇ ਨੇ ਆਪਣੇ ਆਪ ਸਿਰਹਾਣਾ ਦੇ ਦਿੱਤਾ ਤਾਂ ਠੀਕ ਹੈ... ਕਿਉਂਕਿ ਉਸ ਜ਼ਮਾਨੇ ਵਿੱਚ ਸਿਰਹਾਣੇ ਬਹੁਤ ਘੱਟ ਲੋਕੀਂ ਬਣਾਉਂਦੇ ਸਨ। ਆਏ ਗਏ ਪ੍ਰਾਹੁਣੇ ਲਈ ਸਿਰਹਾਣਾ ਆਂਢੋ ਗੁਆਂਢੋ ਵੀ ਮੰਗ ਲਿਆ ਜਾਂਦਾ ਸੀ ਜਾਂ ਲੱਕੜ ਦੇ ਸੰਦੂਕ ਵਿੱਚ ਸਾਂਭ-ਸਾਂਭ ਕੇ, ਡੂੰਘਾ ਰੱਖਿਆ ਗਿਆ ਸਿਰਹਾਣਾ ਕੱਢ ਲਿਆ ਜਾਂਦਾ ਸੀ।

ਪਾਰਸ ਨੇ ਆਪਣੇ ਸ਼ਾਗਿਰਦਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਆਪਣੇ ਬੈਗ ਵਿੱਚ ਆਪਣਾ ਤੌਲੀਆ ਜਾਂ ਪਰਨਾ, ਸਾਬਣ ਤੇ ਤੇਲ ਦੀ ਸ਼ੀਸ਼ੀ ਵੀ ਰੱਖੇ।

ਪਾਰਸ ਤਾਂ ਆਪਣੇ ਝੋਲ਼ੇ ਵਿੱਚ ਪਊਆ ਦੇਸੀ ਘਿਓ ਦਾ ਵੀ ਰੱਖਦਾ ਰਿਹਾ ਹੈ, ਕਈ ਵਾਰ ਕਿਸੇ ਢਾਬੇ 'ਤੇ ਰੋਟੀ ਖਾਣੀ ਪੈ ਜਾਂਦੀ ਤਾਂ ਪਊਏ ਵਿੱਚੋਂ ਘਿਓ ਕੱਢ ਕੇ ਦਾਲ ਸਬਜ਼ੀ ਨੂੰ ਤੜਕਾ ਲਵਾ ਲੈਂਦੇ ਸਨ।

**ਸ਼ਾਗਿਰਦਾਂ ਵੱਲੋਂ ਮਾਣ ਭੇਟਾ** :- ਕਰਨੈਲ ਸਿੰਘ ਪਾਰਸ ਜਦੋਂ ਵੀ ਆਪਣਾ ਕੋਈ ਨਵਾਂ ਸ਼ਾਗਿਰਦ ਬਣਾਉਂਦੇ ਹਨ ਤਾਂ ਆਪਣੇ ਕੋਲ ਉਸ ਵੱਲੋਂ ਭੇਟਾ ਕੀਤੀ ਹੋਈ ਸਿਰਫ਼ ਪਗੜੀ ਹੀ ਰੱਖਦੇ ਸਨ। ਪੈਸੇ ਅਗਲੇ ਨੂੰ ਵਾਪਸ ਮੋੜ ਦਿੰਦੇ ਸਨ। ਜੇ ਕੋਈ ਨਾਲ ਖਾਣ ਵਾਲੀ ਵਸਤੂ ਹੁੰਦੀ ਤਾਂ ਉਹ ਲਾਗੇ-ਚਾਗੇ ਵੰਡ ਦਿੱਤੀ ਜਾਂਦੀ।

ਕਰਨੈਲ ਸਿੰਘ ਪਾਰਸ ਨੇ ਆਪਣੇ ਸਮੂਹ ਸ਼ਾਗਿਰਦਾਂ ਨੂੰ ਆਪਣੇ ਬੱਚਿਆਂ ਬਰਾਬਰ ਪਿਆਰ-ਸਤਿਕਾਰ ਦਿੱਤਾ ਹੈ। ਉਹ ਜਿੰਨਾ ਵੀ ਕਿਸੇ ਦੇ ਕੰਮ ਆ ਸਕੇ, ਆਪਣੀ ਪੂਰੀ ਵਾਹ ਲਾਉਂਦਾ ਹੈ। ਸ਼ਾਗਿਰਦਾਂ ਦੇ ਵਿਆਹਾਂ-ਸ਼ਾਦੀਆਂ 'ਤੇ ਜਾ ਕੇ ਉਹਨਾਂ ਨੂੰ ਆਸ਼ੀਰਵਾਦ ਵੀ ਦਿੰਦਾ ਰਹਿੰਦਾ ਹੈ ਤੇ ਹਰੇਕ ਦੇ ਦੁੱਖਾਂ-ਸੁਖਾਂ ਵਿੱਚ ਸ਼ਾਮਲ ਹੁੰਦਾ ਹੈ।

***

# ਤਰਕਸ਼ੀਲ ਵਿਅਕਤੀ : ਪਾਰਸ

ਕਰਨੈਲ ਸਿੰਘ ਪਾਰਸ ਛੋਟੀ ਉਮਰੇ ਹੀ ਤਰਕਸ਼ੀਲ ਵਿਚਾਰਾਂ ਦਾ ਧਾਰਨੀ ਬਣ ਗਿਆ ਸੀ ਤੇ ਫਿਰ ਹੌਲੀ-ਹੌਲੀ ਉਹ ਪੱਕਾ ਹੀ ਤਰਕਸ਼ੀਲ ਹੋ ਗਿਆ। ਪਾਰਸ ਦੀ ਤਰਕਸ਼ੀਲਤਾ ਦੀਆਂ ਕੁਝ-ਕੁਝ ਝਲਕੀਆਂ ਪਾਰਸ ਦੇ 'ਰਚਨਾ ਸੰਸਾਰ' ਵਾਲੇ ਭਾਗ ਵਿਚੋਂ ਵੀ ਮਿਲਣਗੀਆਂ।

ਕਰਨੈਲ ਸਿੰਘ ਪਾਰਸ ਤਰਕਸ਼ੀਲ ਕਿਵੇਂ ਬਣਿਆ? ਇਹ ਗੱਲ ਵੀ ਬੜੀ ਰੌਚਕਤਾ ਭਰਪੂਰ ਹੈ। ਜਿਵੇਂ ਕਿ ਪਹਿਲੋਂ ਵੀ ਲਿਖਿਆ ਗਿਐ ਕਿ ਪਾਰਸ ਜੁਵਾਨੀ ਵਿਚ ਹੀ ਤਰਕਸ਼ੀਲ ਹੋ ਗਿਆ ਸੀ ਪਰੰਤੂ ਇੱਕ ਵਾਰੀ, ਜਦੋਂ ਉਹ ਹਾਲੇ ਕਾਫੀ ਛੋਟਾ ਜਿਹਾ ਹੀ ਸੀ ਅਤੇ ਸੰਤ ਕ੍ਰਿਸ਼ਨਾ ਨੰਦ ਕੋਲ ਆਉਂਦਾ ਜਾਂਦਾ ਰਹਿੰਦਾ ਸੀ। ਸੰਤ ਜੀ ਪਾਸੋਂ ਉਸਨੇ ਤਿੰਨ ਪੁਸਤਕਾਂ," ਵਿਚਾਰ ਮਾਲਾ," "ਅਧਿਆਤਮਕ ਪ੍ਰਕਾਸ਼" ਅਤੇ "ਸਾਰ ਉਕਤਾਵਲੀ" ਪੜ੍ਹ ਲਈਆਂ ਹੋਈਆਂ ਸਨ। "ਵਿਚਾਰ ਮਾਲਾ" ਵਿਚ ਦਰਜ ਸਤਰਾਂ ਪਾਰਸ ਦੇ ਦਿਲ ਵਿਚ ਘਰ ਕਰ ਕੇ ਬਹਿ ਗਈਆਂ, ਜੋ ਇਓਂ ਹਨ :

ਕਾਰਜ ਲਿੰਗ ਅਸਥੂਲ ਤਨ  
ਬੁੱਧ ਮਨ ਇੰਦਰੀ ਪ੍ਰਾਣ  
ਇਹ ਜੜ ਤੁਹੇ ਲੇਹ ਨਾਹੀ  
ਤੂੰ ਚੇਤਨ ਪ੍ਰਵਾਣ

ਇੱਕ ਦਿਨ ਪਾਰਸ ਸੰਤ ਕ੍ਰਿਸ਼ਨਾ ਨੰਦ ਨਾਲ ਖੇਤਾਂ ਵਿੱਚ ਤੁਰਿਆ ਫਿਰਦਾ ਸੀ ਤੇ ਪਾਰਸ ਨੇ ਸੰਤ ਜੀ ਨੂੰ ਪੁੱਛਿਆ, "ਬਾਬਾ ਜੀ, ਭਲਾ ਐਸ ਸਲੋਕ ਦਾ ਅਰਥ ਕੀ ਨਿਕਲਦੈ.....ਦੱਸੋ ਖਾਂ ਮੈਨੂੰ!"

ਸੰਤ ਨੇ ਪਾਰਸ ਨੂੰ ਭਾਵੇਂ ਪੂਰੇ ਸਲੋਕ ਦਾ ਅਰਥ ਤਾਂ ਨਾ ਦਸਿਆ ਪਰ ਏਨਾ ਕੁ ਦੱਸ ਦਿੱਤਾ ਕਿ ਸਾਡਾ, ਮਨ, ਬੁੱਧੀ ਤੇ ਸਾਰਾ ਸਰੀਰਕ ਢਾਂਚਾ ਆਪਣੇ ਆਪ ਚਲਦਾ ਰਹਿੰਦਾ ਹੈ, ਇਸ ਨੂੰ ਕੋਈ ਸ਼ਕਤੀ ਜਾਂ ਕੋਈ ਰੱਬ ਨਹੀਂ ਚਲਾਉਂਦਾ.........।

ਸੰਤ ਜੀ ਹਾਲੇ ਵਿਖਿਆਨ ਕਰ ਹੀ ਰਹੇ ਸਨ ਕਿ ਪਾਰਸ ਨੇ ਵਿਚੋਂ ਹੀ ਟੋਕਦਿਆਂ ਆਖਿਆ :

".......ਤੇ ਬਾਬਾ ਜੀ ਤੁਸੀਂ ਫੇ ਲੋਕਾਂ ਵਿਚ ਰੱਬ ਦਾ ਪ੍ਰਚਾਰ ਕਾਹਦੇ ਲਈ ਕਰਦੇ ਫਿਰਦੇ ਓ ? ਲੋਕਾਂ ਨੂੰ ਕਾਹਦੀ ਸਿੱਖਿਆ ਦਿੰਦੇ ਫਿਰਦੇ ਓ ?" ਸੰਤ ਕ੍ਰਿਸ਼ਨਾ ਨੰਦ ਨੇ ਪਾਰਸ ਨੂੰ ਘੂਰਕੇ ਆਖਿਆ :

"ਓ ਗੱਲ ਸੁਣ ਪਾਰਸ ਪੁੱਤਰ! ਤੂੰ ਚੁੱਪ ਕਰਿਆ ਰਹਿ ਉਏ! ਪੁੱਤਰ ਜੇਕਰ ਸਾਡੀਆਂ ਗੱਲਾਂ ਦੀ ਗ੍ਰਹਿਸਥੀਆਂ ਨੂੰ ਸਮਝ ਆ ਜਾਵੇ ਤਾਂ ਫੇਰ ਸਾਡੀ ਮੌਜ, ਸਾਡਾ ਖਾਣ-ਪੀਣ ਕਿਵੇਂ ਚੱਲੇਗਾ? ਲੋਕਾਂ ਨੂੰ ਭਰਮਾਂ ਭੁਲੇਖਿਆਂ ਵਿਚ ਪਾ ਕੇ ਹੀ ਤਾਂ ਸਾਨੂੰ ਖੀਰ, ਕੜਾਹ ਤੇ ਪੂੜੇ ਲਭਦੇ ਹਨ.......ਜੇਕਰ ਲੋਕ ਹੀ ਸਿਆਣੇ ਹੋ ਗਏ ਤਾਂ ਸਾਡੀ ਬਾਤ ਕਿਸੇ ਨਹੀਂ



ਪੁੱਛਣੀ...... ਸੋ ਸਾਡਾ ਅੰਨ ਪਾਣੀ ਚੱਲਿਆ ਆਉਂਦਾ ਐ.......ਲੋਕਾਂ ਦੀ ਅਗਿਆਨਤਾ ਦਾ ਈ ਸਾਨੂੰ ਫਾਇਦਾ ਐ।"

ਉਸ ਤੋਂ ਬਾਅਦ ਕਰਨੈਲ ਸਿੰਘ ਪਾਰਸ ਦੀ ਤਰਕਸ਼ੀਲ ਵਿਚਾਰ- ਧਾਰਾ ਹੋਰ-ਹੋਰ ਪ੍ਰਫੁਲਤ ਹੁੰਦੀ ਗਈ ਤੇ ਉਹਦੀ ਮੱਤ ਇਓਂ ਬਣ ਗਈ ਕਿ ਇਹ ਸਭ ਸੰਸਾਰ ਆਪਣੇ ਆਪ ਈ ਚੱਲੀ ਜਾ ਰਿਹਾ ਹੈ। ਇਸ ਨੂੰ ਕੋਈ ਰੱਬ ਜਾਂ ਗ਼ੈਬੀ ਸ਼ਕਤੀ ਨਹੀਂ ਚਲਾਉਂਦੀ। ਸਮੁੱਚੀ ਕਾਇਨਾਤ ਤੇ ਬ੍ਰਹਿਮੰਡ ਦਾ ਪਸਾਰਾ ਕਰਨ ਵਾਲਾ ਕੋਈ ਰੱਬ - ਰੁੱਬ ਨਹੀਂ .......ਨਾ ਰੱਬ ਕਿਸੇ ਵੇਖਿਐ ਤੇ ਨਾ ਹੀ ਕਿਸੇ ਨੇ ਅਜੇ ਤੀਕ ਵਿਖਾਇਆ ਹੈ।

ਇੱਕ ਦਿਨ ਪਾਰਸ ਨੇ ਕਿਸੇ ਪੁਸਤਕ ਵਿਚੋਂ ਪੜ੍ਹਿਆ ਕਿ ਮਹਾਤਮਾ ਬੁੱਧ ਦਾ ਇੱਕ ਚੇਲਾ ਮੱਠ ਵਿੱਚ ਦੀਵਾ ਧਰਨ ਤੁਰਿਆ ਜਾ ਰਿਹਾ ਸੀ, ਜਗਦਾ ਦੀਵਾ ਚੇਲੇ ਨੇ ਆਪਣੇ ਹੱਥ ਦੀ ਤਲੀ ਉੱਤੇ ਧਰਿਆ ਹੋਇਆ ਸੀ। ਦੇਵਤੇ ਨੇ ਚੇਲੇ ਨੂੰ ਪੁੱਛਿਆ :

"ਕਿਓਂ ਬਈ ਭਗਤਾ, ਆਹ ਜੇਹੜੀ ਲਾਟ ਜਗਦੀ ਐ ਇਹ ਕਿਥੋਂ ਆਉਂਦੀ ਐ?"

ਚੇਲੇ ਨੇ ਝੱਟ ਦੀਵੇ ਨੂੰ ਫੂਕ ਮਾਰਕੇ ਬੁਝਾ ਦਿੱਤਾ ਤੇ ਆਪਣੇ ਗੁਰੂ ਨੂੰ ਪੁੱਛਿਆ:

"ਹੁਣ ਤੁਸੀਂ ਦੱਸੋ ਗੁਰੂ ਜੀ, ਏਹ ਲਾਟ ਕਿਥੇ ਚਲੀ ਗਈ?"

ਗੁਰੂ ਨੇ ਹੈਰਾਨ ਹੁੰਦਿਆਂ ਆਖਿਆ,"ਬੱਸ ਬੱਚਾ, ਹੁਣ ਤੈਨੂੰ ਗਿਆਨ ਹੋ ਗਿਆ ਐ।"

ਕਰਨੈਲ ਸਿੰਘ ਪਾਰਸ ਦ੍ਰਿੜ੍ਹ ਹੋ ਕੇ ਤੇ ਦਾਅਵੇ ਨਾਲ ਕਹਿੰਦਾ ਹੈ, " ਜੰਮਣਾ-ਮਰਨਾ ਕੁਦਰਤੀ ਵਰਤਾਰਾ ਹੈ। ਮਰਨ ਮਗਰੋਂ ਬੰਦੇ ਦੀ ਆਤਮਾ ਬ੍ਰਹਿਮੰਡ ਵਿੱਚ ਇਓਂ ਸਮਾਅ ਜਾਂਦੀ ਹੈ ਜਿਵੇਂ ਹਵਾ ਵਿਚ ਹਵਾ ਮਿਲ ਜਾਂਦੀ ਹੈ ਅਤੇ ਪਾਣੀ ਵਿੱਚ ਪਾਣੀ! ਜਿਵੇਂ ਕੁਠਾਲੀ ਵਿੱਚ ਸਾਰਾ ਸੋਨਾ ਇੱਕ ਹੋ ਜਾਂਦਾ ਹੈ ਤੇ ਗਹਿਣਿਆਂ ਦੀ ਹਸਤੀ ਮਿਟ ਜਾਂਦੀ ਹੈ, ਉਸੇ ਤਰ੍ਹਾਂ ਸਾਡਾ ਸਰੀਰਕ ਢਾਂਚਾ ਹੈ।

ਕੋਈ ਵੀ, ਕਿਤੇ ਸੁਰਗ-ਨਰਕ ਨਹੀਂ ਹੈ। ਮਰਿਆ ਹੋਇਆ ਬੰਦਾ ਨਾ ਕਦੀ ਕਿਸੇ ਦਾ ਕੁਝ ਸੰਵਾਰ ਸਕਦਾ ਹੈ ਤੇ ਨਾ ਹੀ ਵਗਾੜ ਸਕਦਾ ਹੈ। ਜੋ ਅਸੀਂ ਮਰਿਆਂ ਦੇ ਸਰਾਧ ਖੁਵਾਉਂਦੇ ਹਾਂ ਇਹਨਾਂ ਦਾ ਉੱਕਾ ਹੀ ਕੋਈ ਅਰਥ ਨਹੀਂ, ਜੇ ਮਰੀ ਹੋਈ ਗਊ ਪੱਠੇ ਨਹੀਂ ਖਾ ਸਕਦੀ ਤਾਂ ਮਰਿਆ ਹੋਇਆ ਮਨੁੱਖ ਖੀਰ-ਕੜਾਹ ਕਿਵੇਂ ਖਾ ਲਵੇਗਾ? ਮੜ੍ਹੀਆਂ ਪੂਜਣੀਆਂ ਵੀ ਫ਼ਜ਼ੂਲ ਹਨ। ਮਰੇ ਬੰਦੇ ਦੀਆਂ ਮਗਰੋਂ ਕੀਤੇ ਜਾਣ ਵਾਲੀਆਂ ਸਭ ਰਸਮਾਂ ਫ਼ਜ਼ੂਲ ਅਤੇ ਬੇ-ਫਾਇਦਾ ਹਨ।

ਕਰਨੈਲ ਸਿੰਘ ਪਾਰਸ ਸਪੱਸ਼ਟ ਤੌਰ ਤੇ ਕਹਿੰਦਾ ਹੈ, "ਰੱਬ ਦੀ ਹੋਂਦ ਹੈ ਹੀ ਨਹੀਂ। ਜੇ ਕੋਈ ਮੇਰੀ ਪੁੜਪੜੀ 'ਤੇ ਬੰਦੂਕ ਰੱਖ ਕੇ ਆਖੇ ਬਈ ਕਹਿਦੇ ਰੱਬ ਹੈਅ...... ਤਾਂ ਸ਼ਾਇਦ ਕਹਿਣਾ ਪੈ ਜਾਵੇ ਡਰਦਿਆਂ......।"

ਸਾਡਾ ਸਰੀਰਕ ਢਾਂਚਾ, ਖ਼ੂਨ ਦੀ ਗਰਦਿਸ਼, ਦਿਲ ਦੀ ਧੜਕਨ ਤੇ ਨਬਜ਼ ਇਹ ਸਭ ਆਪਣੇ ਆਪ ਮਸ਼ੀਨ ਦੀ ਤਰ੍ਹਾਂ ਚਲਦੀਆਂ ਰਹਿੰਦੀਆਂ ਹਨ, ਇਹਨਾਂ ਨੂੰ ਚਲਾਉਣ ਵਾਲਾ ਕੋਈ ਰੱਬ-ਰੁੱਬ ਨਹੀਂ ਹੈ। ਜਿਵੇਂ ਅੱਖਾਂ ਆਪਣੇ ਆਪ ਝਾਕਦੀਆਂ ਹਨ, ਕੰਨ ਆਪਣੇ ਆਪ ਸੁਣਦੇ ਹਨ, ਜੀਭ ਆਪਣੇ ਆਪ ਚਲਦੀ ਹੈ, ਇਵੇਂ ਹੀ ਸਾਰਾ ਸਰੀਰ ਚਲਦਾ ਰਹਿੰਦਾ ਹੈ।

1950 ਵਿਚ ਪਾਰਸ ਨੇ 'ਮੁਰੱਕਾ ਫਿਤਰਤ' ਨਾਂ ਦੀ ਉਰਦੂ ਪੁਸਤਕ ਪੜ੍ਹੀ ਸੀ,

ਉਸਨੂੰ ਹੋਰ ਵੀ ਗੂੜ੍ਹਾ ਗਿਆਨ ਹਾਸਲ ਹੋਇਆ ਕਿ ਬ੍ਰਹਿਮੰਡ ਆਪਣੇ ਆਪ ਪਸਰਿਆ ਖਲੋਤਾ ਹੈ, ਇਸਦੀ ਟੁੱਟ- ਭੱਜ ਵੀ ਹੁੰਦੀ ਰਹਿੰਦੀ ਹੈ ਤੇ ਇਹ ਆਪਣੇ ਆਪ ਮਨੁੱਖੀ ਸਰੀਰ ਵਾਂਗ ਚੱਲੀ ਜਾਂਦਾ ਰਹਿੰਦਾ ਹੈ।

"ਕੁਦਰਤੀ ਵਰਤਾਰੇ ਅਤੇ ਕੁਦਰਤ ਦੇ ਨਿਯਮਾਂ ਵਿਰੁੱਧ ਕੋਈ ਰਿਸ਼ੀ- ਮੁਨੀ ਜਾਂ ਬ੍ਰਹਮ - ਗਿਆਨੀ ......ਜਾਂ ਕੋਈ ਵੀ.........ਰੱਬ ਦੀ ਹੋਂਦ ਵਿਖਾਏ ਤਾਂ ਸਹੀ.......ਮੇਰੇ ਕੋਲ ਆਵੇ! ਮੈਂ ਦਸ ਲੱਖ ਰੁਪੱਈਆ ਦੇਉਂ ਉਸ ਨੂੰ ......ਜੇਹੜਾ ਬੰਦਾ ਤਰਕਸ਼ੀਲ ਸੁਸਾਇਟੀ ਵਾਲਿਆਂ ਦੇ ਦਾਅਵਿਆਂ ਨੂੰ ਝੂਠਿਆਂ ਕਰੇ! ਸਾਡੇ ਕਹਿਣ ਅਨੁਸਾਰ, ਕੁਦਰਤ ਦੇ ਨਿਯਮਾਂ ਦੇ ਵਿਰੁੱਧ, ਚੱਲ ਕੇ ਵਿਖਾਵੇ ਤੇ ਆਪਣਾ ਇਨਾਮ ਲੈ ਜਾਵੇ।"

ਕਰਨੈਲ ਸਿੰਘ ਪਾਰਸ ਕਹਿੰਦਾ ਹੈ, "ਜਦੋਂ ਮੈਨੂੰ ਬੁਖਾਰ ਚੜ੍ਹ ਜਾਵੇ ......ਅਵੱਲ ਤਾਂ ਚੜ੍ਹਦਾ ਈ ਨਹੀਂ, ਜੇ ਚੜ੍ਹ ਵੀ ਜਾਵੇ ਤਾਂ ਮੈਂ ਕਦੇ ਨਹੀਂ ਕੀਤਾ, ਹਾਏ - ਓ ਰੱਬਾ, ਹਾਏ ਓ ਰੱਬਾ! ਮੈਂ ਉਦੋਂ ਆਵਦੀ ਬੇਬੇ ਰਾਮ ਕੌਰ ਨੂੰ ਚੇਤੇ ਕਰਦਾ ਆਂ- ਮੈਂ ਕਹਿੰਨੈ- ਹਾਏ ਨੀਂ ਰਾਮੀ ਬੇਬੇ! ਹਾਏ ਨੀ ਬੇਬੇ ਰਾਮੀ। ਮੈਂ ਰੱਬ ਰੁੱਬ ਨੂੰ ਨਹੀਂ ਵਿੱਚ ਲਿਆ ਕੇ ਫਸਾਉਂਦਾ।"

ਕਰਨੈਲ ਸਿੰਘ ਪਾਰਸ ਮੁੱਢ ਤੋਂ ਹੀ ਗੁਰੂ ਨਾਨਕ ਦੇਵ ਜੀ ਦੇ ਤਰਕ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਰਿਹਾ ਹੈ ਅਤੇ ਜਦੋਂ ਗੁਰੂ ਜੀ ਨੇ ਪੰਡਤਾਂ ਨੂੰ ਕੁੰਭ ਦੇ ਮੇਲੇ ' ਤੇ ਸੂਰਜ ਵੰਨੀਂ ਪਾਣੀ ਡੋਹਲਦਿਆਂ ਰੋਕਿਆ ਸੀ ਤਾਂ ਉਸ ਵੇਲੇ ਦੀ ਸਥਾਈ ਘਟਨਾ ਪਾਰਸ ਦੇ ਮਨ ਨੂੰ ਬੜੀ ਭਾਉਂਦੀ ਹੈ।

ਪਾਰਸ ਦਾ ਮੱਤ ਹੈ ਕਿ ਤੀਰਥਾਂ 'ਤੇ ਨਹਾਉਣ ਨਾਲ ਕਦੀ ਵੀ ਮੁਕਤੀ ਨਹੀਂ ਮਿਲਦੀ। ਤੀਰਥਾਂ ਵਿਚਲਾ ਪਾਣੀ ਸਾਧਾਰਨ ਪਾਣੀ ਹੀ ਹੈ ਜੋ ਆਮ ਹੀ ਨਹਿਰਾਂ ਜਾਂ ਟਿਊਬਵੈਲਾਂ ਵਿਚੋਂ ਲੈ ਕੇ ਪਾਇਆ ਜਾਂਦਾ ਹੈ। ਉਸ ਨੇ ਕਿਹਾ ਕਿ,"ਨਿੱਕੀ ਉਮਰੇ ਜੋ ਮੈਂ ਤੀਰਥਾਂ ਤੇ ਨਹਾ ਲਿਆ, ਸੋ ਨਹਾ ਲਿਆ। ਜਦ ਤਰਕਸ਼ੀਲ ਹੋ ਗਿਆ ਮੁੜ ਕਿਸੇ ਤੀਰਥ ' ਤੇ ਨਹੀਂ ਨਹਾਤਾ। ਜਿਵੇਂ ਕਿ ਗੁਰਬਾਣੀ ਕਹਿੰਦੀ ਹੈ ਕਿ ਅਠ- ਸਠ ਤੀਰਥ ਨਹਾਤਿਆਂ ਕੋਈ ਮੁਕਤੀ ਨਹੀਂ ਹੁੰਦੀ, ਜੇ ਇਓਂ ਹੀ ਮੁਕਤੀ ਹੁੰਦੀ ਹੋਵੇ ਤਾਂ ਫਿਰ ਕੱਛੂ ਕੰਮੇ ਅਤੇ ਡੱਡੂ ਪਾਣੀ ਵਿੱਚ ਹਰ ਸਮੇਂ ਰਹਿੰਦੇ ਹਨ, ਉਹਨਾਂ ਦੀ ਮੁਕਤੀ ਕਿਓਂ ਨਹੀਂ ਹੁੰਦੀ?

ਇਨਸਾਨ ਨੂੰ ਆਪਣੇ ਮਨ ਦੀ ਮੈਲ ਉਂਜ ਹੀ ਧੋ ਦੇਣੀ ਚਾਹੀਦੀ ਹੈ। ਇਹ ਤੀਰਥਾਂ 'ਤੇ ਨਾਤ੍ਰਿਆਂ - ਧੋਤਿਆਂ ਨਹੀਂ ਲਹਿੰਦੀ। ਜਿਵੇਂ ਗਾਉਣ ਗਾਇਆ ਜਾਂਦਾ ਹੈ :

ਤੇਰੇ ਮਨ ਦੀ ਮੈਲ ਨਾ ਜਾਵੇ
ਤੇ ਨਹਾਉਂਦਾਂ ਫਿਰੇਂ ਤੀਰਥਾਂ 'ਤੇ ......

ਇੱਕ ਗੱਲ ਹੋਰ ਬੜੀ ਦਾਅਵੇਦਾਰ ਅਤੇ ਰੌਚਕਤਾ ਭਰਪੂਰ ਪਾਰਸ ਇੰਜ ਆਖਦਾ ਹੈ, ਸਾਡੇ ਸ਼ਬਦ ਗਾਇਆ ਜਾਵੈ :

ਧੰਨ- ਧੰਨ ਨੇ ਜਣੇਂਦੀਆਂ ਮਾਵਾਂ
ਜਿੰਨ੍ਹਾ ਦੇ ਪੁੱਤ ਨਾਮ ਜਪਦੇ...........

ਕੇਹੜੇ ਨਾਮ ਜਪਦੇ ? ਭੋਰਿਆਂ ਵਾਲੇ ਚਾਟੜੇ ਸਾਧ ? ਮੈਨੂੰ ਦੱਸੋ ਲੋਕੋ! ਏਹਨਾਂ ਸਾਧਾਂ ਭੋਰਿਆਂ ਵਾਲਿਆਂ ਨੇ ਹੁਣ ਤੀਕ ਕੀ ਕਾਢ ਕੱਢੀ ਹੈ ? ਫਰਿੱਜ, ਏਅਰ- ਕੰਡੀਸ਼ਨਰ, ਟੈਲੀਫ਼ੋਨ, ਕਾਰਾਂ, ਸਕੂਟਰ, ਟੀ. ਵੀ., ਵੀ. ਸੀ. ਆਰ ਆਦਿ ਸਭ ਕੁਝ ਵਿਗਿਆਨੀਆਂ ਦੀ ਹੀ ਦੇਣ ਹਨ। ਇਹ ਸਾਧਾਂ ਦੀ ਦੇਣ ਨਹੀਂ। ਵਿਗਿਆਨੀ ਤਾਂ ਜਹਾਜ਼ਾਂ ਉੱਤੇ ਚੜ੍ਹ ਕੇ ਉਤਾਂਹ ਵੱਲ ਨੂੰ ਉੱਡੇ ਜਾਂਦੇ ਹਨ ਤੇ ਸਾਧ - ਚਾਟੜੇ ਭੋਰੇ ਪੱਟ - ਪੱਟ ਕੇ ਹੇਠਾਂ ਵੱਲ



ਨੂੰ ਧਸੇ ਤੁਰੇ ਜਾਂਦੇ ਹਨ। ਮੈਨੂੰ ਦੱਸਣ........ਬਈ ਇਹਨਾਂ ਨੇ ਲੋਕਾਂ ਨੂੰ ਲੁੱਟਣ ਤੋਂ ਸਿਵਾਏ ਕੀ ਕੰਮ ਕੀਤੇ ਹਨ? ਮੈਂ ਤਾਂ ਏਹ ਕਹਿੰਨਾ ਆਂ ਬਈ :

ਧੰਨ- ਧੰਨ ਨੇ ਜਣੇਂਦੀਆਂ ਮਾਵਾਂ
ਜਿੰਨ੍ਹਾ ਦੇ ਪੁੱਤਾਂ ਕਾਢਾਂ ਕੱਢੀਆਂ..........

ਕਾਢਾਂ ਕੱਢਕੇ ਦੇਸ਼ ਦਾ ਨਾਂ ਉੱਚਾ ਕੀਤਾ ਹੈ। ਨਾਮਣਾ ਖੱਟਿਆ ਤੇ ਸਾਧੜਿਆਂ ਨੇ ਖੱਟੀ ਬਦਨਾਮੀ! ਨਿੱਤ ਅਖਬਾਰਾਂ 'ਚ ਆਉਂਦੀਆਂ ਖ਼ਬਰਾਂ, ਫਲਾਣੀ ਥਾਂ 'ਤੇ ਸਾਧ ਕੁੜੀ ਭਜਾ ਕੇ ਲੈ ਗਿਆ। ਕੁੜੀ ਨਾਲ ਬਲਾਤਕਾਰ .......ਸਾਧ ਲੁੱਟ ਕੇ ਲੈ ਗਿਆ। ਠੱਗੀ ਮਾਰ ਗਿਆ ਸਾਧ! ਹੋਰ ਵੀ ਕਈ- ਕਈ ਤਰ੍ਹਾਂ ਦੀਆਂ ਖਬਰਾਂ, ਮੈਂ ਸਮਾਜ ਦੇ ਲੋਕਾਂ ਨੂੰ ਕਹਿੰਨੈ, ਪੜ੍ਹੇ - ਲਿਖੇ ਜੇਹੜੇ ਇਹਨਾਂ ਦੇ ਚੁੰਗਲ ਵਿਚ ਫਸੇ ਫਿਰਦੇ ਐ, ਬਈ ਬਚੋ ਵੀਰਨੋ! ਤੇ ਆਪਣੀਆਂ ਆਉਣ ਵਾਲੀਆਂ ਪੀਹੜੀਆਂ ਨੂੰ ਇਹਨਾਂ ਪ੍ਰਤੀ ਚੇਤੰਨ ਕਰੋ! ਖਬਰਦਾਰ ਕਰੋ!"

ਕਰਨੈਲ ਸਿੰਘ ਪਾਰਸ ਦੇ ਪਿੰਡ ਉਹਦੇ ਘਰ ਲਾਗੇ ਉਹਨੇ ਦੁਕਾਨਾਂ ਦੀ ਇੱਕ ਮਾਰਕੀਟ ਬਣਾਈ ਹੋਈ ਹੈ, ਉਥੇ ਉਸਨੇ ਮਾਰਕੀਟ ਵਿਚਲੀਆਂ ਦੁਕਾਨਾਂ ਦੇ ਬਾਹਰਵਾਰ ਕੰਧ ਉੱਤੇ ਗੌਤਮ ਬੁੱਧ ਦੇ ਇਹ ਸ਼ਬਦ ਸੀਮਿੰਟ ਨਾਲ ਲਿਖਵਾਏ ਹੋਏ ਹਨः ਗੌਤਮ ਬੁੱਧ ਨੇ ਆਪਣੇ ਅੰਤਲੇ ਸਮੇਂ ਆਪਣੇ ਚੇਲਿਆਂ ਨੂੰ ਕਿਹਾ ਸੀ ਕਿ ਗ੍ਰੰਥਾਂ ਵਿੱਚ ਲਿਖੀ ਹੋਈ ਤੇ ਵੱਡਿਆਂ ਦੀ ਕਹੀ ਹੋਈ ਗੱਲ ਤੇ ਮੇਰੇ ਉਪਦੇਸ਼ ਨੂੰ ਉਨਾ ਚਿਰ ਸੱਚ ਨਾ ਮੰਨਿਓ, ਜਿੰਨਾ ਚਿਰ ਉਸਨੂੰ ਤੁਹਾਡੀ ਤਰਕ ਬੁੱਧੀ ਨਾ ਮੰਨ ਲਵੇ!"

ਕਰਨੈਲ ਸਿੰਘ ਪਾਰਸ ਕਹਿੰਦਾ ਹੈ ਕਿ,"ਮੇਰੇ ਫੁੱਲ ਤੀਰਥਾਂ ਵਿੱਚ ਨਾ ਪਾਇਓ! ਮੇਰੀਆਂ ਹੱਡੀਆਂ ਨੂੰ ਪੀਸ ਕੇ ਅਤੇ ਸਾਰੀ ਸੁਆਹ ਨੂੰ ਇਕੱਠਿਆਂ ਕਰਕੇ ਕਿਸੇ ਨਾਲ਼ੇ ਜਾਂ ਟੋਭੇ ਵਿੱਚ ਭਾਵੇਂ ਰੋਹੜ ਦਿਓ! ਮੈਂ ਸੁਰਗਾਂ ਵਿਚ ਨਹੀਂ ਜਾਣਾ ਚਾਹੁੰਦਾ, ਕੋਈ ਸੁਰਗ ਨਾਂ ਦੀ ਸ਼ੈਅ ਹੈ ਹੀ ਨਹੀਂ! ਮਰ ਗਏ ਮਨੁੱਖ ਦੀਆਂ ਹੱਡੀਆਂ ਤੇ ਰਾਖ਼.........ਆਮ ਮਿੱਟੀ ਸਮਾਨ ਹੁੰਦੀ ਹੈ, ਉਸਨੂੰ ਜਿਥੇ ਵੀ ਮਰਜ਼ੀ ਖਪਾ ਦਿੱਤਾ ਜਾਵੇ.......। ਮੈਂ ਤਾਂ ਚਾਹੁੰਦਾ ਹੀ ਹਾਂ..........ਪਰ ਜੇਕਰ ਮੇਰੇ ਘਰ ਵਾਲੀ ਚਾਹਵੇ......... ਤਾਂ ਮੇਰਾ ਸਰੀਰ ਮੈਡੀਕਲ ਨੂੰ ਦੇ ਦਿੱਤਾ ਜਾਵੇ ਤਾਂ ਕਿ ਡਾਕਟਰ ਯੋਗ ਵਰਤੋਂ ਕਰ ਸਕਣ!"

**ਜਾਤਾਂ ਪਾਤਾਂ ਦਾ ਤਿਆਗ :-** ਕਰਨੈਲ ਸਿੰਘ ਪਾਰਸ ਦੀ ਸੁਰ ਕਾਮਰੇਡੀ ਤੇ ਮਾਨਵ ਵਾਦੀ ਹੋਣ ਕਾਰਨ ਜਾਤਾਂ- ਪਾਤਾਂ ਦਾ ਤਿਆਗ ਤਾਂ ਉਸ ਨੇ ਮੁੱਢ ਤੋਂ ਹੀ ਕਰ ਦਿੱਤਾ ਸੀ ਕਿਉਂਕਿ ਕਲਾਕਾਰ ਨੇ ਹਰੇਕ ਦੇ ਘਰੇ 'ਤੇ ਹਰੇਕ ਥਾਂ ਤੇ ਜਾਣਾ ਹੁੰਦਾ ਹੈ ਤੇ ਜੇਕਰ ਕਲਾਕਾਰ ਆਪਣੇ ਮਨ ਵਿੱਚ ਜਾਤਾਂ- ਪਾਤਾਂ ਦੇ ਝੰਜਟ ਲਈ ਤੁਰਿਆ ਫਿਰੇ ਤਾਂ ਇਹ ਗੱਲ ਉਸਦੀ ਤਰੱਕੀ ਵਿੱਚ ਰੋੜਾ ਬਣ ਬਹਿੰਦੀ ਹੈ।

ਕਰਨੈਲ ਸਿੰਘ ਪਾਰਸ ਨੇ ਨਾਨਕ ਸਿੰਘ ਦੇ ਨਾਵਲਾਂ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ। ਸਾਡੇ ਸਮਾਜ ਅੰਦਰ ਜਾਤਾਂ- ਪਾਤਾਂ ਦੇ ਅਧਾਰ 'ਤੇ ਜੋ ਵੰਡੀਆਂ ਪਈਆਂ ਹੋਈਆਂ ਹਨ ਅਤੇ ਕਾਣੀ ਵੰਡ ਦੀ ਬਿਮਾਰੀ ਕੋਹੜ ਦੀ ਬਿਮਾਰੀ ਵਾਂਗ ਵਧਦੀ ਤੁਰੀ ਜਾਂਦੀ ਹੈ, ਉਸ ਪ੍ਰਤੀ ਪਾਰਸ ਦੇ ਮਨ ਵਿੱਚ ਚੇਤੰਨਤਾ ਨਾਨਕ ਸਿੰਘ ਦੇ ਨਾਵਲਾਂ ਨੂੰ ਪੜ੍ਹ ਕੇ ਹੀ ਪੈਦਾ ਹੋਈ, ਨਾਨਕ ਸਿੰਘ ਦੇ ਨਾਵਲਾਂ ਵਿਚਲੇ ਉਹਨਾਂ ਪਾਤਰਾਂ ਨੇ ਪਾਰਸ ਨੂੰ ਕਾਫੀ ਪ੍ਰਭਾਵਤ ਕੀਤਾ ਜਿੰਨ੍ਹਾਂ ਦਾ ਨੀਂਵੀ ਜਾਤੀ ਦੇ ਹੋਣ ਕਾਰਨ ਸਾਡੇ ਸਮਾਜ ਵਿੱਚ ਸੋਸ਼ਣ

ਹੁੰਦਾ ਹੈ।

ਇਓਂ ਪਾਰਸ ਦੇ ਦਿਲ ਅੰਦਰ ਹਰੇਕ ਵੱਡੀ- ਛੋਟੀ ਜਾਤੀ ਦੇ ਮਨੁੱਖ ਲਈ ਖੁੱਲ੍ਹੀ ਥਾਂ ਵੀ ਬਣ ਗਈ ਅਤੇ ਉਸਦੀ ਹਰੇਕ ਵਿਅਕਤੀ ਪ੍ਰਤੀ ਪ੍ਰੇਮ ਭਾਵਨਾ ਵੀ ਬਲਵਾਨ ਹੋ ਗਈ।

✲✲✲

# ਪਾਰਸ ਦੀ ਜ਼ੁਬਾਨੀ : ਨਿੱਕੀਆਂ-ਨਿੱਕੀਆਂ ਗੱਲਾਂ

✲ ਮੈਂ ਹੈਰਾਨ ਹੁੰਦਾ ਹਾਂ, ਕਿੰਨਾ ਅੰਤਰ ਆ ਗਿਐ ਜ਼ਮਾਨੇ 'ਚ, ਲੋਕੀਂ ਉਦੋਂ ਵੀ ਕੰਮ ਬਹੁਤ ਕਰਦੇ ਸੀ, ਹੁਣ ਵੀ ਕਰਦੇ ਹਨ, ਪਰ ਜਿੰਨਾ ਕੰਮ ਪਹਿਲੇ ਸਮੇਂ ਦੇ ਲੋਕ ਕਰਦੇ ਸਨ ਓਨਾਂ ਹੁਣ ਲੋਕ ਨਹੀਂ ਕਰਦੇ, ਹੁਣ ਤਾਂ ਨੌਕਰਾਂ ਅਤੇ ਸੀਰੀਆਂ 'ਤੇ ਹੀ ਸਭ ਕੰਮ ਸੁੱਟੇ ਹੋਏ ਹਨ। ਮੈਂ ਹੱਥੀਂ ਕੰਮ ਬੜਾ ਕੀਤੈ, ਸਿਰ 'ਤੇ ਚਾਰਾ ਢੋਇਆ ਬੜਾ! ਟੋਕਿਆਂ ਨਾਲ ਕੁਤਰਿਆ। ਹਲ਼ ਵੀ ਮੈਂ ਬਹੁਤ ਵਾਹਿਆ। ਚਲੋ.........ਠੀਕ ਹੈ, ਜ਼ਮਾਨਾ ਲੰਘ ਗਿਆ।

✲ ਮੇਰੀ ਹੁਣ ਤਮੰਨਾ ਕੋਈ ਨਹੀਂ, ਸ਼ਰਾਬ ਖੁੱਲ੍ਹ ਕੇ, ਜਿੰਨੀ ਜੀਅ ਕਰੇ, ਮੈਂ ਪੀਂਦਾ ਹਾਂ। ਪਰ ਬੇ-ਹਿਸਾਬੀ ਨਹੀਂ। ਕਿਸੇ ਵੇਲੇ ਤੁਰਕੇ ਜਾਂ ਸਾਇਕਲ ਜਾਂ ਟਾਂਗਿਆਂ 'ਤੇ ਚੜ੍ਹਦਾ ਰਿਹਾਂ......ਹੁਣ ਅੱਗੇ- ਪਿਛੇ ਕਾਰਾਂ ਹਨ। ਬਲਵੰਤ ਸਿਆਸਤ 'ਚ ਸਫ਼ਲ ਹੋਇਐ, ਚਾਅ ਵਾਲੀ ਗੱਲ ਹੈ। ਇਹ ਮੈਨੂੰ ਵਿਸਵਾਸ਼ ਹੈ ਕਿ ਜਿੰਨਾ ਚਿਰ ਉਹ ਸਿਆਸਤ ਵਿੱਚ ਰਹੂਗਾ,



ਓਨਾ ਚਿਰ ਟੌਹਰ ਨਾਲ ਤੇ ਚੋਟੀ ਦੇ ਨੇਤਿਆਂ ਵਿਚ ਰਹੂਗਾ।

✲ ਹੁਣ ਅਸਲੀ ਸਿੱਖ, ਸ਼ਰਧਾ ਵਾਨ ਨਹੀਂ ਰਹੇ। ਸਿੱਖਾਂ ਵਿਚ ਸਿਆਸਤ ਆ ਵੜੀ। ਆਪਣੇ ਮਤਲਬ ਹੱਲ ਕਰਨ ਲਈ, ਧਰਮ ਨੂੰ ਘੋੜੀ ਬਣਾ ਲਿਆ ਗਿਆ ਹੈ। ਪਹਿਲੇ, ਤੇ ਹੁਣ ਦੇ ਲੀਡਰਾਂ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਆ ਗਿਆ ਹੈ। ਅਸਲੀ ਸਿੱਖ ਸੀ ਬਾਬਾ ਖੜਕ ਸਿੰਘ, ਕੋਈ ਇੱਛਾ ਨਹੀਂ ਸੀ, ਸਿੱਖੀ ਪ੍ਰਤੀ ਪਿਆਰ, ਸਤਿਕਾਰ ਸੀ। ਹੁਣ ਉਹੋ ਜਿਹਾ ਸਿੱਖ ਨਹੀਂ ਲੱਭਦਾ।

✲ ਮੌਤੋਂ ਮੈਨੂੰ ਡਰ ਕੋਈ ਨਹੀਂ, ਜੀ ਚਾਹੇ, ਆਵੇ! ਪਰ ਮੰਜੇ ਤੇ ਪੈ ਕੇ ਮੈਂ ਮਰਨਾ ਨਹੀਂ ਚਾਹੁੰਦਾ।

ਗੁੱਸਾ ਮੈਨੂੰ ਨਹੀਂ ਆਉਂਦਾ, ਜੇ ਆ ਜਾਵੇ ਤਾਂ ਫਿਰ ਮੈਂ ਪਛਤਾਉਣ ਲਗਦਾ ਹਾਂ ਬਈ ਗੁੱਸਾ ਕਾਹਨੂੰ ਲਿਆਂਦਾ!

✲ ਮੈਂ ਸਾਦਾ ਰਹਿੰਨੈ, ਤੇ ਸਾਦੇ ਕੱਪੜੇ, ਫਿੱਕੇ ਰੰਗ ਦੇ ਮੈਨੂੰ ਚੰਗੇ ਲਗਦੇ ਹਨ।

ਮੈਂ ਦਿਨ ਵਿੱਚ ਇੱਕੋ ਰੋਟੀ ਖਾਂਦਾ ਹਾਂ ਪਰਾਉਂਠਾ, ਉਹ ਚਾਹ ਨਾਲ ਤੇ ਆਚਾਰ ਨਾਲ! ਲੱਸੀ, ਚਾਹ, ਦੁੱਧ ਇਹ ਲਗਪਗ ਇੱਕ ਕਿਲੋ ਦੇ ਕਰੀਬ, ਦਿਨ ਵਿੱਚ ਪੀ ਲੈਂਦਾ ਹਾਂ। ਆਂਡਾ- ਮੀਟ ਪਚਦਾ ਨਹੀਂ। ਅਖਬਾਰਾਂ ਪੜ੍ਹੇ ਬਿਨਾਂ ਨਹੀਂ ਰਹਿ ਹੁੰਦਾ। ਕਿਤਾਬਾਂ ਵੀ ਕੋਈ ਪੜ੍ਹ ਲੈਨਾ ਹਾਂ, ਕੋਈ ਮਿੱਤਰ ਪਿਆਰਾ ਭੇਟ ਕਰ ਜਾਂਦਾ ਹੈ।

ਰੇਡੀਓ ਤੋਂ ਖ਼ਬਰਾਂ ਤੇ ਹੋਰ ਪ੍ਰੋਗਰਾਮ ਸੁਣਨਾ ਮੇਰਾ ਸ਼ੌਂਕ ਹੈ। ਕੰਨਾਂ ਤੋਂ ਸੁਣਦਾ ਘੱਟ ਹੈ, ਤੇ ਮਸ਼ੀਨ ਲਾਈ ਹੋਈ ਹੈ। ਛੇ ਮਹੀਨੇ ਕਨੇਡਾ ਰਹਿ ਕੇ ਬਾਕੀ ਫਿਰ ਕੁਝ ਮਹੀਨੇ ਏਧਰ ਨੂੰ ਆ ਜਾਂਦਾ ਹਾਂ। ਜਦੋਂ ਜੀਅ ਕਰੇ ਚਲਾ ਜਾਂਦਾ ਹਾਂ। ਉਥੇ ਮੈਂ ਘਰੇ ਰਹਿੰਦਾ ਹਾਂ। ਇੱਕ ਤਰ੍ਹਾਂ ਦੀ ਮਿੱਠੀ ਕੈਦ ਹੀ ਹੈ।

✲ ਮੈਨੂੰ ਪੱਤਰਕਾਰੀ 'ਚ ਆਮ ਤੌਰ 'ਤੇ ਜਗਜੀਤ ਸਿੰਘ ਆਨੰਦ, ਜਤਿੰਦਰ ਪਨੂੰ, ਗੁਰਬਚਨ ਸਿੰਘ ਭੁੱਲਰ, ਦਲਬੀਰ ਸਿੰਘ, ਹਰਭਜਨ ਹਲਵਾਰਵੀ, ਸੁਰਜੀਤ ਸਿੰਘ ਢਿੱਲੋਂ, ਨਰਿੰਦਰ ਸਿੰਘ ਕਪੂਰ ਵਰਗੇ ਲਿਖਾਰੀ ਚੰਗੇ ਲਗਦੇ ਹਨ। ਸੰਤੋਖ ਸਿੰਘ ਧੀਰ ਦੀ ਮੈਂ ਚੰਗਾ ਲੇਖਕ ਹੋਣ ਕਰਕੇ ਵੀ ਤੇ ਉਸਦੀ ਸਿਰੜੀ ਤੇ ਚੰਗਾ ਮਨੁੱਖ ਹੋਣ ਕਰਕੇ ਵੀ, ਇੱਜ਼ਤ ਕਰਦਾ ਹਾਂ ਉਸ ਨੇ ਬੁਰਾਈਆਂ ਦੇ ਖਿਲਾਫ਼ ਡਟ ਕੇ ਲਿਖਿਆ ਹੈ।

✲ ਬਲਵੰਤ ਰਾਮੂੰਵਾਲੀਆ ਮੇਰਾ ਪੁੱਤ ਵੀ ਹੈ। ਭਰਾ ਵੀ ਤੇ ਯਾਰ ਵੀ ਹੈ। ਹਮ - ਖ਼ਿਆਲੀ ਹਾਂ ਅਸੀਂ।

ਜੇਕਰ ਉਪਰੋਕਤ ਨਿੱਕੀਆਂ - ਨਿੱਕੀਆਂ ਗੱਲਾਂ ਪਾਰਸ ਜੀ ਨੇ ਕੀਤੀਆਂ ਹਨ ਤਾਂ ਸਾਡੀ ਸੰਗੀਤਕ ਅਤੇ ਸਭਿਆਚਾਰਕ ਤੇ ਸਾਹਿਤਕ ਲਹਿਰ ਬਾਰੇ ਵੀ ਪਾਰਸ ਜੀ ਦੀਆਂ ਗੱਲਾਂ ਧਿਆਨ ਮੰਗਦੀਆਂ ਹਨ।

ਕਰਨੈਲ ਸਿੰਘ ਪਾਰਸ ਆਪਣੇ ਪੰਜਾਬ ਦੇ ਬੁੱਧੀਜੀਵੀ ਲੇਖਕਾਂ ਪ੍ਰਤੀ ਚਿੰਤਾਤੁਰ ਹੈ, ਉਹ ਕਹਿੰਦਾ ਹੈ ਕਿ ਕੇਂਦਰੀ ਲੇਖਕ ਸਭਾਵਾਂ ਪੰਜਾਬ ਵਿੱਚ ਦੋ ਹਨ, ਕਿਓਂ? ਇੱਕ ਹੋਣੀ ਚਾਹੀਦੀ ਹੈ। ਜਦੋਂ ਇਹ ਲੇਖਕ ਬੁੱਧੀਜੀਵੀ ਹੀ ਨਹੀਂ ਇਕੱਠੇ ਤਾਂ ਲੋਕਾਂ ਨੂੰ 'ਕੱਠਿਆਂ ਕਰਨ ਲਈ ਇਹ ਕੀ ਉਪਦੇਸ਼ ਦੇਣਗੇ! ਇਹਨਾਂ ਲੋਕਾਂ ਨੇ ਹੀ ਤਾਂ ਆਮ ਲੋਕਾਂ ਨੂੰ ਸਿੱਖਿਆ ਦੇਣੀ ਹੁੰਦੀ ਹੈ। ਪਾਰਸ ਕਹਿੰਦਾ ਹੈ ਕਿ," ਪੰਜਾਬ ਦੇ ਬੁੱਧੀਜੀਵੀਓ! ਕਿਰਪਾ ਕਰੋ, ਇੱਕ ਹੋ ਜਾਓ ਤੇ ਮਾਂ ਬੋਲੀ ਦੀ ਸੇਵਾ ਅਤੇ ਤਰੱਕੀ ਵਿੱਚ ਜੁੱਟ ਜਾਵੋ! ਅੱਜ ਪੰਜਾਬੀ ਮਾਂ ਬੋਲੀ ਦਾ ਹਰ ਪਾਸਿਓਂ ਘਾਣ ਕੀਤਾ ਜਾ ਰਿਹਾ ਹੈ। ਪੰਜਾਬੀ ਮਾਂ ਬੋਲੀ ਮਰਦੀ ਜਾ ਰਹੀ ਹੈ, ਇਸ

ਨੂੰ ਬਚਾ ਲਓ!"

ਸਭਿਆਚਾਰਕ ਜਥੇਬੰਦੀਆਂ ਵਾਲਿਆਂ ਨੂੰ ਪਾਰਸ ਕਹਿੰਦਾ ਹੈ, " ਸਾਡਾ ਮਹਾਨ ਪੰਜਾਬੀ ਸਭਿਆਚਾਰ ਖਤਰੇ ਵਿੱਚ ਹੈ। ਪੱਛਮੀਂ ਪ੍ਰਭਾਵ ਹੇਠ ਪੰਜਾਬੀ ਸਭਿਆਚਾਰ ਬੁਰੀ ਤਰ੍ਹਾਂ ਆ ਚੁੱਕਾ ਹੈ। ਇਸ ਨੂੰ ਬਚਾਇਆ ਜਾਵੇ!"

" ਚਿੱਤਰਕਾਰੀ, ਸੰਗੀਤ, ਰਾਗ ਤੇ ਕਵਿਤਾ ਇਹ ਕਲਾਵਾਂ ਸਦਾ ਅਮਰ ਰਹਿਣ ਵਾਲੀਆਂ ਹਨ ਅਤੇ ਇਹਨਾਂ ਦੇ ਰੰਗ, ਸਮੇਂ- ਸਮੇਂ ਅਨੁਸਾਰ ਬਦਲਦੇ ਰਹਿੰਦੇ ਹਨ।"

## ਸੋਹਣ ਸਿੰਘ ਸ਼ੀਤਲ ਜੀ ਬਾਰੇ

ਇਕ ਮਹਾਨ ਅਤੇ ਯੁੱਗ ਪੁਰਸ਼ ਸੋਹਣ ਸਿੰਘ ਸ਼ੀਤਲ ਜੀ ਬਾਰੇ ਕੁਝ ਸ਼ਬਦ ਲਿਖਣ ਦਾ ਮਾਣ ਮਹਿਸੂਸ ਕਰ ਰਿਹਾ ਹਾਂ, ਕਿੱਤੇ ਵਜੋਂ ਉਹ ਮੇਰੇ ਸਮਕਾਲੀ ਸਨ ਬਹੁਤ ਵਾਰੀ ਸਾਨੂੰ ਇੱਕਠਿਆਂ ਵੱਡੀਆਂ-ਵੱਡੀਆਂ ਸਟੇਜਾਂ 'ਤੇ ਬੋਲਣ ਦਾ ਮੌਕਾ ਮਿਲਦਾ ਰਿਹਾ ਹੈ। ਉਹ ਬੜੇ ਖੁਸ਼-ਦਿਲ ਅਤੇ ਖੁਲ੍ਹੇ ਸੁਭਾਅ ਵਾਲੇ ਪੁਰਸ਼ ਸਨ। ਮਿਹਨਤੀ ਅਤੇ ਸਿਰੜੀ ਹੋਣ ਕਰਕੇ ਆਪਣੇ ਜੀਵਨ ਵਿੱਚ ਆਪਣੇ ਉਦੇਸ਼ ਦੀ ਪ੍ਰਾਪਤੀ 'ਚ ਸਫ਼ਲਤਾ ਦੀ ਟੀਸੀ ਨੂੰ ਛੋਹਿਆ ਹੈ।

ਆਪ ਜੀ ਸਿਖ ਇਤਿਹਾਸ ਦੇ ਵੱਡੇ ਖੋਜੀਆਂ ਵਿੱਚ ਇੱਕ ਸਨ। ਸਿੱਖ ਇਤਿਹਾਸ ਬਾਰੇ ਬਹੁਤ ਕਿਤਾਬਾਂ ਲਿਖਕੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਉਚਾ ਸਥਾਨ ਪਰਾਪਤ ਕੀਤਾ। ਆਪ ਇਕੋਂ ਸਮੇਂ ਖੋਜੀ, ਇਤਿਹਾਸ ਕਾਰ, ਸ਼ਾਇਰ ਅਤੇ ਪਰਚਾਰਕ ਸਨ। ਪੌਣੀ ਸਦੀ ਤੋਂ ਉਪਰ ਭਾਰਤ ਦੀਆਂ ਧਾਰਮਕ ਸਟੇਜਾਂ 'ਤੇ ਸਿੱਖੀ ਦਾ ਪ੍ਰਚਾਰ ਕੀਤਾ ਵੰਡ ਤੋਂ ਪਹਿਲਾਂ ਉਹ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਈ ਰਾਜ ਦੇ ਕੱਟੜ ਸਮਰਥਕ ਸਨ-ਸਟੇਜਾਂ ਉਪਰ ਸੰਗਤ ਤੋਂ ਹੱਥ ਖੜ੍ਹੇ ਕਰਵਾਕੇ ਇਸ ਦੇ ਹੱਕ ਵਿੱਚ ਜੈ ਕਾਰੇ ਛਡਵਾਇਆ ਕਰਦੇ ਸਨ। ਪਰੰਤੂ ਵੰਡ ਤੋਂ ਬਾਅਦ ਆਪ ਅਜੋਕੇ ਲੋਕ ਰਾਜ ਦੇ ਹੱਕ ਵਿੱਚ ਹੋ ਗਏ।

ਢਾਡੀਆਂ-ਰਾਗੀਆਂ ਤੇ ਕਵੀਸ਼ਰਾਂ ਵਿਚੋਂ ਆਪ ਸਭ ਤੋਂ ਵੱਧ ਪੜ੍ਹੇ ਲਿਖੇ ਸੂਝਵਾਨ ਅਤੇ ਸਿਆਣੇ ਸਨ। ਉਨ੍ਹਾ ਨੇ ਸਿਖ ਧਰਮ ਬਾਰੇ ਅਨੇਕਾਂ ਵਿਸ਼ਿਆਂ ਉਪਰ ਵਾਰਾਂ ਲਿਖੀਆਂ। ਸਟੇਜ ਦੇ ਧਨੀਂ ਸਨ ਅਤੇ ਸਰੋਤਿਆਂ ਨੂੰ ਕੀਲ ਕੇ ਰਖ ਲੈਂਦੇ ਸਨ। ਆਪ ਜੀ ਦੀ ਚਰਨ ਛੋਹ ਸੈਂਕੜੇ ਪ੍ਰਾਪਤ ਕਰਕੇ ਸੈਂਕੜੇ ਰਾਗੀ, ਢਾਡੀ, ਕਵੀਸ਼ਰ ਤੇ ਪਰਚਾਰਕ ਆਪਣੀ ਰੋਜ਼ੀ ਰੋਟੀ ਕਮਾ ਰਹੇ ਹਨ। ਸ਼ੀਤਲ ਸਾਹਿਬ ਦੀ ਮੌਤ ਨਾਲ ਸਿਖ ਪਰਚਾਰਕ ਭਾਈਚਾਰੇ ਵਿੱਚ ਬਹੁਤ ਵੱਡਾ ਖਿਲਾਅ ਪਿਆ ਹੈ। ਜਿਸਨੂੰ ਪੂਰਾ ਕਰਨਾ ਸੌਖਾ ਨਹੀ।

## ਲਾਲ ਚੰਦ ਯਮਲਾ ਜੱਟ ਜੀ ਬਾਰੇ

ਲਾਲ ਚੰਦ ਯਮਲਾ ਜੱਟ ਮੇਰਾ ਨਿੱਘਾ ਤੇ ਨੇੜਲਾ ਦੋਸਤ ਸੀ। ਟਰਾਂਟੋ ਮੇਰੇ ਕੋਲ ਤਿੰਨ ਮਹੀਨੇ ਰਿਹਾ। ਉਸਦੀ ਤੂੰਬੀ ਸੁਣ ਕੇ ਮੈਂ ਬੜਾ ਆਨੰਦ ਲਿਐ, ਉਸ ਨੇ ਇੱਕ-ਤਾਰੇ ਦੇ ਆਸਰੇ ਬੇਅੰਤ ਲੋਕਾਂ ਦੇ ਮਨਾਂ 'ਤੇ ਰਾਜ ਕੀਤਾ। ਉਸਦੀ ਸਾਰੀ ਰਚਨਾ ਉੱਚ ਪਾਏ ਤੇ ਪੰਜਾਬੀ ਸਭਿਆਚਾਰ ਦਾ ਵੱਡਾ ਸਰਮਾਇਆ ਹੈ। ਯਮਲਾ ਜੱਟ ਇੱਕ ਦਰਵੇਸ਼ ਤੇ ਪਹੁੰਚਿਆ ਹੋਇਆ ਨੇਕ ਮਨੁੱਖ ਸੀ। ਉਹ ਹਮੇਸ਼ਾ ਸਾਫ਼ ਸੁਥਰੀ ਗਾਇਕੀ ਹੀ ਗਾਉਂਦਾ ਰਿਹਾ ਅਤੇ ਆਪਣੀ ਜ਼ਿੰਦਗੀ ਵਿੱਚ ਉਸ ਨੇ ਕਲਾ ਦੇ ਪੱਖ ਤੋਂ ਕਿਸੇ ਨਾਲ ਕੋਈ ਸਮਝੌਤਾ



ਨਹੀਂ ਕੀਤਾ। ਇਹੋ ਜਿਹੇ ਮਨੁੱਖ ਮਹਾਨ ਹੁੰਦੇ ਹਨ ਅਤੇ ਸਾਰੀ ਦੁਨੀਆਂ ਉਨ੍ਹਾਂ ਨੂੰ ਮਾਣ ਸਤਿਕਾਰ ਦਿੰਦੀ ਹੋਈ ਹਮੇਸ਼ਾ ਚੇਤੇ ਕਰਦੀ ਰਹਿੰਦੀ ਹੈ। ਲਾਲ ਚੰਦ ਯਮਲਾ ਜੱਟ ਮਹਾਨ ਕਲਾਕਾਰ ਸੀ।

✲✲✲

# ਮਾਣ-ਸਨਮਾਨ

ਕਰਨੈਲ ਸਿੰਘ ਪਾਰਸ ਨੂੰ ਉਸਦੇ ਚਹੇਤਿਆਂ-ਸਰੋਤਿਆਂ ਵੱਲੋਂ ਜੋ ਮਾਣ-ਸਨਮਾਨ ਹਾਸਲ ਹੋਇਆ ਹੈ, ਉਸ ਅਨੁਸਾਰ, "ਉਸਦੀ ਕੋਈ ਕੀਮਤ ਨਹੀਂ ਹੈ।" ਇਸ ਸਨਮਾਨ ਨੂੰ ਉਹ ਅਣਮੁੱਲਾ ਸਨਮਾਨ ਕਹਿੰਦਾ ਹੈ ਜੋ ਲੱਖਾਂ, ਕਰੋੜਾਂ ਜਾਂ ਅਰਬਾਂ, ਖਰਬਾਂ ਵਿੱਚ ਵੀ ਹਾਸਲ ਨਹੀਂ ਹੁੰਦਾ। ਜਿਸ ਨੇ ਦੁਨੀਆਂ ਜਿੱਤ ਲਈ, ਸਮਝੋ! ਸਭ ਤੋਂ ਵੱਡਾ ਸਨਮਾਨ ਹਾਸਲ ਕਰ ਲਿਆ।

ਪਾਰਸ ਦੱਸਦਾ ਹੈ, "ਜਦੋਂ ਸਿਆਣੀ-ਸਿਆਣੀ ਉਮਰ ਦੇ ਲੋਕ ਉਹਦੇ ਗੋਡੀਂ ਹੱਥ ਲਾ ਕੇ ਆਖਦੇ ਹਨ ਕਿ "ਪਾਰਸ ਜੀ ਅਸੀਂ ਤਾਂ ਬਚਪਨ ਤੋਂ ਈ ਥੋਡੇ ਪ੍ਰਸ਼ੰਸਕ ਆਂ ਤੇ ਥੋਡੇ ਭਰੇ ਰਿਕਾਰਡ ਸੁਣ-ਸੁਣ ਕੇ ਧੀਆਂ ਪੁੱਤਾਂ ਵਾਲੇ ਤੇ ਫਿਰ ਅੱਗੇ ਪੋਤਿਆਂ-ਦੋਹਤਿਆਂ ਵਾਲੇ ਹੋ ਗਏ ਆਂ।" ਤਾਂ ਪਾਰਸ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਹਿੰਦਾ ਤੇ ਉਸ ਨੂੰ ਇਉਂ ਜਾਪਦਾ ਹੈ ਕਿ ਇਹੋ ਹੀ ਉਸਦਾ ਅਸਲੀ ਸਨਮਾਨ ਹੈ ਜੋ ਬਹੁਤ ਹੀ ਵਿਰਲੇ-ਟਾਂਵੇ ਲੋਕਾਂ ਦੇ ਹਿੱਸੇ ਵਿੱਚ ਆਉਂਦਾ ਹੈ।

ਅੱਜ ਦੇ ਜ਼ਮਾਨੇ ਵਿੱਚ ਬਹੁਤ ਸਾਰੇ ਅਦੀਬ ਲੋਕ 'ਸਨਮਾਨ' ਦੇ ਸਹੀ ਮਾਅ੍ਨੇ ਜਾਣਦੇ ਹੀ ਨਹੀਂ ਹਨ ਤੇ ਉਹ ਇਹ ਗੱਲ ਭੁੱਲ ਕੇ, ਜਿਵੇਂ ਆਪਣਾ 'ਅਪਮਾਨ' ਹੀ ਕਰਵਾ ਰਹੇ ਹਨ, ਜਿਵੇਂ ਕਿ ਕਈ ਸਾਰੀਆਂ ਸੰਸਥਾਵਾਂ ਜਿਸ ਕਿਸੇ ਅਦੀਬ ਨੂੰ ਸਨਮਾਨਿਤ ਕਰਦੀਆਂ ਹਨ ਤਾਂ ਉਸ ਤੋਂ, ਉਸਨੂੰ ਸਨਮਾਨ ਵਿੱਚ ਦਿੱਤੀ ਜਾਣ ਵਾਲੀ ਰਾਸ਼ੀ ਜਾਂ ਹੋਰ ਸਮਾਨ ਵਗੈਰਾ ਪਹਿਲੋਂ ਈ ਵਸੂਲ ਕਰ ਲੈਂਦੀਆਂ ਹਨ, ਇਹ ਕਿੱਧਰਲਾ ਸਨਮਾਨ ਹੈ ਭਲਾ?

ਕਈ ਸਭਿਆਚਾਰਕ, ਸਮਾਜਿਕ ਤੇ ਸਾਹਿਤਕ ਸੰਸਥਾਵਾਂ ਅਜਿਹੀਆਂ ਹਨ ਜੋ ਇਹੋ ਜਿਹੇ ਸਨਮਾਨ ਸਮਾਰੋਹ ਕਰਦੀਆਂ ਕਰਵਾਉਂਦੀਆਂ ਰਹਿੰਦੀਆਂ ਹਨ। ਅੱਜ ਕੱਲ੍ਹ

ਤਾਂ ਸਨਮਾਨ ਰਹਿ ਈ ਨਹੀਂ ਗਿਆ। ਮੂੰਹ-ਮੁਲਾਹਜ਼ੇ ਪਾਲਣ, ਯਾਰੀਆਂ ਪੁਗਾਉਣ ਤੇ ਆਪੋ ਆਪਣੇ ਕੰਮ ਸੰਵਾਰਣ ਲਈ ਸਨਮਾਨ ਕਰੇ-ਕਰਾਏ ਜਾਂਦੇ ਹਨ। ਹੁਣ ਕਲਾ ਦੀ ਕੋਈ ਪਛਾਣ ਨਹੀਂ ਰਹੀ, ਅਸਲੀ ਕਲਾਕਾਰ ਦਾ ਸਨਮਾਨ ਨਹੀਂ ਹੋ ਰਿਹਾ ਸਗੋਂ ਅਸਲੀ ਕਲਾਕਾਰ ਦਾ ਅਪਮਾਨ ਹੋ ਰਿਹਾ ਹੈ।

ਕਿਸੇ ਵੀ ਸਭਿਆਚਾਰਕ ਮੇਲੇ ਜਾਂ ਸਨਮਾਨ ਸਮਾਗਮ ਵਿੱਚ ਚਲੇ ਜਾਓ ਤਾਂ ਹਰੇਕ "ਲੱਲੀ ਛੱਲੀ" ਨੂੰ "ਟਊਆ" (ਮੋਮੈਂਟੋ) ਫੜ੍ਹਾ ਦਿੱਤਾ ਜਾਂਦਾ ਹੈ। ਕਈ ਪ੍ਰਬੰਧਕ ਤਾਂ ਅਜਿਹੇ ਵੀ ਹਨ ਜੋ ਸਿਰੋਪੇ ਵੰਡਣ ਲਈ ਇਕੱਠੇ ਹੀ ਥਾਨ ਲਿਆ ਕੇ ਸਟੇਜ ਉੱਪਰ ਧਰ ਲੈਂਦੇ ਹਨ ਤੇ ਥਾਨ ਨਾਲੋਂ ਕੱਟ-ਕੱਟ ਕੇ ਸਿਰੋਪੇ ਹਰੇਕ ਦੇ ਈ ਗਲ ਵਿੱਚ ਪਾਈ ਤੁਰੇ ਜਾਂਦੇ ਹਨ...। ਜਿੱਥੇ ਉੱਚੇ ਕਲਾਕਾਰ ਜਾਂ ਉੱਚੇ ਲਿਖਾਰੀ ਦਾ ਸਨਮਾਨ ਹੁੰਦਾ ਹੈ ਉੱਥੇ ਹੀ, ਉਦੋਂ ਹੀ, ਉਸੇ ਪ੍ਰੋਗਰਾਮ ਵਿੱਚ ਟੈਂਟ ਲਾਉਣ ਆਏ "ਮੁੰਡੂ" ਜਾਂ ਕਲੀ ਵਿਛਾਉਣ ਵਾਲੇ ਜਾਂ ਸਾਊਂਡ ਸਿਸਟਮ ਲਾਉਣ ਵਾਲੇ ਦਾ ਸਨਮਾਨ ਵੀ ਉਸੇ "ਟਊਏ" ਨਾਲ ਹੀ ਕੀਤਾ ਜਾਂਦਾ ਹੈ, ਇਹ ਗੱਲ ਕਈ ਵਾਰੀ ਵੇਖਣ ਵਿੱਚ ਆਈ ਹੈ।

ਫਿਰ ਇਉਂ ਇੱਕ "ਉੱਚੇ ਕਲਾਕਾਰ" ਤੇ "ਲੱਲੀ ਛੱਲੀ" ਵਿੱਚ ਫਰਕ ਹੀ ਕੀ ਰਹਿ ਗਿਆ ?

ਉਪਰੋਕਤ ਵਿਚਾਰ ਪ੍ਰਗਟਾਉਣ ਵਾਲੇ ਸ੍ਰ. ਕਰਨੈਲ ਸਿੰਘ ਪਾਰਸ ਕੋਲ ਜਦੋਂ ਵੀ ਕੋਈ ਸਭਾ ਸੁਸਾਇਟੀ ਵਾਲੇ ਆਣ ਕੇ ਕਹਿੰਦੇ ਹਨ ਕਿ ਪਾਰਸ ਜੀ ਅਸੀਂ ਤੁਹਾਡਾ ਸਨਮਾਨ ਕਰਨਾ ਹੈ ਤਾਂ ਪਾਰਸ ਛੇਤੀ ਕੀਤਿਆਂ "ਹਾਂ" ਨਹੀਂ ਕਰਦਾ।

ਜਦੋਂ ਤੋਂ ਪਾਰਸ ਕਨੇਡਾ ਗਿਆ ਹੈ ਉਥੋਂ ਦੀਆਂ ਕਈ ਸਭਾਵਾਂ-ਸੰਸਥਾਵਾਂ ਨੇ ਉਸ ਨੂੰ ਸਨਮਾਨਿਤ ਕੀਤਾ ਹੈ।

1998 ਵਿੱਚ ਪੰਜਾਬੀ ਸੱਥ ਲਾਂਬੜਾ (ਜਲੰਧਰ) ਵੱਲੋਂ ਉਸ ਨੂੰ ਕਵੀਸ਼ਰੀ ਦੇ ਖੇਤਰ ਵਿੱਚ ਵਡਮੁੱਲੀ ਦੇਣ ਬਦਲੇ "ਬਾਬੂ ਰੱਜਬ ਅਲੀ ਪੁਰਸਕਾਰ" ਨਾਲ ਸਨਮਾਨਿਤ ਕੀਤਾ ਗਿਆ। ਕਵੀਸ਼ਰ ਬਲਵੰਤ ਸਿੰਘ ਪਮਾਲ ਯਾਦਗਾਰੀ ਮੇਲਾ ਅਤੇ ਢਾਡੀ ਅਮਰ ਸਿੰਘ ਸ਼ੌਂਕੀ ਮੇਲਾ ਮਾਹਲਪੁਰ, ਤਰਕਸ਼ੀਲ ਮੇਲਾ ਜ਼ੀਰਾ, ਸਮੇਤ ਕਈਆਂ ਹੋਰਾਂ ਸਮਾਗਮਾਂ ਵਿੱਚ ਪਾਰਸ ਨੂੰ ਸਮੇਂ-ਸਮੇਂ ਸਿਰ ਸਨਮਾਨਿਤ ਕੀਤਾ ਗਿਆ ਹੈ।

**ਸ਼੍ਰੋਮਣੀ ਕਵੀਸ਼ਰ ਪੁਰਸਕਾਰ** :- ਪੰਜਾਬ ਸਰਕਾਰ ਦੇ ਮਹਿਕਮੇ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵੱਲੋਂ 1985 ਵਿੱਚ ਕਰਨੈਲ ਸਿੰਘ ਪਾਰਸ ਨੂੰ ਸ਼੍ਰੋਮਣੀ ਪੰਜਾਬੀ ਕਵੀਸ਼ਰ ਦੇ ਤੌਰ 'ਤੇ ਸਨਮਾਨਿਤ ਕੀਤਾ ਗਿਆ। ਕਨੇਡਾ 'ਚੋਂ ਨਾ ਆ ਸਕਣ ਕਾਰਨ, ਪਾਰਸ ਦੀ ਗ਼ੈਰ ਹਾਜ਼ਰੀ 'ਚ ਇਹ ਸਨਮਾਨ ਉਸ ਦੀ ਬੇਟੀ ਪ੍ਰੋ. ਕਰਮਜੀਤ ਕੌਰ (ਸੰਗਰੂਰ) ਨੇ ਪ੍ਰਾਪਤ ਕੀਤਾ।

ਪੰਜਾਬ ਸਰਕਾਰ ਦੇ ਮਹਿਕਮੇ ਭਾਸ਼ਾ ਵਿਭਾਗ ਵੱਲੋਂ ਕਰਨੈਲ ਸਿੰਘ ਪਾਰਸ ਨੂੰ ਦਿੱਤੇ ਗਏ ਸਨਮਾਨ ਪੱਤਰ ਦੀ ਕਾਪੀ :

✲✲✲



# ਪਾਰਸ - ਰਚਨਾਵਲੀ

## (1) ਰਿਕਾਰਡ ਰਚਨਾ

ਐਚ. ਐਮ. ਵੀ. ਕੰਪਨੀ ਵੱਲੋਂ ਸੰਨ 1954 ਦੌਰਾਨ ਕਰਨੈਲ ਸਿੰਘ ਪਾਰਸ ਤੇ ਉਸਦੇ ਸਾਥੀਆਂ ਰਣਜੀਤ ਸਿੰਘ ਸਿੱਧਵਾਂ ਅਤੇ ਚੰਦ ਸਿੰਘ ਜੰਡੀ ਦੀਆਂ ਅਵਾਜ਼ਾਂ ਵਿਚ ਕੁੱਲ 22 ਰਿਕਾਰਡ ਹੋਏ, ਜਿੰਨ੍ਹਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

1. ਕਿਓਂ ਫੜੀ ਸਿਪਾਹੀਆਂ ਨੇ ਭੈਣੋਂ ਇਹ ਹੰਸਾਂ ਦੀ ਜੋੜੀ........
2. ਹੈ ਆਉਣ ਜਾਣ ਬਣਿਆ ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ......
3. ਗਈ ਥਲ ਵਿਚ ਭੁੜਥਾ ਹੋ ਸੱਸੀ
   ਪੁੰਨਣਾ-ਪੁੰਨਣਾ ਕਰਦੀ.........
4. ਸੱਸੀ ਦੀ ਮਾਂ ਆਖੇ ਧੀਏ
   ਇਸ਼ਕ ਹੈ ਬੁਰੀ ਬਿਮਾਰੀ........
5. ਦਸਵੇਂ ਪਿਤਾ ਗੁਰੂ ਗੋਬਿੰਦ ਸਿੰਘ ਨੇ
   ਵਾਰੇ ਚਾਰ ਦੁਲਾਰੇ.........
6. ਘਰ- ਘਰ ਫੇਰਾ ਪਾ ਕੇ
   ਬਾਬੇ ਨਾਨਕ ਨੇ ਜੱਗ ਤਾਰਿਆ..........
7. ਗੁੱਝੇ ਨੇਤਰ ਨਹੀਂ ਰਹਿੰਦੇ
   ਠੱਗ ਚੋਰ ਯਾਰ ਦੇ........
8. ਦੱਸ ਬੋਲ ਜ਼ੁਬਾਨੋ ਨੀਂ
   ਬੱਕੀਏ ਕਿੱਥੇ ਆ ਮਿਰਜ਼ਾ ਮੇਰਾ..........
9. ਮੈਂ ਨੀ ਜਾਣਾ ਬੁੱਢੇ ਖੋਲੇ ਦੇ
10. ਮੰਨ ਲੈ ਅਰਜ਼ ਪਤੀ ਜੀ ਮੇਰੀ.........
11. ਹੁਣ ਜਾਂਦੀ ਵਾਰੀ ਦੀ
    ਦੇ ਲਾਂ ਪੂਰਨ ਪੁੱਤ ਨੂੰ ਲੋਰੀ...........
12. ਰਾਮ ਜਿੰਨ੍ਹਾਂ ਦਾ ਰਾਖਾ ਹੋਵੇ
    ਵਾ ਨਾ ਲੱਗੇ ਤੱਤੀ.........

13. ਤੇਰੇ ਹੇਠ ਜੰਡੋਰਿਆ ਵੇ ਮੈਂ ਹੋਗੀ ਰੰਡੀ..........
14. ਭੱਜ ਦਾਨਾ ਬਾਦ ਚੱਲੀਏ
ਮਿਰਜ਼ਿਆ ਚੜ੍ਹੀਆਂ ਆਉਂਦੀਆਂ ਵਾਰਾਂ.......
15. ਜੱਗ ਜੰਕਸ਼ਨ ਰੇਲਾਂ ਦਾ
ਗੱਡੀ ਇੱਕ ਆਵੇ ਇੱਕ ਜਾਵੇ...........
16. ਲਗਦੇ ਰਹਿਣ ਖੁਸ਼ੀ ਦੇ ਮੇਲੇ
ਮਿਲਦੀਆਂ ਰਹਿਣ ਵਧਾਈਆਂ..........
17. ਸਾਨੂੰ ਸਿੱਖੀ ਨਾਲੋਂ ਸਿਦਕ ਪਿਆਰਾ ਹੈ.............
18. ਕਲਗੀਧਰ ਦੇ ਲਾਡਲੇ ਪਾ ਗਏ ਸ਼ਹੀਦੀ........
19. ਅੱਜ ਨਜ਼ਰੀਂ ਆਉਂਦੇ ਨਾ
ਸੁਆਮੀ ਚਾਰ ਜਿਗਰ ਦੇ ਟੋਟੇ.........
20. ਦੇਸ਼ ਕੌਮ ਤੇ ਧਰਮ ਵਾਸਤੇ
ਵਾਰ ਦਿੱਤੇ ਪੁੱਤ ਚਾਰੇ........
21. ਬਣ ਜਾ ਕੌਲਾਂ ਅੱਜ ਤੂੰ ਮੇਰੀ ਰਾਣੀ..........
22. ਤਾਜ ਤਖ਼ਤ ਦੇ ਬਾਦਸ਼ਾਹ
ਨਾ ਮੈਂ ਮਾਰਾਂ ਛਿੱਤਰ....

ਉਪਰੋਕਤ ਕਵੀਸ਼ਰੀਆਂ 'ਚੋਂ ਕੁਝ ਨੂੰ ਪਾਰਸ ਅਤੇ ਉਸਦੇ ਸਾਥੀਆਂ ਤੋਂ ਇਲਾਵਾ ਬਲਵੰਤ ਸਿੰਘ ਰਾਮੂੰਵਾਲੀਆ ਨੇ ਆਪਣੇ ਸਾਥੀਆਂ ਸਮੇਤ ਰਿਕਾਰਡ ਵੀ ਕਰਵਾਇਆ ਤੇ ਮੰਚਾਂ 'ਤੇ ਗਾਉਣ ਤੋਂ ਇਲਾਵਾ ਕੁਝ ਰਚਨਾਵਾਂ ਹਰਭਜਨ ਮਾਨ ਤੇ ਗੁਰਸੇਵਕ ਮਾਨ ਨੇ ਰਿਕਾਰਡ ਕਰਵਾਈਆਂ ਹਨ, ਜਿਨ੍ਹਾਂ ਦਾ ਵਿਸਤਰਿਤ ਵੇਰਵਾ ਅੱਗੇ ਆਵੇਗਾ।

ਕਰਨੈਲ ਸਿੰਘ ਪਾਰਸ ਦੀਆਂ ਇਕੱਠੀਆਂ ਸੱਤ ਰਚਨਾਂਵਾਂ ਦਾ ਸੰਗੀਤ ਨਾਲ ਗਾਇਨ ਲੋਕ ਗਾਇਕ ਹਰਭਜਨ ਮਾਨ ਦੁਆਰਾ ਆਪਣੀ ਪਲੇਠੀ ਕੈਸਿਟ 'ਇਸ਼ਕ ਦੇ ਮਾਮਲੇ' ਵਿੱਚ ਕੀਤਾ ਗਿਆ ਸੀ। ਐਚ. ਐਮ. ਵੀ. ਕੰਪਨੀ ਵੱਲੋਂ 1985 ਦੌਰਾਨ ਕੈਨੇਡਾ ਵਿੱਚ ਰਲੀਜ਼ ਕੀਤੀ ਗਈ ਇਸ ਕੈਸਿਟ ਦਾ ਸੰਗੀਤ ਗੋਪਾਲ ਖੰਨਾ ਨੇ ਦਿੱਤਾ। ਹਰਭਜਨ ਮਾਨ ਦੀ ਆਯੂ ਛੋਟੀ ਹੋਣ ਕਾਰਨ, ਤੇ ਉਸਦੀ ਹੁਣ ਦੀ ਅਵਾਜ਼ ਜਿਵੇਂ ਹੁਣ ਪੱਕ ਚੁੱਕੀ ਹੈ, ਤੇ ਉਸ ਸਮੇਂ ਦੀ ਅਵਾਜ਼ ਵਿੱਚ ਬੜਾ ਫਰਕ ਲੱਗਦਾ ਹੈ, ਉਂਜ ਸੰਗੀਤ ਤੇ ਰਚਨਾਵਾਂ ਉੱਚ ਪੱਧਰ ਦੀਆਂ ਹੋਣ ਕਾਰਨ ਹਰਭਜਨ ਮਾਨ ਦੀ ਅਵਾਜ਼ ਉਸਦੇ ਸੁਰੀਲਾ ਗਾਇਕ ਹੋਣ ਦੇ ਪ੍ਰਮਾਣ ਦਿੰਦੀ ਹੈ, ਹਰਭਜਨ ਮਾਨ ਦੀ ਗਾਇਕੀ ਸੁਣ ਕੇ ਇੰਝ ਜਾਪਦਾ ਹੈ ਜਿਵੇਂ 'ਪਾਲੀ ਪਾਣੀ ਖੂਹ ਤੋਂ ਭਰੇ', ਗੀਤ ਵਾਲਾ ਗਾਇਕ ਗੁਰਪਾਲ ਸਿੰਘ ਪਾਲ ਨਵਾਂ-ਨਵਾਂ ਗਾਉਣ ਲੱਗਿਆ ਹੈ।

ਕੈਸਿਟ ਵਿੱਚ ਪਾਰਸ ਦੀਆਂ ਸਾਰੀਆਂ ਰਚਨਾਵਾਂ ਹੀ ਚੜ੍ਹਦੀਆਂ ਤੋਂ ਚੜ੍ਹਦੀਆਂ ਹਨ। ਜਿਵੇਂ ਕੈਸਿਟ ਦੇ ਟਾਈਟਲ "ਇਸ਼ਕ ਦੇ ਮਾਮਲੇ" ਨੂੰ ਧਿਆਨ ਗੋਚਰੇ ਰੱਖ ਕੇ ਹੀ ਇਸ਼ਕ ਨਾਲ ਸਬੰਧਤ ਗੀਤ ਹਨ। ਜਿਵੇਂ:

1. ਹੁੰਦੇ ਇਸ਼ਕ ਦੇ ਮਾਮਲੇ ਅਵੱਲੇ ਸੱਜਣਾ
2. ਸੱਸੀ ਦੀ ਮਾਂ ਆਖੇ ਧੀਏ
ਇਸ਼ਕ ਹੈ ਬੁਰੀ ਬਿਮਾਰੀ



3. ਪੁੰਨੂੰ ਦੀ ਤਸਵੀਰ
ਤੂੰ ਵੀ ਬੋਲੇਂ ਨਾ
ਤਪਦੇ ਨੇ ਹੱਡ ਚੁੱਲ੍ਹੇ ਡਹਿਣੇ
ਭੱਠ 'ਚ ਪਾਵਾਂ, ਕੱਪੜੇ ਗਹਿਣੇ
ਦੱਸ ਨੀਂ ਕੋਈ ਗੂੰਗੀ ਭੈਣੇਂ
ਭੈਣੇਂ, ਮਿਲਣੇ ਦੀ ਤਦਬੀਰ
ਤੂੰ ਵੀ ਬੋਲੇਂ ਨਾ......
4. ਤੈਨੂੰ ਯਾਦ ਕਰਾਂ ਵੇ ਰਾਝਿਆਂ
ਹਰ ਚਰਖੀ ਦੇ ਗੇੜੇ
5. ਜਾਣਾ ਸੀ ਜੇ ਪਰਦੇਸ ਨੂੰ
ਕਾਹਨੂੰ ਲਈਆਂ ਸੀ ਚੰਦਰਿਆ ਲਾਵਾਂ
6. ਦਿੱਲੀ ਮੇਰੀ ਅੱਡੀ
7. ਦਾਲ ਚ' ਕਾਲ਼ਾ

ਕਰਨੈਲ ਸਿੰਘ ਪਾਰਸ ਦੀਆਂ ਰਚਨਾਵਾਂ ਦਾ ਗਾਇਨ ਹਰਭਜਨ ਮਾਨ ਨੇ ਸਫ਼ਲਤਾ ਪੂਰਵਕ ਤਾਂ ਕੀਤਾ ਹੈ ਸਗੋਂ ਇਹ ਵੀ ਸਿੱਧ ਕੀਤਾ ਹੈ ਕਿ ਪਾਰਸ ਦੀਆਂ ਰਚਨਾਵਾਂ ਸੰਗੀਤ 'ਚ ਗਾਉਣੀਆਂ ਸੰਭਵ ਕਾਰਜ ਹੈ।

ਲਗਦੇ ਰਹਿਣ ਖੁਸ਼ੀ ਦੇ ਮੇਲੇ
ਮਿਲਦੀਆਂ ਰਹਿਣ ਵਧਾਈਆਂ......

ਇਹ ਰਚਨਾ ਪਾਰਸ ਤੇ ਉਸਦੇ ਸਾਥੀਆਂ ਦੀ ਰਿਕਾਰਡ ਕਰਵਾਈ ਬਹੁਤ ਪ੍ਰਸਿੱਧ ਹੋਈ ਸੀ। ਹੁਣ ਦੇ ਸਮਰੱਥਾਵਾਨ ਤੇ ਸੁਰੀਲੇ ਗਾਇਕ ਬਲਕਾਰ ਸਿੱਧੂ ਨੇ ਆਪਣੀ ਕੈਸਿਟ ਦਾ ਟਾਈਟਲ ਹੀ 'ਮਿਲਦੀਆਂ ਰਹਿਣ ਵਧਾਈਆਂ' ਰੱਖ ਕੇ ਇਹੋ ਗੀਤ ਰਿਕਾਰਡ ਕਰਵਾਇਆ ਜੋ ਬੜਾ ਸਲਾਹਿਆ ਗਿਆ। ਬਲਕਾਰ ਸਿੱਧੂ ਨੇ ਇਸ ਗੀਤ ਦਾ ਗਾਇਨ ਕਰਦਿਆਂ ਕਈ ਪੱਖਾਂ ਨੂੰ ਧਿਆਨ 'ਚ ਰੱਖਿਆ ਜਿਵੇਂ ਕਿ ਗਾਇਨ ਕਰਨ 'ਚ ਢਾਡੀ ਰੰਗ ਬਰਕਰਾਰ ਰੱਖਿਆ ਹੈ ਤੇ ਸਾਰੰਗੀ ਦੀ ਵਰਤੋਂ ਵੀ ਕੀਤੀ ਹੈ। ਬਲਕਾਰ ਦੇ ਨਾਲ ਕੋਰਸ ਵਜੋਂ ਉਸਦੇ ਸਾਥੀਆਂ ਨੇ ਵੀ ਸਫ਼ਲ ਭੂਮਿਕਾ ਅਦਾ ਕੀਤੀ ਹੈ। ਇਸ ਗੀਤ ਨੂੰ ਬਹੁਤ ਪ੍ਰਸਿੱਧੀ ਮਿਲੀ ਹੈ, ਉਹ ਆਮ ਹੀ ਵਿਆਹ-ਸ਼ਾਦੀਆਂ ਤੇ ਖੁਸ਼ੀ ਭਰੇ ਸਮਾਗਮਾਂ 'ਤੇ ਇਸ ਗੀਤ ਦਾ ਗਾਇਨ ਖੁਸ਼ੀ-ਖੁਸ਼ੀ ਨਾਲ ਕਰਦਾ ਹੈ ਤੇ ਕਈ ਵਾਰ ਸਰੋਤੇ ਆਪ ਵੀ ਸਪੈਸ਼ਲ ਤੌਰ ਤੇ ਫਰਮਾਇਸ਼ ਕਰਕੇ ਉਸ ਤੋਂ ਇਹ ਗੀਤ ਸੁਣਦੇ ਹਨ।

ਸਾਗਾ ਕੈਸਿਟ ਕੰਪਨੀ ਵਲੋਂ ਕੱਢੀ ਗਈ ਧਾਰਮਿਕ ਕੈਸਿਟ 'ਬਾਜਾਂ ਵਾਲਾ ਮਾਹੀ' ਵਿੱਚ ਉੱਘੇ ਸੰਗੀਤਕਾਰ ਚਰਨਜੀਤ ਅਹੂਜਾ ਨੇ ਆਪਣੀ ਮਧੁਰ ਅਵਾਜ਼ ਵਿੱਚ ਪਾਰਸ ਦੀ ਰਚਨਾ ਗਾਈ ਹੈ :

1. ਚਿਣਤੇ ਵਿੱਚ ਨੀਹਾਂ ਦੇ
ਛੋਟੇ ਲਾਲ ਗੁਰੂ ਜੀ ਤੇਰੇ...........

ਭਰਵੇਂ ਸੰਗੀਤ ਵਿੱਚ ਤੇ ਅਹੂਜਾ ਦੀ ਅਵਾਜ਼ 'ਚ ਖੂਬ ਫੱਬੀ ਇਸ ਰਚਨਾ ਦੀ ਪੇਸ਼ਕਾਰੀ ਚਰਨਜੀਤ ਅਹੂਜਾ ਦੀ ਸਫ਼ਲ ਗਾਇਨ-ਕਾਰੀ ਦਾ ਉੱਤਮ ਨਮੂਨਾ ਹੈ।

ਇਸ ਕੈਸਿਟ ਵਿੱਚ ਹੰਸ ਰਾਜ ਹੰਸ ਨੇ ਪਾਰਸ ਦੀ ਰਚਨਾ,

3.　　ਮਿੱਤਰ ਪਿਆਰੇ ਨੂੰ ਜਾ ਪੌਣੇ
　　ਕਹਿਦੇ ਹਾਲ ਮੁਰੀਦਾਂ ਦਾ ...............

ਕਲਾਤਮਕ ਢੰਗ ਨਾਲ ਅਤੇ ਉਦਾਸ ਲਹਿਜੇ 'ਚ ਗਾਈ ਹੈ। ਸੰਗੀਤ ਵੀ ਬੜਾ ਢੁੱਕਵਾਂ ਹੈ ਤੇ ਹੰਸ ਦੀ ਅਵਾਜ਼ 'ਚੋਂ ਦਰਦੀਲੀ ਹੂਕ ਪੈਦਾ ਹੁੰਦੀ ਜਾਪਦੀ ਹੈ। ਇਹ ਸੁਣਦਿਆਂ ਸਰੋਤਾ ਉਦਾਸੀ ਧਾਰਨ ਕਰ ਲੈਂਦਾ ਹੈ।

'ਸੰਨ ਮਿਊਜ਼ਿਕ' ਕੰਪਨੀ ਵਲੋਂ 1999 ਚ ਪੇਸ਼ ਕੀਤੀ ਗਈ ਕੈਸਿਟ 'ਆਸ਼ਕਾਂ ਨੂੰ ਪਿਆਰ ਮਾਰਦਾ'ਨਵੇਂ ਗਾਇਕ ਮੰਡੇਰ ਭਰਾਵਾਂ ਦੀ ਜੋੜੀ ਦਵਿੰਦਰ ਤੇ ਗੁਰਪ੍ਰੀਤ ਵੱਲੋਂ ਸਾਈਡ ਬੀ ਵਾਲੇ ਪਾਸੇ ਪਾਰਸ ਦਾ ਲਿਖਿਆ 'ਘੜਾ' ਰਿਕਾਰਡ ਕਰਵਾਇਆ ਹੈ :

ਸੱਜਣ ਮਿਲਾ ਦੇ ਘੜਿਆ
ਮੈਂ ਤਰਲੇ ਕਰਦੀ ਆਂ
ਯਾਰ ਮਿਲਾ ਦੇ ਅੜਿਆ
ਮੈਂ ਤਰਲੇ ਕਰਦੀ ਆਂ...............

ਕੈਸਿਟ ਵਿਚਲਾ ਸੰਗੀਤ ਸਮਰੱਥ ਸੰਗੀਤਕਾਰ ਕੰਵਰ ਇਕਬਾਲ ਨੇ ਦਿੱਤਾ ਹੈ। ਸਾਰੰਗੀ, ਬਾਸੰਰੀ ਤੇ ਹੋਰ ਸਾਜ਼ਾਂ ਦੀ ਵਰਤੋਂ ਬੜੀ ਵਧੀਆ ਹੋਈ ਹੈ। ਮੰਡੇਰ ਭਰਾਵਾਂ ਦੀਆਂ ਅਵਾਜ਼ਾਂ ਸੁਰੀਲੀਆਂ ਹੋਣ ਕਾਰਨ ਤੇ ਦੂਜਾ ਰਚਨਾ ਵਧੀਆ ਹੋਣ ਕਾਰਨ ਮਨ ਮੋਹੰਦੀ ਹੈ। ਲੋਕ ਤਰਜ਼ ਤੇ ਇਸ ਗੀਤ ਨੂੰ ਗਾ ਕੇ ਮੰਡੇਰ ਭਰਾਵਾਂ ਨੇ ਵਧੀਆ ਕਾਰਜ ਕੀਤਾ ਹੈ।

'ਪੰਥ ਤੇਰੇ ਦੀਆਂ ਗੂੰਜਾਂ' ਨਾਂ ਦੀ ਕੈਸਿਟ ਸੰਨ 1995 ਚ ਸਾਗਾ ਕੈਸਿਟ ਕੰਪਨੀ ਨੇ ਚਰਨਜੀਤ ਅਹੂਜਾ ਦੇ ਸੰਗੀਤ ਹੇਠ ਹਰਭਜਨ ਮਾਨ ਤੇ ਗੁਰਸੇਵਕ ਮਾਨ ਦੀਆਂ ਅਵਾਜ਼ਾਂ 'ਚ ਕੱਢੀ ਸੀ, ਇਸਦੇ ਅੱਠੇ ਗੀਤ ਪਾਰਸ ਦੀ ਕਲਮ ਤੋਂ ਹੀ ਸਨ।
ਦਾਦੀ ਪੋਤਿਆਂ ਨੂੰ ਸਿੱਖਿਆ ਦਿੰਦੀ ਹੈ :

ਸਿਰ ਜਾਵੇ ਲੱਖ ਵਾਰ
ਸਿਦਕ ਨਾ ਹਾਰਿਓ
ਦੇਸ਼ ਕੌਮ ਦੀ ਖਾਤਰ
ਜਾਨਾਂ ਵਾਰਿਓ......

ਨੂਰੇ ਮਾਹੀ ਦੀ ਭੈਣ ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਬਾਰੇ ਦਸਦੀ ਹੈ :

ਸੁਖੀ ਵਸਦੇ ਸ਼ਹਿਰ ਦੀ ਵੀਰਾ
ਹੁੰਦੀ ਦਿਸੇ ਤਬਾਹੀ
ਇਹ ਸਰਹੰਦ ਉੱਤੇ ਨੂਰਿਆ
ਟੁੱਟੂ ਕਹਿਰ ਇਲਾਹੀ
ਮੁੱਲਾਂ ਲੋਕਾਂ ਭੈੜੀ ਕੀਤੀ
ਨਾਲ ਮਸੂਮਾਂ ਦੇ ਜੋ ਬੀਤੀ
ਜੀਕੂੰ ਮੌਤ ਪਿਆਲੀ ਪੀਤੀ
ਪਈ ਗ਼ਮਾਂ ਦੀ ਭਰੀ ਦਿਲੇ ਵਿੱਚ
ਵੇਖ ਆਹ ਰੱਤ ਸੁਰਾਹੀ
ਇਹ ਸਰਹੰਦ ਉੱਤੇ ਵੀਰਿਆ
ਟੁੱਟੂ ਕਹਿਰ ਇਲਾਹੀ..................



ਜਿਸ ਸਮੇਂ ਚੌਧਰੀ ਡੱਲੇ ਨੂੰ ਸਤਿਗੁਰਾਂ ਨੇ ਵੰਗਾਰਿਆ ਕਿ ਮੇਰੇ ਸਿੱਖ ਫੌਜੀਆਂ ਸਾਹਮਣੇ ਤੂੰ ਆਪਣੇ ਸਿਪਾਹੀ ਲਿਆ ਕੇ ਦੇਖ! ਤਾਂ ਜਦੋਂ ਉਸਦਾ ਕੋਈ ਸਿਪਾਹੀ ਅੱਗੇ ਨਾ ਆਇਆ ਤਾਂ ਚੌਧਰੀ ਡੱਲਾ ਸਤਿਗੁਰਾਂ ਪਾਸੋਂ ਮਾਫ਼ੀ ਮੰਗਦਾ ਹੈ ਹਰਭਜਨ ਮਾਨ ਤੇ ਗੁਰਸੇਵਕ ਮਾਨ ਨੇ ਬੜੀ ਮਨਮੋਹਕ ਤਰਜ਼ 'ਚ ਇਹ ਗੀਤ ਗਾਇਆ ਹੈ, ਜੋ ਪਾਰਸ ਦੀਆਂ ਧਾਰਮਿਕ ਰਚਨਾਵਾਂ ਵਿੱਚੋਂ ਵਿਲੱਖਣ ਨਮੂਨੇ ਦਾ ਵਧੀਆ ਗੀਤ ਹੈ :

ਕੀ ਕਰਾਂ ਬਿਗਾਨਿਆ ਹੁੱਤਾਂ ਨੂੰ
ਪੱਥਰ ਜਿਹੇ ਭਾਰਿਆਂ ਬੁੱਤਾਂ ਨੂੰ
ਪਾਣੀ ਵਿੱਚ ਤਰਨਾ ਔਖਾ ਹੈ
ਬਿਨ ਮਤਲਬ ਮਰਨਾ ਔਖਾ ਹੈ......

ਤੁਸੀ ਗੱਲ ਕਰੀ ਵਿੱਚ ਹਾਸੇ ਜੀ
ਪਾਣੀ ਵਿੱਚ ਵਾਂਗ ਪਤਾਸੇ ਜੀ
ਵੱਟਿਆਂ ਦਾ ਖਰਨਾ ਔਖਾ ਹੈ
ਬਿਨ ਮਤਲਬ ਮਰਨਾ ਔਖਾ ਹੈ......

ਜਿਸ ਸਮੇਂ ਔਰੰਗਜ਼ੇਬ ਨੂੰ ਗੁਰੂ ਜੀ ਨੇ ਜ਼ਫ਼ਰਨਾਮਾ ਲਿਖਿਆ ਕਿ ਕੀ ਹੋਇਆ ਜੇਕਰ ਮੇਰੇ ਚਾਰੇ ਪੁੱਤ ਸ਼ਹੀਦ ਹੋ ਗਏ ਹਨ। ਪਰੰਤੂ ਸੱਪ ਕੁੰਡਲੀਆ ਬੀਰ ਖਾਲਸਾ ਹਾਲੇ ਜਿਉਂਦਾ ਹੈ। ਪਾਰਸ ਦੀ ਇਹ ਧਾਰਮਿਕ ਰਚਨਾ ਕਾਫੀ ਪ੍ਰਸਿੱਧ ਰਹੀ ਹੈ। ਇਸਨੂੰ ਬਲਵੰਤ ਰਾਮੂੰਵਾਲੀਆ ਤੇ ਉਸਦਾ ਜੱਥਾ ਵੀ ਗਾਉਂਦਾ ਰਿਹਾ ਹੈ। ਹਰਭਜਨ ਮਾਨ ਤੇ ਗੁਰਸੇਵਕ ਨੇ ਬੜੇ ਪੁਖਤਾ ਅੰਦਾਜ਼ 'ਚ ਗਾਈ ਹੈ। ਨਮੂਨਾ ਵੇਖੋ:

ਅਜੇ ਸਹਿਨਸ਼ਾਹ ਔਰੰਗ
ਗੱਲਾਂ ਕਰੇ ਈਮਾਨ ਦੀਆਂ
ਕਿਲ੍ਹਾ ਛੁਡਾਇਆ ਮੈਥੋਂ
ਕਸਮਾਂ ਘੱਤ ਕੁਰਾਨ ਦੀਆਂ
ਤੋੜ ਸੁਗੰਧ ਖੁਦਾ ਦੀ
ਦੱਸ ਤੁਹਾਥੋਂ ਕੀ ਸਰਿਆ
ਬੀਰ ਖਾਲਸਾ ਸੱਪ ਕੁੰਡਲੀਆ
ਅਜੇ ਨਹੀਂ ਮਰਿਆ.........

ਇਸ ਗੀਤ ਨੂੰ ਹਰਭਜਨ ਮਾਨ ਤੇ ਗੁਰਸੇਵਕ ਨੇ ਖੁਭ ਕੇ ਗਾਇਆ ਹੈ। ਹੋਰਾਂ ਸਾਜ਼ਾਂ ਸਮੇਤ ਬੰਸਰੀ ਵੀ ਬੜੀ ਪਿਆਰੀ ਵੱਜੀ ਹੈ :

ਪਿਆਰੇ ਥੋਡੀਆ ਅੱਖਾਂ ਦੇ ਚਾਰੇ ਤਾਰੇ
ਮੈਂ ਦੇਸ਼ ਕੌਮ ਉੱਤੋਂ ਵਾਰਤੇ
ਉੱਚੇ ਸਿੱਖੀ ਵਾਲੇ ਮਹਿਲ ਉਸਾਰੇ
ਮੈਂ ਦੇਸ਼ ਕੌਮ ਉੱਤੋਂ ਵਾਰਤੇ.......

ਇਸ ਗੀਤ ਦੇ ਸੰਗੀਤ 'ਚ ਅਹੂਜਾ ਸਾਹਿਬ ਨੇ ਹਾਰਮੋਨੀਅਮ 'ਤੇ ਕਮਾਲ ਦੇ ਪੀਸ ਲਗਾਏ ਹਨ। ਅਗਲੇ ਗੀਤ ਦਾ ਨਮੂਨਾ ਵੇਖੋ :

ਦਸਵੇਂ ਪਿਤਾ ਗੁਰੂ ਗੋਬਿੰਦ ਸਿੰਘ ਨੇ
ਵਾਰੇ ਚਾਰ ਦੁਲਾਰੇ
ਦੀਨਾਂ ਦੁਖੀਆਂ ਖਾਤਰ ਉਹਨਾਂ
ਲੱਖਾਂ ਈ ਕਸ਼ਟ ਸਹਾਰੇ..........

✲

ਇਸ ਗੀਤ 'ਚ ਸਾਰੰਗੀ ਤਿੱਖੀ ਹੋ ਕੇ ਗੁਟ੍ਕਦੀ ਹੈ ਤੇ ਦਰਦਮਈ ਸੁਰਾਂ ਛੇੜਦੀ ਹੈ। ਹਰਭਜਨ ਮਾਨ ਦੀ ਅਵਾਜ਼ 'ਚੋਂ ਵੀ ਦਰਦ ਉਤਪੰਨ ਹੁੰਦਾ ਹੈ :

ਅੱਜ ਨਜ਼ਰੀਂ ਆਉਂਦੇ ਨਾ
ਸੁਆਮੀ ਚਾਰ ਜਿਗਰ ਦੇ ਟੋਟੇ..............

✲

ਇਸ ਗੀਤ ਨਾਲ ਸਾਥੀ ਵਜੋਂ ਅਗਲਾ ਅੰਤਰਾ ਗੁਰਸੇਵਕ ਮਾਨ ਪੂਰਦਾ ਹੈ। ਇਹ ਵੀ ਸਫ਼ਲਤਾ ਪੂਰਬਕ ਵਧੀਆ ਨਿਭਾਇਆ ਗੀਤ ਹੈ :

ਸਿੱਖਾਂ ਦੇ ਸਿਦਕ ਦੀਆਂ
ਲਿਖੀਆਂ ਨਾਲ ਖ਼ੂਨ ਦੇ ਲੜੀਆਂ
ਹਨ ਮਾਣ ਖਾਲਸੇ ਦਾ
ਕਈ ਚਮਕੌਰ ਵਰਗੀਆਂ ਗੜ੍ਹੀਆਂ.............

ਹਰਭਜਨ ਮਾਨ ਨੇ ਇਹ ਗੀਤ ਕਾਫੀ ਉੱਚੀ ਸੁਰ ਵਿੱਚ ਗਾਇਆ ਹੈ। ਸੰਗੀਤ ਵੀ ਭਰਵਾਂ ਹੈ।

ਅਗਲੇ ਗੀਤਾਂ ਦੀ ਵੰਨਗੀ :

ਪੰਥ ਸਾਜਿਆ ਦੁਸ਼ਟ ਦਮਨ ਦਸਮੇਸ਼ ਗੁਰੂ
ਰਾਜ ਕਰੇਗਾ ਖਾਲਸਾ, ਕਹਾਂ ਹਮੇਸ਼ ਗੁਰੂ...........

✲ ਸਿਰ ਦੇ ਉੱਤੇ ਤਲਵਾਰਾਂ ਦੀਆਂ ਛਾਵਾਂ ਸੰਘਣੀਆਂ
ਸਿੱਖ ਬਣਨ ਲਈ ਪੈਣ ਲਹੂ ਦੀਆਂ ਨਦੀਆਂ ਲੰਘਣੀਆਂ

✲ ਭੁੱਖੇ ਪਿਆਸਿਆਂ ਤੋਂ ਲੜੀ ਜਾਣੀਂ ਜੰਗ ਨਾ
ਸਾਡੀ ਬੌਹੜੀ ਗੁਰੂ ਜੀ
ਦੂਜੇ ਪਾਸੇ ਆਉਂਦੀ ਮੌਤ ਸਾਡੇ ਵੱਲ ਨੂੰ
ਆਉਂਦੀ ਦੌੜੀ ਗੁਰੂ ਜੀ

✲ ਕੀਮਤੀ ਅਮਾਨਤ ਸੀ ਤੈਨੂੰ ਸੌਂਪ ਦਿੱਤੀ
ਲੱਥਾ ਸਿਰੋਂ ਪ੍ਰਬਤਾਂ ਦਾ ਭਾਰ ਮੇਰੇ ਦਾਤਿਆ
ਵਾਰਿਆ ਧਰਮ ਹੇਤ, ਸਾਰਾ ਸਰਬੰਸ ਲੇਖੇ
ਰਹੂ ਸਦਾ ਸ਼ੁਕਰਗੁਜ਼ਾਰ...........

✲ ਸਾਲ 1999 ਚ ਖਾਲਸਾ ਜੀ ਦੀ ਤ੍ਰੈ ਸ਼ਤਾਬਦੀ ਨੂੰ ਸਮਰਪਿਤ, ਟੀ. ਸੀਰੀਜ ਕੰਪਨੀ ਵੱਲੋਂ ਜੈ ਦੇਵ ਕੁਮਾਰ ਦੇ ਸੰਗੀਤ ਵਿੱਚ ਪਰੋਈ ਹਰਭਜਨ ਮਾਨ ਤੇ ਗੁਰਸੇਵਕ ਮਾਨ ਦੀ ਗਾਈ ਕੈਸਿਟ 'ਅੰਮ੍ਰਿਤ ਦਾ ਬਾਟਾ' ਜਿਸ ਵਿੱਚ ਸੱਤ ਰਚਨਾਵਾਂ ਕਰਨੈਲ ਸਿੰਘ ਪਾਰਸ ਦੀ ਕਲਮ ਤੋਂ ਹਨ। ਇਸ ਦੀ ਕੁਮੈਂਟਰੀ ਵੀ ਹਰਭਜਨ ਮਾਨ ਨੇ ਖੁਦ ਕੀਤੀ ਹੈ ਜੋ ਵਿਲੱਖਣ ਪ੍ਰਭਾਵ ਸਿਰਜਦੀ ਹੈ। ਗੀਤਾ ਦੇ ਕੁਝ ਨਮੂਨੇ ਵੇਖੋ:



ਕਲਗੀਧਰ ਨੇ ਪੰਥ ਖਾਲਸਾ
ਸਾਜਿਆ ਸ਼ੇਰਾਂ ਦਾ
ਭੇਤ ਮਿਟਾ ਕੇ, ਜਾਤਾਂ-ਗੋਤਾਂ, ਤੇਰਾਂ ਮੇਰਾਂ ਦਾ
ਕਲਗੀਧਰ ਨੇ.................

ਸਾਹਿਬਜ਼ਾਦਿਆਂ ਦੀਆਂ ਸੁੰਦਰ ਜਵਾਨੀਆਂ ਤੋਂ ਖੁਸ਼ ਹੋ ਕੇ ਜਦ ਉਨ੍ਹਾਂ ਦੀਆਂ ਸ਼ਾਦੀਆਂ ਖ਼ਾਨਾਂ ਅਬਾਦੀਆਂ ਨਾਲ ਕਰਨ ਲਈ ਗੁਰੂ ਜੀ ਨੂੰ ਕਿਹਾ ਤਾਂ ਗੁਰੂ ਜੀ ਨੇ ਦੁਨਿਆਵੀ ਖਾਹਸ਼ਾਂ ਹਾਸਲ ਕਰਨ ਦੀ ਬਿਜਾਏ ਇਉਂ ਆਖਿਆ:

ਹੋ ਚੁੱਕੇ ਹਨ ਮੰਗਣੇ
ਥੋਡੇ ਪੁੱਤਾਂ ਚਾਰਾਂ ਦੇ
ਨੂੰਹਾਂ ਮੌਤਾਂ ਮਹਿੰਦੀ ਰੱਤੀਆਂ
ਲੱਦੀਆਂ ਨਾਲ ਸ਼ਿੰਗਾਰਾਂ ਦੇ............

ਜਿਸ ਵੇਲੇ ਪਰਿਵਾਰ ਵਿਛੋੜਾ ਪੈ ਜਾਂਦਾ ਹੈ ਤੇ ਅਨੰਦਪੁਰੋਂ ਗੁਰੂ ਜੀ ਅੱਧੀ ਰਾਤੀਂ ਤੁਰਦੇ ਹਨ। ਪਰਿਵਾਰ ਵਿਛੋੜੇ ਬਾਰੇ ਪਾਰਸ ਦੀਆਂ ਕਲਮ ਤੋਂ ਇਹ ਰਚਨਾ ਹਰਭਜਨ ਮਾਨ ਨੇ ਸੋਜ਼ ਭਰੀ ਅਵਾਜ਼ 'ਚ ਦਰਦ ਨਾਲ ਗਾਈ ਹੈ, ਬਾਂਸੁਰੀ ਵੀ ਰੋਂਦੀ ਜਾਪਦੀ ਹੈ। ਨਮੂਨਾ ਹਾਜ਼ਰ ਹੈ :

ਹੋਈ ਅਣਹੋਣੀ ਭਾਣਾਂ ਕਰਤਾਰ ਦਾ
ਪੈ ਗਿਆ ਵਿਛੋੜਾ ਸਾਰੇ ਪਰਿਵਾਰ ਦਾ..............

ਜੁਝਾਰ ਸਿੰਘ ਪਿਤਾ ਜੀ ਤੋਂ ਆਗਿਆ ਮੰਗਦਾ ਹੈ, ਇਸ ਰਚਨਾ ਨੂੰ ਹਰਭਜਨ ਮਾਨ ਤੇ ਗੁਰਸੇਵਕ ਮਾਨ ਨੇ ਕਵੀਸ਼ਰੀ ਗਾਉਣ ਦੀ ਲੋਕ ਤਰਜ਼ 'ਤੇ ਗਾਇਆ ਹੈ, ਬਾਂਸਰੀ ਤੇ ਸਾਰੰਗੀ ਸੰਗੀਤਕ ਰੰਗ ਭਰਦੀਆਂ ਹਨ :

ਨੇਜੇ- ਤੀਰਾਂ ਤਲਵਾਰਾਂ ਮੂਹਰੇ
ਜਾਣ ਨੂੰ
ਮੇਰਾ ਮਨ ਹੈ ਉਤਾਵਲਾ ........

ਜਿਸ ਵੇਲੇ ਗੁਰੂ ਜੀ ਮਾਛੀਵਾੜੇ ਨੂੰ ਜਾਂਦੇ ਹਨ, ਨੰਗੇ ਪੈਰੀਂ। ਤਾਂ ਪਾਰਸ ਨੇ ਉਸ ਸਮੇਂ ਦੀ ਰਚਨਾ ਬੜੀ ਭਾਵਪੂਰਤ ਤੇ ਦਰਦਮਈ ਲਿਖੀ ਹੈ। ਇਸ ਨੂੰ ਹਰਭਜਨ ਮਾਨ ਤੇ ਗੁਰਸੇਵਕ ਮਾਨ ਨੇ ਤਹਿ ਦਿਲੋਂ, ਰੂਹ ਨਾਲ ਗਾਇਆ ਹੈ। ਸਾਜ ਵੀ ਵਿਲਕਣੀਆਂ ਲੈਂਦੇ ਜਾਪਦੇ ਹਨ। ਨਮੂਨਾ ਵੇਖੋ:

ਨੰਗੇ ਪੈਰੀਂ ਮਾਲਕ ਆਨੰਦਪੁਰ ਦੇ
ਜਾਂਦੇ ਮਾਛੀਵਾੜੇ ਨੂੰ...........

ਪਰਿਵਾਰ ਵਿਛੋੜੇ ਪਿੱਛੋਂ, ਗੰਗੂ ਜ਼ਾਲਮ ਨੇ ਦਾਦੀ ਤੇ ਪੋਤੇ ਗ੍ਰਿਫ਼ਤਾਰ ਕਰਵਾ ਦਿੱਤੇ, ਉਸ ਸਮੇਂ ਦਾ ਵਰਨਣ ਪਾਰਸ ਦੀ ਕਲਮ ਇਉਂ ਕਰਦੀ ਹੈ :

ਦਾਦੀ ਜੀ ਤੇ ਬਾਲ ਨਿਆਣੇ
ਰਥ ਵਿੱਚ ਬਹਿ ਗਏ ਜੀ ਭਿਆਣੇ
ਰਸਤੇ ਤੋਰ ਲਏ ਅਣਜਾਣੇ
ਰਹਿਬਰ ਮਾਵਾਂ ਮੁਨੀਆਂ ਦੇ
ਮਾਤਾ ਸਣੇ ਬਣਾ ਲਏ ਬੰਦੀ

ਬੰਦੀ ਛੋੜ ਦੁਨੀਆਂ ਦੇ............

✫

ਕਲਗੀਧਰ ਦੇ ਲਾਡਲੇ ਪਾ ਗਏ ਸ਼ਹੀਦੀ
ਦੋਹਾਂ ਵੀਰਾਂ ਮੌਤ ਸੀ ਹੱਸ-ਹੱਸ ਖ੍ਰੀਦੀ

✫

ਕਰਨੈਲ ਸਿੰਘ ਪਾਰਸ ਦੀਆਂ ਧਾਰਮਿਕ ਰਚਨਾਵਾਂ ਦਾ ਗਾਇਨ ਕਰਕੇ ਹਰਭਜਨ ਮਾਨ ਤੇ ਗੁਰਸੇਵਕ ਮਾਨ ਨੇ ਆਪਣੀ ਗਾਇਨ ਕਲਾ ਨੂੰ ਚਾਰ ਚੰਨ ਹੀ ਨਹੀਂ ਲਾਏ ਸਗੋਂ ਸਿੱਖੀ ਦੇ ਸ਼ਰਧਾਵਾਨ ਅਤੇ ਧਾਰਮਿਕ ਰੰਗ 'ਚ ਰੰਗੇ ਸਰੋਤਿਆਂ ਵਿੱਚ ਵੀ ਆਪਣੀ ਗਾਇਨ ਕਲਾ ਦੀ ਪੇਸ਼ਕਾਰੀ ਕਰਕੇ ਨਾਮਣਾ ਖੱਟਿਆ ਹੈ। ਹੋਰ ਚੰਗਾ ਕਾਰਜ ਇਹ ਹੋਇਆ ਹੈ ਕਿ ਪਾਰਸ ਦੀ ਇਹ ਰਚਨਾ ਰਿਕਾਰਡ ਹੋ ਕੇ ਸਾਂਭੀ ਗਈ ਹੈ।

ਪਾਰਸ ਦੀਆਂ ਰਚਨਾਵਾਂ ਸਿੱਧਵਾਂ ਕਾਲਜ ਵਾਲਾ ਜੱਥਾ, ਬਲਵੰਤ ਸਿੰਘ ਰਾਮੂ ਵਾਲੀਆ ਦਾ ਜੱਥਾ ਅਤੇ ਪੰਜਾਬ ਦੇ ਹੋਰ ਕਈ ਜਥੇ ਗਾਉਂਦੇ ਰਹੇ ਹਨ, ਤੇ ਹੋਰ ਵੀ ਗਾ ਰਹੇ ਹਨ। ਪਰ ਨਾਲ-ਨਾਲ ਇਹਨਾਂ ਨੇ ਰਿਕਾਰਡ ਵੀ ਕਾਫੀ ਰਚਨਾਵਾਂ ਕਰਵਾਈਆਂ ਹਨ। ਇਹਨਾਂ ਵਿੱਚ ਧਾਰਮਿਕ ਪ੍ਰਸੰਗਾਂ ਤੋਂ ਇਲਾਵਾ ਕਲੀਆਂ, ਦੇਸ਼ ਪਿਆਰ ਦੇ ਗੀਤ ਤੇ ਫੁਟਕਲ ਰਚਨਾਵਾਂ ਸ਼ਾਮਲ ਵੀ ਹਨ।

'ਜੱਗ ਜਿਊਂਦਿਆਂ ਦੇ ਮੇਲੇ' ਹਰਭਜਨ ਮਾਨ ਦੀ ਕੈਸਿਟ ਬਹੁ-ਪ੍ਰਸਿੱਧ ਰਹੀ ਹੈ ਅਤੇ ਇਸ ਕੈਸਿਟ ਵਿੱਚ ਪਾਰਸ ਦੀ ਕਵੀਸ਼ਰੀ ਹਰਭਜਨ ਮਾਨ ਤੇ ਗੁਰਸੇਵਕ ਮਾਨ ਨੇ ਬਾਖੂਬੀ ਗਈ ਹੈ ਜੋ ਕਾਫੀ ਚਰਚਿਤ ਹੋਈ ਤੇ ਹੁਣ ਵੀ ਗਾਹੇ-ਬਗਾਹੇ ਵਜਦੀ ਸੁਣੀਂ ਜਾ ਸਕਦੀ ਹੈ :

ਜੱਗ ਜੰਕਸ਼ਨ ਰੇਲਾਂ ਦਾ
ਗੱਡੀ ਇੱਕ ਆਵੇ ਇੱਕ ਜਾਵੇ......

ਇਸ ਵਿੱਚ ਆਹੂਜਾ ਸਾਹਿਬ ਦੇ ਸੰਗੀਤ ਦੀ ਕਮਾਲ ਤੇ ਨਵੀਂ ਖੋਜ ਮੂੰਹੋਂ ਬੋਲਦੀ ਤਸਵੀਰ ਹੈ। ਢੋਲਕ ਤੇ ਤਬਲੇ ਨਹੀਂ ਵਰਤੇ ਗਏ, ਬਾਂਸੁਰੀ, ਕੈਸਿਓ, ਸਿਤਾਰ ਵਗੈਰਾ ਹੀ ਸਾਜ਼ ਵਜਦੇ ਹਨ। ਗੱਡੀ ਦੀ ਵਿਸਲ ਤੇ ਛਕ-ਛਕ, ਸੰਗੀਤ ਦਾ ਵਿਸ਼ੇਸ਼ ਸ਼ਿੰਗਾਰ ਬਣਦੇ ਹਨ। ਹਲਕਾ-ਹਲਕਾ ਸੰਗੀਤ ਮਿੱਠਾ ਲਗਦਾ ਹੈ। ਦੋਵਾਂ ਗਾਇਕ ਭਰਾਵਾਂ ਦੀਆਂ ਅਵਾਜ਼ਾਂ ਵੀ ਭਰਵੀਆਂ ਹੋਣ ਕਾਰਨ ਗਾਇਨ ਕਲਾ 'ਚ ਸੁੰਦਰਤਾ ਭਰਦੀਆਂ ਹਨ। 'ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ ਇੱਕ ਜਾਵੇ....... ਇਹ ਅੰਤਰਾ ਜਦੋਂ ਦੋਵੇਂ ਜਣੇਂ ਬੋਲ ਕੇ ਪੂਰਦੇ ਹਨ ਤਾਂ...............ਫਿਰ ਗੱਡੀ ਦੀ ਵਿਸਲ ਤੇ ਛਕ ਛਕ ਬੜੀ ਖੂਬਸੂਰਤੀ ਨਾਲ ਪੇਸ਼ ਹੁੰਦੀ ਹੈ। ਸ਼ਾਇਦ ਇਹਨਾਂ ਸਾਰੇ ਚੰਗੇਰੇ ਗੁਣਾਂ ਕਾਰਨ ਹੀ ਇਹ ਕਵੀਸ਼ਰੀ ਏਨੀ ਪ੍ਰਸਿੱਧ ਹੋਈ ਹੈ ਕਿ ਪਾਰਸ ਦੀ ਇਸ ਰਚਨਾ ਦਾ ਚੋਖਾ ਮਾਣ ਵੀ ਵਧਿਆ।

ਕੈਸਿਟ ਕੰਪਨੀ ਸੁਰ ਸੰਗਮ ਵੱਲੋਂ 1998 'ਚ ਕੱਢੀ ਗਈ ਵਿਸੇਸ਼ ਕੈਸਿਟ 'ਨਖਰਾ 1998' ਚਰਨਜੀਤ ਅਹੂਜਾ ਦੇ ਸੰਗੀਤ 'ਚ ਕਾਫੀ ਪ੍ਰਸਿੱਧ ਹੋਈ ਸੀ। ਇਸ ਵਿੱਚ ਹਰਭਜਨ ਮਾਨ ਤੇ ਗੁਰਸੇਵਕ ਵਲੋਂ ਸਾਹਿਬਾਂ ਦੀ ਕਲੀ, ਪਾਰਸ ਦੀ ਕਲਮ ਦਾ ਸ਼ਿੰਗਾਰ, ਬੜੀ ਸਫਲਤਾ ਨਾਲ ਪੇਸ਼ ਹੋਈ ਸੀ। ਜਦੋਂ ਸਾਹਿਬਾਂ ਜੰਡ ਨਾਲ ਗ਼ਿਲਾ ਕਰਦੀ ਹੈ, ਮਿਰਜ਼ਾ ਮਾਰਿਆ ਜਾਂਦਾ ਹੈ :

ਤੇਰੇ ਹੇਠ ਜੰਡੋਰਿਆ ਵੇ

ਮੈਂ ਹੋ ਗਈ ਰੰਡੀ......

ਖਿੱਚ ਕੇ ਤੇ ਉੱਚੀ ਸੁਰ 'ਚ ਗਾਈ ਇਹ ਕਵੀਸ਼ਰੀ ਅੱਜ ਵੀ ਹਰਭਜਨ ਮਾਨ ਤੋਂ ਲੋਕ ਫਰਮਾਇਸ਼ ਪਾ ਕੇ ਸੁਣਦੇ ਹਨ। ਜਦੋਂ ਹਰਭਜਨ ਅਵਾਜ਼ ਨੂੰ ਉੱਚੀ ਚੁੱਕਦਾ ਹੈ ਤਾਂ ਇਉਂ ਲਗਦਾ ਹੈ ਜਿਵੇਂ ਕਾਇਨਾਤ ਵਿੱਚ ਸੰਨ੍ਹਾਟਾ ਹੀ ਛਾ ਗਿਆ ਹੋਵੇ। ਚਾਰੇ ਪਾਸੇ ਪਸਰਦੀ ਜਾਂਦੀ ਉਸਦੀ ਆਵਾਜ਼ ਸੋਗੀ ਮਾਹੌਲ ਸਿਰਜਦੀ ਹੈ ਜਿਵੇਂ ਸੱਚਮੁੱਚ ਹੀ ਸਾਹਿਬਾਂ ਆਣ ਕੇ ਵਰਲਾਪ ਕਰ ਰਹੀ ਹੈ ਇਸ ਵਿੱਚ ਕਿਸੇ ਸਾਜ਼ ਦੀ ਨਾਮਤਰ ਹੀ ਵਰਤੋਂ ਕੀਤੀ ਹੈ। ਇਸੇ ਰਚਨਾ ਨੂੰ ਹਰਭਜਨ ਮਾਨ ਦੀ ਗਾਇਕੀ ਦਾ ਵਿਲੱਖਣ ਤੇ ਪਾਰਸ ਦੀ ਲਿਖਤ ਦਾ ਸ਼ਾਹਕਾਰ ਨਮੂਨਾ ਕਿਹਾ ਜਾ ਸਕਦਾ ਹੈ।

'ਜੱਗ ਜਿਉਂਦਿਆਂ ਦੇ ਮੇਲੇ' ਕੈਸਿਟ ਵਿੱਚ ਹੀ ਇੱਕ ਹੋਰ ਕਲੀ ਹੈ। ਇਸ ਵਿੱਚ ਸਾਰੰਗੀ ਤੇ ਬੈਂਜੋ ਨੇ ਸੋਹਣਾ ਰੰਗ ਭਰਿਆ ਹੈ :

ਰਾਠਾ ਬੋਲ ਵੇ ਸੁਲੱਖਣੀ ਜ਼ੁਬਾਨ 'ਚੋਂ<br>ਮੱਥੇ ਦੀਆਂ ਨਾ ਮਿਟੀਆਂ ਵੇ ਤਕਦੀਰਾਂ..........

ਪੂਰੀ ਰੂਹ ਨਾਲ ਵਜਦ ਵਿੱਚ ਆ ਕੇ ਗਾਇਆ ਹੈ, ਸਾਜ਼ਾਂ ਦਾ ਸ਼ੋਰ ਨਹੀਂ, ਲੋਕ ਗਾਇਕੀ ਤੇ ਲੋਕ-ਰੰਗ ਦੀ ਵਧੀਆ ਪੇਸ਼ਕਾਰੀ ਹੈ।

ਬਲਵੰਤ ਸਿੰਘ ਰਾਮੂੰ ਵਾਲੀਆ ਦੇ ਜਥੇ ਵੱਲੋਂ ਪਾਰਸ ਦੀ ਰਿਕਾਰਡ ਕਵੀਸਰੀ ਦੇ ਨਮੂਨੇ :

ਸਾਥੀ ਹਨ ਚਮਕੌਰ ਸਿੰਘ ਸੇਖੋਂ ਭੋਤਨਾ ਅਤੇ ਮਲਕੀਤ ਸਿੰਘ ਮਰੜ੍ਹੀ ਤੇ ਕਰਤਾਰ ਸਿੰਘ ਗਿਆਨੀ

1. ਐਸਾ ਸਾਜੂੰ ਸਿੱਖ<br>ਛੁਪੇ ਨਾ ਲੱਖਾਂ ਵਿੱਚ ਖੜ੍ਹਾ...............
2. ਮਾਂ ਸਹਿਬਾ ਦੀ ਘੂਰਦੀ<br>ਕੁੜੀਏ ਕਿਉਂ ਹੋਈਆਂ ਨਿਰਲੱਜ............
3. ਸੌਂ ਲੈਣ ਦੇ ਸਾਹਿਬਾਂ ਰੱਜ ਕੇ<br>ਮੈਨੂੰ ਕਾਹਤੋਂ ਰਹੀ ਖਦੇੜ.............
4. ਰਾਠਾ ਬੋਲ ਵੇ ਸੁਲੱਖਣੀ<br>ਜ਼ੁਬਾਨ 'ਚੋਂ.............
5. ਏਸ ਇਸ਼ਕ ਝਨਾਂ ਵਿੱਚ ਸਾਹਿਬਾਂ<br>ਪੂਰਾਂ ਦੇ ਡੁੱਬ ਗਏ ਪੂਰ...........
6. ਚੱਲ ਰਸਾਲੂ ਖੁਦ ਮੈਂ ਆ ਗਿਆ<br>ਤੇਰੇ ਬੂਹੇ 'ਤੇ.................
7. ਮੇਰੇ ਲੜ ਗਿਆ ਸੁਨਿਹਰੀ<br>ਨਾਗ ਕੁੜੇ...........
8. ਸੁਣੋਂ ਸਲਵਨ ਜੀ<br>ਓ ਬਾਬੁਲ ਮੇਰਿਆ...........

***ਨੋਟ : ਕਰਨੈਲ ਸਿੰਘ 'ਪਾਰਸ ਰਚਨਾਵਲੀ' ਖੰਡ ਅਧੀਨ ਉਸਦੀ ਕੇਵਲ ਚੋਣਵੀ ਰਚਨਾ ਦਾ ਵਿਸ਼ੇਸ਼ ਨਮੂਨਾ ਹੀ ਦਿੱਤਾ ਜਾ ਰਿਹਾ ਹੈ।***

## (2) ਪ੍ਰਕਾਸ਼ਿਤ ਰਚਨਾ

ਕਰਨੈਲ ਸਿੰਘ ਪਾਰਸ ਨੇ ਆਪਣੇ ਲਿਖੇ ਕਿੱਸੇ ਲੋਕ ਜਗਤ ਬੁੱਕ ਸ਼ਾਪ ਮੋਗਾ, ਮੇਹਰ ਸਿੰਘ ਸੁਰਿੰਦਰ ਸਿੰਘ ਅੰਮ੍ਰਿਤਸਰ, ਭਾਈ ਵੀਰ ਸਿੰਘ ਗੁਰਚਰਨ ਸਿੰਘ ਮੋਗਾ, ਭਾਈ ਕਿਸ਼ਨ ਸਿੰਘ ਹਮੀਰ ਸਿੰਘ ਮੋਗਾ ਆਦਿ ਪ੍ਰਕਾਸ਼ਕਾਂ ਪਾਸੋਂ ਛਪਵਾਏ। ਉਸ ਸਮੇਂ ਕਿੱਸਿਆਂ ਦੀ ਬੜੀ ਵਿੱਕਰੀ ਹੋਈ, ਪਰ ਪਾਰਸ ਨੂੰ ਇਹਨਾਂ ਦੀ ਵਿਕਰੀ ਤੋਂ ਪ੍ਰਸਿੱਧੀ ਜਾਂ ਸ਼ੋਭਾ ਹੀ ਮਿਲੀ, ਪੈਸਾ ਕੋਈ ਨਹੀਂ ਮਿਲਿਆ।

ਪ੍ਰਕਸ਼ਿਤ ਹੋਏ ਕਿੱਸੇ :

1. ਦਊਦ ਬਾਦਸ਼ਾਹ
2. ਕੌਲਾਂ ਭਗਤਣੀ
3. ਹੀਰ ਰਾਂਝਾ
4. ਨੇਤਾ ਜੀ ਸੁਭਾਸ਼ ਚੰਦਰ ਬੋਸ
5. ਸ਼ਹੀਦ ਭਗਤ ਸਿੰਘ
6. ਬਿਧੀ ਚੰਦ ਦੇ ਘੋੜੇ
7. ਮੌਤ ਦਾ ਰਾਗ
8. ਸ਼ਹੀਦ ਸੇਵਾ ਸਿੰਘ ਠੀਕਰੀ ਵਾਲਾ
9. ਪੂਰਨ ਭਗਤ
10. ਸਰਵਨ ਪੁੱਤਰ
11. ਤਾਰਾ ਰਾਣੀ
12. ਰਿਕਾਰਡਾਂ ਦੀ ਕਵਿਤਾ

ਪਾਰਸ ਦੇ ਲਿਖੇ ਗਏ ਇਹਨਾਂ ਕਿੱਸਿਆਂ ਦੀ ਖ੍ਰੀਦੋ-ਫ਼ਰੋਖ਼ਤ ਆਮ ਤੌਰ ਤੇ ਮੇਲਿਆਂ ਵਿਚ ਲੱਗੀਆਂ ਗੁਟਕਿਆਂ ਜਾਂ ਕਿਤਾਬਾਂ ਦੀਆਂ ਦੁਕਾਨਾਂ ਉੱਤੇ ਹੁੰਦੀ ਸੀ। ਇਹਨਾਂ ਕਿੱਸਿਆਂ ਦੇ ਕਈ - ਕਈ ਐਡੀਸ਼ਨ ਪ੍ਰਕਾਸ਼ਕਾਂ ਨੇ ਛਾਪੇ ਅਤੇ ਵੇਚੇ ਹਨ।

ਹੁਣ ਭਾਵੇਂ ਇਹ ਕਿੱਸੇ-ਚਿੱਠੇ ਕਿਧਰੋਂ ਵੀ ਨਹੀਂ ਲਭਦੇ ਹਨ ਪ੍ਰੰਤੂ ਫਿਰ ਵੀ ਪਾਰਸ ਦੇ ਚਹੇਤਿਆਂ ਨੇ ਜਿਲਦ ਬੰਦੀ ਕਰਵਾ ਕੇ ਅੱਧ-ਪਚੱਧੇ ਸੰਭਾਲ ਕੇ ਰੱਖ ਛੱਡੇ ਹੋਏ ਹਨ।

ਚਿਰ ਹੋ ਜਾਣ ਕਾਰਨ, ਜੇ ਇਹਨਾਂ ਕਿੱਸਿਆਂ ਦੀ ਫੋਲਾ- ਫਾਲੀ ਕਰੀਏ ਤਾਂ ਕਾਗਜ਼ ਭੁਰਨ ਲਗਦਾ ਹੈ। ਝਾਤੀ ਮਾਰੋ ਤਾਂ, ਛਾਪੇ ਵਾਲੀ ਪ੍ਰੈਸ 'ਤੇ ਛਪੇ ਹੋਣ ਕਾਰਨ, ਪਰੂਫਾਂ ਦੀਆਂ ਗ਼ਲਤੀਆਂ ਵੀ ਆਮ ਹੀ ਰੜਕਦੀਆਂ ਹਨ। ਪ੍ਰੰਤੂ ਫਿਰ ਵੀ ਪਾਰਸ ਦੇ ਇਸ ਉਦੱਮ ਦੀ ਸ਼ਲਾਘਾ ਕਰਨੀ ਬਣਦੀ ਹੈ ਕਿ ਉਸ ਨੇ ਇਹਨਾਂ ਕਿੱਸਿਆਂ ਨੂੰ ਪ੍ਰਕਾਸ਼ਤ ਕਰਵਾ ਕੇ ਆਪਣੇ ਪਾਠਕ-ਚਹੇਤਿਆਂ ਨੂੰ ਵੀ ਖੁਸ਼ ਕੀਤਾ ਅਤੇ ਨਾਲ ਆਪਣੀ ਰਚਨਾ ਨੂੰ ਵੀ,



ਸੰਭਾਲਣ ਦਾ ਇੱਕ ਉਪਰਾਲਾ ਕੀਤਾ। ਇਹਨਾਂ ਕਿੱਸਿਆਂ ਉੱਪਰ ਮੁੱਲ, ਪਹਿਲੋਂ ਸੱਠ ਪੈਸੇ, ਫਿਰ ਡੇੜ੍ਹ ਰੁਪੱਈਆ, ਫੇਰ ਢਾਈ ਰੁਪਈਏ ਉੱਕਰਿਆ ਹੋਇਆ ਸੀ, ਪਰ ਫਿਰ ਵੇਚਣ ਵਾਲਿਆਂ ਨੇ 5 ਰੁਪੱਈਆਂ ਵਾਲੀ ਚੇਪੀ ਲਗਾ ਦਿੱਤੀ।

ਇਹਨਾਂ ਕਿੱਸਿਆਂ ਦੀ ਛਪਾਵਾਈ ਲਈ ਪਾਰਸ ਦੀ ਉਸਦੇ ਸੱਜਣ- ਬੇਲੀ ਆਰਥਿਕ ਤੌਰ 'ਤੇ ਵੀ ਮੱਦਤ ਕਰ ਦਿੰਦੇ ਸਨ, ਇਸ ਗੱਲ ਦਾ ਪਤਾ ਇਹਨਾਂ ਕਿੱਸਿਆਂ ਵਿੱਚੋਂ ਹੀ ਲਗਦਾ ਹੈ, ਪਾਰਸ ਨੇ ਕਈਆਂ ਕਿੱਸਿਆਂ ਵਿਚ ਵਿਸ਼ੇਸ਼ ਤੌਰ 'ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਇੱਕ ਸੌ ਰੁਪੱਈਆ ਭੇਟਾ ਲਈ ਅਤੇ ਮੁਖਤਿਆਰ ਸਿੰਘ ਮਸਕੀਨੀਆਂ ਵੱਲੋਂ ਵੀ ਸੌ ਰੁਪੱਈਆ ਭੇਟਾ ਪ੍ਰਾਪਤ ਹੋਣ 'ਤੇ ਕਿੱਸਿਆਂ ਦੇ ਆਰੰਭ 'ਚ ਹੀ ਉਨਾਂ ਦਾ ਧੰਨਵਾਦ ਕੀਤਾ ਹੋਇਆ ਮਿਲਦਾ ਹੈ।

ਇਹਨਾਂ ਕਿੱਸਿਆਂ ਦੀ ਛਪਵਾਈ ਦਾ ਸਮਾਂ 1962 ਤੋਂ 1969 ਤੱਕ ਦਾ ਹੈ, ਇਸ ਸਾਰੇ ਸਾਲਾਂ ਦੌਰਾਨ ਇਹਨਾਂ ਕਿੱਸਿਆਂ ਦੇ ਚਾਰ-ਚਾਰ, ਕਈਆਂ ਦੇ ਪੰਜ-ਪੰਜ, ਐਡੀਸ਼ਨ ਛਪੇ ਅਤੇ ਵਿਕੇ! ਅੱਜ ਕੱਲ੍ਹ ਕਿਸੇ ਬੁੱਕ ਸਟਾਲ ਤੋਂ ਇਹ ਕਿੱਸੇ ਨਹੀਂ ਮਿਲਦੇ।

ਨੋਟ :- ਕਰਨੈਲ ਸਿੰਘ ਪਾਰਸ ਦੀ ਸਮੁੱਚੀ ਕਾਵਿ-ਰਚਨਾ ਨੂੰ ਇੱਕ ਵਿਸ਼ੇਸ਼ ਤਰ੍ਹਾਂ ਦੀ ਅਤੇ ਵੱਡ-ਆਕਾਰੀ ਪੁਸਤਕ ਵਿੱਚ ਇਕੱਠਿਆਂ ਕੀਤਾ ਜਾ ਰਿਹਾ ਹੈ। ਤਾਂ ਜੋ ਇਸ ਉੱਘੇ ਕਵੀਸ਼ਰ ਦਾ ਰਚਿਆ ਅਣਮੁੱਲਾ ਕਾਵਿ-ਸਰਮਾਇਆ ਸਥਾਈ ਤੌਰ 'ਤੇ ਪੁਸਤਕ ਰੂਪ ਵਿੱਚ ਸਾਂਭ ਕੇ ਪੰਜਾਬੀ ਕਲਾ ਪ੍ਰੇਮੀਆਂ ਅਤੇ ਪਾਠਕਾਂ ਨੂੰ ਭੇਂਟ ਕੀਤਾ ਜਾ ਸਕੇ।

✲✲✲

# ਧਾਰਮਿਕ - ਕਾਵਿ

ਸਿੱਖ ਸਭਿਆਚਾਰ ਅਤੇ ਸਿੱਖ ਗੁਰੂਆਂ ਦੇ ਸ਼ਾਨਾਮੱਤੇ ਅਤੇ ਗੌਰਵਸ਼ਾਲੀ ਇਤਿਹਾਸ ਬਾਰੇ ਕਰਨੈਲ ਸਿੰਘ ਪਾਰਸ ਦੀਆਂ ਲਿਖੀਆਂ ਕਈ ਸਾਰੀਆਂ ਧਾਰਮਿਕ ਕਵੀਸ਼ਰੀਆਂ ਨੂੰ ਬੜਾ ਮਾਣਯੋਗ ਰੁੱਤਬਾ ਪ੍ਰਾਪਤ ਹੋਇਆ ਹੈ। ਸਿੱਖ ਗੁਰੂਆਂ ਪ੍ਰਤੀ ਆਪਣੇ ਦਿਲ ਵਿੱਚ ਅਥਾਹ ਸ਼ਰਧਾ ਰੱਖਣ ਵਾਲੇ ਇਸ ਕਵੀਸ਼ਰ ਨੂੰ ਸਿੱਖੀ ਬਾਰੇ ਕਾਫ਼ੀ ਡੂੰਘੀ ਵਾਕਫ਼ੀਅਤ ਹੈ। ਆਪਣੇ ਮਹਾਨ ਗੁਰੂਆਂ ਦੇ ਪਵਿੱਤਰ ਕਾਰਨਾਮਿਆਂ ਅੱਗੇ ਉਸਦਾ ਸਿਰ ਝੁਕਦਾ ਹੈ। ਤਾਂ ਹੀ ਉਹ ਉਹਨਾਂ ਦੀ ਮਹਿਮਾਂ ਆਪਣੀ ਕਵੀਸ਼ਰੀ ਰਾਹੀਂ ਗਾਉਂਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਕਰਨੀ ਤੋਂ ਉਹ ਵਧੇਰੇ ਪ੍ਰਭਾਵਤ ਹੈ, ਗੁਰੂ ਨਾਨਕ ਦੇਵ ਦੇ ਸੰਦੇਸ਼ ਨੂੰ ਉਹ ਸੰਸਾਰ ਲਈ ਕਲਿਆਣਕਾਰੀ ਮੰਨਦਾ ਹੈ, ਤੇ ਉਸ ਨੇ ਆਪਣੀ ਇੱਕ ਕਵਿਤਾ ਵਿੱਚ ਆਖਿਆ ਹੈ :

ਅੱਖੀਆਂ ਨਾਲ ਗੁਰਾਂ ਨੇ ਮਾੜੀ
ਦਸ਼ਾ ਦੇਸ਼ ਦੀ ਤੱਕੀ
ਹਿੰਦੂ, ਮੁਸਲਮ, ਪੰਡਤ ਕਾਜ਼ੀ,
ਹੁੰਦੇ ਧੱਕਮ-ਧੱਕੀ
ਜ਼ੁਲਮ ਚੱਕੀ ਵਿੱਚ ਪੈ ਕੁਰਲਾਉਂਦਾ
ਮੁਲਕ ਨਾ ਗਿਆ ਸਹਾਰਿਆ
ਘਰ- ਘਰ ਫੇਰਾ ਪਾ ਕੇ ਬਾਬੇ ਨਾਨਕ ਨੇ
ਜੱਗ ਤਾਰਿਆ....................
ਕਲ਼ ਕਾਤੀ ਕਸਾਈਆਂ ਰਾਜਿਆਂ
ਕੰਮ ਬੁੱਚੜਾਂ ਦਾ ਫੜ੍ਹਿਆ
ਕੂੜ ਅਮਾਵਸ ਸੱਚ ਚੰਦਰਮਾ
ਕਿਤੇ ਦਿਸੇ ਨਾ ਚੜ੍ਹਿਆ
ਧਰਮ ਲਪੇਟੀ ਚਾਦਰ ਆਪਣੀ
ਪਾਪਾਂ ਪੈਰ ਪਸਾਰਿਆ
ਘਰ- ਘਰ ਫੇਰਾ ਪਾ ਕੇ
ਬਾਬੇ ਨਾਨਕ ਨੇ ਜੱਗ ਤਾਰਿਆ............
ਰਕਮ ਫੜਾ ਕੇ ਆਖਿਆ ਕਾਲੂ
ਵਣਜ ਕਰੋ ਜਾ ਬੱਚਾ
ਗੁਰਾਂ ਦੇਖ ਕੇ ਸੰਤ ਮੰਡਲੀ
ਕੀਤਾ ਸੌਦਾ ਸੱਚਾ
ਭੈਣ ਨਾਨਕੀ ਕੋਲ ਛੱਡੀਏ
ਮਾਈ ਬਾਪ ਵਿਚਾਰਿਆ
ਘਰ- ਘਰ ਫੇਰਾ ਪਾ ਕੇ
ਬਾਬੇ ਨਾਨਕ ਨੇ ਜੱਗ ਤਾਰਿਆ........



ਵਿੱਚ ਸੁਲਤਾਨ ਪੁਰੇ ਦੇ ਬੈਠੇ
ਭਣਵੱਈਏ ਦੀ ਹੱਟੀ
ਪੈਸਿਆਂ ਬਿਨਾਂ ਗਰੀਬਾਂ ਪੱਲੇ
ਜਿਣਸ ਤੋਲ ਕੇ ਸੱਟੀ
ਤੇਰਾਂ - ਤੇਰਾਂ ਕਹਿ ਕੇ
ਸਾਰਾ ਸੌਦਾ ਬੰਨੇ ਮਾਰਿਆ
ਘਰ - ਘਰ ਫੇਰਾ ਪਾ ਕੇ
ਬਾਬੇ ਨਾਨਕ ਨੇ ਜੱਗ ਤਾਰਿਆ .........
ਸੱਜਣ ਠੱਗ ਨੇ ਠੱਗੀ ਕਰਕੇ
ਲੋਕ ਹਜ਼ਾਰਾਂ ਠੱਗੇ
ਵਾਹ ਪਿਆ ਜਦ ਪਰਮ ਪੁਰਖ ਦਾ
ਢਹਿ ਪਿਆ ਚਰਨਾਂ ਅੱਗੇ
ਛਾਤੀ ਨਾਲ ਗੁਰਾਂ ਨੇ ਲਾ ਕੇ
ਆਖਿਆ ਸਮਝ ਪਿਆਰਿਆ
ਘਰ ਘਰ ਫੇਰਾ ਪਾ ਕੇ
ਬਾਬੇ ਨਾਨਕ ਨੇ ਜੱਗ ਤਾਰਿਆ ........
ਮਜ਼ਲੂਮਾਂ ਦੀ ਖਾਤਰ ਪੀਸੀ
ਬਾਬਰ ਵਾਲੀ ਚੱਕੀ
ਦਰ੍ਰਵ ਪਏ ਨਿਰੰਕਾਰੀ ਦੁਨੀਆਂ
ਜਾ ਕੁਰਲਾਉਂਦੀ ਤੱਕੀ
ਸੌ ਪਾਪੀ ਜੀਵਾਂ ਦਾ ਡੁੱਬਦਾ
ਬੇੜਾ ਪਾਰ ਉਤਾਰਿਆ
ਘਰ ਘਰ ਫੇਰਾ ਪਾ ਕੇ ਬਾਬੇ
ਨੇ ਜੱਗ ਤਾਰਿਆ........

✲✲

ਜਿਵੇਂ ਲੋਕਾਂ ਦੇ ਪੁੱਤਾਂ ਦੇ ਵਿਆਹ ਹੁੰਦੇ ਹਨ, ਮਾਂਵਾਂ ਚਾਅ ਕਰਦੀਆਂ ਹਨ, ਸਧਰਾਂ ਪੂਰਦੀਆਂ ਹਨ, ਮਾਂ ਜੀਤੋ ਜੀ ਨੇ ਜਦੋਂ ਗੁਰੂ ਸਾਹਿਬ ਨੂੰ ਆਪਣੇ ਪੁੱਤਾਂ ਦੇ ਵਿਆਹਾਂ ਲਈ ਕਿਹਾ ਤਾਂ ਗੁਰੂ ਜੀ ਨੇ ਜਿਵੇਂ ਅਖਿਆ, ਪਾਰਸ ਦੀ ਕਵਿਤਾ :

ਸੁਣੋ ਸੁੰਦਰੀ ਤੇ ਜੀਤੋ ਜੀ, ਮੇਰੀ ਗੱਲ ਇਕਾਗਰ ਹੋ
ਪੈਣਗੀਆਂ ਸਾਹਿਆਂ ਦੀਆਂ ਧੁੰਮਾਂ, ਜਾਣੇ ਜੱਗ ਉਜਾਗਰ ਹੋ
ਅੰਦਰ ਖ਼ਾਤੇ ਬਣੇ ਵਿਚੋਲੇ, ਰਾਜੇ ਬਾਈਧਾਰਾਂ ਦੇ
ਹੋ ਚੁੱਕੇ ਨੇ ਮੰਗਣੇ ਚਿਰ ਦੇ, ਥੋੜੇ ਪੁੱਤਾਂ ਚਾਰਾਂ ਦੇ..........

ਟੱਬਰ ਨਾਲ ਮਸ਼ਵਰਾ ਕਰਨਾ, ਸਮਝ ਲਿਆ ਕਮਜ਼ੋਰੀ ਮੈਂ
ਸਾਹੇ ਸੱਦੇ ਤੇ ਦਿਨ ਬੱਧੇ , ਥੋਥੋਂ ਚੋਰੀ-ਚੋਰੀ ਮੈਂ
ਵਿਆਹ ਮੁਕਲਾਵੇ ਆ ਗਏ ਨੇੜੇ

ਦੂਲੇ ਬਰਖ਼ੁਰਦਾਰਾਂ ਦੇ
ਹੋ ਚੁੱਕੇ ਨੇ ਮੰਗਣੇ ਚਿਰ ਦੇ, ਥੋਡੇ ਪੁੱਤਾਂ ਚਾਰਾਂ ਦੇ.........

ਦੋ ਵੱਡਿਆਂ ਦੀਆਂ ਲਾਵਾਂ ਰਣ ਦੇ ਖੇਤ 'ਚ ਪੜ੍ਹੀਆਂ ਜਾਣ ਗੀਆਂ
ਜੜ੍ਹਾਂ ਪੰਥ ਦੀਆਂ ਅਤੇ ਥੋਡੀਆਂ, ਡੂੰਘੀਆਂ ਜੜੀਆਂ ਜਾਣ ਗੀਆਂ
ਜਦ ਪਹੁੰਚਣਗੇ ਬੇਦੀ ਕੋਲੇ, ਤੁਰ ਉੱਤੇ ਤਲਵਾਰਾਂ ਦੇ
ਹੋ ਚੁੱਕੇ ਨੇ ਮੰਗਣੇ ਚਿਰ ਦੇ, ਥੋਡੇ ਪੁੱਤਾਂ ਚਾਰਾਂ ਦੇ.............

ਨੀਹਾਂ ਵਿੱਚ ਖੜ੍ਹ ਨਾਲ ਖੁਸ਼ੀ ਦੇ , ਜਾਨਾਂ ਦੇਣੀਆਂ ਪੈਣਗੀਆਂ
ਰੂਪ ਵੰਤੀਆਂ, ਮਲਕ ਜ਼ਾਦੀਆਂ ਖੱਬੀਂ ਪਾਸੀਂ ਬਹਿਣਗੀਆਂ
ਮੌਤਾਂ ਨੂੰਹਾਂ ਮਹਿੰਦੀ ਰੱਤੀਆਂ, ਲੱਦੀਆਂ ਨਾਲ ਸ਼ਿੰਗਾਰਾਂ ਦੇ
ਹੋ ਚੁੱਕੇ ਹਨ ਮੰਗਣੇ ਚਿਰਦੇ ਥੋਡੇ ਪੁੱਤਾਂ ਚਾਰਾਂ ਦੇ............

✲✲

ਪਾਰਸ ਨੇ ਸਿੱਖ ਗੁਰੂਆਂ ਬਾਰੇ ਸੈਂਕੜੇ ਹੀ ਰਚਨਾਵਾਂ ਲਿਖ ਕੇ ਜਿਥੇ ਗੁਰੂਆਂ ਪ੍ਰਤੀ ਆਪਣੀ ਅਕੀਦਤ ਦੇ ਫੁੱਲ ਭੇਂਟ ਕੀਤੇ ਹਨ ਉਥੇ ਉਸ ਨੇ ਨਾਲੋ-ਨਾਲ ਉਹਨਾਂ ਦੇ ਸਿਰਜੇ ਮਹਾਨ ਇਤਿਹਾਸ ਨੂੰ ਕਾਵਿ-ਰੂਪ 'ਚ ਪੇਸ਼ ਕਰਕੇ ਵਿਸ਼ੇਸ਼ ਸ਼ਲਾਘਾਯੋਗ ਕਾਰਜ ਕੀਤਾ ਹੈ।

ਸਾਹਿਬ ਬਹਾਦਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖ ਕੌਮ ਪ੍ਰਤੀ ਸਮੇਤ ਪਰਿਵਾਰ ਦੇ ਕੀਤੀਆਂ ਮਹਾਨ ਕੁਰਬਾਨੀਆਂ ਅਤੇ ਸਾਹਿਬਜ਼ਾਦਿਆਂ ਬਾਰੇ ਵੀ ਪਾਰਸ ਨੇ ਕਾਫੀ ਸਾਰੀਆਂ ਕਵੀਸ਼ਰੀਆਂ ਲਿਖੀਆਂ ਹਨ। ਇਹਨਾਂ ਵਿੱਚੋਂ ਪ੍ਰਸਿੱਧ ਹੋਈ, ਦੋਤਾਰਾ ਟੇਕ 'ਤੇ ਗਾਈ ਕਵੀਸ਼ਰੀ :

ਕਿਉਂ ਪਕੜ ਮਾਸੂਮਾਂ ਨੂੰ
ਨੀ ਇਹ ਲਈ ਪੁਲਸੀਏ ਜਾਂਦੇ
ਤੱਕ ਨੂਰ ਇਲਾਹੀ ਨੂੰ
ਨਿਉਂ-ਨਿਉਂ ਪਰਬਤ ਸੀਸ ਨਿਵਾਂਦੇ
ਹੈ ਨਾਲ ਹਕੂਮਤ ਦੇ
ਇਹਨਾਂ ਦੀ ਕੀ ਪਈ ਮਰੋੜੀ
ਕਿਉਂ ਫੜੀ ਸਿਪਾਹੀਆਂ ਨੇ
ਭੈਣੋਂ ਇਹ ਹੰਸਾਂ ਦੀ ਜੋੜੀ......

ਸਮਝਣ ਵਿੱਚ ਆਉਂਦੀ ਨਾ
ਗ਼ਲਤੀ ਕਰ ਬੈਠੈ ਹਨ ਕਾਹਦੀ
ਔਹ ਪੂਜਣ ਯੋਗ ਬੁੜ੍ਹੀ
ਹੋਊ ਜਾਂ ਨਾਨੀ ਜਾਂ ਦਾਦੀ
ਮਨ ਮੋਹਣੀਆਂ ਰੂਹਾਂ 'ਤੇ
ਤਰਸ ਨਾ ਕਰਦੇ ਹਾਕਮ ਕੋਹੜੀ



ਕਿਉਂ ਫੜ੍ਹੀ ਸਿਪਾਹੀਆਂ ਨੇ...............

ਇਹਨਾਂ ਦੀ ਜ਼ਿੰਦਗੀ ਦੇ
ਹੋਣੇ ਉਲਝੇ ਤਾਣੇ ਪੇਟੇ
ਜਾਪਣ ਪਹਿਰਾਵੇ ਤੋਂ
ਵੱਡੇ ਭਗਵਾਨ ਦੇ ਬੇਟੇ
ਬਾਬੁਲ ਸ਼ਾਹਜਾਦਿਆਂ ਦਾ
ਕੋਈ ਹੋਊ ਸੇਠ ਕਰੋੜੀ
ਕਿਉਂ ਫੜ੍ਹੀ ਸਿਪਾਹੀਆਂ ਨੇ........................

ਆਪਣੀਆਂ ਅੱਖਾਂ 'ਚੋਂ
ਹੰਝੂ ਮੱਲੋ-ਮੱਲੀ ਕਿਰਦੇ
ਬਾਹਰੋਂ ਅੰਗ ਥਿੜਕ ਰਹੇ
ਅੰਦਰੋਂ ਕੰਬੀ ਜਾਂਦੇ ਹਿਰਦੇ
ਪ੍ਰਵਾਰਕ ਡਾਰ ਵਿੱਚੋਂ
ਜਾਂਦੇ ਹੀਰੇ ਹਰਨ ਵਿਛੋੜੀ
ਕਿਉਂ ਫੜੀ ਸਿਪਾਹੀਆਂ ਨੇ
ਭੈਣੋ ਇਹ ਹੰਸਾਂ ਦੀ ਜੋੜੀ.............

ਧਾਰਮਿਕ ਸਥਾਨਾਂ ਜਾਂ ਦੀਵਾਨਾਂ ਦੌਰਾਨ ਇਸ ਰਚਨਾ ਦਾ ਜਦੋਂ "ਪਾਰਸ ਜੱਥਾ" ਗਾਇਨ ਕਰਦਾ ਸੀ ਤਾਂ ਸਾਹਿਬਜ਼ਾਦਿਆਂ ਦੀ ਮਾਸੂਮੀਅਤ ਅਤੇ ਦਰਦਮਈ ਹਾਲਤ ਦਾ ਵਰਨਣ ਸੁਣ ਕੇ ਸੰਗਤਾਂ ਦੀਆਂ ਅੱਖਾਂ 'ਚੋਂ ਹੰਝੂ ਟਪਕਣ ਲੱਗ ਪੈਂਦੇ ਸਨ। ਸਾਹਿਬਜਾਦਿਆਂ ਨੂੰ ਬੰਦੀ ਬਣਾ ਕੇ ਕੰਧਾਂ ਵਿੱਚ ਚਿਣਨ ਲਈ ਮੁਗ਼ਲ ਲਈ ਜਾਂਦੇ ਹਨ। ਖੂਹੇ ਤੋਂ ਪਾਣੀ ਭਰਦੀਆਂ ਕੁੜੀਆਂ ਦਾ ਆਪਸ ਵਿੱਚ ਗੱਲਾਂ ਕਰਨਾ ਤੇ ਛੋਟੇ-ਛੋਟੇ ਮਸੂਮਾਂ ਨੂੰ ਵੇਖਕੇ ਆਖਣਾ ਦਰਦਮਈ ਹੈ।

ਸਾਹਿਬਜ਼ਾਦਿਆਂ ਨੂੰ ਜਿਸ ਵੇਲੇ ਨੀਹਾਂ ਵਿੱਚ ਚਿਣ ਦਿੱਤਾ ਗਿਆ ਉਸ ਵੇਲੇ ਗੁਰੂ ਸਾਹਿਬ ਨੂੰ ਨੂਰੇ ਮਾਹੀ ਨੇ ਜਾ ਕੇ ਦੱਸਿਆ :

ਗੰਗੂ ਦੇ ਹੱਥੀਂ ਜੀ ਥੋਡੇ ਪੁੱਤਰ ਗਏ ਵਿਆਹੇ
ਘਰ ਨਵੇਂ ਵਸਾਏ ਜਾ, ਕਰਕੇ ਨਾਲ ਮੌਤ ਦੇ ਸਾਹੇ
ਸਰਹਿੰਦ 'ਚ ਢੁੱਕੇ ਸੀ ਸਿਰ 'ਤੇ ਬੰਨ੍ਹ ਸ਼ਹੀਦੀ ਸੇਹਰੇ
ਚਿਣਤੇ ਵਿੱਚ ਨੀਹਾਂ ਦੇ ਛੋਟੇ ਲਾਲ ਗੁਰੂ ਜੀ ਤੇਰੇ.................

ਨਿੱਕੜੀਆਂ ਜਿੰਦਾਂ 'ਤੇ ਕੀਤਾ ਸੌ ਤੋਪਾਂ ਨੇ ਧਾਵਾ
ਉਹਨਾਂ ਨੂੰ ਪੋਇਆ ਨਾ, ਕੋਈ ਲਾਲਚ ਅਤੇ ਡਰਾਵਾ
ਮੰਦਰ ਤੇ ਰੁਤਬੇ ਕੀ, ਡੋਲਿਆਂ ਨਾ ਉਹ ਗਏ ਪਰੇਰੇ
ਚਿਣਤੇ ਵਿੱਚ ਨੀਹਾਂ ਦੇ ਛੋਟੇ ਲਾਲ ਗੁਰੂ ਜੀ ਤੇਰੇ................

ਅੱਡੋ-ਅੱਡ ਜਨਮੇਂ ਸੀ, ਕੱਠਿਆਂ ਜਾਮ ਸ਼ਹਾਦਤ ਪੀਤਾ
'ਪਾਰਸ' ਨੇ ਅੱਲਾ ਦੇ ਨਾਂ 'ਤੇ ਜ਼ੁਲਮ ਜਦੋਂ ਇਹ ਕੀਤਾ
ਸੁਰਗਾਂ ਵਿੱਚ ਸੋਗ ਪਿਆ ਹੂਰਾਂ ਮਣ-ਮਣ ਹੰਝੂ ਕੇਰੇ
ਚਿਣਤੇ ਵਿੱਚ ਨੀਹਾਂ ਦੇ ਛੋਟੇ ਲਾਲ ਗੁਰੂ ਤੇਰੇ....................

ਸਾਹਿਬਜ਼ਾਦੇ ਆਪਣੀ ਸਿੱਖੀ ਅਤੇ ਸਿਦਕ ਤੇ ਅੜੇ ਖਲੋਤੇ ਹਨ। ਇਸ ਕਵਿਤਾ ਦਾ ਨਮੂਨਾ ਵੇਖੋ :

ਨਾ ਮੌਤੋਂ ਬਿਲਕੁਲ ਡਰਦੇ ਹਾਂ
ਨਾ ਈਨ ਕਿਸੇ ਦੀ ਭਰਦੇ ਹਾਂ
ਅਸੀ ਬੇਟੇ ਕਲਗੀਧਰ ਦੇ ਹਾਂ
ਜੀਹਦਾ ਜੱਗ ਵਿੱਚ ਤੇਜ਼ ਕਰਾਰਾ ਹੈ
ਸਾਨੂੰ ਸਿਰ ਨਾਲੋਂ ਸਿਦਕ ਪਿਆਰਾ ਹੈ............

ਬੰਦਾ ਕਾਲ ਨੇ ਕਾਬੂ ਕਰਨਾ ਹੈ
ਜਲ ਵਿੱਚ ਪਤਾਸਾ ਖਰਨਾ ਹੈ
ਜੋ ਜੰਮਿਆਂ ਉਹਨੇ ਮਰਨਾ ਹੈ
ਇਹ ਝੂਠਾ ਕੁੱਲ ਪਸਾਰਾ ਹੈ
ਸਾਨੂੰ ਸਿਰ ਨਾਲੋਂ ਸਿਦਕ ਪਿਆਰਾ ਹੈ.............

ਗਿਆ ਫੜ੍ਹਿਆ ਨਾ ਰਾਵਣ ਤਕੜੇ ਤੋਂ
ਨਾ ਕੋਈ ਬਚਿਆ ਕਾਲ ਦੇ ਰਗੜੇ ਤੋਂ
ਇਹ ਜੰਮਣ ਮਰਨ ਦੇ ਝਗੜੇ ਤੋਂ
ਜੀ ਆਤਮ ਰਾਮ ਨਿਆਰਾ ਹੈ
ਸਾਨੂੰ ਸਿਰ ਨਾਲੋਂ ਸਿਦਕ ਪਿਆਰਾ ਹੈ..............

ਆ ਕਹੇ 'ਕਰਨੈਲ ਕਵੀਸ਼ਰ' ਜੇ
ਤਪ ਛੱਡਦੇ ਨਹੀ ਤਪੀਸਰ ਜੇ
ਸਿਰ ਦਿੱਤਿਆਂ ਮਿਲਜੇ ਈਸ਼ਰ ਜੇ
ਇਸ ਵਿੱਚ ਕੀ ਦੱਸ ਕਸਾਰਾ ਹੈ
ਸਾਨੂੰ ਸਿਰ ਨਾਲੋਂ ਸਿਦਕ ਪਿਆਰਾ ਹੈ............

ਛੋਟੇ ਸਾਹਿਬਜ਼ਾਦੇ ਆਪਣੇ ਸਿਦਕ ਅਤੇ ਸਿਰ ਨੂੰ ਕਾਇਮ ਰੱਖਦੇ ਹੋਏ ਸ਼ਹੀਦੀ ਪਾ ਜਾਂਦੇ ਹਨ, ਪਾਰਸ ਨੇ ਬੜੀ ਕਲਾਤਮਿਕਤਾ ਨਾਲ ਉਸ ਸਮੇਂ ਦਾ ਚਿਤਰਣ ਕਰਦੀ ਰਚਨਾ ਰਚੀ ਹੈ। ਨਮੂਨਾ ਇਸ ਪ੍ਰਕਾਰ ਹੈ:

ਜ਼ੋਰ ਬਥੇਰਾ ਲਾ ਰਹੇ



ਮੂਲ ਨਾ ਮੰਨੇ
ਭੂਹੇ ਹੋ ਗਏ ਮੌਲਵੀ ਸਨ
ਸ਼ਰ੍ਹਾ 'ਚ ਅੰਨ੍ਹੇ
ਹੱਥ ਕਟਾਰ ਜਲਾਦ ਦੇ
ਸੀ ਸਨਮੁੱਖ ਦੀਹਦੀ
ਕਲਗੀਧਰ ਦੇ ਲਾਡਲੇ
ਪਾ ਗਏ ਸ਼ਹੀਦੀ.............

ਮਗ਼ਜ਼ ਮਾਰ ਕੇ ਮੌਲਵੀ
ਆਏ ਰੋਹ ਵਿੱਚ ਚੌਣੇ
ਦਿੱਤੇ ਕਰ ਜਲਾਦ ਨੇ
ਸਿਰ ਧੜਾਂ ਤੋਂ ਲੌਣੇ
ਸਿੱਖੀ ਸਿਦਕ ਸਨਦ ਦੀ
'ਤੇ ਲਾਗੇ ਟਿਕਟ ਰਸੀਦੀ
ਕਲਗੀਧਰ ਦੇ ਲਾਡਲੇ ਪਾ ਗਏ ਸ਼ਹੀਦੀ....................
ਜ਼ੁਲਮ ਅੰਧੇਰੀ ਝਾੜ ਤੇ
ਟਾਹਿਣੀਓਂ ਫੁੱਲ ਕੱਚੇ
ਸੂਲੀ ਉੱਤੇ ਕੁੱਦ ਗਏ
ਨੇਜਿਆਂ 'ਤੇ ਨੱਚੇ
ਧਰਮ ਵੱਲੋਂ ਮੁੱਖ ਮੋੜ ਕੇ
ਨਾ ਹੋਏ ਗੀਦੀ
ਕਲਗੀਧਰ ਦੇ ਲਾਡਲੇ ਪਾ ਗਏ ਸ਼ਹੀਦੀ ....................
ਧਰਤੀਆਂ ਸੱਤੇ ਡੋਲੀਆਂ
ਕੰਬ ਗਿਆ ਅੰਬਰ
ਔਰੰਗ ਦੀ ਕਰਤੂਤ ਤੋਂ
ਰੋ ਪਿਆ ਪੈਗੰਬਰ
ਸੁਰਗ ਪੁਰੀ ਦੀ ਸੜਕ ਸੀ
ਉਹ ਪੈ ਗਏ ਸੀਧੀ
ਕਲਗੀਧਰ ਦੇ ਲਾਡਲੇ ਪਾ ਗਏ ਸ਼ਹੀਦੀ......................

✲✲

ਚਮਕੌਰ ਸਾਹਿਬ ਦੀ ਜੰਗ ਵਿੱਚ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦੀ ਸ਼ਹੀਦੀ ਬਾਰੇ ਕੁਝ ਕਾਵਿ ਨਮੂਨਾ:

ਆਗਿਆ ਸਿੰਘ ਅਜੀਤ ਨੇ
ਸਤਿਗੁਰ ਤੋਂ ਮੰਗੀ
ਫੜ੍ਹ ਕੇ ਤੇ ਤਲਵਾਰ ਸੀ
ਹੱਥ ਸੱਜੇ ਨੰਗੀ

ਅਰਦਲ ਖੜ੍ਹਾ ਹਜ਼ੂਰ ਦੇ
ਪਾ ਬਾਣਾ ਜੰਗੀ
ਕੱਢਣ ਸੀਸ ਲਪੇਟ ਕੇ
ਪੰਜ ਸਿੰਘ ਲੈ ਸੰਗੀ
ਫਿਰ ਜ਼ਿੰਦਗੀ ਅਤੇ ਮੌਤ ਦੀ
ਉਸ ਲੀਕ ਉਲੰਘੀ
ਪੀਣੀ ਪਿਆਲੀ ਅਜ਼ਲ ਦੀ
ਪੀ ਜਾਣੀ ਚੰਗੀ
ਚਿੱਟੀ ਚੁੰਨੀ ਧਰਤ ਦੀ
ਜਾ ਸੂਹੀ ਰੰਗੀ
ਫਿਰ ਬਿਨ ਬੇੜੀ ਲਹੂ ਦੀ
ਨੈਂ ਤਰਕੇ ਲੰਘੀ

✲✲

ਸਾਹਿਬਜ਼ਾਦਾ ਜੁਝਾਰ ਸਿੰਘ ਜੰਗ ਵਿੱਚ ਜਾ ਕੇ ਮੁਗ਼ਲਾਂ ਤੇ ਆਹੂ ਲਾਉਣ ਲਈ ਕਾਹਲਾ ਹੈ, ਉਸ ਨੂੰ ਨੇਜ਼ੇ ਤੀਰਾਂ ਤੇ ਤਲਵਾਰਾਂ ਤੋਂ ਜਿਵੇਂ ਉੱਕਾ ਹੀ ਡਰ ਨਹੀ ਹੈ ਸਗੋਂ ਉਹ ਉਹਨਾਂ ਮੂਹਰੇ ਜਾਣ ਲਈ ਉਤਾਵਲਾ ਹੈ, ਪਾਰਸ ਨੇ ਲਿਖਿਆ ਹੈ :

ਦੁੱਖਾਂ ਪੀੜੀ ਜੰਤਾਂ ਦੇ ਰੱਬਾ ਦੂਜਿਆ
ਥੋਨੂੰ ਜਾਣਾ ਨ੍ਹੀਂ ਜਗਤ ਵਿੱਚ ਪੂਜਿਆ
ਜੇ ਮੈਂ ਹੁਣ ਰਣ ਭੂਮੀ 'ਚ ਨਾ ਜੂਝਿਆ
ਧੱਬਾ ਲੱਗ ਜਾਵੇਗਾ ਸਿੱਖੀ ਦੀ ਸ਼ਾਨ ਨੂੰ
ਮੇਰਾ ਮਨ ਹੈ ਉਤਾਵਲਾ
ਨੇਜ਼ੇ, ਤੀਰਾਂ, ਤਲਵਾਰਾਂ ਮੂਹਰੇ ਜਾਣ ਨੂੰ
ਮੇਰਾ ਮਨ ਹੈ ਉਤਾਵਲਾ..................
ਵੱਡੇ ਵੀਰ ਹੁਰੀਂ ਪਾ ਗਏ ਨੇ ਸ਼ਹੀਦੀਆਂ
ਪੈੜਾਂ ਲਹੂ ਭਿੱਜੀ ਮਿੱਟੀ ਵਿੱਚ ਜੀਹਦੀਆਂ
ਜਾਣ ਸੁਰਗਾਂ ਦੇ ਵੱਲ ਨੂੰ ਨੇ ਦੀਂਹਦੀਆਂ
ਜੋਸ਼ ਜਾਗ ਪਿਆ ਤੱਕ ਲੰਮੇ ਬਾਣ ਨੂੰ
ਮੇਰਾ ਮਨ ਹੈ ਉਤਾਵਲਾ................
ਅੱਤ ਸ਼ਰ੍ਹਾ ਦੇ ਜਨੂੰਨੀਆਂ ਦੀ ਚੱਕੀ ਵੀ
ਸਹਿ ਕੇ ਜ਼ੁਲਮ ਜ਼ਮੀਰ ਮੇਰੀ ਅੱਕੀ ਵੀ
ਪਈ 'ਪਾਰਸ' ਦਿਨਾਂ ਤੇ ਪੂਰੀ ਪੱਕੀ ਵੀ
ਵੱਢ ਲੈਣ ਦਿਓ ਫ਼ਸਲ ਕਿਸਾਨ ਨੂੰ
ਮੇਰਾ ਮਨ ਹੈ ਉਤਾਵਲਾ................

✲✲

✲ ਜੰਗ ਵਿੱਚ ਸ਼ਹੀਦੀ ਦਾ ਜਾਮ ਪੀ ਜਾਣ ਬਾਅਦ :



ਅੰਧਾ ਧੁੰਦ ਸੀ ਤੀਰਾਂ ਦੀ ਹੋਈ ਬਾਰਸ਼
ਛਨਣੀ ਛਨਣੀ ਸੀ ਸਾਰਾ ਸਰੀਰ ਹੋਇਆ
ਵਿੱਚ ਜੰਗ ਦੇ ਜੂਝਦੇ ਸੂਰਮੇਂ ਦਾ
ਜਾਮਾ ਜਿਸਮ ਦਾ ਸੀ ਲੀਰੋ-ਲੀਰ ਹੋਇਆ
ਏਧਰ ਧਰਤੀ 'ਤੇ ਸਿੰਘ ਜੁਝਾਰ ਡਿੱਗਾ
ਓਧਰ ਕੌਮ ਦਾ ਮਹਿਲ ਤਾਮੀਰ ਹੋਇਆ
'ਪਾਰਸ' ਲੋਹਾ ਲੈਂਦਾ ਨਾਲ ਵੈਰੀਆਂ ਦੇ
ਸਿੱਧੇ ਮੱਥੇ ਸ਼ਹੀਦ ਆਖੀਰ ਹੋਇਆ।

✲✲

ਵਿਛੜੀਆਂ ਮਾਈਆਂ, ਦਮਦਮਾਂ ਸਾਹਿਬ ਸਾਬੋ ਕੀ ਤਲਵੰਡੀ ਭਰੀ ਸੰਗਤ ਵਿੱਚ ਚਾਰ ਪੁੱਤਾਂ ਨੂੰ ਗ਼ੈਰ ਹਾਜ਼ਰ ਵੇਖਕੇ ਗੁਰੂ ਜੀ ਨੂੰ ਪੁੱਛਦੀਆਂ ਹਨ :

ਅਨੰਦਪੁਰੀ ਤੋਂ ਸੀ, ਚੰਦਰਾ ਦਿਨ ਪਿਆ ਵਿਛੋੜਾ
ਨਿੱਖੜ ਕੇ ਟੱਬਰ 'ਚੋਂ ਖਾ ਗਏ ਕਿਹੜੇ ਪਾਸੇ ਮੋੜਾ
ਯਾ ਭੁੱਲ ਗਏ ਸਰਸੇ ਤੋਂ ਰਸਤੇ ਪੈ ਗਏ ਕਿਸੇ ਕਲੋਟੇ
ਅੱਜ ਨਜ਼ਰੀਂ ਆਉਂਦੇ ਨਾ, ਸੁਆਮੀ ਚਾਰ ਜਿਗਰ ਦੇ ਟੋਟੇ.............

ਵਿੱਚ ਧਰਮ ਯੁੱਧ ਦੇ ਜਾ, ਚਾਰੇ ਪਾ ਗਏ ਧਰਮ ਸ਼ਹੀਦੀ
ਰਖਵਾਲੀ ਉਨ੍ਹਾਂ ਦੀ, ਮਾਤਾ ਜੀ ਕਿਧਰੇ ਨਾ ਦੀਹਦੀ
ਗੋਦੀ ਮਾਂ ਗੁਜਰੀ ਦੀ, ਖੇਡਣ ਨਾ ਵੱਡੇ ਨਾ ਛੋਟੇ
ਅੱਜ ਨਜ਼ਰੀਂ ਆਉਂਦੇ ਨਾ ਸੁਆਮੀ ਚਾਰ ਜਿਗ਼ਰ ਦੇ ਟੋਟੇ....................

ਸਰ ਕਰਨ ਮੋਰਚੇ ਨੂੰ ਬਾਂਕਿਆਂ ਕਿਧਰ ਕੀਤੇ ਧਾਵੇ
ਕਰ ਦਿੱਤੇ ਸਾਰਿਆਂ ਦੇ , ਜਾਂ ਫਿਰ ਵਿਆਹ ਮੰਗਣੇ ਮੁਕਲਾਵੇ
ਤੱਕ ਨੇਤਰ ਜਿੰਨ੍ਹਾਂ ਦੇ, ਸ਼ਰਮਾਂ ਖਾ ਜਾਂਦੇ ਹਰਨੋਟੇ
ਅੱਜ ਨਜ਼ਰੀਂ ਆਉਂਦੇ ਨਾ ਸੁਆਮੀਂ ਚਾਰ ਜਿਗਰ ਦੇ ਟੋਟੇ..................

'ਕਰਨੈਲ ਕਵੀਸ਼ਰ' ਦਾ ਖੜਕੇ ਨਾ ' ਰਣਜੀਤ' ਨਗਾਰਾ
ਅਜੀਤ, ਜੁਝਾਰ ਸਣੇ, ਜੋਰਾਵਰ ਸਿੰਘ ਫਤਿਹ ਪਿਆਰਾ
ਸੱਧਰਾਂ ਦੇ ਕੱਤੇ ਵੇ, ਕਿਸੇ ਨੇ ਦਿੱਤੇ ਘੂਰ ਗਲੋਟੇ
ਅੱਜ ਨਜ਼ਰੀਂ ਆਉਂਦੇ ਨਾ ਸੁਆਮੀ ਚਾਰ ਜਿਗ਼ਰ ਦੇ ਟੋਟੇ.........

(ਦੋਤਾਰਾ ਛੰਦ)

✲✲

ਗੁਰੂ ਜੀ ਦਾ ਜੁਵਾਬ ਵੇਖੋ :

ਆਹ ਜੋ ਸਿੰਘ ਬੈਠੇ ਸੈਂਕੜੇ, ਇਹ ਹਨ ਥੋਡੇ ਬੇਟੇ
ਸਤਿਗੁਰੂ ਤੇਗ ਬਹਾਦਰ ਜੀ ਦੀ, ਗੋਦੀ ਵਿੱਚ ਜਾ ਲੇਟੇ
ਜਾ ਬਿਰਾਜੇ ਸਦਾ ਵਾਸਤੇ, ਪ੍ਰਭੂ ਦੇ ਦਰਬਾਰੇ

ਦੇਸ਼ ਕੌਮ ਤੇ ਧਰਮ ਵਾਸਤੇ, ਵਾਰ ਦਿੱਤੇ ਪੁੱਤ ਚਾਰੇ...........
ਵੱਡਿਆਂ ਦੋਵਾਂ ਨੇ ਚਮਕੌਰ 'ਚ ਦੇ ਦਿੱਤੀ ਕੁਰਬਾਨੀ
ਸਫ਼ਲਾ ਜਨਮ ਸ਼ਹੀਦੀ ਪਾ ਕੇ, ਕਰ ਗਏ ਦੋ ਜਹਾਨੀ
ਲਾ ਗਏ ਰਣ ਭੂਮੀ ਅੰਦਰ, ਉੱਚੀ ਬੋਲ ਕੇ ਨਾਹਰੇ
ਦੇਸ਼ ਕੌਮ ਤੇ ਧਰਮ ਵਾਸਤੇ, ਵਾਰ ਦਿੱਤੇ ਪੁੱਤ ਚਾਰੇ.............

ਭੱਜ ਕੇ ਬਾਂਕਿਆ ਛੈਲ ਛਬੀਲਿਆ, ਆਪ ਮੌਤ ਨੂੰ ਘੇਰਿਆ
ਜਾਨਾਂ ਦੀ ਪਰਵਾਹ ਨੀ ਕੀਤੀ, ਧਰਮੋਂ ਮੂੰਹ ਨਾ ਫੇਰਿਆ
ਦੀਨਾਂ ਦੁਖੀਆਂ ਖਾਤਰ ਉਨ੍ਹਾਂ ਲੱਖਾਂ ਕਸ਼ਟ ਸਹਾਰੇ
ਦੇਸ਼ ਕੌਮ ਤੇ ਧਰਮ ਵਾਸਤੇ ਵਾਰ ਦਿੱਤੇ ਪੁੱਤ ਚਾਰੇ.........

ਸੱਦ ਕੇ ਸੁਰਗਾਂ ਨੂੰ ਲੈ ਗਿਆ, ਆਪ ਉਹਨਾਂ ਨਾ ਈਸ਼ਰ
ਆਪਣੇ ਤੇ ਉਹਨਾਂ ਦੇ ਰਚਦੂ, ਛੰਦ ਕਰਨੈਲ ਕਵੀਸ਼ਰ
ਗੂੰਜਣਗੇ ਇਹਨਾਂ ਦੀ ਯਾਦ 'ਚ, ਨਿੱਤ 'ਰਣਜੀਤ' ਨਗਾਰੇ
ਦੇਸ਼ ਕੌਮ ਤੇ ਧਰਮ ਵਾਸਤੇ ਵਾਰ ਦਿੱਤੇ ਪੁੱਤ ਚਾਰੇ.............

**

ਸਾਰਾ ਪਰਿਵਾਰ ਵਾਰਿਆ ਗਿਆ, ਅਨੰਦਪੁਰ ਤੋਂ ਮਾਛੀਵਾੜੇ ਨੂੰ ਨੰਗੇ ਪੈਰੀਂ ਜਾਂਦੇ ਸਤਿਗੁਰਾਂ ਬਾਰੇ ਪਾਰਸ ਨੇ ਦਰਦ ਭਰੀ ਰਚਨਾ ਵਿੱਚ ਇਸ ਤਰ੍ਹਾਂ ਵਰਨਣ ਕੀਤਾ ਹੈ :

ਗੁਰੂ ਰੂਪ ਖਾਲਸੇ ਦਾ ਕਿਹਾ ਮੰਨ ਕੇ ਦਾਤੇ ਹੋ ਤੁਰੇ ਵਿਦਾ
ਅੱਧੀ ਰਾਤ ਨੂੰ ਗੜ੍ਹੀ ਚੋਂ, ਬੂਹਾ ਭੰਨ ਕੇ ਗਏ ਲਹਿੰਦੇ ਨੂੰ ਸਿਧਾ
ਗਏ ਪੀਰ ਹਿੰਦ ਨਾਲ, ਉੱਚੀ ਸੁਰ ਦੇ ਕਹਿਤਾ ਜੰਗੀ ਖਾੜੇ ਨੂੰ
ਨੰਗੇ ਪੈਰੀਂ ਮਾਲਕ ਆਨੰਦਪੁਰ ਦੇ ਜਾਂਦੇ ਮਾਛੀਵਾੜੇ ਨੂੰ...............

ਸਾਗਰਾਂ ਚ ਠਿੱਲ੍ਹ ਪਏ ਜਹਾਜ਼ ਤੋਂ ਬਿਨਾਂ ਪਾਰ ਦਾ ਇਰਾਦਾ ਸੀ
ਜੋੜਾ, ਘੋੜਾ ਅਤੇ ਬਾਜ, ਤਾਜ਼ ਤੋਂ ਬਿਨਾ ਤੁਰੇ ਪਾ ਪਿਆਦਾ ਸੀ
ਮੱਚ ਰਹੀ ਵਿੱਚ ਜ਼ੁਲਮਾਂ ਦੀ ਚੁਰ ਦੇ ਪਾ ਕੇ ਖੂਨ ਗਾਹੜੇ ਨੂੰ
ਨੰਗੇ ਪੈਰੀਂ ਮਾਲਕ ਅਨੰਦਪੁਰ ਦੇ ਜਾਂਦੇ ਮਾਛੀਵਾੜੇ ਨੂੰ............

ਕਦਮਾਂ ਦੇ ਹੇਠ ਸੱਪਾਂ ਦੀਆਂ ਫ਼ਨੀਆਂ ਭਾਣਾ ਉੱਤੇ ਜਬਾਂ ਦੇ
ਪਾਈ ਆਉਂਦੇ ਜ਼ੋਰ ਸੀ ਗੜੇ ਤੇ ਕਣੀਆਂ ਕੋਲ਼ੇ ਵਗੇ ਹਵਾ ਦੇ
ਜਾਂਦੇ ਦੇਖ ਅਰਸ਼ਾਂ ਦੇਵ ਝੂਰਦੇ, ਜੰਜੋ ਬਿਨਾ ਲਾੜੇ ਨੂੰ
ਨੰਗੇ ਪੈਰੀਂ ਮਾਲਕ ਅਨੰਦਪੁਰ ਦੇ ਜਾਂਦੇ ਮਾਛੀਵਾੜੇ ਨੂੰ..........

ਦਰਦਨਾਕ ਦ੍ਰਿਸ਼ ਵਰਨਣ ਤੋਂ ਇਲਾਵਾ ਕਰਨੈਲ ਸਿੰਘ ਪਾਰਸ ਨੇ ਇਸ ਕਵਿਤਾ ਵਿੱਚ ਅਲੰਕਾਰ ਬੜੇ ਢੁੱਕਵੇਂ ਵਰਤੇ ਹਨ ਜਿਵੇਂ ਜਹਾਜ਼ ਤੋਂ ਬਿਨਾਂ ਸਾਗਰ



ਵਿੱਚ ਠਿਲ੍ਹਣਾ, ਪੈਰਾਂ ਹੇਠ ਸੱਪਾਂ ਦੀਆਂ ਸਿਰੀਆਂ, ਜ਼ੁਲਮਾਂ ਦੀ ਚੁਰ 'ਚ ਖੂਨ ਦਾ ਮੱਚਣਾ ਤੇ ਹਵਾ ਅੱਗ ਦੇ ਕੋਲਿਆ ਦੀ ਵਗਣੀ ਤੇ ਉਤੋਂ ਤੇਜ਼ ਮੀਂਹ ਦੀਆਂ ਕਣੀਆਂ ਤੇ ਗੜਿਆਂ ਦਾ ਜ਼ੋਰ ਹੋਣਾ, ਪਾਰਸ ਦੀਆਂ ਰਚੀਆਂ ਧਾਰਮਿਕ ਕਵੀਸ਼ਰੀਆਂ ਵਿੱਚ ਇਹ ਰਚਨਾ ਆਪਣਾ ਵਿਸ਼ੇਸ਼ ਮਹੱਤਵ ਰੱਖਦੀ ਹੈ।

ਗੁਰੂ ਜੀ ਨੇ ਦੀਨੇ ਕਾਂਗੜ ਤੋਂ ਔਰੰਗਜ਼ੇਬ ਨੂੰ 'ਜ਼ਫ਼ਰ ਨਾਮਾ' ਲਿਖਿਆ, ਪਾਰਸ ਨੇ ਆਪਣੀ ਕਵਿਤਾ ਵਿੱਚ ਖ਼ੂਬਸੂਰਤ ਵਰਨਣ ਉਲੀਕਿਆ ਹੈ, ਗੁਰੂ ਜੀ ਔਰੰਗਜ਼ੇਬ ਨੂੰ ਲਿਖਦੇ ਹਨ ਕਿ ਭਾਵੇਂ ਮੇਰਾ ਸਾਰਾ ਸਰਬੰਸ ਵਾਰਿਆ ਗਿਆ ਹੈ ਪਰੰਤੂ ਕੁੰਡਲੀਆ, ਸੱਪ ਬੀਰ ਖਾਲਸਾ ਹਾਲੇ ਜੀਵਤ ਹੈ। ਪਾਰਸ ਦੀ ਇਹ ਰਚਨਾ ਕਾਫੀ ਪ੍ਰਸਿੱਧ ਰਹੀ ਹੈ, ਨਮੂਨਾ ਵੇਖੋ :

ਅਜੇ ਸਹਿਨਸ਼ਾਹ ਔਰੰਗ ਗੱਲਾਂ ਕਰੇ ਈਮਾਨ ਦੀਆਂ
ਕਿਲ੍ਹਾ ਛੁਡਾਇਆ ਮੈਥੋਂ ਕਸਮਾਂ ਘੱਤ ਕੁਰਾਨ ਦੀਆਂ
ਤੋੜ ਸੁਗੰਧ ਖੁਦਾ ਦੀ, ਦੱਸ ਤੁਹਾਥੋਂ ਕੀ ਸਰਿਆ
ਕੁੰਡਲੀਆ ਸੱਪ ਬੀਰ ਖਾਲਸਾ ਅਜੇ ਨਹੀ ਮਰਿਆ....................

ਕੀ ਹੋ ਗਿਆ ਜੇ ਜਿੰਦ ਲੈ ਲਈ ਹੈ ਚਾਰ ਮਾਸੂਮਾਂ ਦੀ
ਸਾੜ ਸੁੱਟੂ ਘਰ ਤੇਰਾ, ਜ਼ਾਲਮ ਆਹ ਮਜ਼ਲੂਮਾਂ ਦੀ
ਹੋ ਕੇ ਮੋਮਨ ਖ਼ੌਫ਼ ਖ਼ੁਦਾ ਦੇ ਕੋਲੋਂ ਨਾ ਡਰਿਆ
ਕੁੰਡਲੀਆ ਸੱਪ ਬੀਰ ਖਾਲਸਾ ਅਜੇ ਨਹੀ ਮਰਿਆ....................

ਖੂਨ ਨੀ ਬਿਰਥਾ ਜਾਣਾ, ਡੁੱਲ੍ਹਿਆ ਪੁੱਤਰਾਂ ਮੇਰਿਆਂ ਦਾ
ਡੁੱਬਣਾ ਵਿੱਚ ਤੂਫਾਨਾਂ, ਬੇੜਾ ਪਾਪਾਂ ਤੇਰਿਆਂ ਦਾ
ਪਿਆ ਗੁਨਾਹਾਂ ਦੇ ਪੱਥਰ ਪਾ, ਨੱਕੋ-ਨੱਕ ਭਰਿਆ
ਕੁੰਡਲੀਆ ਸੱਪ ਬੀਰ ਖਾਲਸਾ ਅਜੇ ਨਹੀ ਮਰਿਆ....................

ਜੰਗਲ ਦੀ ਅੱਗ ਫੂਕਾਂ ਮਾਰ ਬੁਝਾਈ ਜਾਣੀ ਨਾ
ਘਾਸ ਫੂਸ ਤੋਂ ਰੁਕਣਾ ਮਿੱਟੀ ਹੜ੍ਹ ਦਾ ਪਾਣੀ ਨਾ
ਪੈਰੀਂ ਭਾਰੇ ਪੱਥਰ ਬੰਨ੍ਹ ਕੇ ਜਾਣਾ ਨਹੀਂ ਤਰਿਆ
ਕੁੰਡਲੀਆ ਸੱਪ ਬੀਰ ਖਾਲਸਾ ਅਜੇ ਨਹੀਂ ਮਰਿਆ....................

ਦੇਸ਼ ਮਾਲਵੇ ਅੰਦਰ ਗੁਜ਼ਰਿਆ ਚੰਦ ਮਹੀਨੇ ਮੈਂ
ਲਿਖੀ ਫਤਹਿ ਦੀ ਚਿੱਠੀ ਬਹਿਕੇ ਕਾਂਗੜ ਦੀਨੇ ਮੈਂ
ਭਾਂਵੇ ਮੇਰਾ ਜੀਵਨ ਥੋਥੋਂ ਜਾਂਦਾ ਨੀ ਜਰਿਆ
ਕੁੰਡਲੀਆ ਸੱਪ ਬੀਰ ਖਾਲਸਾ ਅਜੇ ਨਹੀ ਮਰਿਆ..................

ਬਾਕੀ ਵਿੱਚ ਕਚੈਹਿਰੀ ਰੱਬ ਦੀ ਲੇਖਾ ਕਰਲਾਂਗੇ
ਵਾਧ ਘਾਟ ਜੇ ਹੋਉ ਦੂਰ ਭੁਲੇਖਾ ਕਰਲਾਂਗੇ

"ਪਾਰਸ" ਐਥੇ ਔਥੇ ਮੈਂ ਜਿੱਤਿਆ ਤੂੰ ਹਰਿਆ
ਕੁੰਡਲੀਆ ਸੱਪ ਬੀਰ ਖਾਲਸਾ ਅਜੇ ਨਹੀ ਮਰਿਆ..................

✲✲

ਕਰਨੈਲ ਸਿੰਘ ਪਾਰਸ ਦੀਆਂ ਵੱਖ-ਵੱਖ ਧਾਰਮਿਕ ਕਵੀਸ਼ਰੀ ਦੀਆਂ ਚੋਣਵੀਆਂ ਵੰਨਗੀਆਂ:

ਉੱਪਰੋਂ ਔਰੰਗਜ਼ੇਬ ਦਾ ਹੁਕਮ ਆ ਗਿਆ ਸਖ਼ਤ
ਜ਼ਬਰੀ ਹਿੰਦੂ ਧਰਮ ਨੂੰ ਤੋੜ ਰਹੇ ਬਦਬਖ਼ਤ
ਜ਼ੁਲਮ ਕਰਨ 'ਤੇ ਤੁਲ ਗਈ ਆਪ ਜਦੋਂ ਸਰਕਾਰ
ਰੋ ਕਸ਼ਮੀਰੀਂ ਪੰਡਤਾਂ, ਮੰਦਰੀਂ ਕਰੀ ਪੁਕਾਰ..................

ਲੱਖਾਂ ਮੰਨੀਆਂ ਮੰਨਤਾਂ ਇੱਕ ਲੱਤ 'ਤੇ ਖੜ੍ਹ
ਡਰਦੇ ਸੰਤ ਮਹਾਤਮਾ ਗਏ ਪਹਾੜੀਂ ਚੜ੍ਹ
ਨਾ ਮੌਕੇ 'ਤੇ ਬਹੁੜਿਆ ਕੋਈ ਮੱਦਦਗਾਰ
ਰੋ ਕਸ਼ਮੀਰੀ ਪੰਡਤਾਂ, ਮੰਦਰੀਂ ਕਰੀ ਪੁਕਾਰ................

✲

ਮੈਂ ਅਕਾਸ਼ਬਾਣੀ ਹਾਂ ਅਵਾਜ਼ ਸੱਚ ਦੀ ਰੱਬ ਵੱਲੋਂ ਆ ਰਹੀ
ਘੋਰ ਸੰਕਟਾਂ ਚੋਂ ਛੁਟਕਾਰਾ ਪਾਉਣ ਦਾ, ਦੱਸਾਂ ਰਸਤਾ ਸਹੀ
ਦਿੱਤਾ ਹੈ ਇਸ਼ਾਰਾ ਥੋਡੇ ਵਰਲਾਪ ਦੀ ਰਮਜ਼ ਪਛਾਣੀ ਨੇ
ਦਾਰੂ ਥੋਡੇ ਦੁੱਖਾਂ ਦੀ ਅਨੰਦਪੁਰ ਹੈ ਕਿਹਾ ਗ਼ੈਬੀ ਬਾਣੀ ਨੇ................

ਉੱਥੇ ਹੈ ਬਿਰਾਜ਼ਮਾਨ ਮਹਾਨ ਆਤਮਾ, ਦੁਖੀਆਂ ਦੇ ਦਰਦ ਦੀ
ਝੱਲ ਤਕਲੀਫ਼ ਆਪਣੇ ਸਰੀਰ 'ਤੇ ਪੀੜਾਂ ਹਰੂ ਸਰਵ ਦੀ
ਦੂਸਰੀ ਜਗ੍ਹਾਂ ਤੋਂ ਥੋਡੇ ਕੰਮ ਆਉਣਾ ਨਾ ਲੱਖ ਖ਼ਾਕ ਛਾਣੀ ਨੇ
ਦਾਰੂ ਥੋਡੇ ਦੁੱਖਾਂ ਦੀ ਅਨੰਦਪੁਰ ਹੈ ਕਿਹਾ ਗ਼ੈਬੀ ਬਾਣੀ ਨੇ..............

✲

ਨੌਂਵੇ ਸਤਿਗੁਰੂ ਤੇਗ ਬਹਾਦਰ, ਰੋ ਕਰੀਏ ਫਰਿਆਦ ਪਿਤਾ
ਅਮਰ ਨਾਥ ਦੇ ਮੰਦਰ ਹੋਇਆ ਅਰਸ਼ਾਂ ਤੋਂ ਅਰਸ਼ਾਦ ਪਿਤਾ
ਨਿਰਦੋਸ਼ਾਂ ਨੂੰ ਕੱਟੀ ਜਾਂਦਾ, ਔਰੰਗਜ਼ੇਬ ਜਲਾਦ ਪਿਤਾ
ਟੱਬਰਾਂ ਦੇ ਟੱਬਰ ਫੜ੍ਹ ਫੜ੍ਹ ਕੇ, ਪੀੜੇ ਵਾਂਗ ਕਮਾਦ ਪਿਤਾ
ਕੋਹ-ਕੋਹ ਤੇ ਕਿਤਨੀ ਖ਼ਲਕਤ ਮਾਰੀ, ਮਾਰੀ ਬਿਨ ਅਪਰਾਧ ਪਿਤਾ
ਸੀਸ ਕਟੌਣੇ ਪੈਣੇ ਸਾਨੂੰ, ਕੁਝ ਦਿਨਾਂ ਦੇ ਬਾਅਦ ਪਿਤਾ
ਡੰਡਿਓ ਡਰਦੇ ਛਕਣਾ ਪੈਣਾ ਕੁਚਲਿਆਂ ਦਾ ਪ੍ਰਸ਼ਾਦ ਪਿਤਾ

✲

ਥੋਡੇ ਵਿੱਚੋਂ ਪੰਡਤੋ ਕੋਈ ਰੂਹ ਪਵਿੱਤਰ
ਮੌਤ ਕਟੋਰਾ ਪੀਣ ਦੇ ਲਈ ਆਵੇ ਨਿੱਤਰ



ਆਫ਼ਤ ਆਈ ਦੇਸ਼ 'ਤੇ ਨਾ ਟਲੂ ਅਸਾਨੀਂ
ਦੇਵੇ ਉੱਚੀ ਆਤਮਾ ਸਿਰ ਦੀ ਕੁਰਬਾਨੀ................

ਜੰਤਰ, ਮੰਤਰ, ਤੰਤਰਾਂ ਤੇ ਬੁੱਤ ਦੀ ਪੂਜਾ
ਛੱਡ ਕੇ ਚੁਣਨਾ ਪਵੇਗਾ, ਹੁਦ ਰਸਤਾ ਦੂਜਾ
ਕਾਇਮ ਰਹੇਗੀ ਸਭਿਅਤਾ ਤਾਂ ਹਿੰਦੋਸਤਾਨੀ
ਦੇਵੋ ਉੱਚੀ ਆਤਮਾ ਸਿਰ ਦੀ ਕੁਰਬਾਨੀ.............

ਗੁਰੂ ਗੋਬਿੰਦ ਰਾਏ ਵੱਲੋਂ ਪਿਤਾ ਜੀ ਨੂੰ ਬੇਨਤੀ :

ਤੇਗ ਬਹਾਦਰ ਪਿਤਾ ਜੀ ਚੱਲ ਸ਼ਰਨ ਤੁਹਾਰੀ
ਪਹੁੰਚੇ ਨੇ ਕਸ਼ਮੀਰ 'ਚੋਂ ਬੇਵੱਸ ਪੁਜਾਰੀ
ਰੋ ਰੋ ਕਰੀ ਵਿਚਾਰਿਆਂ ਨੇ ਧਰਤੀ ਗਿੱਲੀ
ਹੇਤ ਧਰਮ ਦੇ ਪਿਤਾ ਜੀ,ਸਿਰ ਲਾ ਦਿਓ ਦਿੱਲੀ.............

ਵੇਦ, ਮੰਤਰਾਂ ਤੀਰਥਾਂ 'ਤੇ ਲਾ ਪਾਬੰਦੀ
ਖੁਸ਼ ਹੈ ਔਰੰਗਜ਼ੇਬ ਦੀ ਹਕੂਮਤ ਗੰਦੀ
ਸਾਡੇ ਵਡ-ਵਡੇਰਿਆਂ ਦੀ, ਉੱਡੇ ਪਈ ਖਿੱਲੀ
ਹੇਤ ਧਰਮ ਦੇ ਪਿਤਾ ਜੀ, ਸਿਰ ਲਾ ਦਿਓ ਦਿੱਲੀ.......................

ਗੁਰੂ ਜੀ ਦਾ ਦਿੱਲੀ ਵੱਲ ਜਾਣਾ :

ਅਨੰਦਪੁਰ ਤੋਂ ਪਾਤਸ਼ਾਹ ਹੋ ਪੁੱਤਰ ਤੋਂ ਵਿਦਾ
ਭੰਬਟ ਉੱਡਦੀ ਸ਼ਮ੍ਹਾ ਤੇ ਉੱਡਿਆ ਹੋਣ ਫ਼ਿਦਾ
ਅਤੇ ਅਰਜਨ ਗੁਰੂ ਦੇ ਪੀਰਾਂ ਦੇ ਮਗਰ ਮੁਰੀਦ
ਤੇਗ ਬਹਾਦਰ ਗੁਰੂ ਜੀ ਚੱਲੇ ਹੋਣ ਸ਼ਹੀਦ...................

ਸਿਰ ਦਿੱਲੀ ਦੇ ਬਾਦਸ਼ਾਹ ਦੇਹ ਦਾ ਭਾਂਡਾ ਭੰਨ
ਪੰਜ ਭੂਤਨ ਸਰੀਰ ਦੀ ਪੱਲੇ ਪੂੰਜੀ ਬੰਨ੍ਹ
ਜੀਵਤ ਨਕਦੀ ਤਾਰ ਕੇ, ਲੈਣੀ ਮੌਤ ਖਰੀਦ
ਤੇਗ ਬਹਾਦਰ ਗੁਰੂ ਜੀ ਚੱਲੇ ਹੋਣ ਸ਼ਹੀਦ...........

ਗੁਰੂ ਜੀ ਦਾ ਸ਼ਹੀਦ ਹੋਣਾ ਤੇ ਰੰਗਰੇਟੇ ਗੁਰੂ ਕੇ ਬੇਟੇ ਨੇ ਉਨ੍ਹਾਂ ਦਾ ਸੀਸ ਚੁੱਕ ਕੇ ਲਿਆਉਣਾ:

ਘਟਾ ਕਾਲੀਆਂ ਅਕਾਸ਼ ਵਿੱਚ ਚੜ੍ਹੀਆਂ, ਦਿਸਦਾ ਨਾ ਹੱਥ ਮਾਰਿਆ
ਮੌਕਾ ਤਾੜ ਕੇ ਤੇ ਰੰਗਰੇਟੇ ਸਿੱਖ ਨੇ, ਸ਼ੇਰ ਵਾਲਾ ਰੂਪ ਧਾਰਿਆ
ਮਨ ਆਪਣੇ ਨੂੰ ਠੀਕ ਸਮਝਾ ਲਿਆ, ਚੱਲਣਾ ਨਾ ਕੰਮ ਡਰਕੇ

ਜੈਤਾ ਚੱਲਿਆ ਗੁਰਾਂ ਦਾ ਸੀਸ ਚੱਕ ਕੇ, ਤਲੀ ਉੱਤੇ ਸਿਰ ਧਰਕੇ..............

ਟੇਡੇ ਮੇਢੇ ਸੀ ਪਹਾੜੀਆਂ ਦੇ ਰਸਤੇ, ਕੀਤੇ ਸਾਰੇ ਪਾਰ ਸਿੱਖ ਨੇ
ਮਾਰ ਮੰਜ਼ਲਾਂ ਤੇ ਭੇਜੇ ਗੁਰੂ ਦੇਵਤੇ, ਤੇ ਕੀਤੇ ਸਾਰੇ ਪਾਰ ਸਿੱਖ ਨੇ
ਦੇਹੀ ਖਤਰੇ 'ਚ ਪਾ ਕੇ ਇਤਿਹਾਸ ਦੇ, 'ਪਾਰਸ' ਨੇ ਲਿਖੇ ਵਰਕੇ
ਜੈਤਾ ਚੱਲਿਆ ਗੁਰਾਂ ਦਾ ਸੀਸ ਚੱਕ ਕੇ, ਤਲੀ ਉੱਤੇ ਸਿਰ ਧਰਕੇ...........

✲

ਸੀਸ ਪਵਿੱਤਰ ਸਸਕਾਰੋ, ਗੁਰੂ ਤੇਗ ਬਹਾਦਰ ਦਾ
ਮਾਤਮ ਮਨ ਮਨਾਓ, ਹਿੰਦ ਦੀ ਚਿੱਟੀ ਚਾਦਰ ਦਾ
ਨਾ ਜੀਵਨ ਲੀਲ੍ਹਾ ਮੁਕਦੀ ਹੁੰਦੀ ਅੰਤਾਂ ਮਰਿਆਂ ਤੋਂ
ਸਿੱਖ ਸੰਗਤ ਜੀ ਕਾਹਦਾ ਰੋਣਾਂ ਸੰਤਾਂ ਮਰਿਆਂ ਤੋਂ................

ਪੁਰਸ਼ ਅਗੋਚਰ ਮਰਕੇ ਘਰ ਆਪਣੇ ਨੂੰ ਜਾਂਦੇ ਨੇ
ਸਾਕਤ ਬਪੜੇ, ਜੂਨੀਂ ਭਟਕਣ ਗੇੜੇ ਖਾਂਦੇ ਨੇ
ਜੜ੍ਹ ਮੁਗਲਾਂ ਦੀ ਹਿੱਲੂ, ਐਸੇ ਕਾਰੇ ਕਰਿਆਂ ਤੋਂ
ਸਿੱਖ ਸੰਗਤ ਜੀ ਕਾਹਦਾ ਰੋਣਾਂ ਸੰਤਾਂ ਮਰਿਆਂ ਤੋਂ...............

ਗੋਬਿੰਦ ਰਾਏ ਵੱਲੋਂ ਜੈਤਾ ਦੀ ਨੂੰ ਕਹਿਣਾ :

ਜੈਤਾ ਜੀ ਰੰਗਰੇਟੇ ਸੁਣ ਲੈ, ਗੁਰ ਕੇ ਬੇਟੇ ਤੂੰ
ਲੈ ਆਂਦਾ ਹੈ ਸੀਸ ਅਨੰਦਪੁਰ ਤੁਰਕੇ ਬੇਟੇ ਤੂੰ
ਆਇਆ ਨਦੀਆਂ ਚੀਰ, ਹੌਸਲਾ ਕੀਤਾ ਸਖ਼ਤ ਬੜਾ
ਐਸਾ ਸਾਜੂੰ ਸਿੱਖ, ਛੁਪੇ ਨਾ ਲੱਖਾਂ ਵਿੱਚ ਖੜ੍ਹਾ..................

ਅੱਜ ਤੱਕ ਸਿੱਖ ਦੀ ਸੂਰਤ, ਹਿੰਦੂ ਵੀਰਾਂ ਵਰਗੀ ਹੈ
ਖੜ੍ਹੇ ਰਹੇ ਦੜ ਵੱਟੀ ਅੰਦਰੋਂ, ਗ਼ੈਰਤ ਮਰ ਗਈ ਹੈ
ਧਰਤੀ ਵਿੱਚ ਲੁਕਿਆਂ ਨੂੰ ਦੇਊਂ ਅੰਬਰ ਉੱਤੇ ਚੜ੍ਹਾ
ਐਸਾ ਸਾਜੂੰ ਸਿੱਖ ਛੁਪੇ ਨਾ ਲੱਖਾਂ ਵਿੱਚ ਖੜ੍ਹਾ................

✲

ਕਰਨੈਲ ਸਿੰਘ ਪਾਰਸ ਨੇ ਬਿਧੀ ਚੰਦ ਦੇ ਘੋੜੇ, ਸ਼ਹੀਦੀ ਗੁਰੂ ਅਰਜਨ ਦੇਵ ਜੀ, ਸੰਮਣ ਮੂਸਣ, ਛੋਟੇ ਸਾਹਿਬਜਾਦੇ, ਮੱਸਾ ਰੰਘੜ, ਬੰਦਾ ਸਿੰਘ ਬਹਾਦਰ, ਗੁਰੂ ਗੋਬਿੰਦ ਸਿੰਘ ਜੀ (ਜਨਮ ਤੋਂ ਖਾਲਸਾ ਸਾਜਣ ਤੱਕ) ਇਸ ਵਿੱਚੋਂ ਕੁਝ ਕੁ ਹੀ ਰਚਨਾਵਾਂ ਇਥੇ ਛਾਪੀਆਂ ਗਈਆਂ ਹਨ। ਅੰਮ੍ਰਿਤ ਪ੍ਰਸੰਗ, ਸ਼ਹੀਦੀ ਗੁਰੂ ਤੇਗ ਬਹਾਦਰ ਜੀ, ਜੀਵਨੀ ਗੁਰੂ ਨਾਨਕ ਦੇਵ ਜੀ ਭਗਤ ਰਵਿਦਾਸ ਸਮੇਤ ਅਨੇਕਾ ਹੋਰਾਂ ਵੀ ਗੁਰੂਆਂ, ਭਗਤਾਂ, ਮੰਨੇ-ਪ੍ਰਮੰਨੇ ਪੀਰਾਂ ਬਾਰੇ ਰਚਨਾਵਾਂ ਰਚੀਆਂ ਹਨ।

1940 ਦੇ ਸਮੇਂ ਦਰਮਿਆਨ ਉਸ ਵੱਲੋਂ ਕੀਤੀ ਗਈ ਰਚਨਾ 'ਬਿਧੀ ਚੰਦੇ ਦੇ



ਘੋੜੇ' ਜਿਸ ਵਿੱਚ ਉਸਨੇ 33 ਬੰਦ ਲਿਖੇ ਸਨ। ਬਿਧੀ ਚੰਦ ਦੀ ਅਣਖੀਲੀ ਸੋਚ, ਬਹਾਦਰਾਨਾ ਕਾਰਜ, ਦਲੇਰੀ, ਚੁਸਤੀ, ਚਲਾਕੀ ਤੇ ਗੋਲ-ਮੋਲ ਢੰਗ, ਇਸ ਸਭ ਕਾਸੇ ਦਾ ਭਰਪੂਰ ਜ਼ਿਕਰ ਕੀਤਾ ਹੈ। ਬਿਧੀ ਚੰਦ ਬਾਰੇ ਹੋਰ ਨਮੂਨਾ ਵੇਖੋ :

ਰਾਵੀ ਪਾਰ ਕਰਕੇ ਤੇ ਹਰੀ ਕਾ ਪੱਤਣ ਲੰਘਾ
ਭਾਈ ਬਿਧੀ ਚੰਦ ਜੀ ਦੀ ਆਤਮਾ ਨਾ ਡੋਲੀ ਸੀ
ਵਾਲ ਨਾਲੋਂ ਪਤਲੀ ਤੇ ਤਿੱਖੀ ਖੰਡੇ ਧਾਰ ਨਾਲੋਂ
ਗੁਰੂ ਜੀ ਦੀ ਸਿੱਖੀ ਨਾ ਨਿਭਾਉਂਣੀ ਕੋਈ ਪੋਲੀ ਜੀ
ਢਾਈ ਤਿੰਨਾਂ ਪਹਿਰਾਂ 'ਚ ਕਹੇ' ਕਰਨੈਲ ਸਿੰਘਾ'
ਘੋੜਾ ਲੈ ਕੇ ਪਹੁੰਚ ਗਿਆ ਭਾਈ ਕੀ ਡਰੋਲੀ

✲

ਚੱਲ ਹਵਾਵੇ ਦੇਸ਼ ਸੱਜਣ ਦੇ ਦੇਹ ਵੱਡੀ ਖੁਸ਼ਖਬਰੀ ਤੂੰ
ਲਹੂ ਨੁੱਚੜ ਦੇ ਪੈਰ ਚੁੰਮਣ ਨੂੰ ਕਿਓ ਹੋਇਓਂ ਬੇਸਬਰੀ ਤੂੰ
ਪੈਰੀ ਛਾਲੇ ਜਿਸਮ ਝਰੀਟਿਆ, ਭੁੱਖਾ ਬਾਪ ਸ਼ਹੀਦਾਂ ਦਾ
ਮਿੱਤਰ ਪਿਆਰੇ ਨੂੰ ਜਾ ਪੌਣੇ, ਕਹਿ ਦੇ ਹਾਲ ਮੁਰੀਦਾਂ ਦਾ...............

ਬਾਹਰ ਗੜ੍ਹੀ 'ਚੋਂ ਜੰਗ ਦੇ ਭੱਠ 'ਚ ਪਹਿਲੇ ਚੱਲ ਅਜੀਤ ਗਿਆ
ਮੱਚਦੇ ਦੀਵੇ ਤੱਕ ਸਾਹਮਣੇ ਪ੍ਰਵਾਨੇ ਦੀ ਰੀਤ ਗਿਆ
ਲਖਤੇ ਜਿਗਰ ਜੁਝਾਰ ਜੂਝ ਗਿਆ, ਮਗਰੇ ਬੁਰਜ ਉਮੀਦਾਂ ਦਾ
ਮਿੱਤਰ ਪਿਆਰੇ ਨੂੰ ਜਾ ਪੌਣੇ, ਕਹਿ ਦੇ ਹਾਲ ਮੁਰੀਦਾਂ ਦਾ...........

ਟਿੰਡ ਸਿਰਹਾਣਾ, ਰੋੜ ਵਿਛਾਉਣਾ, ਕੱਕਰ ਕੰਬਲ ਓਢਿਆ ਮੈਂ
ਆ ਗਿਆ ਛੱਡ ਅਨੰਦਪੁਰ ਨੂੰ, ਤੇਰਾ ਸਾਥ ਨਾ ਛੋਡਿਆ ਮੈਂ
ਹੈ ਮਨ ਵਿੱਚ ਕਲਾ ਚੜ੍ਹਦੀ ਦੇ, ਚੇਹਰਾ ਲਾਲ ਮੁਰੀਦਾਂ ਦਾ
ਮਿੱਤਰ ਪਿਆਰੇ ਨੂੰ ਜਾ ਪੌਣੇ ਕਹਿ ਦੇ, ਹਾਲ ਮੁਰੀਦਾਂ ਦਾ ..............

✲

ਅੰਮ੍ਰਿਤ ਸਿਰਫ ਦਿਉਤਿਆਂ ਖਾਤਰ ਨਾ ਮਾਨਵ ਦਾ ਹਿੱਸਾ
ਪੜ੍ਹਿਆ, ਸੁਣਿਆ, ਵਿੱਚ ਪੁਸਤਕਾਂ, ਪੀਹੜੀਓ ਪੀਹੜੀ ਕਿੱਸਾ
ਗੁਰੂ ਗੋਬਿੰਦ ਸਿੰਘ ਪੂਰਾ ਕੀਤਾ, ਸੌ ਯੁੱਗਾਂ ਦਾ ਘਾਟਾ
ਪੰਥ ਖਾਲਸਾ ਨਵਾਂ ਸਾਜਿਆ, ਪਿਆ ਅੰਮ੍ਰਿਤ ਦਾ ਬਾਟਾ.....................

ਅਨੰਦਪੁਰ ਵਿੱਚ ਰੱਖ ਦਿੱਤੀਆਂ ਨਿਆਂ ਭਵਨ ਦੀਆਂ ਨੀਹਾਂ
ਖੋਹ ਕੇ ਲੈ ਜਾਂਦੇ ਸਨ ਹਾਕਮ, ਮਹਿਕੂਮਾਂ ਦੀਆਂ ਧੀਆਂ
ਤਕੜਾ ਮਾੜੇ ਦੇ ਤੌੜੇ 'ਚੋਂ ਖੋਹ ਲੈਂਦਾ ਸੀ ਆਟਾ
ਪੰਥ ਖਾਲਸਾ ਨਵਾਂ ਸਾਜਿਆ, ਪਿਆ ਅੰਮ੍ਰਿਤ ਦਾ ਬਾਟਾ.....................

✲

ਕਰਨੈਲ ਸਿੰਘ ਪਾਰਸ ਨੇ ਸਿੱਖ ਗੁਰੂਆਂ ਅਤੇ ਸਿੱਖੀ ਦੀ ਉੱਚੀ-ਸੁੱਚੀ ਸ਼ਾਨ ਦੀ

ਮਹਿਮਾਂ ਕਰਦਿਆਂ ਉਹਨਾਂ ਦੀਆਂ ਅਣਮੁੱਲੀਆਂ ਸ਼ਹਾਦਤਾਂ ਅਤੇ ਉਸ ਨੇ ਇਸ ਸਭ ਕਾਸੇ ਤੋਂ ਅਨਜਾਣ ਲੋਕਾਂ ਨੂੰ ਜਾਣੂੰ ਕਰਵਾਉਣ ਲਈ ਅਤੇ ਲੋਕਾਂ ਦੀ ਸਮਝ ਵਿੱਚ ਛੇਤੀ ਆ ਜਾਣ ਵਾਲੀਆਂ, ਸੌਖੀਆਂ ਸਿੱਧੀਆਂ ਤੇ ਸਰਲ ਕਵੀਸ਼ਰੀਆਂ ਰਚੀਆਂ ਹਨ। ਗੁਮੰਤਰੀਆਂ ਮੂੰਹੋਂ ਇਹਨਾਂ ਰਚਨਾਵਾਂ ਦਾ ਗਾਇਨ ਸੁਣ ਕੇ ਸਰੋਤਾ ਮੰਡਲ ਕੀਲਿਆ ਹੀ ਨਹੀਂ ਜਾਂਦਾ ਸਗੋਂ ਉਸ ਨੂੰ ਆਪਣੀ ਮਹਾਨ ਸਿੱਖ ਵਿਰਾਸਤ ਅਤੇ ਸਿੱਖ ਗੁਰੂਆਂ ਦੇ ਕੀਤੇ ਮਹਾਨ ਕਾਰਨਾਮਿਆਂ ਤੋਂ ਪ੍ਰੇਰਨਾ ਵੀ ਮਿਲਦੀ ਹੈ। ਅਸੀਂ ਆਪਣੇ ਗੁਰੂਆਂ ਦਾ ਕਰਜ ਤਾਂ ਕਦੀ ਵੀ ਨਹੀ ਉਤਾਰ ਸਕਦੇ ਅਤੇ ਸਿਰਫ਼ ਆਪਣੇ ਆਪਣੇ ਸ਼ਬਦਾਂ ਰਾਹੀਂ ਉਹਨਾਂ ਦੀ ਮਹਿਮਾਂ ਹੀ ਗਾ ਸਕਦੇ ਹਾਂ। ਸੋ ਪਾਰਸ ਨੇ ਆਪਣੀ ਕਾਵਿ-ਕਾਰੀ ਰਾਹੀਂ ਗੁਰੂਆਂ ਦੀ ਰੱਜ ਕੇ ਮਹਿਮਾ ਗਾਈ ਹੈ। ਸਿੱਖ ਇਤਿਹਾਸ ਬਾਰੇ ਰਚੀ ਉਸਦੀ ਕਵਿਤਾ ਬਾਰੇ ਮੁੱਖ ਰੂਪ ਵਿੱਚ ਇਹੋ ਹੀ ਕਿਹਾ ਜਾ ਸਕਦਾ ਹੈ ਕਿ ਉਸਦੀ ਧਾਰਮਿਕ ਕਾਵਿ-ਰਚਨਾ ਵਿੱਚ ਸਿੱਖੀ ਦੀ ਸ਼ਾਨ ਵਿੱਚ ਵਾਧਾ ਕਰਨ ਵਾਲੀ ਮੁੱਲਵਾਨ ਸੌਗਾਤ ਹੈ।

ਨੋਟ :- ਕਰਨੈਲ ਸਿੰਘ ਪਾਰਸ ਨੇ ਆਪਣੇ ਧਾਰਮਿਕ-ਕਾਵਿ ਵਿੱਚ ਗੁਰੂਆਂ ਦੇ ਸਿਦਕ, ਸਿਰੜ, ਮਹਾਨ ਕਾਰਨਾਮਿਆਂ, ਉਹਨਾਂ ਦੇ ਵਿਸ਼ਾਲ ਅਨੁਭਵ ਅਤੇ ਕੁਰਬਾਨੀਆਂ ਦਾ ਜ਼ਿਕਰ ਤਾਂ ਕੀਤਾ ਹੈ ਪ੍ਰੰਤੂ ਗੁਰੂਆਂ ਨਾਲ ਜੁੜੀਆਂ ਹੋਈਆਂ ਪ੍ਰਚੱਲਤ ਕਰਾਮਾਤਾਂ ਦਾ ਜ਼ਿਕਰ ਨਹੀ ਕੀਤਾ ਮਿਲਦਾ।

✲✲✲

# ਕਿੱਸਾਕਾਰੀ

ਵਿਦਵਾਨ ਖੋਜੀ ਡਾ. ਗੁਰਦੇਵ ਸਿੰਘ ਸਿੱਧੂ ਵੱਲੋਂ ਮਾਲਵੇ ਦੇ ਕਿੱਸਾਕਾਰਾਂ ਬਾਰੇ ਕੀਤੀ ਗਈ ਵਡਮੁੱਲੀ ਖੋਜ ਪੁਸਤਕ ਵਿੱਚ ਵੀ ਕਰਨੈਲ ਸਿੰਘ ਪਾਰਸ ਦੀ ਕਿੱਸਾ-ਕਾਰੀ ਬਾਰੇ ਵਿਸ਼ੇਸ਼ ਉਲੇਖ ਕੀਤਾ ਹੋਇਆ ਮਿਲਦਾ ਹੈ ਜਿਸ ਵਿੱਚ ਪਾਰਸ ਨੂੰ ਸਮਰੱਥ ਅਤੇ ਪ੍ਰਚੱਲਤ ਕਿੱਸਾਕਾਰ ਤੇ ਕਵੀਸ਼ਰ ਮੰਨਿਆ ਗਿਆ ਹੈ।

ਕਿੱਸਾ ਸਾਹਿਤ ਦੀ ਲਗਭਗ ਚਾਰ ਸੌ ਸਾਲਾਂ ਤੋਂ ਵਹਿ ਰਹੀ ਇਸ ਪ੍ਰਮੁੱਖ ਧਾਰਾ ਕਿੱਸਾ-ਕਾਵਿ ਵਿੱਚ ਮਾਲਵੇ ਦੇ ਕਿੱਸਾਕਾਰਾਂ ਦਾ ਸਥਾਨ ਅਤੇ ਦੇਣ ਵਿਸ਼ੇਸ਼ ਮਹੱਤਵਪੂਰਨ



ਹੈ। ਮਾਲਵੇ ਵਿੱਚ ਹੀ ਜੰਮੇ ਪਲੇ 43 ਤੋਂ ਵਧੇਰੇ ਕਿੱਸਾਕਾਰਾਂ ਨੇ ਲਿਖੇ ਆਪੋ ਆਪਣਿਆਂ ਕਿੱਸਿਆਂ ਨਾਲ ਪੰਜਾਬੀ ਸਾਹਿਤ ਜਗਤ ਵਿੱਚ ਮਾਣ ਕਰਨ ਯੋਗ ਵਾਧਾ ਕੀਤਾ। ਕਰਨੈਲ ਸਿੰਘ ਪਾਰਸ ਇਹਨਾਂ ਕਿੱਸਾਕਾਰਾਂ ਵਿੱਚੋਂ ਇੱਕ ਚਮਕਦਾ ਸਿਤਾਰਾ ਹੈ, ਜਿਸ ਨੇ ਆਪਣੀ ਵਿਲੱਖਣ ਕਿੱਸਾਕਾਰੀ ਰਾਹੀਂ ਆਪਣੇ ਰਚਨਾਤਮਿਕ ਗੁਣਾਂ ਅਤੇ ਨਵੀਆਂ ਨਿਵੇਕਲੀਆਂ ਤਸ਼ਬੀਹਾਂ ਦੇ ਕੇ ਆਪਣੀ ਕਿੱਸਾ-ਕਾਵਿ ਪ੍ਰਤਿਭਾ ਨੂੰ ਰੌਚਕ ਬਣਾਇਆ। ਭਾਵੇਂ ਉਸ ਨੇ ਕਿੱਸੇ ਬਹੁਤੇ ਜ਼ਿਆਦਾ ਤਾਂ ਨਹੀਂ ਲਿਖੇ, ਪਰੰਤੂ ਜਿੰਨੇ ਵੀ ਲਿਖੇ ਉਹ ਆਪਣੇ ਆਪ ਵਿਚਲੀ ਕਾਵਿ-ਅਮੀਰੀ ਕਾਰਨ ਪ੍ਰਚੱਲਤ ਹੋਏ।

"ਪਾਰਸ ਰਚਨਾਵਲੀ" ਦੇ ਇਸ ਅਹਿਮ ਖੰਡ 'ਕਿੱਸਾ-ਕਾਰੀ' ਲਈ ਲੋੜੀਂਦੇ ਪੂਰੇ ਦੇ ਪੂਰੇ ਕਿੱਸੇ ਮੈਨੂੰ ਯਤਨ ਕਰਨ 'ਤੇ ਵੀ ਪ੍ਰਾਪਤ ਨਹੀਂ ਹੋ ਸਕੇ, ਜੇ ਕੋਈ ਕਿੱਸਾ ਲੱਭਾ ਵੀ ਹੈ ਤਾਂ ਚਹੁੰ-ਪੰਜ ਵਰਕਿਆਂ ਤੋਂ ਵੱਧ ਨਹੀਂ। ਉਹ ਵੀ ਪਾਟੇ ਝੀਟੇ ਤੇ ਮੰਦੀ ਹਾਲਤ ਵਿੱਚ ਲੱਭਾ ਹੈ। ਇਸ ਲਈ ਇਸ ਖੰਡ ਪਾਰਸ ਦੀ ਕਿੱਸਾਕਾਰੀ ਵਿੱਚ ਵਰਤਣ ਲਈ ਜਿਤਨੀ ਕੁ ਸਮੱਗਰੀ ਇਕੱਤਰ ਹੋ ਸਕੀ ਹੈ ਉਸਦਾ ਨਮੂਨਾ ਪੇਸ਼ ਕੀਤਾ ਗਿਆ ਹੈ, ਪੂਰੇ ਦੇ ਪੂਰੇ ਕਿੱਸੇ ਅਤੇ ਪੂਰੀਆਂ-ਪੂਰੀਆਂ ਰਚਨਾਵਾਂ ਇੱਥੇ ਪ੍ਰਕਾਸ਼ਤ ਕਰਨੀਆਂ ਅਸੰਭਵ ਸਨ।

ਪਾਰਸ ਨੇ 'ਦਹੂਦ ਬਾਦਸ਼ਾਹ' ਕਿੱਸਾ ਦੋ ਵਾਰੀ ਲਿਖਿਆ, ਇੱਕ ਗਾਉਣ ਦੇ ਮਨਸ਼ੇ ਨਾਲ, ਦੂਜਾ ਛਪਵਾਉਣ ਦੇ। ਉਸਦੇ ਸਭ ਕਿੱਸਿਆਂ ਵਿੱਚੋਂ 'ਦਹੂਦ ਬਾਦਸ਼ਾਹ' ਹੀ ਵਧੇਰੇ ਵਿਕਿਆ ਅਤੇ ਦਹੂਦ ਦੀ ਗਾਥਾ ਨੂੰ ਪਾਰਸ ਨੇ ਆਪਣੇ ਜਥੇ ਸਮੇਤ ਲੋਕਾਂ ਵਿੱਚ ਵੀ ਬਹੁਤ ਗਾਇਆ। ਕਰਨੈਲ ਸਿੰਘ ਪਾਰਸ ਦੱਸਦਾ ਹੈ, "ਇਹ ਕਿੱਸਾ ਡੇਢ ਲੱਖ ਤੋਂ ਵੱਧ ਵਿਕਿਆ ਐ... ਪਰ ਮੈਂ ਪਰਕਾਸ਼ਕਾਂ ਨੂੰ ਉਸਦੇ ਸਾਰੇ ਹੱਕ ਵੇਚ ਬੈਠਿਆ।" ਇਸ ਸੰਬੰਧੀ ਪਾਰਸ ਦਾ ਇੱਕ ਟੋਟਕਾ ਵੇਖੋ :

ਕਿਸ਼ਨ ਸਿੰਘ ਤੇ ਉਸਦਾ ਬੇਟਾ ਸਿੰਘ ਹਮੀਰ  
ਹੱਕ ਇਹਨਾਂ ਨੂੰ ਦੇ ਦਿੱਤੇ, ਮੈਂ ਹੋ ਬੈਠਾ ਫ਼ਕੀਰ

ਦਹੂਦ ਬਾਦਸ਼ਾਹ ਕਿੱਸਾ ਪਾਰਸ ਨੇ 74 ਬੰਦਾਂ ਵਿੱਚ ਕਾਵਿ-ਬੱਧ ਕੀਤਾ। ਦਹੂਦ ਬਾਦਸ਼ਾਹ 'ਚੋਂ ਕੁਝ ਨਮੂਨੇ ਪੇਸ਼ ਕਰ ਰਿਹਾ ਹਾਂ, ਜਿਸ ਵੇਲੇ ਦਹੂਦ ਦੀ ਮਾਂ ਹੰਸਾਂ, ਆਪਣੇ ਪਤੀ ਦੀ ਮੌਤ ਮਗਰੋਂ, ਆਪਣੇ ਦਿਓਰਾਂ-ਜੇਠਾਂ ਦੀ ਸਤਾਈ ਹੋਈ, ਬਾਲ ਦਹੂਦ ਨੂੰ ਨਾਲ ਲੈ ਕੇ ਆਪਣੇ ਪੇਕੇ ਘਰ ਆ ਜਾਂਦੀ ਹੈ, ਪਾਰਸ ਨੇ ਲਿਖਿਆ ਹੈ :

ਹੰਸਾਂ ਸੀ ਔਰਤ ਅਤੇ ਸ਼ਾਹ ਦਹੂਦ ਸੀ ਨਿਆਣਾ  
ਟੁੱਟ ਕੇ ਤੇ ਪੈ ਗਏ ਜਿੰਨੇ ਤਾਏ ਚਾਚੇ ਸੱਕੇ ਸੀ  
ਦੋ ਲਫ਼ੜੇ ਮਾਰੇ, ਸ਼ਾਹ ਦਹੂਦ ਦਿਆਂ ਕੰਨਾਂ 'ਤੇ  
ਕੱਢ ਦਿੱਤੀ ਹੰਸਾਂ ਘਰੋਂ, ਮਾਰ-ਮਾਰ ਧੱਕੇ ਸੀ  
ਕੋਟਗੜ੍ਹ ਪਿੰਡ ਸੀਗਾ ਹੰਸਾਂ ਦੇ ਮਾਪਿਆਂ ਦਾ  
ਭਰ ਕੇ ਤੇ ਹਉਕਾ ਦੋਵੇਂ, ਤੁਰ ਪਏ ਨਿਹੱਕੇ ਸੀ

ਫੇਰ ਅੱਗੇ ਕਹਾਣੀ ਚੱਲਦੀ ਹੈ, ਜਦੋਂ ਦਹੂਦ ਦਾ ਮੁੰਡਿਆਂ ਸੰਗ ਖੇਡਣਾ, ਖੇਡ-ਖੇਡ 'ਚ ਹੀ ਰਾਜਾ ਬਣ ਕੇ ਦਹੂਦ ਨੇ ਤੇਲਣ ਦੇ ਮੁੰਡੇ ਨੂੰ ਚੋਰ ਬਣਾ ਕੇ ਸਜ਼ਾ ਦੇਣੀ ਤੇ ਤੇਲਣ ਨੇ ਗੁੱਸੇ 'ਚ ਆਣ ਕੇ ਬੋਲੀ ਮਾਰਨੀ, "ਬਈ ਜਾਹ ਜੇ ਵੱਡਾ ਅਣਖ ਵਾਲਾ ਏਂ ਤਾਂ ਆਵਦੀ ਬੇਗਮ ਵਿਆਹ ਕੇ ਲਿਆ।" ਦਹੂਦ ਨੇ ਮਾਂ ਆਪਣੀ ਨੂੰ ਸਾਰਾ ਕੁੱਝ ਪੁੱਛਣਾ ਤੇ ਫਿਰ ਬਾਗ 'ਚ ਪਹੁੰਚਕੇ ਹਾਰ ਗੁੰਦਦੀ ਮਾਲਣ ਦੇ ਹਾਰ 'ਚ ਚਿੱਠੀ ਭੇਜੀ, "ਪਹਿਲਾਂ

ਤੇਰੇ ਮਾਈ ਬਾਪ ਨੇ ਸੀ ਮੇਰੇ ਸੰਗ ਮੰਗੀ।" ਤੇ ਚਿੱਠੀ ਪੜ੍ਹ ਕੇ ਬੇਗਮ ਨੇ ਅੱਗੋਂ ਚਿੱਠੀ ਲਿਖ ਮਾਲਣ ਨੂੰ ਫੜਾਈ, ਪਾਰਸ ਲਿਖਦਾ ਹੈ :

ਆਵੇ ਨਾ ਸਮਝ, ਕੀ ਮੈਂ ਲਿਖਾਂ ਜਾਨੀਆਂ
ਆਪ ਜੀ ਦੇ ਵੱਲ ਨੂੰ
ਵਿੰਨ੍ਹ ਦਿੱਤਾ ਦਿਲ, ਮਾਰ ਕੇ ਤੇ ਕਾਨੀਆਂ
ਆ ਕੇ ਮਿਲੀਂ ਕੱਲ੍ਹ ਨੂੰ (ਡਿਉਢਾ ਕੋਰੜਾ)

ਅੱਗੇ ਵੇਖੋ :-

ਅਵੱਲ ਦਹੂਦ ਤੇਰੀ ਹਾਂ ਮੰਗੇਤਰ
ਨਹੀਂ ਮੈਂ ਜਾਣਾ ਗ਼ੈਰ ਦੇ
ਜ਼ਿੰਦਗੀ ਦੇ ਨਾਲੋਂ ਮਰ ਜਾਣਾ ਹੈ ਬੇਹਤਰ
ਪੀ ਪਿਆਲੇ ਜ਼ਹਿਰ ਦੇ (ਡਿਉਢਾ ਕੋਰੜਾ)

ਏਧਰ ਰੂਮ ਸ਼ਾਮ ਨੂੰ ਜੋਤਸ਼ੀ ਭਵਿੱਖਬਾਣੀ ਦੱਸਦਾ ਹੈ :

ਰੂਮ ਸ਼ਾਮ ਗਲ਼ ਪੈ ਜੂ ਤੇਰੇ ਆਪਣੀ ਤੂੰ ਵੀ ਬੇੜ
ਵੱਜਣੀ ਤੇਰੇ ਕੁਦਰਤ ਵੱਲੋਂ ਧੋਤੇ ਮੂੰਹ ਚਪੇੜ
ਦਾਹੜੀ ਤੇਰੀ ਸੱਥ 'ਚ ਬਹਿ ਕੇ ਮੁੰਨ ਜਾਣਗੇ ਨਾਈ
ਮੁੰਡਾ ਲੈ ਜੂ ਇੱਲ ਚੱਕ ਕੇ, ਰਹਿ ਜੂ ਲੂਲ੍ਹ ਕਰਾਈ
ਰੁਲ ਜਾਵਣਗੇ ਭੁੱਬਲ ਦੇ ਵਿੱਚ ਸਿਰ 'ਤੇ ਬੱਧੇ ਸਿਹਰੇ
ਤੇਰਾ ਜਾਲ ਲੱਗਾ ਵਾ ਰਹਿ ਜੂ, ਜਾਣੇ ਉੱਡ ਬਟੇਰੇ
ਬੱਕਰੇ ਨੂੰ ਬਘਿਆੜ ਚੱਕ ਲੂ ਫਿਰਦਾ ਰਹੂ ਕਸਾਈ
ਮੁੰਡਾ ਲੈ ਜੂ ਇੱਲ ਚੱਕ ਕੇ......
ਜਾ ਕੇ ਮਿਸਰ ਸ਼ਹਿਰ ਵਿੱਚ ਤੇਰਾ, ਮੂਧਾ ਹੋਜੂ ਗੱਡਾ
ਤੂੰ ਫਿਰਦਾ ਹੈਂ ਨੱਕ ਘੜਾਉਂਦਾ, ਨੱਕ ਜਾਵਣਾ ਵੱਢਾ
ਫਿਰ ਤੂੰ ਖੁਰਚੇਂ ਮਿੱਟੀ ਬੈਠਾ ਟਿੱਚਰਾਂ ਕਰੂ ਲੁਕਾਈ
ਮੁੰਡਾ ਲੈ ਜੂ ਇੱਕ ਚੱਕ ਕੇ......
ਬੇਗਮ ਨੂੰ ਉਡਾ ਕੇ ਲੈ ਜੂ, ਆਊ ਵਾ-ਵਰੋਲ਼ਾ
ਲੀਕਾਂ ਲਾਵਣ ਦੁਸ਼ਮਣ ਤੇਰੇ, ਵੇਖ ਸੱਖਣਾ ਡੋਲ਼ਾ
ਡਰ ਮਿਹਣਿਆਂ ਤੋਂ ਅੰਦਰ ਵੜ ਕੇ, ਮਰਜੂ ਤੇਰੀ ਮਾਈ
ਮੁੰਡਾ ਲੈ ਜੂ ਇੱਲ ਚੱਕ ਕੇ......

ਕਹਾਣੀ ਅੱਗੇ ਤੁਰਦੀ ਜਾਂਦੀ ਹੈ, ਜਦੋਂ ਕਿ ਸ਼ਹਿਜ਼ਾਦੀ ਦਹੂਦ ਨਾਲ ਹੀ ਜਾਣਾ ਚਾਹੁੰਦੀ ਹੈ ਤੇ ਕਾਜ਼ੀ ਨੂੰ ਨਿਕਾਹ ਕਰਨ ਤੋਂ ਤੋੜ ਕੇ ਜੁਆਬ ਦਿੰਦੀ ਹੈ :

ਉਮਰ ਭੋਗ ਲਊਂ ਕੁੱਲੀ 'ਚ ਦਿਨ ਕੱਟ ਕੇ
ਪੂਰਾ ਕਰੂੰਗੀ ਵਕਤ ਵਾਣ ਵੱਟ ਕੇ
ਤੰਗ ਕਰੇਂਗਾ, ਤਾਂ ਮਰੂੰਗੀ ਜ਼ਹਿਰ ਚੱਟ ਕੇ
ਜਾਂ ਮੈਂ ਉੱਡਜੂੰ ਗੀ ਬਣ ਕੇ ਵਰੋਲਾ ਕਾਜ਼ੀਆ
ਦੇਦੇ ਰੂਮੇ ਨੂੰ ਧੀ ਆਵਦੀ ਦਾ
ਡੋਲਾ ਕਾਜ਼ੀਆ......



ਅੱਗੋਂ ਕਾਜ਼ੀ ਕਹਿੰਦਾ ਹੈ :

ਗੱਲ ਕੰਨ ਕਰ ਸੁਣ ਮੇਰੀ ਮੁੱਲਾਂ ਦੀ
ਫਿੱਕਾ ਬੋਲ ਕੇ ਘਟਾ ਨਾ ਆਬ ਬੁੱਲ੍ਹਾਂ ਦੀ
ਪੈਣਾ ਸੂਲਾਂ ਉੱਤੇ, ਛੱਡ ਸੇਜ ਫੁੱਲਾਂ ਦੀ
ਘਰ ਘਾਟ ਕੱਟੇਂਗੀ ਦਿਨ ਆਰਾਮ ਦੇ
ਨਿਕਾਹ ਬੇਗਮੇ ਪੜ੍ਹਾ ਲੈ
ਨਾਲ ਰੂਮ ਸ਼ਾਮ ਦੇ......

ਬੇਗਮ ਹੋਰ ਅੱਗੇ ਕਹਿੰਦੀ ਹੈ :

ਮੁੱਲਾ ਸੈਂਕੜੇ ਸ਼ੈਤਾਨਾਂ ਤੋਂ ਭੈੜਾ ਤੂੰ
ਪਾਵੇਂ ਹੱਥਣੀ ਦੇ ਪੈੜ ਵਿੱਚ ਪੈੜਾ ਤੂੰ
ਮੇਰਾ ਛੱਡਦੇ ਗਰੀਬਣੀ ਦਾ ਖਹਿੜਾ ਤੂੰ
ਡਊਂ-ਡਊਂ ਖੁਸ਼ੀ ਵੱਜ, ਐਵੇਂ ਢੋਲਾ ਕਾਜ਼ੀਆ
ਦੇਦੇ ਰੂਮ ਸ਼ਾਮ ਨੂੰ ਧੀ ਆਵਦੀ ਦਾ
ਡੋਲਾ ਕਾਜ਼ੀਆ......

ਬੇਗਮ ਦਹੂਦ ਕੋਲ ਜਾਣ ਦਾ ਬਹਾਨਾ ਭਾਲਦੀ ਹੈ ਤੇ ਆਪਣੀ ਮਾਂ ਪਾਸੋਂ ਬਾਗ 'ਚ ਸੈਰ ਕਰਨ ਜਾਣ ਲਈ ਆਗਿਆ ਚਾਹੁੰਦੀ ਹੈ, ਪਾਰਸ ਦੀ ਕਲਮ ਦਾ ਕਮਾਲ ਵੇਖੋ ਜ਼ਰਾ :

ਮਾਂ ਨੀ ਇੱਕ ਅਰਜ਼, ਕਰਲਾਂ ਨਾਲ ਪਿਆਰ ਮੈਂ
ਬਾਗਾਂ ਦੀ ਬੁਲਬੁਲ ਤੇਰੀ, ਦੇਖਾਂ ਗੁਲਜ਼ਾਰ ਮੈਂ
ਬੂਟਿਆਂ ਦਾ ਦਰਸ਼ਨ ਕਰ ਲਾਂ ਅੰਤ ਦੀ ਵਾਰ ਮੈਂ
ਜਾਣਗੀਆਂ ਰਲ਼ ਕਰੀਹੀਆਂ ਚੰਨਣ ਦੀਆਂ ਗੇਲੀਆਂ
ਜਾਣਾ ਮੈਂ ਸੈਰ ਕਰਨ ਨੂੰ
ਲੈ ਕੇ ਸਹੇਲੀਆਂ, ਮਾਤਾ ਨੀਂ ਜਾਂਦੀ ਵਾਰੀ......

ਮਾਂ ਵਰਜਦੀ ਹੈ :

ਅੱਜ ਦੇ ਦਿਨ ਬਾਗ 'ਚ ਜਾਣਾ, ਇਹ ਤਾਂ ਗੱਲ ਠੀਕ ਨੀਂ
ਫਿਰਦੇ ਐ ਜਾਨੀ ਅੜੀਏ, ਘਰ ਦੇ ਨਜ਼ਦੀਕ ਨੀਂ
ਦੇਣਗੇ ਹੱਥ ਕੱਢਕੇ, ਮੇਹਣੇ ਸ਼ਰੀਕ ਨੀਂ
ਕਰਦੀ ਕਿਉਂ ਕਮਲਿਆਂ ਵਾਂਗੂੰ, ਗੱਲਾਂ ਅਣਜੁੜੀਆਂ ਨੀਂ
ਦੇਹਲੀ ਤੋਂ ਬਾਹਰ ਜਾਣ ਨਾ, ਵਿਹੁਲੀਆਂ ਕੁੜੀਆਂ ਨੀਂ
ਸ਼ਾਦੀ ਨਾ ਰੋਜ਼ ਰਕਾਨੇ ......

ਬੇਗਮ :

ਖੇਲਣਾ ਲੁਕ ਮਚੀਚਾ ਜਾ ਕੇ ਵਿੱਚ ਬਾਗ ਦੇ
ਡਿਗਦੇ ਨੇ ਹੰਝੂ ਮੇਰੇ ਅੱਖ 'ਚੋਂ ਵੈਰਾਗ ਦੇ
ਉੱਠਜੂਗੀ ਕੋਇਲ ਤੇਰੀ, ਰਲ਼ਕੇ ਸੰਗ ਕਾਗ ਦੇ
ਬਾਪੂ ਦੇ ਵਿੱਚ ਤਲਾਵੇ ਕਰ ਜਾਂ ਅਠਖੇਲੀਆਂ
ਜਾਣਾ ਮੈਂ ਸੈਰ ਕਰਨ ਨੂੰ ਲੈ ਕੇ ਸਹੇਲੀਆਂ
ਮਾਤਾ ਨੀ ਜਾਂਦੀ ਵਾਰੀ......

ਮਾਂ ਖ਼ਫ਼ਾ ਹੋ ਕੇ ਕਹਿੰਦੀ ਹੈ :

ਕਿੱਧਰੋਂ ਨੀ ਆ 'ਗੀ ਐਡੀ ਬਾਗਾਂ ਦੀ ਸ਼ੌਕਣ ਤੂੰ
ਬਚਕਰ ਜਿਹੇ ਕੁੱਤੇ ਆਗੂੰ ਲੱਗੀ ਐਂ ਭੌਂਕਣ ਤੂੰ
ਬੈਠੀ ਐਂ ਆਹਢਾ ਲਾਈ ਵਾਂਗਰਾ ਸੌਂਕਣ ਤੂੰ
ਤੜਕੇ ਦੀਆਂ ਮੇਰੀਆਂ ਅੰਦਰੋਂ, ਖੜਕ ਰਹੀਆਂ ਪੁੜਪੁੜੀਆਂ
ਦੇਹਲੀ ਤੋਂ ਬਾਹਰ ਜਾਣ ਨਾ, ਵਿਹੁਲੀਆਂ ਕੁੜੀਆਂ ਨੀ
ਸ਼ਾਦੀ ਨਾ ਰੋਜ਼ ਰਕਾਨੇ.....

ਬੇਗਮ ਦਾ ਬਾਗ 'ਚ ਜਾਣਾ :

ਇੱਕ ਦਮ ਕੁੜੀਆਂ ਬੁਲਾਈਆਂ ਸਾਰੀਆਂ, ਘੱਲ ਨੈਨ ਰਾਣੀ ਨੂੰ
ਕਰਦੀਆਂ ਝੱਟ ਬਾਗ ਨੂੰ ਤਿਆਰੀਆਂ, ਪੁੱਛ ਮਾਂ ਸਿਆਣੀ ਨੂੰ
ਵਾਹੋ-ਦਾਹੀ ਚੱਲੀਆਂ ਮਿਰਗ ਡਾਲੀਏ, ਪੜ੍ਹ ਕੇ ਕੁਰਾਨ ਨੂੰ
ਚੱਲੀਆਂ ਕਰਾਓਣ ਸੈਰ ਜਾਂਦੀ ਵਾਰ ਦਾ, ਬੇਗਮ ਰਕਾਨ ਨੂੰ......
ਕਾਬਲ 'ਚੋਂ ਉੱਡ ਜਾਣੀ ਡਾਰ ਕੂੰਜਾਂ ਦੀ ਹੈ, ਪੰਜਾਬ ਦੇਸ਼ ਨੂੰ
ਧਰਤੀ ਹਿਲਾਵੇ ਧਮਕਾਰ ਗੂੰਜਾਂ ਦੀ, ਪਤਾ ਹੋਇਆ ਸ਼ੇਸ਼ ਨੂੰ
ਕੰਮ ਸਭ ਨੇ ਮੁਕਾ ਲਿਆ ਸ਼ਿੰਗਾਰ ਦਾ, ਕਰ ਇਸ਼ਨਾਨ ਨੂੰ
ਚੱਲੀਆਂ ਕਰਾਉਣ ਸੈਰ ਜਾਂਦੀ ਵਾਰ ਦਾ, ਬੇਗਮ ਰਕਾਨ ਨੂੰ......
ਕਾਲੇ ਨਾਗ਼ ਜ਼ੁਲਫਾਂ ਅਤਰ ਭਿੰਨੀਆਂ, ਮਾਰਦੀਆਂ ਡੰਗ ਸੀ
ਕਈਆਂ ਨੇ ਗਰੀਬਾਂ ਉੱਤੇ ਅੱਖਾਂ ਸਿੰਨ੍ਹੀਆਂ, ਤੀਰ ਜਿਉਂ ਖ਼ੁਦੰਗ ਸੀ
ਅਰਸ਼ੋਂ ਜ਼ਿਮੀਂ ਤੇ ਲਿਆਵੇ ਫਟਕਾਰ ਦਾ, ਨਬੀ ਸੁਲੇਮਾਨ ਨੂੰ
ਚੱਲੀਆਂ ਕਰਾਉਣ ਸੈਰ ਜਾਂਦੀ ਵਾਰ ਦਾ, ਬੇਗਮ ਰਕਾਨ ਨੂੰ......

(ਡਿਉਢਾ ਕੋਰੜਾ)

ਬੇਗਮ ਦਾ ਬਾਗ ਵਿੱਚ ਪਹੁੰਚਣਾ ਤੇ ਦਹੂਦ ਨੂੰ ਮਿਲਣਾ। ਤੁਰਨ ਲੱਗੀ ਨੇ ਸਹੇਲੀਆਂ ਨੂੰ ਕਹਿਣਾ :

ਦੋਹਿਰਾ : ਬੇਗਮ ਸ਼ਾਹ ਦਹੂਦ ਦੇ ਚੜ੍ਹ ਘੋੜੇ ਤੇ ਨਾਲ
ਸਖੀਆਂ ਤਾਂਈ ਦਸਦੀ, ਆਪਣੀ ਕੁੱਲ ਹਵਾਲ

ਕੰਨ ਕਰਕੇ ਸੁਣ ਲੋ ਨੀਂ, ਮੇਰੀ ਭੈਣੋ ਦੁਆ ਸਲਾਮ
ਅੱਜ ਮਿਸ਼ਰ ਸ਼ਹਿਰ ਤੋਂ ਨੀਂ, ਹੋਣਾ ਸਾਡਾ ਕੂਚ ਮੁਕਾਮ
ਹੱਥ ਕਢਕੇ ਦੇਣਗੇ ਲੋਕੀਂ ਮੇਰੀ ਮਾਂ ਨੂੰ ਤਾਅ੍ਹਨਾ
ਅੱਜ ਰਾਜੇ ਬਾਬਲ ਦਾ, ਭੈਣੋਂ ਹੋਇਆ ਮੁਲਕ ਬਿਗਾਨਾ......

ਕਹੂ ਦੁਨੀਆਂ ਮਾੜੀਂ ਨੀਂ, ਪਰ ਮੇਰੇ ਭਾ ਦੀ ਚੰਗੀ
ਮੈਂ ਉੱਥੇ ਚੱਲੀ ਆਂ ਜਿੱਥੇ ਪਹਿਲਾਂ ਬਾਪ ਨੇ ਮੰਗੀ
ਮੈਂ ਮੁਖੀ ਤੀਰ ਦੀ ਨੇ, ਸਹੁਰਾ ਘਰ ਕਰ ਲਿਆ ਨਿਸ਼ਾਨਾ
ਅੱਜ ਰਾਜੇ ਬਾਬਲ ਦਾ, ਭੈਣੋ ਹੋਇਆ ਮੁਲਕ ਬਿਗਾਨਾ......



ਤੁਸੀਂ ਦੁਆ ਕਰੋ ਰਲ਼ ਕੇ, ਮੇਰੇ ਬਾਗ਼ 'ਚ ਲਾਓ ਤੀਆਂ
ਨੀ ਵੱਸੋ ਰਸੋ ਮਿਲ ਕੇ, ਮਿਸਰ ਸ਼ਹਿਰ ਦੀਆਂ ਧੀਆਂ
ਹੁਣ ਬਣ ਬਗਦਾਦ ਗਿਆ, ਸਾਡਾ ਅੱਜ ਤੋਂ ਆਜਿਜ਼ ਖਾਨਾ
ਅੱਜ ਰਾਜੇ ਬਾਬੁਲ ਦਾ ਭੈਣੋ ਹੋ ਗਿਆ ਮੁਲਕ ਬਿਗਾਨਾ......

ਆਖਰ ਦਹੂਦ ਬਾਦਸ਼ਾਹ ਦਾ ਤਖ਼ਤ 'ਤੇ ਫੱਬ ਜਾਣਾ, ਪਾਰਸ ਦੀ ਕਲਮ ਨੇ ਲਿਖਿਆ ਹੈ:

ਦੂਜੇ ਸ਼ਾਹ ਦਹੂਦ ਦੀਆਂ
ਅਰਸ਼ੀਂ ਗੁੱਡੀਆਂ ਚੜ੍ਹੀਆਂ ਸੀ
ਰੱਖ ਲਏ ਉਸਤਾਦ ਦਰਜਨਾਂ
ਕੁਝ ਪਾੜ੍ਹਤਾਂ ਪੜ੍ਹੀਆਂ ਸੀ
ਬੇਗ਼ਮ ਤੇ ਬੇਗ਼ਮ ਦੀ ਗੋਲੀ
ਸੋਨੇ ਦੇ ਵਿੱਚ ਮੜ੍ਹੀਆਂ ਸੀ
ਕਹੇ 'ਕਰਨੈਲ' ਉਮਰ ਭਰ ਉਸ ਨੇ
ਮੌਜਾਂ ਲੁੱਟੀਆਂ ਬੜੀਆਂ ਸੀ.......

ਦਹੂਦ ਬਾਦਸ਼ਾਹ ਦਾ ਕਿੱਸਾ ਜਿੱਥੇ ਪਾਰਸ ਦੀ ਤੰਦਰੁਸਤ ਕਾਵਿਕ-ਬੁੱਧੀ ਦਾ ਪ੍ਰਮਾਣ ਹੈ, ਉੱਥੇ ਉਸਦੀ ਰਚੀ ਇੱਕ ਸ਼ਾਹਕਾਰ ਲੋਕ ਗਾਥਾ ਵਜੋਂ ਵੀ ਪ੍ਰਵਾਨ ਹੈ।

ਕਰਨੈਲ ਸਿੰਘ ਪਾਰਸ ਦਾ ਰਚਿਆ, 'ਸ਼ਾਹਣੀ ਕੌਲਾਂ' ਬਾਰੇ ਕਿੱਸਾ ਭਾਵੇਂ ਦਹੂਦ ਬਾਦਸ਼ਾਹ ਦੇ ਕਿੱਸੇ ਜਿੰਨਾ ਤਾਂ ਪ੍ਰਚੱਲਤ ਨਹੀਂ ਹੋਇਆ ਪਰੰਤੂ ਫਿਰ ਵੀ 'ਸ਼ਾਹਣੀ ਕੌਲਾਂ' ਦਾ ਕਿੱਸਾ ਉਸਦੇ ਰਚਨਾ ਸੰਸਾਰ ਵਿੱਚ ਵਿਸ਼ੇਸ਼ ਸਥਾਨ ਹਾਸਲ ਕਰੀ ਬੈਠਾ ਹੈ। ਸ਼ਾਹਣੀ ਕੌਲਾਂ ਬਾਰੇ ਹੋਰ ਵੀ ਕਈਆਂ ਕਵੀਸ਼ਰਾਂ ਨੇ ਬਾਖੂਬੀ ਲਿਖਿਆ ਹੈ, ਪਰ ਪਾਰਸ ਨੇ ਹਿੰਦੂ ਪਤੀ-ਬ੍ਰਤਾ ਔਰਤ ਦੇ ਦ੍ਰਿੜ ਸੰਕਲਪ ਅਤੇ ਉਸਦੇ ਜਤ-ਸਤ ਦੀ ਵਚਿੱਤਰ ਗਾਥਾ ਦੀ ਬੜੀ ਸੁਹਣੀ ਕਾਵਿ-ਕਿਆਰੀ ਸਿੰਜੀ ਹੈ। ਉਸ ਕਾਵਿ-ਕਿਆਰੀ ਵਿੱਚੋਂ ਕੁਝ ਕੁ ਫੁੱਲਾਂ ਦੀ ਸੁਗੰਧੀ ਮਾਣੋ! ਬੀਜੇ ਦੀ ਰਾਜੇ ਨਾਲ ਬਹਿਸ ਦਾ ਵਰਨਣ, ਸੁਆਲ-ਜੁਆਬ ਵਿੱਚ ਇਸ ਪ੍ਰਕਾਰ ਹੈ:

ਰਸਾਲੂ :

ਵੱਸ ਵਿੱਚ ਨਾ ਆਈਏ ਬੀਜਿਆ, ਰੰਨਾਂ ਮਨ ਮੱਤੀਆਂ ਦੇ
ਸਤਿਯੁਗ ਤੋਂ ਲਾਹ ਕੇ ਇਹਨਾਂ, ਤੋੜੇ ਜਤ-ਜਤੀਆਂ ਦੇ
ਮਾਰਕੇ ਭਾਂਡੇ ਮੂਧੇ, ਆਪਣੇ ਪਤੀਆਂ ਦੇ
ਮਿੱਤਰਾਂ ਸੰਗ ਤਿੱਤਰ ਹੋਗੀਆਂ, ਵੜਦੀਆਂ ਨਾ ਵਾੜੇ ਐ
ਪੈਂਦੇ ਸਭ ਇਸ ਦੁਨੀਆਂ ਵਿੱਚ, ਔਰਤ ਤੋਂ ਪੁਆੜੇ ਐ
ਇਸਦਾ ਵਿਸਾਹ ਨਾ ਕਰੀਏ ------

ਬੀਜਾ :

ਔਰਤ ਦਾ ਮਹਾਂਕਾਲ ਤੋਂ ਦੂਸਰਾ ਨੰਬਰ ਹੈ
ਇਹਨਾਂ ਤੋਂ ਪੈਦਾ ਹੋਏ, ਗੁਰੂ ਪੈਗੰਬਰ ਹੈ
ਜਤ-ਸਤ ਦੀ ਸਾਖ਼ੀ ਭਰਦਾ, ਸੀਤਾ ਸਵੰਬਰ ਹੈ
ਇਹਨਾਂ ਬਿਨਾਂ ਦਿਸਦਾ ਮੈਨੂੰ, ਵਸਦਾ ਸੰਸਾਰ ਨਾ

ਇਸਤਰੀਆਂ ਬਾਝੋਂ ਜਨਮੇਂ, ਪੀਰ ਅਵਤਾਰ ਨਾ
ਔਰਤ ਨਿੰਦਣਯੋਗ ਨਾ------

ਰਸਾਲੂ :

ਘਰ-ਘਰ ਵਿੱਚ ਪਾਇਆ ਇਹਨਾਂ, ਨਾਰਾਂ ਨੇ ਸਿਆਪਿਆਂ ਨੂੰ
ਮਾਰਨ ਟਕਰਾ-ਟਕਰਾ ਕੇ, ਸਹੁਰਿਆਂ ਤੇ ਮਾਪਿਆਂ ਨੂੰ
ਕਈਆਂ ਦੇ ਦਰ ਵਿੱਚ ਆ ਕੇ, ਉੱਧਲੀਆਂ ਛਾਪਿਆਂ ਨੂੰ
"ਜੈਮਿਨੀ" ਵਰਗੇ ਲੱਖਾਂ, ਕੁਟੀਆਂ ਵਿੱਚ ਤਾੜੇ ਐ
ਪੈਂਦੇ ਸਭ ਦੁਨੀਆਂ ਵਿੱਚ, ਔਰਤ ਤੋਂ ਪੁਵਾੜੇ ਐ
ਇਸਦਾ ਵਿਸਾਹ ਨਾ ਕਰੀਏ------

✲

ਤੋਤੇ ਸੁੰਦਰ ਨੂੰ ਕਹੇ ਰਸਾਲੂ, ਮੈਨੂੰ ਬੀਜੇ ਨੇ ਕਰਤਾ ਚਾਲੂ
ਕੌਲਾਂ ਨੂੰ ਸਲਾਹੁੰਦਾ ਥਕਦਾ ਨਾ
ਮੈਂ ਤੀਵੀਂ ਦੇ ਗੁਣ, ਸੁਣ ਸਕਦਾ ਨਾ
ਮੇਰਾ ਸੁਣ ਕੇ ਚੜ੍ਹ ਗਿਆ ਪਾਰਾ
ਕੋਈ ਢੰਗ ਦੱਸ, ਤੋਤਿਆ ਯਾਰਾ
ਦੁੱਧ ਚਿੜੀਆਂ ਦਾ ਪੈਣਾ ਚੋਣਾ ਹੈ
ਆਪਾਂ ਕੌਲਾਂ ਨੂੰ ਚੱਲ ਕੇ, ਜੋਹਣਾ ਹੈ------

ਰਾਜਾ ਬੀਜੇ ਨੂੰ ਘੋੜੇ ਖਰੀਦਣ ਤੋਰਨਾ ਚਾਹੁੰਦਾ ਹੈ, ਪਰ ਬੀਜਾ ਅੱਗੋਂ ਬੇਨਤੀ ਕਰਦਾ ਹੈ

ਫੜ੍ਹ ਤੱਕੜੀ ਤੋਲੀਏ ਪਰਬਤ
ਲਈਏ ਕੱਢ ਪੱਥਰਾਂ 'ਚੋਂ ਸ਼ਰਬਤ
ਨਾ ਘੋੜਿਆਂ ਦਾ ਰੰਗ ਵੰਗ ਜਾਣੀਏ
ਅਸੀਂ ਭੋਲੇ ਜਾਤ ਦੇ ਬਾਣੀਏ

ਕਿਹਾ ਰਾਜੇ ਕਰ ਮਜਬੂਰ, ਬੀਜੇ ਜਾਣਾ ਪਊ ਜ਼ਰੂਰ
ਕਰੀਂ ਦਿਲ 'ਚ ਵਜ਼ੀਰਾ ਰੋਸਾ ਨਾ
ਮੇਰਾ ਤੇਰੇ ਬਾਝ ਭਰੋਸਾ ਨਾ

ਬੀਜਾ ਬਹੁਤਾ ਕਹੇ ਤੋਂ ਮੰਨ ਗਿਆ ਹੋ ਰਾਜਾ ਭੀ ਪ੍ਰਸੰਨ ਗਿਆ
ਕਹਿੰਦਾ ਕਰ ਲੈ ਤੁਰੰਤ ਤਿਆਰੀ ਨੂੰ, ਘਰ ਮਿਲ ਕੇ ਆਪ ਦੀ ਪਿਆਰੀ ਨੂੰ
ਜਾ ਕੌਲਾਂ ਸੁਪਤਨੀ ਕੌਲੇ, ਬੀਜਾ ਕਰਕੇ ਢਿੱਲਾ ਮੂੰਹ ਬੋਲੇ
ਮੈਂ ਛੇਤੀ ਖਾਣਾ ਖਾਣਾ ਹੈ, ਤੇ ਘੋੜੇ ਖ੍ਰੀਦਣ ਜਾਣਾ ਹੈ

ਕੌਲਾ ਸੁਣ ਕੇ ਅੱਖਾਂ ਭਰ ਆਈ, ਕੱਲੀ ਛੱਡਿਓ ਨਾ ਪਤੀ ਦੁਹਾਈ
ਦਿਲ ਕੱਲੀ ਦਾ ਮੰਦਰੀ ਰਚਣਾ ਨਾ,
ਜਲ ਬਿਨ ਮਛਲੀ ਨੇ ਬਚਣਾ ਨਾ



ਬੀਜਾ ਰੋ ਪਿਆ ਮਾਰਕੇ ਧਾਹਾਂ
ਵਿੱਚ ਪਾ ਕੇ ਗਲ਼ੇ ਦੇ ਬਾਹਾਂ
ਕਹੇ ਹੋਣੀ ਨਖੇੜੇ ਜੋੜਿਆਂ ਨੂੰ
ਮੁੜ ਆਊਂਗਾ ਦਿਨ ਥੋੜ੍ਹਿਆਂ ਨੂੰ

ਕੌਲਾਂ, ਗੋਲੀ ਬਹਿ'ਗੀਆਂ ਅੰਦਰੇ
ਸਭ ਲਾ ਕੇ ਦਰਾਂ ਨੂੰ ਜੰਦਰੇ
ਰਾਮ-ਨਾਮ ਦੀ ਭਗਤਣੀ ਰੂੰ ਕੱਤਦੀ
ਹੁਣ ਹੋਣੀ ਪ੍ਰੀਖਿਆ ਜਤ-ਸਤ ਦੀ

✲

ਸੌਂ ਗਈ ਦੁਨੀਆਂ ਠੋਕ ਜੰਦਰੇ, ਰਾਤ ਪਹਿਰ ਦੋ ਬੀਤੀ
ਬੀਜੇ ਦੇ ਘਰ ਚੋਰੀ ਜਾਣਾ, ਰਾਜੇ ਦੀ ਬਦਨੀਤੀ
ਦੋਵੇਂ ਜਣੇ ਆਪਣੇ ਆਪ ਨੂੰ, ਨਰਕੀਂ ਤੁਰੇ ਘਸੋੜਨ
ਤੋਤਾ ਅਤੇ ਰਸਾਲੂ ਚੱਲੇ, ਸਤਿ ਕੌਲਾਂ ਦਾ ਤੋੜਨ------
ਰਾਤ ਅੰਧੇਰੀ, ਚੁੱਪ-ਚਾਪ ਸੀ, ਲੋਕ ਪਏ ਸੀ ਸੁੱਤੇ
ਕਿਤੇ-ਕਿਤੇ ਸੀ ਰੌਲ਼ਾ ਪਾਉਂਦੇ, ਉੱਲੂ, ਗਿੱਦੜ, ਕੁੱਤੇ
ਚੱਕਵੀ ਤੇ ਚੱਕਵੇ ਨੂੰ, ਪਾਪਣ ਲੱਗੀ ਰੈਣ ਵਿਛੋੜਨ------
ਤੋਤਾ ਅਤੇ ਰਸਾਲੂ ਚੱਲੇ, ਸਤਿ ਕੌਲਾਂ ਦਾ ਤੋੜਨ

"ਬਈ ਓ ਲੋਕੋ ਰਹੋ ਜਾਗਦੇ" ਪਹਿਰੂ ਦੇਵੇ ਹੋਕੇ
ਚੌਂਕੀਦਾਰ ਬਾਦਸ਼ਾਹ ਤਾਈਂ, ਮੂਹਰੇ ਹੋ ਕੇ ਰੋਕੇ
"ਚੋਰ ਚੋਰ" ਕਹਿ ਰੋਕਣ ਲੱਗਾ, ਬਾਹੋਂ ਪਕੜ ਝੰਜੋੜਨ
ਤੋਤਾ ਅਤੇ ਰਸਾਲੂ ਚੱਲੇ, ਸਤਿ ਕੌਲਾਂ ਦਾ ਤੋੜਨ------

✲

ਖੜ੍ਹ ਬੀਜੇ ਦੇ ਬਾਰ ਵਿੱਚ, ਰਾਜਾ ਮਾਰੇ ਬੋਲ
ਮੈਂ ਬੀਜਾ ਮੁੜ ਆ ਗਿਆ, ਕੌਲਾਂ ਕੁੰਡਾ ਖੋਹਲ

ਕੌਲਾਂ ਨੂੰ ਬੇਈਮਾਨੀ ਤੇ ਧੋਖੇ ਦੀ ਸ਼ਰਾਰਤ ਦਾ ਭਰਮ ਬੀਜੇ ਨੂੰ ਤੋਰਨ ਸਮੇਂ ਹੀ ਗਿਆ ਸੀ। ਹੁਣ ਉਹ ਬੁੱਝ ਗਈ ਕਿ ਬੀਜੇ ਦਾ ਇਹ ਬਣਾਉਟੀ ਰੋਲ ਹੈ। ਉਸ ਨੇ ਗੱਜ ਕੇ ਤੇ ਰੋਹਬ ਨਾਲ ਕਿਹਾ, "ਕੌਲਾਂ ਤੂੰ ਅੰਦਰ ਕੋਈ ਮਰਦ ਵਾੜੀ ਬੈਠੀ ਐਂ, ਹੁਣ ਮੇਰੇ ਘਰੇ ਮੁੜ ਆਉਣ 'ਤੇ, ਸ਼ਰਮ ਦੀ ਮਾਰੀ ਅੱਖਾਂ ਲੁਕੋਨੀ ਐਂ, ਤਾਂ ਹੀ ਨਹੀਂ ਛੇਤੀ ਬੂਹਾ ਖੋਹਲਦੀ।"

ਕੌਲਾਂ ਤੇ ਬੀਜਾ ਬਹਿਸ ਕਰ ਰਹੇ ਹਨ, ਉਸ ਸਮੇਂ ਦਾ ਵਰਨਣ ਪਾਰਸ ਨੇ ਬਹੁਤ ਮਾਰਮਿਕ ਢੰਗ ਦੁਆਰਾ ਕੀਤਾ ਹੈ, ਵੇਖੋ :

ਰਸਾਲੂ :

ਝੱਟ ਕਰ ਤਾਕੀ ਖੋਹਲਦੇ ਕੌਲਾਂ
ਕਿਉਂ ਗੱਲ ਪਾਈ ਵਿੱਚ ਮਸ਼ੌਲਾਂ
ਮੇਰੀ ਜਾਨ ਗਈ ਵਿੱਚ ਹੌਲਾਂ

ਸ਼ੂਕੇ ਰਾਤ ਅੰਧੇਰੀ ਏ
ਬੀਜਾ ਬਾਹਰ ਖਲੋਤਾ ਭਿੱਜਿਆ
ਬਾਰਸ਼ ਦਾ, ਬਾਰ ਖੋਹਲਦੇ ਕੌਲਾਂ ਮੇਰੀਏ......

ਕੌਲਾਂ :
ਖੋਹਲੂੰ ਐਸ ਵਕਤ ਨਾ ਕੁੰਡਾ, ਤੂੰ ਤਾਂ ਜਾਪੇ ਸ਼ਹਿਰੀ ਮੁੰਡਾ
ਹੈ ਦਸ ਨੰਬਰੀਆ ਗੁੰਡਾ, ਫਿਰਦੈਂ ਘਰੋਂ ਬਾਹਰ ਹੈਂ
ਬਾਰ ਕਿਸ ਤਰ੍ਹਾਂ ਖੋਹਲਾਂ, ਓਭੜ ਬੰਦੇ ਨੂੰ,
ਤੂੰ ਕੋਈ ਠੱਗ, ਚੋਰ ਯਾਰ ਹੈਂ......
ਰਸਾਲੂ :
ਪਰੀਏ ਐਡਾ ਮਾਰ ਨਾ ਲੋਹੜਾ, ਆਪਣਾ ਰਾਮ ਬਣਾਇਆ ਜੋੜਾ
ਸੀਗਾ ਲੱਗਾ ਪੈਣ ਵਿਛੋੜਾ, ਰਲ਼ ਕੇ ਹੰਝੂ ਕੇਰੀਏ
ਬੀਜਾ ਬਾਹਰ ਖਲੋਤਾ ਭਿੱਜਿਆ ਬਾਰਸ਼ ਦਾ
ਬਾਰ ਖੋਹਲਦੇ ਕੌਲਾਂ ਮੇਰੀਏ......
ਕੌਲਾਂ :
ਬੀਜਾ ਬਣਦਾ ਮੂੰਹ ਜ਼ੁਬਾਨੀਂ, ਮੈਨੂੰ ਹੋਈ ਬਹੁਤ ਹੈਰਾਨੀ
ਲਿਆ ਫਿਰ, ਦੇ ਦੇ ਛਾਪ ਨਿਸ਼ਾਨੀ, ਜੇ ਪਰਤਾਰ ਹੈ
ਬਾਰ ਕਿਸ ਤਰ੍ਹਾਂ ਖੋਹਲਾਂ ਓਭੜ ਬੰਦੇ ਨੂੰ,
ਤੂੰ ਤਾਂ ਕੋਈ ਠੱਗ, ਚੋਰ ਯਾਰ ਹੈ......

ਕਹਾਣੀ ਅੱਗੇ ਚੱਲਦੀ ਹੈ। ਰਸਾਲੂ ਅੰਦਰ ਆਉਣ 'ਚ ਸਫ਼ਲ ਹੁੰਦਾ ਹੈ। ਕੌਲਾਂ ਉਸਨੂੰ ਵੇਖ ਕੇ ਘਬਰਾਂਦੀ ਹੈ। ਕੌਲਾਂ ਨੂੰ ਉਹ ਰਾਣੀ ਬਣਾਉਣ ਲਈ, ਲਾਲਚ ਦਿੱਤਾ ਪਰ ਕੌਲਾਂ ਆਪਣੇ ਜਤ-ਸਤ 'ਤੇ ਕਾਇਮ ਰਹੀ :

ਕਬਿੱਤ :
ਜੀਹਨੇ ਅੱਜ ਤੱਕ ਅੱਖੀਂ ਡਿੱਠਾ ਨਾ ਮਰਦ ਦੂਜਾ
ਲੱਗ ਗਿਆ ਅਜੂਨਾ ਭਲਿਆਂ ਦੀ ਪੁੱਤ ਪੋਤੀ ਨੂੰ
ਰੇਸ਼ਮ ਦੀ ਤੰਦ ਵਿੱਚ ਬਾਪੂ ਨੇ ਪਰੋਇਆ ਜਿਹੜਾ
ਸਿੱਟ ਦਿੱਤਾ ਤੋੜ ਕੇ ਤੇ ਰੂੜੀਆਂ 'ਚ ਮੋਤੀ ਨੂੰ
ਬਾਗਾਂ ਦੀ ਬਹਾਰ ਵਿੱਚ ਰਹਿੰਦੀ ਅੰਬ ਠੂੰਗਦੀ ਸੀ
ਅੱਕਾਂ ਦੀਆਂ ਕੁਕੜੀਆਂ 'ਤੇ ਬਹਿਣਾ ਪੈਣਾ ਤੋਤੀ ਨੂੰ
ਬੀਜੇ ਨੇ ਕਰੋਧ ਵਿੱਚ ਆ ਕੇ ਕਰਨੈਲ ਸਿੰਘਾ
ਧੱਕੇ ਮਾਰ ਕੱਢ ਦਿੱਤਾ ਕੌਲਾਂ ਦੁੱਧ ਧੋਤੀ ਨੂੰ

ਭੁੱਖ ਧਿਆਈ ਕੌਲਾਂ ਮੰਗਤੀਆਂ ਵਾਂਗ ਫਿਰਦੀ ਹੈ :
ਤੂੰ ਕੀ ਤੋਂ ਕੀ ਕਰਤਾ, ਹੈ ਨੀ ਧੁਰ ਦਰਗਾਹ ਦੀਏ ਲਿਖੀਏ
ਵਰ੍ਹ ਪਈ ਗਰੀਬਾਂ 'ਤੇ, ਦੁਸ਼ਮਣ ਦੀਏ ਸਿਖਾਈਏ ਸਿਖੀਏ
ਕੱਢ ਸਿਰ ਦੀ ਕਲਗੀ 'ਚੋਂ, ਰੋਲ਼ੇ ਪੈਰਾਂ ਦੇ ਵਿੱਚ ਹੀਰੇ



ਸ਼ਾਹਣੀਂ ਤੋਂ ਭੀਖ ਮੰਗਾ, ਅੜੀਏ ਕੀ ਕੀਤਾ ਤਕਦੀਰੇ
ਹੰਝੂ ਮੁੱਕੇ ਰੋਂਦੀ ਦੇ, ਜਾਂਦਾ ਨਾ ਪਾਪਣ ਤੋਂ ਹੱਸਿਆ
ਕਰਮਾਂ ਦੀ ਰਾਤ ਪਈ, ਮੇਰੀ ਪੁੰਨਿਆਂ ਬਣਗੀ ਮੱਸਿਆ
ਗਿਆ ਕਲਪ ਬ੍ਰਿਛ ਪੁੱਟਿਆ, ਅੱਕਾਂ ਦੇ ਲੱਗ ਪਏ ਜ਼ਖ਼ੀਰੇ
ਸ਼ਾਹਣੀ ਤੋਂ ਭੀਖ਼ ਮੰਗਾ, ਅੜੀਏ ਕੀ ਕੀਤਾ ਤਕਦੀਰੇ

ਕੌਲਾਂ ਦਾ ਰੋਂਦੀ ਫਿਰੀਂ ਜਾਣਾ, ਉਸ ਸਮੇਂ ਦਾ ਚਿਤਰਣ ਕਰਦੀ ਪਾਰਸ ਦੀ ਇਹ ਕਵੀਸ਼ਰੀ ਕਿਸੇ ਵਲੇ ਲੋਕੀਂ ਫਰਮਾਇਸ਼ ਪਾ ਕੇ 'ਤੇ ਚਾਹ ਕੇ ਸੁਣਿਆ ਕਰਦੇ ਸਨ, ਉਸ ਵਿੱਚੋਂ ਕੁਝ ਬੰਦ ਪੇਸ਼ ਹਨ :
ਕੱਢਤੀ ਪਤੀ ਨੇ ਘਰੋਂ ਧੱਕੇ ਮਾਰਕੇ
ਟੁਰ ਚੱਲੀ ਵਾਲ ਸਿਰ ਦੇ ਖਲਾਰਕੇ
ਸ਼ਿਵਾ ਨੇ ਵਿਛੋੜ ਦਿੱਤਾ ਪਾਰਬਤੀ ਨੂੰ
ਕੌਲਾਂ ਰੋਂਦੀ ਜਾਂਦੀ ਕਰਮਾਂ ਦੀ ਗਤੀ ਨੂੰ......
ਟੂੰਮ ਛੱਲੇ, ਲੀੜੇ ਲੱਤੇ ਛੱਡਤੇ ਘਰੇ,
ਪਤਾ ਨ੍ਹੀਂ ਕਰੂ ਕੀ ਅਜੇ, ਹੋਣੀਂ ਤੋਂ ਡਰੇ
ਲੱਗ ਗਿਆ ਝੂਠਾ ਇਲਜ਼ਾਮ ਸਤੀ ਨੂੰ,
ਕੌਲਾਂ ਰੋਂਦੀ ਜਾਂਦੀ ਕਰਮਾਂ ਦੀ ਗਤੀ ਨੂੰ......
ਜਿਹੜੀ ਸੱਤਾਂ ਪਰਦਿਆਂ ਦੇ ਵਿੱਚ ਰਹਿੰਦੀ ਸੀ
ਨਾ ਉਹ ਆਮ ਖ਼ਾਸ ਦੀ ਨਜ਼ਰ ਪੈਂਦੀ ਸੀ
ਪੁੱਛੇ, ਕੀ ਕਰੇਂਗੀ ਕਿਸਮਤ ਕੁਪੱਤੀ ਨੂੰ, ਕੌਲਾਂ ਰੋਂਦੀ......
ਉਲਟਕੇ ਹੋ ਜੇ ਤਕਦੀਰ ਜੇ ਸਿੱਧੀ,
ਐਹੋ ਜਿਹੀ ਬਣਾਦੇ ਮਾਲਕਾ ਕਿਵੇਂ ਵਿਧੀ
ਆ ਜੇ ਕਿਵੇਂ 'ਪਾਰਸ' ਯਕੀਨ ਪਤੀ ਨੂੰ,
ਕੌਲਾਂ ਰੋਂਦੀ ਜਾਂਦੀ......

ਕੌਲਾਂ ਭੱਠੀ ਵਾਲੀ ਮਹਿਰੀ ਕੋਲ ਪੁਕਾਰ ਕਰਦੀ ਹੈ ਤੇ ਚੰਦੀ ਮਹਿਰੀ ਕੌਲਾਂ ਨੂੰ ਕਹਿੰਦੀ ਹੈ :
ਕਿੱਥੇ ਤੇਰੇ ਪੇਕੇ ਬੀਬੀ, ਕਿੱਥੇ ਤੇਰੇ ਸੌਹਰੇ ਨੀਂ
ਰੂਪ ਤੇਰੇ ਦੀ ਸੁੰਘ ਵਾਸ਼ਣਾ, ਗੂੰਜਣ ਲੋਭੀ ਭੌਰੇ ਨੀਂ
ਸੂਰਤ ਸ਼ਕਲ ਵੇਖ ਕੇ ਜਾਂਦੇ ਹੋ ਪੰਛੀ ਲਟਬੌਰੇ ਨੀਂ
ਮੰਗਤੀਆਂ ਵਾਲੇ ਨਾ ਦਿਸਦੇ ਲੱਛਣ ਬੀਬੀ ਤੇਰੇ ਨੀ......

ਮੂੰਹ 'ਤੇ ਜ਼ਰਾ ਕਾਲਖ਼ ਮਲ਼ ਲੈ, ਕੋਹ ਕਾਫ਼ੀ ਦੀਏ ਹੂਰੇ ਨੀਂ
ਕਰ ਲੈ ਕੌਲਾਂ ਭੱਠ ਝੋਕ ਕੇ, ਬਿਪਤਾ ਦੇ ਦਿਨ ਪੂਰੇ ਨੀ
ਖੇਹ ਨਾ ਪਾ ਜੀਂ ਜਾਂਦੀ ਜਾਂਦੀ ਧੌਲੇ ਝਾਟੇ ਮੇਰੇ ਨੀ
ਮੰਗਤੀਆਂ ਵਾਲੇ ਨਾ ਦਿਸਦੇ ਨਾ ਲੱਛਣ ਬੀਬੀ ਤੇਰੇ ਨੀਂ......

ਭੱਠੀ 'ਤੇ ਕੰਮ ਕਰਦੀ ਕੌਲਾਂ, ਇੱਕ ਦਿਨ ਆਪਣੇ ਪਿੰਡੋਂ ਆਏ ਊਠਾਂ ਵਾਲਿਆਂ ਨੂੰ ਪਛਾਣਦੀ ਹੈ ਤੇ ਰੋ ਰੋ ਕੇ ਕਹਿੰਦੀ ਹੈ :

ਐ ਵੀਰੋ, ਸ਼ੁਤਰ ਸਵਾਰੋ, ਬਿੰਦ ਕੁ ਊਠਾਂ ਨੂੰ ਖਿਲ੍ਹਆਰੋ
ਦੇ ਕੇ ਨੁਸਖਾ ਰੋਗ ਨਿਵਾਰੋ, ਖਹਿੜਾ ਛੁੱਟੇ ਬਿਮਾਰੀ ਦਾ
ਔਖੇ-ਸੌਖੇ ਲੈ ਜੋ, ਥੋਡਾ ਪੁੰਨ ਹੋਊ
ਇੱਕ ਸੁਨੇਹਾ ਕਰਮਾਂ ਮਾਰੀ ਦਾ......
ਐਥੇ ਕੋਈ ਨਾ ਮੇਰਾ ਦਰਦੀ,
ਅੱਠੇ ਪਹਿਰ ਮੁਸੀਬਤ ਭਰਦੀ
ਭਰ-ਭਰ ਹੰਝੂ ਬੈਠੀ ਕਰਦੀ
ਹੌਕਿਆਂ ਦੇ ਜਾਪ ਨੂੰ,
ਕੌਲਾਂ ਭੱਠੀ 'ਤੇ ਭੋਗੇ ਲਿਖੀਆਂ ਲੇਖ ਦੀਆਂ
ਕਹਿ ਦਿਓ ਮੇਰੇ ਬਾਪ ਨੂੰ......

✲

ਹਰਭਜਨ ਮਾਨ ਦੀ ਆਵਾਜ਼ 'ਚ ਰਿਕਾਰਡ ਹੋਈ ਸੱਸੀ ਦੀ ਇਹ ਰਚਨਾ ਬੜੀ ਫੱਬੀ ਹੈ, ਪਾਰਸ ਦੀਆਂ ਵਧੀਆ ਰਚਨਾਵਾਂ ਵਿੱਚੋਂ ਇਹ ਵੀ ਇੱਕ ਹੈ, ਸੱਸੀ ਦੀ ਮਾਂ ਇਸ਼ਕ ਨੂੰ ਬੁਰੀ ਬਿਮਾਰੀ ਕਹਿੰਦੀ ਹੋਈ ਆਪਣੀ ਧੀ ਨੂੰ ਮੱਤੀਂ ਦਿੰਦੀ ਹੈ:

ਮੱਤਾਂ ਦੇਵਣ ਲੱਗੀ ਅੰਮੜੀ, ਫੜ੍ਹ ਸੱਸੀ ਨੂੰ ਬਾਂਹੋ
ਕਈ ਕਾਫ਼ਲੇ ਅੱਧ 'ਚ ਖਪਗੇ, ਮੁੜਿਆ ਭੈੜੇ ਰਾਹੋਂ
ਬ੍ਰਿਹੋਂ ਦੇ ਦੀਵੇ ਵਿੱਚ ਸੜਗੇ, ਲੱਖਾਂ ਪ੍ਰੇਮ ਪੁਜਾਰੀ
ਸੱਸੀ ਦੀ ਮਾਂ ਆਖੇ ਧੀਏ, ਇਸ਼ਕ ਦੀ ਬੁਰੀ ਬਿਮਾਰੀ

ਪੀਰ-ਪੈਗੰਬਰ, ਧਨੀ, ਸ਼ਹਿਨਸ਼ਾਹ ਇਸ ਇਸ਼ਕ ਨੇ ਮਾਂਜੇ
ਮਹੀਂਵਾਲ ਤੇ ਫਰਿਹਾਦ ਵਿਚਾਰੇ, ਕਈ ਮਜਨੂੰ ਤੇ ਰਾਂਝੇ
ਭੰਗਣਾਂ ਦੇ ਘਰ ਰਹੇ ਬਾਦਸ਼ਾਹ ਕਰਦੇ ਚੌਂਕੀਦਾਰੀ
ਸੱਸੀ ਦੀ ਮਾਂ ਆਖੇ ਧੀਏ, ਇਸ਼ਕ ਦੀ ਬੁਰੀ ਬਿਮਾਰੀ।

ਨਾ ਕਰ, ਛੱਡਦੇ, ਕੋਇਲ ਧੀਏ, ਪੁਨੂੰ ਕਾਂ ਦਾ ਖਹਿੜਾ
ਜੇ ਚੰਬੜ ਜੇ, ਫੇਰ ਨਾ ਲੱਥੇ, ਇਸ਼ਕ ਭੂਤਣਾ ਭੈੜਾ
ਵਾਂਗ ਜਮੂਰੇ ਨਾਚ ਕਰਾਵੇ, ਸਾਰੀ ਉਮਰ ਮਦਾਰੀ
ਸੱਸੀ ਦੀ ਮਾਂ ਆਖੇ ਧੀਏ, ਇਸ਼ਕ ਦੀ ਬੁਰੀ ਬਿਮਾਰੀ......

ਪੈਣ ਉਂਗਲਾਂ ਪਾ ਕੱਢਣੀਆਂ, ਬੱਬਰ ਸ਼ੇਰ ਦੀਆਂ ਜਾਹੜਾਂ
ਲਾਉਣਾ ਪੈਂਦਾ ਨੀਂ ਮੁਟਿਆਰੇ, ਮੱਥਾ ਨਾਲ ਪਹਾੜਾਂ
ਅਣਕੀਲੇ ਸੱਪਾਂ ਦੀ ਸਿਰ 'ਤੇ ਚੱਕਣੀ ਪੈਂਦੀ ਖ਼ਾਰੀ
ਸੱਸੀ ਦੀ ਮਾਂ ਆਖੇ ਧੀਏ, ਇਸ਼ਕ ਦੀ ਬੁਰੀ ਬਿਮਾਰੀ......

ਮਨ ਮੱਤੀਆਂ ਅੱਖਾਂ ਵਿੱਚ ਜਿੰਨ੍ਹਾਂ, ਇਸ਼ਕ ਦਾ ਪਾਇਆ ਕੱਜਲ
ਕਹੇ ਕਰਨੈਲ, ਰਣਜੀਤ ਸਿੰਹਾਂ ਸੁਣ, ਮਰੀਆਂ ਹੋ ਕੇ ਖੱਜਲ



ਚੰਦ ਨੂੰ ਦਾਗ਼ ਰੋਗ ਤਪਦਿਕ ਦਾ ਜੇ ਲਗਜੇ ਇੱਕ ਵਾਰੀ
ਸੱਸੀ ਦੀ ਮਾਂ ਆਖੇ ਧੀਏ......

✲

ਬੇਵਫ਼ਾ ਬਲੋਚ ਜਦੋਂ, ਛੱਡ ਗਿਆ ਮਾਸ਼ੂਕਾ ਸੁੱਤੀ
ਵਾਹੋ-ਦਾਹੀ ਭੱਜ ਤੁਰੀ ਉੱਠ ਕੇ, ਪੈਰ ਨਾ ਪਾਈ ਜੁੱਤੀ
ਚੱਲੀ ਦੇਸ਼ ਆਸ਼ਕਾਂ ਦੇ, ਇੱਜ਼ਤ ਖੂਹ ਵਿੱਚ ਪਾ ਕੇ ਘਰ ਦੀ
ਗਈ ਥਲ ਵਿੱਚ ਭੁੜਥਾ ਹੋ, ਸੱਸੀ ਪੁੰਨਣਾ-ਪੁੰਨਣਾ ਕਰਦੀ......
ਲੋਹ ਕਲਮ ਲਿਖੀ ਜਿਹੜੀ, ਆਈ ਉੱਘੜ ਕਿਸਮਤ ਖੋਟੀ
ਉਹਦੀ ਮੰਜ਼ਿਲ ਲੰਮੀ ਸੀ, ਪੈਂਡਾ ਬਿਖੜਾ, ਵਾਟ ਕਲੋਟੀ
ਤੀਰਾਂ ਦੀਆਂ ਮੁਖੀਆਂ 'ਤੇ, ਚੱਕ-ਚੱਕ ਕਦਮ ਅੱਗੇ ਨੂੰ ਧਰਦੀ
ਗਈ ਥਲ ਵਿੱਚ ਭੁੜਥਾ ਹੋ, ਸੱਸੀ ਪੁੰਨਣਾ-ਪੁੰਨਣਾ ਕਰਦੀ......
ਇੱਕ ਯਾਦ ਰਿਹਾ ਪੁੰਨੂੰ ਆਪਣੀ ਦੇਹ ਦਾ ਭੁੱਲ ਗਿਆ ਚੇਤਾ
ਲਾਮ੍ਹੀਂ ਅੱਗ ਬਲਦੀ ਸੀ, ਹੇਠਾਂ ਤਪਦਾ ਬਾਹਲੂ ਰੇਤਾ
ਸਾਵਣ ਦੇ ਮੀਂਹ ਵਾਂਗੂੰ, ਗਰਮੀ ਸੀ ਅਸਮਾਨੋਂ ਵਰ੍ਹਦੀ
ਗਈ ਥਲ ਵਿੱਚ ਭੁੜਥਾ ਹੋ, ਸੱਸੀ ਪੁੰਨਣਾ ਪੁੰਨਣਾ......
ਸੱਪਾਂ ਦੀਆਂ ਸਿਰੀਆਂ 'ਤੇ, ਟੁਰਦੀ ਮੌਤ ਨੂੰ ਕਰੇ ਮਜ਼ਾਕਾਂ
ਕਿਤੇ ਮਿਲਪਾ ਪੁੰਨਣਾ ਵੇ, ਕਹਿੰਦੀ ਮਾਰ-ਮਾਰ ਕੇ ਹਾਕਾਂ
ਵਿੱਚ ਕਠਿਨ ਪ੍ਰੀਖਿਆ ਦੇ, ਖੀਵੀ ਮੌਤੋਂ ਮੂਲ ਨਾ ਡਰਦੀ
ਗਈ ਥਲ ਵਿੱਚ ਭੁੜਥਾ ਹੋ, ਸੱਸੀ ਪੁੰਨਣਾ ਪੁੰਨਣਾ......
ਉਹ ਪੂਰੀ ਉੱਤਰੀ ਸੀ ਤੋਲੀ ਜਦੋਂ ਇਸ਼ਕ ਦੀ ਤੱਕੜੀ
ਉੱਡੀ ਬਿਨ ਖੰਭਾਂ ਦੇ, ਜਾਵੇ ਦੀਵੇ ਵੱਲ ਭੁਮੱਕੜੀ
ਅਣਜਾਣ ਕੁੜੀ ਡਿੱਠੀ ਬੇੜੀ ਬਿਨਾਂ ਸਮੁੰਦਰ ਤਰਦੀ......

✲

ਕਰਨੈਲ ਸਿੰਘ ਪਾਰਸ ਦੀ ਰਚਨਾ 'ਸ਼ੀਰੀ ਫਰਿਹਾਦ' ਵਿੱਚੋਂ ਕੁਝ ਨਮੂਨੇ :

ਸੱਕੀ ਭੈਣੀ ਸ਼ੀਰੀ ਦੀ ਮਲਕਾ, ਆਸ਼ਕ ਤਾਈਂ ਬੋਲੀ
ਚਿਤਰਕਾਰਾ ਜੇ ਤੈਂ ਲੈਣੀ, ਭੈਣ ਮੇਰੀ ਦੀ ਡੋਲੀ
ਪਰਬਤ ਨਾਲ ਲਗਾ ਲੈ ਮੱਥਾ, ਕਰਕੇ ਦ੍ਰਿੜ ਇਰਾਦਾ
ਤੋੜ ਪਹਾੜੀਂ ਸ਼ੀਰੀਂ ਖਾਤਰ ਨਹਿਰ ਲਿਆ ਫਰਿਹਾਦਾ......
ਮਾਸ਼ੂਕਾ ਤੇਰੀ ਵੇ ਵੈਦਾ, ਮਰਦੀ ਬਿਨਾ ਇਲਾਜੋਂ
ਬਾਗ ਉਸਦਾ ਜਾਨੋਂ ਪਿਆਰਾ, ਸੁੱਕਦਾ ਪਾਣੀ ਬਾਝੋਂ
ਜੇ ਸੱਚਾ ਆਸ਼ਕ ਤਾਂ ਰੱਜ ਕੇ ਫੇਰ ਛਕੀਂ ਪ੍ਰਸ਼ਾਦਾ
ਤੋੜ ਪਹਾੜੀ ਸ਼ੀਰੀ ਖਾਤਰ ਨਹਿਰ ਲਿਆ ਫਰਿਹਾਦਾ

ਧਰਤੀ ਦੀ ਧੁੰਨੀ 'ਚੋਂ ਪਾਣੀ, ਲਿਆ ਹਰਟ ਦੀਏ ਟਿੰਡੇ
ਇਸ ਸੱਜਰੇ ਜਲ ਦੇ ਵਿੱਚ, ਤੇਰੀ ਸ਼ੀਰੀ ਨਹਾਊ ਪਿੰਡੇ
ਜੇ ਗੁੜ ਬਣ ਕੋਠੀ ਵਿੱਚ ਪੈਣਾ, ਪੀੜਾ ਜਾਹ ਕਮਾਦਾ

ਤੋੜ ਪਹਾੜੀ ਸ਼ੀਰੀ ਖਾਤਰ, ਨਹਿਰ ਲਿਆ ਫਰਿਹਾਦਾ......

ਨਹਿਰ ਨਿੱਕਲ ਗਈ ਤੇ ਸ਼ੀਰੀ ਨੂੰ ਝੂਠੀ ਖ਼ਬਰ ਦਿੱਤੀ ਗਈ ਕਿ ਫਰਿਹਾਦ ਮਰ ਗਿਆ ਤੇ ਸ਼ੀਰੀ ਦੇ ਉਸ ਸਮੇਂ ਨੂੰ ਪਾਰਸ ਨੇ ਇਸ ਪ੍ਰਕਾਰ ਕਲਮਬੰਦ ਕੀਤਾ ਹੈ :

ਕੋਲ ਸ਼ੀਰੀ ਦੇ ਕਿਸੇ ਨੇ ਗੱਲ ਕੀਤੀ ਸੀ
ਦੱਸੀ ਨਾਲ ਫਰਿਹਾਦ, ਜਿਹੜੀ ਬੀਤੀ ਸੀ
ਪੂਰੀ ਕੀਤੀ ਜਿਵੇਂ ਆਸ਼ਕਾਂ ਦੀ ਰੀਤੀ ਸੀ
ਲੈਗੀ ਕੱਢ ਕੇ ਤੇ ਜਾਨ ਭੈੜੀ ਯਾਦ ਮਰੇ ਦੀ
ਜਦੋਂ ਸੁਣ ਲਈ ਖ਼ਬਰ ਫਰਿਹਾਦ ਮਰੇ ਦੀ......

ਰਿਹਾ ਮਨ ਮਸਤੀ ਦੇ ਵਿੱਚ ਖੇਲ੍ਹ ਸੀ
ਚੋਣਾਂ ਖੜ੍ਹ ਕੇ ਦਲ੍ਹੀਜਾਂ ਵਿੱਚ ਤੇਲ ਸੀ
ਜਦੋਂ ਹੋਣਾ ਫਰਿਹਾਦ ਨਾਲ ਮੇਲ ਸੀ
ਭਰ ਵੰਡਣਾ ਸੀ ਮੋਤੀਆਂ ਦਾ ਥਾਲ ਸ਼ੀਰੀ ਨੇ
ਮਾਰੀ ਚੜ੍ਹ ਕੇ ਮੰਦਰ ਉੱਤੋਂ ਸ਼ਾਲ ਸ਼ੀਰੀ ਨੇ......

ਢੇਰ ਮੱਖੀਆਂ ਦੇ ਗੁੜ 'ਤੇ ਚੁਫ਼ੇਰੇ ਨੇ
ਭੂੰਡਾਂ ਭੌਰਿਆਂ ਦੇ ਇੱਕੋ ਜਿਹੇ ਚੇਹਰੇ ਨੇ
ਹੁੰਦੇ ਦੁੱਧ ਪੀਣੇ ਮਜਨੂੰ ਬਥੇਰੇ ਨੇ
ਕਹਿੰਦੀ ਹੋ ਗਈ ਹੈ ਪਰਖ ਅੱਜ ਖੋਟੇ ਖਰੇ ਦੀ
ਜਦੋਂ ਸੁਣ ਲਈ ਖ਼ਬਰ ਫਰਿਹਾਦ ਮਰੇ ਦੀ......

✲

ਰਾਣੀ ਜਿੰਦਾ ਦੇ ਕਿੱਸੇ 'ਚੋਂ

ਬਿਨ ਬੇੜੀ 'ਤੇ ਠਿੱਲਿਓਂ, ਤਰਦੀ ਜਾਂਦੀ ਨਦੀਆਂ ਨਾਲ਼ੇ
ਫੁੱਲਾਂ ਤੋਂ ਕੂਲਿਆਂ ਦੇ ਪੈਗੇ ਪੈਰਾਂ ਦੇ ਵਿੱਚ ਛਾਲੇ
ਪਗਡੰਡੀ ਲੱਭਦੀ ਨਾ, ਉਸ ਨੇ ਖ਼ਾਕ ਬਥੇਰੀ ਛਾਣੀ
ਵਿੱਚ ਰੁਲਦੀ ਜੰਗਲ ਦੇ, ਸੀ ਰਣਜੀਤ ਸਿੰਘ ਦੀ ਰਾਣੀ......

ਭਾਵੀ ਦੇ ਗੇੜੇ ਨੇ, ਰੋਲੇ ਕੱਖਾਂ ਵਾਂਗ ਪੈਗੰਬਰ
ਉਸ ਦੁਖੀਆ ਔਰਤਾਂ ਨੂੰ, ਝੱਲੇ ਨਾ ਧਰਤੀ ਨਾ ਅੰਬਰ
ਸੀ ਟੋਲੀ ਸਖ਼ੀਆਂ ਦੀ ਰਹਿੰਦੀ, ਹਰਦਮ ਪੈਂਦ ਸਰ੍ਹਾਣੀਂ
ਵਿੱਚ ਰੁਲਦੀ ਜੰਗਲ ਦੇ, ਸੀ ਰਣਜੀਤ ਸਿੰਘ ਦੀ ਰਾਣੀ......

✲

ਕਲੀਆਂ ਅਤਿਅੰਤ ਲੋਕ-ਪਿਆਰੀਆਂ ਹਨ ਇਹਨਾਂ ਨੂੰ ਆਮ ਤੌਰ 'ਤੇ ਹਾਲੀ ਪਾਲੀ ਵੀ ਗਾਉਂਦੇ ਰਹਿੰਦੇ ਹਨ। ਕਰਨੈਲ ਸਿੰਘ ਪਾਰਸ ਨੇ ਹੀਰ ਰਾਂਝੇ ਦਾ ਕਿੱਸਾ 25 ਕਲੀਆਂ ਵਿੱਚ ਪਰੋਇਆ ਹੈ। ਹੀਰ ਨੂੰ ਕਲੀਆਂ ਵਿੱਚ ਲਿਖਕੇ ਪਾਰਸ ਨੇ ਨਿਵੇਕਲਾ ਤੇ ਸਫ਼ਲ ਯਤਨ ਕੀਤਾ ਹੈ ਕਿਉਂਕਿ ਹੀਰ ਮੁੱਖ ਤੌਰ 'ਤੇ ਬੈਂਤ, ਦੁਵੱਈਏ ਤੇ ਕਬਿੱਤ ਵਿੱਚ



ਹੀ ਲਿਖੀ ਗਈ ਹੈ, ਪਾਰਸ ਤੋਂ ਪਹਿਲੋਂ ਭਾਵੇਂ ਕ੍ਰਿਸ਼ਨ ਸਿੰਘ ਆਰਿਫ਼ ਨੇ ਵੀ ਹੀਰ ਕਲੀਆਂ ਵਿੱਚ ਲਿਖੀ ਸੀ ਪਰੰਤੂ ਪਾਰਸ ਨੇ ਹੀਰ ਦੀਆਂ ਕਲੀਆਂ ਲੋਕਾਂ ਵਿੱਚ ਆਪਣੇ ਜੱਥੇ ਰਾਹੀਂ ਪੇਸ਼ ਕਰਕੇ ਇਹਨਾਂ ਕਲੀਆਂ ਦੀ ਕਾਫੀ ਚਰਚਾ ਕਰਵਾਈ, ਵਿਲੱਖਣ ਨੁਹਾਰ ਵਾਲੀਆਂ ਹੀਰ ਦੀਆਂ ਕਲੀਆਂ ਵਿੱਚੋਂ ਕੁਝ-ਕੁਝ ਨਮੂਨੇ ਪੇਸ਼ ਹਨ :

ਕਾਜ਼ੀ ਕੋਲ ਜਾ ਕੇ ਰਾਂਝਾ ਰਾਤ ਕੱਟਣ ਲਈ ਪਨਾਹ ਮੰਗਦਾ ਹੈ ਤੇ ਕਾਜ਼ੀ ਜੁਆਬ ਦਿੰਦਾ ਹੈ ਤਾਂ ਰਾਂਝਾ ਕਹਿੰਦਾ ਹੈ :

ਆਏ ਗਏ ਬੰਦੇ ਤੋਂ ਨਾ ਘਬਰਾਉਣਾ ਚਾਹੀਦਾ
ਸਾਡੇ ਜੱਟਾਂ ਦੇ ਹੈ ਮਹੀਆਂ ਵਰਗੇ ਜੇਰੇ ਉਏ
ਤੇਰਾ ਕੀ ਮੈਂ ਚੱਕ ਲਿਆ, ਬਾਂਦਰ ਵਾਂਗੂੰ ਟੱਪਦਾ ਹੈਂ
ਕਾਹਤੋਂ ਹਿਣਕੀ ਜਾਵੇਂ ਵਾਂਗ ਵਛੇਰੇ ਉਏ

✲

ਕੁਝ ਹੋਰ ਵੰਨਗੀ :

ਘਰ ਦੇ ਮਰਦ ਵਾਂਗਰਾ ਲੇਟਿਆ ਸੇਜ ਬਿਗਾਨੀ 'ਤੇ
ਪੈਂਦੇ ਮਾਣ ਨਾਲ ਜਿਉਂ ਸਿਹਰਿਆਂ ਬੱਧੇ ਲਾੜੇ ਨੀਂ

✲

ਸੁਹਲ ਕਲੀਏ ਤਿੱਖੀ ਕਿਉਂ ਕੰਡੇ 'ਤੇ ਹੋਈ ਹੈਂ
ਮਿਰਚੋਂ ਕੌੜੀ ਬਣਨਾ ਬੁਰੀ ਮਹਿੰ ਦੀਏ ਖੀਰੇ ਨੀਂ

✲

ਲਈ ਰੁੱਗ ਭਰ-ਭਰ ਡਿੰਝਾਂ ਲਾਹ ਜਨਮ ਦੀਆਂ
ਤੇਰੇ ਮੂਹਰੇ ਧਰ 'ਤੀ ਮੈਂ ਜੋਬਨ ਦੀ ਥਾਲੀ ਵੇ

✲

ਮੇਰੇ ਨਾਲ ਬੇਸ਼ੱਕ ਸ਼ਰਤ ਲਗਾ ਲੈ ਸਿਰ-ਸਿਰ ਦੀ
'ਕੱਠੇ ਪਏ ਦਿਖਾ ਦੂੰ, ਪੱਗੜ ਤੇ ਪਰਾਂਦੇ ਉਏ

✲

ਕੋਇਲ ਘੋਗੜ ਇੱਕ ਪਿੰਜਰੇ ਵਿੱਚ ਬੰਦ ਕੀਤੇ
ਸ਼ੇਰ ਦੇ ਘੋਰਨੇ ਵਿੱਚ ਦਿੱਤੀ ਵਾੜ ਪਠੋਰੀ ਸੀ

✲

ਮਾਰਿਆਂ ਇਸ਼ਕ ਦਿਆਂ ਨੂੰ ਰੱਤ ਸੁਕਾਉਣੀ ਪੈਂਦੀ ਹੈ
ਖ਼ਰਚ ਅਠਾਰਾਂ ਆਨੇ, ਦੁਆਨੀ ਪੱਲੇ ਪੈਂਦੀ ਹੈ

✲

ਜਦੋਂ ਰਾਂਝਾ ਹੀਰ ਦੀ ਸੇਜ਼ 'ਤੇ ਜਾ ਕੇ ਪੈ ਜਾਂਦਾ ਹੈ ਤਾਂ ਕੁੜੀਆਂ ਹੀਰ ਨੂੰ ਜਾ ਕੇ ਦੱਸਦੀਆਂ ਹਨ :

ਜਾ ਕੇ ਕੁੜੀਆਂ ਦੱਸਿਆ ਸੁਰਮਾ ਪਾਉਂਦੀ ਹੀਰ ਨੂੰ
ਤੇਰੇ ਪਲੰਘ ਨਵਾਰੀ ਉੱਤੇ ਵੱਜਗੇ ਧਾੜੇ ਨੀਂ
ਹੈ ਕੋਈ ਚੋਰ ਉਚੱਕਾ ਭੁੱਲਿਆ ਭਟਕਿਆ ਆਦਮੀ
ਲੱਤ 'ਤੇ ਲੱਤ ਧਰ ਸੁੱਤਾ, ਮਾਰਦਾ ਘੁਰਾੜੇ ਨੀਂ

ਜਾਂ ਕੋਈ ਲੁੱਡਣ ਮਲਾਹ ਦਾ ਸਾਕ ਸੰਬੰਧੀ ਹੋਊਗਾ
ਮੂਰਖ ਆਪਣੀ ਜਾਨ ਗਵਾ ਲੂ, ਭੰਗ ਦੇ ਭਾੜੇ ਨੀਂ
ਘਰ ਦੇ ਮਰਦ ਵਾਂਗਰਾ ਲੇਟਿਆ ਸੇਜ ਬਿਗਾਨੀ 'ਤੇ
ਪੈਂਦੇ ਮਾਣ ਨਾਲ ਜਿਉਂ ਸਿਹਰਿਆਂ ਬੱਧੇ ਲਾੜੇ ਨੀਂ
ਤੈਨੂੰ ਬਣੀ ਰਕਾਨੇ ਹਾਰ-ਸ਼ਿੰਗਾਰ ਲਾਉਣ ਦੀ
ਖੇਤ ਕਚਰਿਆਂ ਦੇ ਹੈ, ਗਧਿਆਂ ਨੇ ਉਜਾੜੇ ਨੀ

ਬਾਰਾਂਦਰੀ ਵਿੱਚ ਵਿਛੀ ਆਪਣੀ ਸੇਜ ਉੱਤੇ ਸੁੱਤੇ ਰਾਂਝੇ ਨੂੰ ਤੱਕ ਕੇ ਹੀਰ ਹਰਖ਼ ਗਈ ਤੇ ਰਾਂਝੇ ਨੂੰ ਬੁਰਾ-ਭਲਾ ਕਹਿਣ ਲੱਗ ਪਈ, ਪਰ ਰਾਂਝਾ ਨਰਮੀ ਤੇ ਨਿਮਰਤਾ ਨਾਲ ਕਹਿੰਦਾ ਹੈ, ਪਾਰਸ ਦੀ ਕਲਮ ਦਾ ਕਮਾਲ ਇਸ ਪ੍ਰਕਾਰ ਵੇਖੋ :-

ਭੁੱਲ ਬਖਸ਼ ਮੁਸਾਫ਼ਰ ਦੀ, ਜੱਟੀਏ ਕਰਕੇ ਮੇਹਰਬਾਨੀ
ਤੂੰ ਜੀਹਦੀ ਅਮਾਨਤ ਹੈਂ, ਜਿਊਂਦਾ ਰਹੇ ਦਿਲ ਦਾ ਜਾਨੀ
ਜੁਗਾਂ ਤੱਕ ਬਣੀ ਰਹੇ, ਕਰਮਾਂ ਵਾਲੇ ਦੀਏ ਜੰਗੀਰੇ
ਤੋਤਿਆਂ ਨੂੰ ਬਾਗ ਬੜੇ, ਨਿੰਮ ਦਾ ਮਾਣ ਕਰੀਂ ਨਾ ਹੀਰੇ

ਦੁੱਧ ਚੋ ਲਿਆ ਸੇਜ ਦਾ ਕੀ, ਲਾਹ 'ਲੀਆਂ ਪਲੰਘ ਤੇਰੇ ਦੀਆਂ ਲੂਲ੍ਹਾਂ
ਪੱਥਰ ਤੋਂ ਭਾਰੀ ਤੂੰ, ਹੋਈ ਦਿਸੇ ਰਾਣੀ ਫੂਲਾਂ
ਮਾਮੂਲੀ ਜਿਹੀ ਗੱਲ ਤੋਂ, ਕਿਉਂ ਤੂੰ ਕਰਦੀ ਐਡ ਕਚੀਰੇ
ਤੋਤਿਆਂ ਨੂੰ ਬਾਗ ਬੜੇ, ਨਿੰਮ ਦਾ ਮਾਣ ਕਰੀਂ ਨਾ ਹੀਰੇ......

ਲੜੀ ਨਾਲ ਘਰਦਿਆਂ ਦੇ, ਗੁੱਸਾ ਪ੍ਰਦੇਸੀ 'ਤੇ ਕੱਢੇਂ
ਨਾ ਹਾਰ ਚੁਰਾ 'ਲੇ ਮੈਂ, ਆਨੇ ਜਿਹੜੀ ਗੱਲੋਂ ਟੱਡੇਂ
ਮੈਂ ਸੁੰਨੇ ਖੇਤ 'ਚੋਂ ਨਾ, ਤੇਰੇ ਤੋੜ ਲਏ ਮਤੀਰੇ
ਤੋਤਿਆਂ ਨੂੰ ਬਾਗ ਬੜੇ, ਨਿੰਮ ਦਾ ਮਾਣ ਕਰੀਂ ਨਾ ਹੀਰੇ......

'ਕਰਨੈਲ ਕਵੀਸ਼ਰ' ਨੂੰ ਕਾਹਤੋਂ ਬਾਤਾਂ ਬੋਲੇ ਮੰਦੀਆਂ
'ਚੰਦ' ਤੇ 'ਰਣਜੀਤ' ਸਣੇ, ਕੁੜੀਆਂ ਖੜ੍ਹੀਆਂ ਪੀਸਣ ਦੰਦੀਆਂ
'ਪਾਰਸ' ਦੇ ਨਾਲ ਜਿਦੇਂ, ਐਵੇਂ ਲੋਹੇ ਦੀਏ ਜੰਜੀਰੇ
ਤੋਤਿਆਂ ਨੂੰ ਬਾਗ ਬੜੇ, ਨਿੰਮ ਦਾ ਮਾਣ ਕਰੀਂ ਨਾ ਹੀਰੇ......

ਇਸ ਰਚਨਾ ਵਿੱਚ ਪਾਰਸ ਨੇ ਬੜੀਆਂ ਸੁੰਦਰ ਤੇ ਸਿੱਧੀਆਂ ਸਪੱਸ਼ਟ ਤਸ਼ਬੀਹਾਂ ਦੇ ਕੇ ਰਚਨਾ ਨੂੰ ਸੰਵਾਰਿਆ ਹੈ ਜਿਵੇਂ ਸੇਜ ਦਾ ਦੁੱਧ ਚੋਣਾ, ਪਲੰਘ ਦੀਆਂ ਲੂਹਲ੍ਹਾਂ ਲਾਹੁਣੀਆਂ, ਪੱਥਰ ਤੋਂ ਭਾਰੀ ਹੋਣਾ ਜਾਂ ਰਾਣੀ ਫੂਲਾਂ ਬਣਨਾ, ਸੁੰਨੇ ਖੇਤ 'ਚੋਂ ਮਤੀਰੇ ਤੋੜਨਾ ਆਦਿ।

ਮੈਂ ਜਿਸ ਪਿੰਡ ਵਿੱਚ ਜਨਮ ਲਿਆ, ਜੁਗ-ਜੁਗ ਜੀਵੇ ਨਗਰ ਖੇੜਾ
ਰਹੇ ਹਰਿਆ ਭਰਿਆ ਨੀਂ, ਅੰਮੜੀ ਭਾਗ ਭਰੀ ਦਾ ਵਿਹੜਾ
ਕਬਰਾਂ ਵੱਲ ਕਫ਼ਨ ਪਾ, ਮੇਰੀ ਕਰ ਦਿਓ ਸਿੜ੍ਹੀ ਰਵਾਨਾ
ਅੱਜ ਚੂਚਕ ਬਾਬਲ ਦਾ, ਭੈਣੋਂ ਹੋਇਆ ਮੁਲਕ ਬਿਗਾਨਾ......



ਨਹਾਵਣ ਲੈ ਕੁੜੀਆਂ ਨੂੰ, ਜਾਣਾ ਨਹੀਂ ਝਨਾਂ ਦੇ ਪੱਤਣ
ਤ੍ਰਿਝਣਾਂ ਵਿੱਚ ਚਰਖੇ ਡਾਹ, ਮੁੜ ਨਾ ਬਹਿਣਾ ਗੋਹੜੇ ਕੱਤਣ
ਕਸੀਦੇ ਕੱਢਣ ਨੂੰ, ਫਿਰ ਨਾ ਬਹਿਣਾ ਵਿੱਚ ਦਲਾਨਾਂ
ਅੱਜ ਚੂਚਕ ਬਾਬਲ ਦਾ ਭੈਣੋ ਹੋਇਆ ਮੁਲਕ ਬਿਗਾਨਾ......

ਮੈਂ ਕੁਆਰੇ ਪਿਆਰ ਦੀਆਂ, ਰੱਜ ਰਹੀ ਮਾਰਦੀ ਡੀਂਗਾ
ਪੱਕਿਆਂ ਦੇ ਪਿੱਪਲਾਂ 'ਤੇ, ਮੁੜਕੇ ਨਾ ਝੂਟਣੀਆਂ ਪੀਂਘਾਂ
ਗਿੱਧੇ ਦੀ ਗੂੰਜ 'ਚ ਨਾ ਗਾਉਣਾ ਤੀਆਂ ਵਿੱਚ ਤਰਾਨਾ
ਅੱਜ ਚੂਚਕ ਬਾਬਲ ਦਾ ਭੈਣੋ ਹੋਇਆ ਮੁਲਕ ਬਿਗਾਨਾ......

'ਕਰਨੈਲ ਕਵੀਸ਼ਰ' ਦਾ ਸੀ 'ਰਣਜੀਤ' ਤੀਸਰਾ ਨੇਤਰ
ਵਿਆਹ ਲਈ ਖੇੜਿਆਂ ਨੇ, ਸੀ ਮੈਂ ਰਾਂਝੇ ਦੀ ਮੰਗੇਤਰ
ਔਹ ਮਾਲਕ ਹੱਥ ਮਲਦਾ, ਸੈਦੇ ਨੇ ਲੁੱਟ ਲਿਆ ਖਜ਼ਾਨਾ
ਅੱਜ ਚੂਚਕ ਬਾਬਲ ਦਾ ਭੈਣੋ ਹੋਇਆ ਮੁਲਕ ਬਿਗਾਨਾ......

✲

ਹੀਰ ਦੀ ਡੋਲੀ ਚੜ੍ਹਨ ਸਮੇਂ, ਰਾਂਝੇ ਦੇ ਹਾਲ ਦਾ ਵਰਨਣ ਪਾਰਸ ਨੇ ਇਉਂ ਕੀਤਾ ਹੈ :

ਚੱਕ ਕੇ ਕੁੜੀਆਂ ਹੀਰ ਨੂੰ ਡੋਲੀ ਚਾੜ੍ਹਿਆ ਖੇੜਿਆਂ ਦੀ
ਤਿੱਖੜ ਦੁਪਹਿਰੇ ਚਾਕ ਨੂੰ ਦਿੱਸਣ ਲੱਗ 'ਪੇ ਤਾਰੇ ਸੀ
ਹੇਠੋਂ ਧਰਤੀ ਖਿਸਕੀ, ਸਿਰ ਚਕਰਾਇਆ ਰਾਂਝੇ ਦਾ
ਡਿੱਗ ਪਿਆ ਥੰਮ੍ਹਲਾ, ਛੱਤਣ ਜਿਸ ਦੇ ਖੜ੍ਹੀ ਸਹਾਰੇ ਸੀ
ਜਿਹੜੀ ਕਹਿੰਦੀ ਸੀ ਮੈਂ ਕਿਸਮਤ ਤੋੜ ਨਿਭਾ ਦੂੰਗੀ
ਬਾਰਾਂ ਬਰਸ ਚਰਾਏ ਖੋਲੇ, ਲਾ ਕੇ ਲਾਰੇ ਸੀ
ਆਸ਼ਕ ਝੁਰਦਾ ਚੇਤੇ ਕਰ ਕਰ ਕੌਲ ਕਰਾਰਾਂ ਨੂੰ
ਘਾਟਾ ਲਾਲਾਂ ਦਾ ਪਾ ਝੂਰਦੇ ਜਿਉਂ ਵਣਜਾਰੇ ਸੀ
ਕਾਲ਼ਾ ਨਾਗ ਜਿਸ ਤਰ੍ਹਾਂ ਮਣੀ ਗਵਾ ਕੇ ਝੂਰਦਾ
ਢੈ ਗਏ ਉਸਰੇ ਚਿਰ ਦੇ ਆਸਾਂ ਦੇ ਮੁਨਾਰੇ ਸੀ
ਕਹੇ 'ਕਰਨੈਲ ਕਵੀਸ਼ਰ' ਲੰਮੀਆਂ ਧਾਹਾਂ ਨਿਕਲਗੀਆਂ
ਦੋਨੋਂ ਹੱਥ ਜੋੜ ਕੇ ਪੱਟਾਂ ਉੱਤੇ ਮਾਰੇ ਸੀ......

✲

ਹੱਡ ਬੀਤੀ ਕਹੂੰ ਦਰਦ ਕਹਾਣੀ, ਜਦ ਹੋਵਾਂਗੇ, ਕੱਠੇ
ਔਸੀਆਂ ਪਾਵਾਂ, ਕਾਗ ਉਡਾਵਾਂ, ਪਹਿਰ ਉਡੀਕਾਂ ਅੱਠੇ
ਜੇ 'ਕੱਲਾ ਟੱਕਰੇ ਤਾਂ ਦਿਲ ਦੇ ਖੋਹਲ ਸੁਣਾਵਾਂ ਝੇੜੇ
ਤੈਨੂੰ ਯਾਦ ਕਰਾਂ ਵੇ ਰਾਂਝਿਆ, ਹਰ ਚਰਖੀ ਦੇ ਗੇੜੇ......

'ਪਾਰਸ' ਦੀ ਵੱਟੀ ਸੰਗ ਤੋਲੀ, ਪਿੱਤਲੋਂ ਭੈੜੀ ਧਾਤੂ
ਛਿਟੀ ਤੂਤ ਦੀ ਦੇ ਲੜ ਦਿੱਤਾ, ਲਾ ਕਿੱਕਰ ਦਾ ਜਾਤੂ
ਕਿਸਮਤ ਦੀ ਗੱਲ ਰਿਛ ਮੂਨ ਦੇ, ਹੋ-ਹੋ ਬਹਿੰਦਾ ਨੇੜੇ
ਤੈਨੂੰ ਯਾਦ ਕਰਾਂ ਵੇ ਰਾਂਝਿਆ, ਹਰ ਚਰਖੀ ਦੇ ਗੇੜੇ......

ਸੁਪਨੇ 'ਚ ਤੂੰ ਮਿਲਿਆ ਮੈਨੂੰ, ਮੈਂ ਪਾ ਲਈ ਗਲਵੱਕੜੀ
ਖੁਸ਼ੀ 'ਚ ਚੰਦਰੀ ਅੱਖ ਖੁੱਲ੍ਹਗੀ, ਉਹੋ ਜਾਲ ਉਹੋ ਮੱਕੜੀ
ਮੁੜ-ਮੁੜ ਥਰਕੇ ਤਾਰ ਇਸ਼ਕ ਦੀ, ਰਾਗ ਹਿਜ਼ਰ ਦਾ ਛੇੜੇ
ਤੈਨੂੰ ਯਾਦ ਕਰਾਂ ਵੇ ਰਾਂਝਿਆ, ਹਰ ਚਰਖੀ ਦੇ ਗੇੜੇ......

ਇਸ਼ਕ ਤੰਦੂਰ ਤਪੇ ਦਿਨ ਰਾਤੀਂ, ਡਹੇ ਹੱਡਾਂ ਦਾ ਬਾਲਣ
ਲਾਸ਼ ਪਈ ਖੇੜਿਆਂ ਦੇ ਵਿਹੜੇ, ਰੂਹ ਗਈ ਤੈਨੂੰ ਭਾਲਣ
ਤੇਰੀ ਰੂਹ ਦੇ ਪੈਣ ਭੁਲੇਖੇ, ਝਾਕਾਂ ਪਾਸੇ ਜਿਹੜੇ
ਤੈਨੂੰ ਯਾਦ ਕਰਾਂ ਵੇ ਰਾਂਝਿਆ, ਹਰ ਚਰਖੀ ਦੇ ਗੇੜੇ......

✲ ਜਦੋਂ ਸਿਆਲਾਂ ਤੇ ਚੰਦੜਾਂ ਦੀਆਂ ਵਾਰਾਂ ਲਲਕਾਰ ਕੇ ਚੜ੍ਹੀਆਂ ਹਨ, ਕੁੱਤੇ ਭੌਂਕੇ, ਘੋੜੀਆਂ ਹਿਣਕੀਆਂ, ਧੌਂਸੇ ਖੜਕੇ, ਅੰਬਰ ਗੂੰਜਿਆ, ਧਰਤੀ ਕੰਬੀ, ਧੂੜਾਂ ਉੱਡੀਆਂ, ਤਾਂ ਸਾਹਿਬਾਂ ਜੰਡ ਹੇਠ ਪਏ ਮਿਰਜ਼ੇ ਨੂੰ ਦਾਨਾ ਬਾਦ ਭੱਜ ਚੱਲਣ ਲਈ ਕਹਿੰਦੀ ਹੈ, ਪਾਰਸ ਦੀ ਰਚਨਾ 'ਚ ਵੇਖੋ :

ਮੇਰਾ ਅੰਦਰ ਡੋਲ ਰਿਹਾ, ਪਲ ਪਲ ਵਧਦੀ ਜਾਵੇ ਧੜਕਣ
ਸੱਥ ਝੰਗ ਸਿਆਲਾਂ ਦੀ, ਚਾਂਗਾਂ ਵੱਜਣ, ਧੌਂਸੇ ਖੜਕਣ
ਕੰਨ 'ਤੇ ਜੂੰ ਸਰਕੇ ਨਾ, ਕੋਲੇ ਖੜ੍ਹੀ ਆਵਾਜ਼ਾਂ ਮਾਰਾਂ
ਭੱਜ ਦਾਨਾਂ ਬਾਦ ਚੱਲੀਏ, ਮਿਰਜ਼ਿਆ ਚੜ੍ਹੀਆਂ ਆਉਂਦੀਆਂ ਵਾਰਾਂ......

ਪਈ ਮਾਰੋ-ਮਾਰ ਹੋਵੇ, ਕੁੱਤੇ ਭੌਂਕਣ, ਘੋੜੀਆਂ ਹਿਣਕਣ
ਪਾਣੀ ਸਿਰ ਚੜ੍ਹਿਆ ਵੇ, ਖਤਰਾ ਵਧਦਾ ਜਾਂਦਾ ਖਿਨ-ਖਿਣ
ਖਤਰੇ ਵਿੱਚ ਦੇਸ਼ ਪਿਆ, ਸੁੱਤੀਆਂ ਜਾਗਣ ਨਾ ਸਰਕਾਰਾਂ
ਭੱਜ ਦਾਨਾਂ ਬਾਦ ਚੱਲੀਏ, ਮਿਰਜ਼ਿਆ ਚੜ੍ਹੀਆਂ ਆਉਂਦੀਆਂ ਵਾਰਾਂ......

ਇੱਕ ਖ਼ੂਨ ਦਾ ਰਿਸ਼ਤਾ ਹੈ, ਦੂਜਾ ਮੇਰਾ ਯੂਸਫ਼ ਸਾਨੀ
ਇੱਕ ਪਾਸੇ ਮਾਂ ਜਾਏ, ਦੂਜੀ ਤਰਫ਼ ਦਿਲਾਂ ਦਾ ਜਾਨੀ
ਤੈਨੂੰ ਮਰਵਾ ਸੱਕਾਂ ਨਾ, ਨਾ ਮੈਂ ਮਰਦੇ ਵੀਰ ਸਹਾਰਾਂ
ਭੱਜ ਦਾਨਾਂ ਬਾਦ ਚੱਲੀਏ, ਮਿਰਜ਼ਿਆ ਚੜ੍ਹੀਆਂ ਆਉਂਦੀਆਂ ਵਾਰਾਂ......

✲

ਜਿਸ ਸਮੇਂ ਸਾਹਿਬਾਂ ਜੰਡ ਦੇ ਕੋਲ ਖਲੋਤੀ ਹੈ। ਕੋਲ ਮਿਰਜ਼ੇ ਦੀ ਲਾਸ਼ ਪਈ ਹੈ ਤੇ ਸਾਹਿਬਾਂ ਜੰਡ ਨੂੰ ਤਾਅਨੇ ਦਿੰਦੀ ਹੈ। ਪਾਰਸ ਦੀ ਇਹ ਰਚਨਾ ਕਈ ਕਲਾਕਾਰਾਂ ਦੀ ਗਾਈ ਕਾਫ਼ੀ ਮਕਬੂਲ ਹੋਈ। ਨਮੂਨਾ ਵੇਖੋ :



ਸੀ ਤੂੰ ਜੰਡਾ ਖ਼ੂਨੀਆਂ ਸਾਡੇ ਖ਼ੂਨ ਦਾ ਭੁੱਖਾ
ਸ਼ਰਨ ਤੇਰੀ ਤੱਕੀ ਸੀ ਰੋਹੀ ਦਿਆ ਰੁੱਖਾ
ਮਾਈ-ਬਾਪ ਨੂੰ ਛੱਡ ਕੇ ਤੈਂਡੇ ਸੰਗ ਗੰਢੀ
ਤੇਰੇ ਹੇਠ ਜੰਡੋਰਿਆ ਵੇ ਮੈਂ ਹੋ ਗਈ ਰੰਡੀ......

ਮਾਈ ਬਾਪ ਤੇ ਸ਼ਰ੍ਹਾ ਦਾ ਮੈਂ ਹੁਕਮ ਨਾ ਸੁਣਿਆ
ਸ਼ਰਮਾਂ ਲਾਹ ਕੇ ਜੱਗ ਦੀਆਂ ਇੱਕ ਮਿਰਜ਼ਾ ਚੁਣਿਆ
ਹੋਈ ਖੀਵੇ ਖ਼ਾਨ ਦੀ ਦੁਨੀਆਂ ਵਿੱਚ ਭੰਡੀ
ਤੇਰੇ ਹੇਠ ਜੰਡੋਰਿਆ ਵੇ ਮੈਂ ਹੋ ਰੰਡੀ......

ਬਾਗ਼ੀ ਹੋ ਕੇ ਲੱਗੀਆਂ ਸਨ ਚੰਦਰੀਆਂ ਅੱਖਾਂ
ਥੇਹ ਬਣਾ ਕੇ ਧਰ ਗਿਆ ਵਸਦੇ ਘਰ ਲੱਖਾਂ
ਜਿੱਥੇ ਜਾ ਕੇ ਗੱਡ ਲਈ ਇਸ ਇਸ਼ਕ ਨੇ ਝੰਡੀ
ਤੇਰੇ ਹੇਠ ਜੰਡੋਰਿਆ ਵੇ ਮੈਂ ਹੋ ਗਈ ਰੰਡੀ......

ਨਾਲ ਆਸ਼ਕਾਂ ਮੁੱਢ ਤੋਂ, ਜੱਗ ਕਰਦਾ ਲੋਹੜਾ
ਹੈ 'ਕਰਨੈਲ' 'ਰਣਜੀਤ' ਦਾ, ਪੈ ਗਿਆ ਵਿਛੋੜਾ
ਅਜ਼ਰਾਈਲ ਫਰਿਸ਼ਤਾ ਭੰਨ ਧਰ ਗਿਆ ਘੰਡੀ
ਤੇਰੇ ਹੇਠ ਜੰਡੋਰਿਆ ਵੇ ਮੈਂ ਹੋ ਗਈ ਰੰਡੀ......

✲

ਹਾਏ-ਹਾਏ ਮੈਂ ਮਰ ਜਾਵਾਂ, ਅੜੀਏ ਨਜ਼ਰ ਨਾ ਆਵੇ ਪੁੱਤਰ
ਕਿੱਥੇ ਛੱਡ ਆਈ ਹੈਂ, ਛੇਤੀ ਦੇਹ ਘੋੜੀਏ ਉੱਤਰ
ਸ਼ਾਹ ਅਸਵਾਰ ਬਿਨਾਂ, ਏਥੇ ਕੀ ਕੰਮ ਸੀਗਾ ਤੇਰਾ
ਦੱਸ ਬੋਲ ਜ਼ੁਬਾਨੋਂ ਨੀਂ, ਬੱਕੀਏ ਕਿੱਥੇ ਆ ਮਿਰਜ਼ਾ ਮੇਰਾ......

ਲੱਗੇ ਕਿਸੇ ਦੇ ਆਖੇ ਨਾ, ਹੁੰਦੀ ਅੱਲੜ੍ਹ ਜਵਾਨੀ ਅੰਨ੍ਹੀ
ਤੁਰਦੇ ਨੂੰ ਰੋਕ ਰਹੀ, ਉਸ ਨੇ ਮੇਰੀ ਇੱਕ ਨਾ ਮੰਨੀ
ਉਹ ਰਿਹਾ ਵਰਜਿਆ ਨਾ, ਨੀ ਮੈਂ ਲਾਇਆ ਜ਼ੋਰ ਬਥੇਰਾ
ਦੱਸ ਬੋਲ ਜ਼ੁਬਾਨੋਂ ਨੀਂ, ਬੱਕੀਏ ਕਿੱਥੇ ਆ ਮਿਰਜ਼ਾ ਮੇਰਾ......

ਕੀ ਭਾਵੀ ਬੀਤ ਗਈ, ਮੈਥੋਂ ਉਹਲੇ ਇਹ ਕੀ ਬਣ ਗਿਆ
ਜਦ ਤੁਰਿਆ ਸਿਆਲਾਂ ਨੂੰ, ਉਦੋਂ ਮੇਰਾ ਮੱਥਾ ਠਣਕਿਆ
'ਕੱਲੇ ਪੁੱਤ ਤੋਰਨ ਨੂੰ, ਪੈਂਦਾ ਨਾ ਮਾਵਾਂ ਦਾ ਜੇਰਾ
ਦੱਸ ਬੋਲ ਜ਼ੁਬਾਨੋਂ ਨੀ, ਬੱਕੀਏ ਕਿੱਥੇ ਮਿਰਜ਼ਾ ਮੇਰਾ......

✲

ਰਚਨਾ ਸਰਵਨ ਭਗਤ 'ਚੋਂ :

ਚੱਕ ਤੁਰ ਪਿਆ ਤੂੰਬੀ ਨੂੰ, ਅੰਧਲਾ-ਅੰਧਲੀ ਪੈ ਗਏ ਖਹਿੜੇ

ਪੱਬ ਬਿਖੜਿਆ ਤੁਰਦੇ ਦਾ, ਹੋਏ ਸ਼ਗਨ ਬਲਾ ਈ ਭੈੜੇ
ਰੋਹੀ ਦੇ ਹਰਨਾਂ ਨੂੰ, ਜਾਣੀ ਚਿਤਰੇ ਫਿਰਨ ਦੁਵੱਲੀ
ਖੁਸ਼ ਹੋ ਕੇ ਸਰਵਣ ਦੇ, ਚੰਦਰੀ ਮੌਤ ਨਾਲ ਤੁਰ ਚੱਲੀ......

ਸੱਪ ਸਰ ਸਰ ਕਰਦੇ ਸੀ, ਹਰ ਇੱਕ ਚੀਜ਼ ਜਾਪਦੀ ਡਰਨਾ
ਗਲ਼ ਭਗਵੀਂ ਚੋਲੀ, ਪੈਰੀਂ ਪਊਏ, ਸਿਰ 'ਤੇ ਪਰਨਾ
ਮਾਪੇ ਕਮਜ਼ੋਰਿਆਂ ਦੀ, ਦੇਹੀ ਗਈ ਗ਼ਮਾਂ ਵਿੱਚ ਸੱਲੀ
ਖੁਸ਼ ਹੋ ਕੇ ਸਰਵਣ ਦੇ, ਚੰਦਰੀ ਮੌਤ ਨਾਲ ਟੁਰ ਚੱਲੀ......।

ਕਰਨੈਲ ਸਿੰਘ ਪਾਰਸ ਦਾ ਲਿਖਿਆ ਹੋਇਆ ਕਿੱਸਾ ਪੂਰਨ ਭਗਤ ਵੀ ਬਹੁਤ ਪ੍ਰਚੱਲਤ ਹੋਇਆ ਸੀ। ਹਰਭਜਨ ਮਾਨ, ਗੁਰਸੇਵਕ ਮਾਨ, ਮਹਿੰਦਰ ਸਿੰਘ ਗਿੱਲ, ਨਵਰਾਜ ਸਿੰਘ ਗਿੱਲ ਦੀਆਂ ਆਵਾਜ਼ਾਂ ਵਿੱਚ ਪੂਰਨ ਦੀਆਂ ਕਲੀਆਂ ਕਈ ਸਾਲ ਪਹਿਲਾਂ ਕਨੇਡਾ ਵਿੱਚ ਇੱਕ ਕੰਪਨੀ ਨੇ ਰਿਕਾਰਡ ਕੀਤੀਆਂ ਸਨ। ਕਿੱਸਾ ਪੂਰਨ ਭਗਤ ਵਿੱਚੋਂ ਕੁਝ ਨਮੂਨੇ ਪੇਸ਼ ਹਨ:

ਪੂਰਨ ਦਾ ਗੁਰੂ ਗੋਰਖ ਨਾਥ ਤੋਂ ਯੋਗ ਮੰਗਣਾ :

ਤਪ ਤੋਂ ਰਾਜ ਭੋਗਣਾ ਪੈਂਦਾ ਰਾਜੋਂ ਨਰਕ ਜਾਈਦਾ
ਜੱਗ ਦੇ ਮੋਹ ਮਾਇਆ ਵਿੱਚ ਗੁਰੂਆ ਡੂੰਘੇ ਗ਼ਰਕ ਜਾਈਦਾ
ਬੰਦਾ ਆਪ ਭੋਗਿਆ ਜਾਂਦਾ ਭੋਗਾਂ ਤਾਂਈ ਭੋਗ ਦਾ
ਦੱਸਦੇ ਗੁਰੂ ਗੋਰਖਾ ਮੈਨੂੰ ਸਿਧਾ ਰਸਤਾ ਯੋਗ ਦਾ......

ਗੁਰੂ ਗੋਰਖ ਨਾਥ ਦਾ ਪੂਰਨ ਨੂੰ ਜਵਾਬ :

ਲੱਕ ਨੂੰ ਲਗਾਵੇ ਜਤ ਦੀਆਂ ਪੇਟੀਆਂ
ਔਰਤਾਂ ਨੂੰ ਜਾਣੇ ਮਾਵਾਂ ਭੈਣਾਂ ਬੇਟੀਆਂ
ਹੁੰਦਾ ਹੈ ਜੋ ਜੋਗੀਆਂ ਦਾ ਦਸਤੂਰ ਉਏ
ਪੂਰਨਾ ਫ਼ਕੀਰੀ ਦੀ ਮੰਜ਼ਲ ਦੂਰ ਉਏ......
ਅਣਕੀਲੇ ਸੱਪਾਂ ਦੇ ਸਿਰਾਂ ਨੂੰ ਚੁੰਮਣਾ
ਧੌਲਰਾਂ ਨੂੰ ਛੱਡ ਜੰਗਲਾਂ 'ਚ ਘੁੰਮਣਾ
ਅੱਗ ਵਿੱਚ ਸੜ ਬਣਨਾ ਮਾਨੂਰ ਉਏ
ਪੂਰਨਾ ਫ਼ਕੀਰੀ ਦੀ ਮੰਜ਼ਲ ਦੂਰ ਉਏ......
ਛੱਡ ਕੇ ਤੇ ਜ਼ਰ ਜ਼ੋਰੂ ਤੇ ਜ਼ਮੀਨ ਉਏ
ਹੋ ਕੇ ਕਰਨੈਲ ਸਿੰਘਾ ਮਸਕੀਨ ਉਏ
ਅੱਠੇ ਪਹਿਰ ਰਹਿਣਾ ਗੁਰਾਂ ਦੇ ਹਜ਼ੂਰ ਉਏ
ਪੂਰਨਾ ਫ਼ਕੀਰੀ ਦੀ ਮੰਜ਼ਲ ਦੂਰ ਉਏ......

✲

ਲੂਣਾ ਦੇ ਮੰਦਰਾਂ ਵਿੱਚ ਜਾਣੋਂ ਮੈਂ ਮਾਂ ਇੱਛਰਾਂ ਰੋਕਾਂ ਵੇ
ਉਥੇ ਤੈਨੂੰ ਖਾ ਜਾਣਗੀਆਂ ਲਹੂ ਪੀਣੀਆਂ ਜੋਕਾਂ ਵੇ
ਬਿੱਲੀ ਤੁਰਤ ਮਰੋੜ ਸੁਟੇਗੀ ਮੁਰਗਿਆ ਤੇਰੀ ਸੰਘੀ ਵੇ



ਵਿਰਲੀ ਹੁੰਦੀ ਪੁਤ ਪੂਰਨਾ ਮਾਂ ਮਤਰੇਈ ਚੰਗੀ ਵੇ......
ਕਹਿਣ ਸਿਆਣੇ ਮਾੜਾ ਲੈਣਾ ਫ਼ਾਹਾ ਚੁੱਕ ਕੇ ਅੱਡੀਆਂ ਵੇ
ਵਿੱਚ ਸਿਵਿਆਂ ਤੇ ਮੁੜ ਨਾ ਆਵਣ ਗੰਗਾ ਗਈਆਂ ਹੱਡੀਆਂ ਵੇ
ਜਾਵੇਗੀ ਲੂਣਾ ਦੀ ਚੁੰਨੀ ਤੇਰੇ ਖ਼ੂਨ 'ਚ ਰੰਗੀ ਵੇ
ਵਿਰਲੀ ਹੁੰਦੀ ਪੁਤ ਪੂਰਨਾ ਮਾਂ ਮਤਰੇਈ ਚੰਗੀ ਵੇ......

✲

ਲੂਣਾਂ ਵੱਲੋਂ ਪੂਰਨ ਨੂੰ ਕਹਿਣਾ :

ਫੁੱਲ ਕਿਸ ਤਰ੍ਹਾਂ ਬਣ ਗਿਆ ਤੀਰਾਂ ਦਾ ਭੱਥਾ
ਕਿਹੜੇ ਰਿਸ਼ਤਿਓਂ ਚੋਬਰਾ ਤੈਂ ਟੇਕਿਆ ਮੱਥਾ
ਸੂਰਤ ਤੇਰੀ ਲਗਦੀ ਹੈ ਬਹੁਤ ਪਿਆਰੀ
ਤੇਰੀ ਮੇਰੀ ਪੂਰਨਾ ਕੀ ਰਿਸ਼ਤੇਦਾਰੀ......
ਖਿੜੀ ਛੱਡ ਨਾ ਭੌਰਿਆ ਫੁੱਲਾਂ ਦੀ ਵਾੜੀ
ਸੱਤ ਜਨਮਾਂ ਤੱਕ ਰਹੂੰਗੀ ਮੈਂ ਤੇਰੀ ਲਾੜੀ
ਕੋਇਲ ਵਿਆਹੀ ਕਾਗ ਨੂੰ ਕੀ ਕਰਾਂ ਵਿਚਾਰੀ
ਤੇਰੀ ਮੇਰੀ ਪੂਰਨਾ ਕੀ ਰਿਸ਼ਤੇਦਾਰੀ......
ਜੌਹਰੀ ਦੇ ਹੱਥ ਲਾਲ ਵੇ ਅੱਜ ਆ ਗਿਆ ਰੱਬੀਂ
ਲੱਭ ਪਿਆ ਕਰਨੈਲ ਨੂੰ ਰਣਜੀਤ ਸਬੱਬੀਂ
ਮੈਂ ਰਾਧਾ ਨੂੰ ਮਿਲ ਗਿਆ ਤੂੰ ਕ੍ਰਿਸ਼ਨ ਮੁਰਾਰੀ
ਤੇਰੀ ਮੇਰੀ ਪੂਰਨਾ ਕੀ ਰਿਸ਼ਤੇਦਾਰੀ......

✲

ਮਾਂ ਇੱਛਰਾਂ ਆਪਣੇ ਪੁੱਤਰ ਤੋਂ ਉਦਾਸੀ ਦਾ ਕਾਰਨ ਪੁੱਛਦੀ ਹੈ :

ਦਿਲ ਮੇਰੀ ਦੀ ਚਾਦਰ ਪਾਟੀ ਬੋਲ ਜ਼ੁਬਾਨੋਂ ਸੀਵੀਂ ਵੇ
ਪੁੱਤਰ ਉੱਤਰ ਕੁਝ ਨਾ ਦੇਵੇਂ, ਕਿਉਂ ਘੱਤੀ ਹੈ ਨੀਵੀਂ ਵੇ
ਤੂੰ ਹੱਸੇਂ ਤਾਂ ਮੈਂ ਹਾਂ ਰਾਣੀ, ਜੇ ਰੋਵੇਂ ਤਾਂ ਦਾਸੀ ਵੇ
ਐ ਮਾਂ ਦਿਆ ਲਾਡਲਿਆ ਚੰਨਾ, ਕਿਉਂ ਅੱਜ ਫੜੀ ਉਦਾਸੀ ਵੇ......

✲

ਮਾਂ ਇੱਛਰਾਂ ਦਾ ਵਿਰਲਾਪ :

ਪੁੱਤਰ ਦੀ ਮਮਤਾ ਦੀ ਮਾਰੀ, ਤਰਲੇ ਮਿੰਨਤਾਂ ਕਰਦੀ
ਰਾਜੇ ਤੋਂ ਚੋਰੀ ਵੇ, ਮੇਰੇ ਨਾਲੋ ਕਰੋ ਹਮਦਰਦੀ
ਕੋਈ ਦਇਆਵਾਨ ਸੁਣ ਲੈ, ਮੇਰੀ ਦਰਦਾਂ ਭਰੀ ਸਟੋਰੀ
ਹੁਣ ਜਾਂਦੀ ਵਾਰੀ ਦੀ, ਦੇ ਲਾਂ ਪੂਰਨ ਪੁੱਤ ਨੂੰ ਲੋਰੀ......

ਉਮਰਾਂ ਦੀ ਦੌਲਤ ਨੂੰ ਕਿੱਥੇ ਲੈ ਚੱਲੇ ਹੋਂ ਲੁੱਟ ਕੇ
ਠੰਢ ਪਵੇ ਕਲੇਜੇ ਨੂੰ, ਛਾਤੀ ਨਾਲ ਲਗਾਵਾਂ ਘੁੱਟ ਕੇ
ਬੇਉਜਰੀ ਅੰਮੜੀ ਦੀ, ਤੋੜਿਓ ਨਾ ਵੇ ਵੀਰਾ ਡੰਗੋਰੀ
ਹੁਣ ਜਾਂਦੀ ਵਾਰੀ ਦੀ, ਦੇ ਲਾਂ ਪੂਰਨ ਪੁੱਤ ਨੂੰ ਲੋਰੀ

ਚੰਗਿਆਈਆਂ ਕਰੀਆਂ ਦਾ, ਕਾਹਤੋਂ ਮਾੜਾ ਨਿੱਕਲਿਆ ਸਿੱਟਾ
ਰਾਜੇ ਬੇਦਰਦੀ ਦਾ, ਹੋ ਗਿਆ ਖ਼ੂਨ ਲਾਲ ਤੋਂ ਚਿੱਟਾ
ਗੁੱਡੀ ਚੜ੍ਹ ਆਕਾਸ਼ਾਂ 'ਤੇ, ਦਿੱਤੀ ਕੱਟ ਕਾਸਤੋਂ ਡੋਰੀ
ਹੁਣ ਜਾਂਦੀ ਵਾਰੀ ਦੀ, ਦੇ ਲਾਂ ਪੂਰਨ ਪੁੱਤ ਨੂੰ ਲੋਰੀ.....

ਸੁਰਗਾਂ ਵਿੱਚ ਵਾਸਾ ਵੇ ਤੇਰਾ ਹੋਵੇ ਵੀਰਾ ਖਿੱਦੂ
ਕਰਨੈਲ ਗਿੱਲ ਨੂੰ ਤੂੰ ਜੇ ਰਣਜੀਤ ਮਿਲਾਦੇਂ ਸਿੱਧੂ
ਜਿਓਂ ਬਚੂ ਜਲ ਬਿਨ ਮਛਲੀ ਨਾ,
ਮਰਜੂ ਚੰਦੋਂ ਬਿਨਾ ਚਕੋਰੀ।

✲

ਜਦੋਂ ਰਾਣੀ ਸੁੰਦਰਾਂ ਪੂਰਨ ਨੂੰ ਆਖਦੀ ਹੈ :

ਸ਼ਾਨ ਬਹਿਸ਼ਤੋਂ ਦੂਣੀ ਮਹਿਲਾਂ ਮੇਰਿਆਂ ਦੀ
ਸਿਰਫ਼ ਏਸ ਵਿੱਚ ਘਾਟ ਦਰਸ਼ਨਾਂ ਤੇਰਿਆਂ ਦੀ
ਸੁਰਗਾਂ ਦੀ ਪੌੜੀ ਦੇ ਡੰਡੇ ਚੜ੍ਹਲਾ ਵੇ
ਬਾਂਹ ਵਧਾਈ ਮੇਰੀ ਬਾਵਾ ਫੜ੍ਹ ਲਾ ਵੇ......

✲

ਸੋਹਣੀ ਮਹੀਂਵਾਲ 'ਚੋਂ :-

ਬੇਟੀ ਤੁੱਲੇ ਘੁਮਾਰ ਦੀ, ਦੇ ਰੂਪ ਦਾ ਦੀਵਾ
ਪਹਿਲੇ ਨਜ਼ਰੇਂ ਤੱਕ ਕੇ, ਦਿਲ ਹੋ ਗਿਆ ਖੀਵਾ
ਕਰ ਦਿੱਤਾ ਸੀ ਹੱਸ ਕੇ, ਸਿਰ ਸੱਜਣ ਹਵਾਲੇ
ਸੋਹਣੀ ਖਾਤਰ ਚੀਰਿਆ, ਪੱਟ ਮਹੀਂਵਾਲੇ......

ਮੱਲਿਆ ਬੂਹਾ ਸੱਜਣ ਦਾ, ਆ ਨਦੀ ਕਿਨਾਰਾ
ਦਿੱਤਾ ਦਾਦੇ ਬਾਪ ਦਾ, ਛੱਡ ਬਲਖ਼ ਬੁਖਾਰਾ
ਸੱਤ-ਸੱਤ ਮੰਜ਼ਲ ਮੰਦਰੀਂ, ਜੜ੍ਹ ਆ ਗਿਆ ਤਾਲੇ
ਸੋਹਣੀਂ ਖਾਤਰ ਚੀਰਿਆ, ਪੱਟ ਮਹੀਂਵਾਲੇ......

✲

ਗਾਇਕ ਮੰਡੇਰ ਭਰਾਵਾਂ ਦੀ ਰਿਕਾਰਡ ਹੋਈ 'ਸੁਹਣੀ' ਦੀ ਰਚਨਾ ਦਾ ਨਮੂਨਾ :

ਸੱਜਣ ਮਿਲਾ ਦੇ ਘੜਿਆ ਵੇ, ਮਿੰਨਤਾਂ ਕਰਦੀ ਆਂ
ਸੱਜ ਮਿਲਾ ਦੇ ਅੜਿਆ ਵੇ ਮੈਂ ਤਰਲੇ ਕਰਦੀ ਆਂ

ਡੂੰਘਾ ਪਾਣੀ ਚਾਰ-ਚੁਫ਼ੇਰੇ
ਮਾਰਾਂ ਮੈਂ ਹੱਥ ਪੈਰ-ਬਥੇਰੇ
ਜਾਪੇ ਬੈਠਾ ਅੰਦਰ ਤੇਰੇ, ਮੌਤ ਫਰਿਸ਼ਤਾ ਦੜਿਆ
ਮੈਂ ਮਿੰਨਤਾਂ ਕਰਦੀ ਆਂ......



ਮੌਤਾਂ ਦੇ ਮੂੰਹ ਆਸ਼ਕ ਪੈਂਦੇ
ਸੱਚੀ ਗੱਲ ਸਿਆਣੇ ਕਹਿੰਦੇ
ਇਸ਼ਕ-ਮੁਸ਼ਕ ਨਾ ਗੁੱਝੇ ਰਹਿੰਦੇ
ਚੰਦ ਨਾ ਲੁਕਦਾ ਚੜ੍ਹਿਆ,
ਮੈਂ ਮਿੰਨਤਾਂ ਕਰਦੀ ਆਂ......

ਮਾਰ ਹੰਭਲਾ, ਪੈ ਨਾ ਢਿੱਲਾ
ਹਿੰਮਤ ਨਾ ਛੱਡ, 'ਪਾਰਸ ਗਿੱਲਾ'
ਲੱਖ ਪੀਣ, ਮੌਤ ਦਾ ਬਿੱਲਾ
ਮਾਹੀ ਦਾ ਦੁੱਧ ਕੜਿਆ, ਮੈਂ ਮਿੰਨਤਾਂ ਕਰਦੀ ਆਂ......

✲✲✲

# ਦੇਸ਼ ਭਗਤੀ - ਕਾਵਿ

ਕਰਨੈਲ ਸਿੰਘ ਪਾਰਸ ਦੇ ਦਿਲ ਵਿੱਚ ਆਪਣੇ ਦੇਸ਼-ਭਗਤਾਂ ਪ੍ਰਤੀ ਅਥਾਹ ਉਤਸ਼ਾਹ ਅਤੇ ਉੱਚੀ ਸ਼ਰਧਾ ਹੈ, ਇਹ ਗੱਲ ਸਹਿਜ ਰੂਪ ਵਿੱਚ, ਪਾਰਸ ਦੀਆਂ ਦੇਸ਼-ਭਗਤਾਂ ਬਾਰੇ ਰਚੀਆਂ ਰਚਨਾਵਾਂ, ਜਿਵੇਂ ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਸ਼ਹੀਦ ਭਗਤ ਸਿੰਘ ਕਾਵਿ ਵਿੱਚੋਂ ਪ੍ਰਗਟ ਹੁੰਦੀ ਹੈ। ਕੋਮਲ ਮਨ ਵਾਲੇ ਅਨੁਭਵੀ ਕਵੀ ਕਰਨੈਲ ਸਿੰਘ ਪਾਰਸ ਦਾ ਮਨ 1947 'ਚ ਹੋਏ ਦੰਗਾ ਫਸਾਦ ਸਮੇਂ ਜਿਵੇਂ ਵਲੂੰਧਰਿਆ ਹੀ ਗਿਆ ਹੋਵੇ! ਇਸ ਨਾਲ ਉਸਦੇ ਕੋਮਲ ਮਨ ਉੱਤੇ ਗਹਿਰੀ ਚੋਟ ਆਈ ਤੇ ਉਹ ਦੇਸ਼ ਦੇ ਮਹਾਨ ਨੇਤਿਆਂ, ਦੇਸ਼ ਭਗਤਾਂ ਨੂੰ ਚੇਤੇ ਕਰਨ ਲੱਗਿਆ ਕਿ ਅੱਜ ਵੀ ਅਜਿਹੇ ਦੇਸ਼-ਭਗਤ ਅਤੇ ਯੋਧੇ ਦੀ ਸਖ਼ਤ ਲੋੜ ਹੈ ਜੋ ਜ਼ੁਲਮ ਤੇ ਜਬਰ ਦਾ ਟਾਕਰਾ ਕਰੇ ਅਤੇ ਲੋਕਾਂ ਦਾ ਨੁਮਾਇੰਦਾ ਬਣ ਕੇ ਉਹਨਾਂ ਸੰਗ ਖਲੋਵੇ! ਇਸ ਤਰ੍ਹਾਂ ਉਹ ਨੇਤਾ ਜੀ ਸੁਭਾਸ਼ ਚੰਦਰ ਬੋਸ ਵਰਗੇ ਮਹਾਨ ਦੇਸ਼ ਭਗਤ ਬਾਰੇ ਮਨ ਹੀ ਮਨ ਚਿਤਵਦਾ ਰਹਿੰਦਾ ਤੇ ਉਸ ਨੇ ਸੁਭਾਸ਼ ਚੰਦਰ ਬਾਰੇ ਕਲਮ ਝਰੀਟਣੀ ਸ਼ੁਰੂ ਕੀਤੀ, ਇਉਂ ਜਦੋਂ ਉਹ ਲਿਖਦਾ ਗਿਆ ਤਾਂ ਉਸ ਨੂੰ ਕੁਝ ਤਸੱਲੀ ਭਰਿਆ ਅਨੁਭਵ ਪ੍ਰਤੀਤ ਹੋਇਆ ਤੇ ਉਸ ਨੇ ਸੁਭਾਸ਼ ਚੰਦਰ ਬੋਸ ਦੀ ਜੀਵਨੀ ਬੜੇ ਹੀ ਸੁੰਦਰ ਤੇ ਮਨਮੋਹਕ ਬੈਤਾਂ 'ਚ ਪਰੋਣ ਵਿੱਚ ਸਫ਼ਲਤਾ ਹਾਸਲ ਕਰ ਲਈ।

ਸੁਭਾਸ਼ ਚੰਦਰ ਬੋਸ ਬਾਰੇ ਉਸ ਨੇ ਆਪਣੀ ਕਵਿਤਾ ਵਿੱਚ ਕਈ ਥਾਂਈ ਰੱਬ ਨੂੰ ਵੀ ਮੇਹਣੇ ਦਿੱਤੇ ਹਨ ਕਿ ਤੇਰੇ ਸਾਹਮਣੇ, ਤੇਰੇ ਅਸਥਾਨਾਂ ਵਿੱਚ ਹੀ ਤੇਰਾ ਨਾਂ ਜਪਣ ਵਾਲੇ ਵੱਢ-ਟੁੱਕ ਦਿੱਤੇ ਗਏ ਤੇ ਤੂੰ ਉਹਨਾਂ ਨੂੰ ਬਚਾ ਕਿਉਂ ਨਾ ਸਕਿਆ ?

ਸੁਭਾਸ਼ ਜੀ ਦੇ ਕਿੱਸੇ ਵਿੱਚ ਉਸ ਨੇ ਮੰਗਲਾਚਰਨ ਦੇ 6 ਬੈਂਤ ਲਿਖੇ ਹਨ ਜਿੰਨਾਂ ਵਿੱਚ ਉਹ ਰੱਬ ਨੂੰ ਸਾਰੇ ਧਰਮਾਂ ਦੇ ਨਾਂਵਾਂ ਨਾਲ ਜੋੜਕੇ ਸੰਬੋਧਨ ਕਰਦਾ ਹੋਇਆ ਆਖਦਾ ਹੈ :

ਵਹਿਗੁਰੂ, ਐ ਗੌਡ, ਭਗਵਾਨ, ਅੱਲਾ
ਆਪੋ ਵਿੱਚ ਨਾ ਪਿਆ ਲੜਾ ਸਾਨੂੰ
ਮਸਜਦ, ਮੰਦਰ ਅਤੇ ਗੁਰੂਦੁਆਰੇ
ਗਿਰਜੇ ਵਿੱਚ ਹੀ ਕਦੀ ਬੁਲਾ ਸਾਨੂੰ
ਵਿੱਚ ਬੁੱਤਾਂ ਦੇ ਕਹਿੰਦੇ ਤੂੰ ਵੱਸਦਾ ਹੈਂ
ਦਿੱਤਾ ਜਿਉਂਦਿਆਂ ਬੁੱਤ ਬਣਾ ਸਾਨੂੰ
ਗਿਆਨੀ ਪਾਂਧਿਆਂ ਅਤੇ ਮੌਲਾਣਿਆਂ ਤੋਂ
ਜਾਣ ਬੁੱਝ ਕੇ ਨਾ ਠਗਾ ਸਾਨੂੰ
ਇਹਨਾਂ ਜਾਲ, ਜੰਜਾਲ ਕੁੜੁੱਕਿਆਂ ਲਾ
ਲਿਆ ਵਾਂਗ ਬਟੇਰਿਆਂ ਫਾਹ ਸਾਨੂੰ
ਇਵੇਂ ਕਰੇਂਗਾ ਜੇਕਰ ਕਰਨੈਲ ਸਿੰਘਾ
ਕਰਨਾ ਪਊਗਾ ਕੋਈ ਉਪਾ ਸਾਨੂੰ

ਹੋਰ ਨਮੂਨਾ ਵੇਖੋ :



ਦਿਨੇ ਘੁੰਮ ਕੇ ਭਗਤਾਂ ਦਿਆ ਪਿੱਠੂਆ ਓਇ
ਰਾਤੀ ਕਿਸ ਥਾਂ ਕਰੇ ਅਰਾਮ ਰੱਬਾ
ਅਸਾਂ ਤੇਰੇ ਕੀ ਵੱਢ ਕੇ ਮਾਂਹ ਮਾਰੇ
ਕੀਤੇ ਜੱਗ ਦੇ ਵਿੱਚ ਬਦਨਾਮ ਰੱਬਾ
ਸਾਥੋਂ ਭੁੱਖਿਆਂ ਤੋਂ ਭਗਤੀ ਨਹੀਂ ਹੁੰਦੀ
ਕਰੀ ਜਾਂਦੀ ਨਹੀਂ ਧੂਮ-ਧਾਮ ਰੱਬਾ
ਤੇਰੇ ਮੱਥੇ ਵੀ ਲੱਗਣਾ ਲੱਖ ਲਾਹਨਤ
'ਪਾਰਸ' ਦੂਰ ਤੋਂ ਕਰੇ ਸਲਾਮ ਰੱਬਾ

ਆਪਣੇ ਜੀਵਨ ਵਿੱਚ ਜਦੋਂ ਸੁਭਾਸ਼ ਚੰਦਰ ਸੰਨਿਆਸੀ ਸਾਧੂਆਂ ਦੇ ਸੰਪਰਕ ਵਿੱਚ ਆਉਂਦਾ ਹੈ ਪਰ ਛੇਤੀ ਹੀ ਉਸਦਾ ਮਨ ਉਚਾਟ ਹੋ ਜਾਂਦਾ ਹੈ ਤੇ ਉਸ ਦਾ ਪ੍ਰਮਾਤਮਾ ਜਾਂ ਉਸਦੀ ਹੋਂਦ ਬਾਰੇ ਹੋਰ ਵੀ ਭਰੋਸਾ ਮਿਟ ਜਾਂਦਾ ਹੈ, ਪਾਰਸ ਨੇ ਬੜੇ ਸੁਹਣੇ ਢੰਗ ਨਾਲ ਕਲਮਬੰਦ ਕੀਤਾ ਹੈ:

ਮੈਂ ਪ੍ਰਭੂ ਦਾ ਨਹੀ ਸੁਰਾਗ ਲੱਭਾ
ਵੇਖ ਵਿਹਲੜਾਂ ਲਿਆ ਨਖੱਟੂਆ ਨੂੰ
ਜਤੀ, ਸਤੀ,ਤਪੀ ਅਤੇ ਬ੍ਰਹਮਚਾਰੀ
ਝੁੱਗੇ ਜੰਤਾਂ ਵਿਚਾਰੀ ਦੇ ਪੱਟੂਆਂ ਨੂੰ
ਪਾ ਕੇ ਵਾਸਤਾ ਸ਼੍ਰੀ ਭਗਵਾਨ ਵਾਲਾ
ਕਾਫ਼ੀ ਰਕਮ ਹਮੇਸ਼ ਦੀ ਖੱਟੂਆਂ ਨੂੰ
ਅੰਦਰ ਮੰਦਰ ਦੇ 'ਪਾਰਸਾ' ਆਪ ਡਿੱਠਾ
ਹਿਣਕ ਰਹੇ ਭਗਵਾਨ ਦੇ ਟੱਟੂਆਂ ਨੂੰ

ਇਸ ਪ੍ਰਕਾਰ ਉਹ ਵਿਹਲੜ-ਪਾਖੰਡੀਆਂ ਭੁੱਖੜਾਂ, ਤੇ ਧਰਮ ਦੇ ਠੇਕੇਦਾਰਾਂ ਦੀ ਖੂਬ ਖੁੰਬ ਠੱਪਦਾ ਹੈ, ਅੱਗੇ ਵੇਖੋ:

ਢੇਰੀ ਹੋਂਵਦੇ ਸਾਉਂਣ ਦੇ ਮੀਂਹ ਵਾਗੂੰ
ਉੱਤੇ ਖੀਰ ਕੜਾਹ ਤੇ ਮੰਡਿਆਂ ਦੇ
ਅਤਲਸ, ਮਖਮਲਾਂ ਦੀ ਰਾਤੀ - ਸੇਜ ਮਾਨਣ
ਲੋਕਾਂ ਭਾਣੇ ਪੈਂਦੇ ਉੱਤੇ ਕੰਡਿਆਂ ਦੇ
ਛੁਰੀ ਬਗ਼ਲ, ਤੇ ਹੱਥ 'ਚ ਮਾਲ਼ਾ
ਮੱਥੇ ਤਿਲਕ ਲਗਾਇਆ ਪਖੰਡੀਆਂ ਦੇ
ਬੂਰੇ ਝੋਟਿਆਂ ਦੇ ਵਾਂਗਰਾਂ ਪਏ ਭਿੜਦੇ
ਵਾਹ ਵਾਹ, ਸੁਭਾਅ ਦੇ ਠੰਡਿਆਂ ਦੇ
ਪੂਜਾ ਹੁੰਦੀ ਸ਼ੈਤਾਨ ਦੀ ਦੇਖ ਲਈ ਮੈਂ
ਇਕ ਦਮ ਹੇਠਾਂ ਮਜ਼ਬੀ, ਡੰਡਿਆਂ ਦੇ
ਦਿਨੇ ਮੰਗਦੇ ਰਾਤ ਨੂੰ ਕਰਨ ਚੋਰੀ
ਮੂੰਹ ਤਿੱਖੇ ਦੋਧਾਰਿਆਂ ਖੰਡਿਆਂ ਦੇ

ਇਸ ਪ੍ਰਕਾਰ ਪਾਰਸ ਨੇ ਸੁਤੰਤਰਤਾ ਸੰਗਰਾਮ, ਤੇ ਇਸ ਹਰਮਨ ਪਿਆਰੇ ਨਿੱਡਰ ਯੋਧੇ ਤੇ ਮਹਾਨ ਦੇਸ਼ ਭਗਤ ਦੇ ਸੰਪੂਰਨ ਜੀਵਨ ਬਿਰਤਾਂਤ ਨੂੰ ਪਹਿਲੀ ਵਾਰ ਬੈਂਤਾਂ ਵਿੱਚ

ਲਿਖਕੇ ਸਫ਼ਲ ਯਤਨ ਕੀਤਾ ਹੈ। ਸੁਭਾਸ਼ ਚੰਦਰ ਬਾਰੇ ਰਚਿਆ ਪਾਰਸ ਦਾ ਪੂਰੇ ਦਾ ਪੂਰਾ ਕਿੱਸਾ ਕਿਧਰੋਂ ਵੀ ਉਪਲਬਧ ਨਾ ਹੋ ਸਕਣ ਕਰਕੇ ਵਧੇਰੇ ਰਚਨਾ ਇਸ ਵਿੱਚ ਨਹੀਂ ਆ ਸਕੀ।

ਅਖੌਤੀ ਕਿਸਮ ਦੇ ਸੰਤਾਂ ਮਹੰਤਾਂ ਬਾਰੇ ਹੀ ਉਸ ਨੇ ਉਸੇ ਕਿੱਸੇ ਵਿੱਚ ਹੋਰ ਦਰਜ ਕੀਤਾ ਹੈ:

ਕੋਈ ਬਾਂਦਰੀ ਨਾਲ ਪਿਆਰ ਕਰਦਾ
ਕੋਈ ਦੁੱਧ ਪਿਆਵੇ ਕਤੂਰੀਆਂ ਨੂੰ
ਕਈਆਂ ਰਕਮ ਹਜ਼ਾਰਾਂ ਬਣਾ ਛੱਡੀ
ਮੰਗ ਮੰਗ ਕੇ ਟਕੇ ਮਸੂਰੀਆਂ ਨੂੰ
ਜਣਦੇ ਰੋਂਦੇ ਤੇ ਵਿਲਕਦੇ ਜੁਆਕ ਛੱਡੇ
ਕਰਕੇ ਵਿਆਹ ਆ ਗੇ ਪਾ ਕੇ ਪੂਰੀਆਂ ਨੂੰ
ਕੋਈ ਖਸਮਾਂ ਨੂੰ ਛੱਡ ਕੇ ਉੱਧਲ ਤੁਰੀਆਂ
ਲੱਤਾਂ ਦੱਬ ਕੇ ਭਰਨ ਹਜ਼ੂਰੀਆਂ ਨੂੰ
ਲੈ ਗਏ ਕੱਢ ਕੇ ਜਿੰਨ੍ਹਾਂ ਦੀਆਂ ਬੀਵੀਆਂ ਨੂੰ
ਕਰਕੇ ਬੈਠ ਗਏ ਸਬਰ ਸਬੂਰੀਆਂ ਨੂੰ
ਤੜਕ-ਸਾਰ ਸਮਾਧੀਆਂ ਜੋੜ ਲੈਂਦੇ
ਪਹਿਲੀ ਰਾਤ ਕਰ ਕੰਮ ਜ਼ਰੂਰੀਆਂ ਨੂੰ
ਗ੍ਰਹਿਸਤੀ ਆਸਣ ਤੇ ਆਵੇ ਤਾਂ ਠੋਕ ਦਿੰਦੇ
ਲਾਇਆ ਫੌੜ੍ਹਿਆਂ ਵਿੱਚ ਧਤੂਰੀਆਂ ਨੂੰ
ਅੱਖੀਂ ਦੇਖ ਸੁਭਾਸ਼ ਜੀ ਦੰਗ ਰਹਿ ਗਏ
ਪਏ ਚਿੰਬੜੇ ਰਿੱਛ ਲੰਗੂਰੀਆਂ ਨੂੰ
ਗੁਰੂ ਸੱਠ ਸਾਲਾ, ਚੇਲਾ ਸੱਠ ਸਾਲਾ
ਚਾਲਾਂ ਚਲਦੇ ਬੇਦਸਤੂਰੀਆਂ ਨੂੰ
ਅੰਨ ਛੱਡਿਆ ਖਾਂਵਦੇ ਮਾਲ੍ਹ ਪੂੜੇ
ਬਾਕੀ ਖੀਰ ਕੜਾਹ ਤੇ ਪੂਰੀਆਂ ਨੂੰ
ਚੇਲੇ ਆਖਦੇ ਗੁਰੂ ਹੈ ਪੌਣ ਹਾਰੀ
ਚੋਰੀ ਦੇਂਵਦੇ ਕੁੱਟ ਕੇ ਚੂਰੀਆਂ ਨੂੰ
ਲਏ ਬਾਬੂ ਸੁਭਾਸ਼ ਨੇ ਦੇਖ ਅੱਖੀਂ
ਗਾਈਆਂ ਛੱਡ ਕੇ ਚਾਰਦੇ ਸੂਰੀਆਂ ਨੂੰ
'ਪਾਰਸ' ਅੰਤ ਸੁਭਾਸ਼ ਮੁੜ ਘਰੀਂ ਆਇਆ
ਤਹਿ ਕਰਕੇ ਮੰਜ਼ਲਾਂ ਦੂਰੀਆਂ ਨੂੰ

ਰੱਬ ਬਾਰੇ ਤਾਂ ਉਹ ਸਿੱਧੇ ਰੂਪ ਵਿੱਚ ਹੀ ਉਸ ਤੋਂ ਉਸਦਾ ਐਡਰੈੱਸ ਮੰਗਦਾ ਹੈ :

ਲਿਖਕੇ ਆਪਣਾ ਭੇਜ ਐਡਰੈੱਸ ਸਾਨੂੰ
ਕਿਹੜੀ ਜਗਤ ਹੈ ਤੇਰਾ ਮੁਕਾਮ ਰੱਬਾ

'ਬਾਗੀ ਸੁਭਾਸ਼ ਦੀ ਅਰਜ਼,' ਇਹ ਟੁਕੜੀ ਸ਼ਾਨਦਾਰ ਵੀ ਤੇ ਪ੍ਰੇਰਨਾ ਦਾਇਕ ਹੈ :

ਮੇਰੀ ਬਾਗ਼ੀ ਸੁਭਾਸ਼ ਦੀ ਅਰਜ਼ ਮੰਨੋ



ਅੱਗੇ ਪਿੱਛੇ ਨੂੰ ਲੈਣਾਂ ਤੱਕ ਵੀਰੋ
ਬੱਸ ਰਾਜ ਅੰਗਰੇਜ਼ ਦਾ ਨਹੀਂ ਰਹਿਣਾ
ਮੇਰੀ ਗੱਲ ਦਾ ਜਾਣ 'ਲੋ ਪੱਕ ਵੀਰੋ
ਚੜ੍ਹ 'ਜੋ ਰੇਲ ਅਜ਼ਾਦੀ ਦੀ ਤੁਰਨ ਵਾਲੀ
ਇੰਜਣ ਕਰਨ ਲੱਗਾ ਛੱਕ- ਛੱਕ ਵੀਰੋ
ਮਾਰੋ ਹੰਭਲਾ ਇੱਕ ਕਰਨੈਲ ਸਿੰਘਾ
ਕੱਢੋ ਦੇਸ਼ੋ ਬਦਮਾਸ਼ ਨੂੰ ਧੱਕ ਵੀਰੋ

✲

ਕਰਨੈਲ ਸਿੰਘ ਪਾਰਸ ਨੇ 1964 ਦੇ ਨੇੜੇ-ਤੇੜੇ ਸ਼ਹੀਦ ਭਗਤ ਸਿੰਘ ਬਾਰੇ ਕਾਵਿ- ਰਚਨਾ ਕੀਤੀ ਜਿਸ ਵਿੱਚ ਉਸ ਨੇ ਪਹਿਲੋਂ ਸਮੁੱਚੇ ਭਾਰਤ ਦਾ ਰਾਜਨੀਤਿਕ ਨਕਸ਼ਾ ਖਿੱਚਕੇ ਅਤੇ ਉਸਦੇ ਸਮਾਜਿਕ ਪਿਛੋਕੜ ਦੇ ਸੰਦਰਭ ਵਿੱਚ ਭਗਤ ਸਿੰਘ ਦੀ ਅਣਮੁੱਲੀ ਸ਼ਹਾਦਤ ਨੂੰ ਬਿਆਨ ਕੀਤਾ ਹੈ।

ਭਗਤ ਸਿੰਘ ਦੇ ਕਿੱਸੇ ਦੇ ਆਰੰਭ ਵਿੱਚ ਹੀ ਪਾਰਸ ਦੀ ਪਹਿਲੀ ਕਵਿਤਾ, 'ਤੈਨੂੰ ਨਮਸਕਾਰ ਮਜ਼ਦੂਰ' ਛਪੀ ਹੋਈ ਮਿਲਦੀ ਹੈ, ਉਸ ਵਿੱਚੋਂ ਸਾਫ਼ ਤੌਰ ਤੇ ਉਸਦੀ ਸੋਚ ਕਮਿਊਨਿਸਟ ਵਿਚਾਰਧਾਰਾ ਨਾਲ ਬਿਲਕੁਲ ਸਹਿਮਤ ਤੇ ਪੂਰਾ-ਪੂਰਾ ਮੇਚ ਖਾਂਦੀ ਜਾਪਦੀ ਹੈ ਜਿਵੇਂ ਪਹਿਲੇ ਅੰਤਰੇ 'ਚ ਹੀ ਲਿਖਿਆ ਹੈ :

ਦੋ ਹੱਥ ਕੰਮ 'ਚ ਖੁੱਭੇ ਰਹਿੰਦੇ, ਛਾਹ ਵਾਲਾ ਕੀ ਸ਼ਾਮ
ਰੁੜ੍ਹਨ ਖੜ੍ਹਨ ਤੋਂ ਸਿਵਿਆਂ ਤਾਈਂ, ਵਿਹਲੜਪੁਣਾ ਹਰਾਮ
ਪਹਿਲਾਂ ਉੱਠਣਾਂ, ਮਗਰੋਂ ਸੌਣਾਂ, ਮੁੱਢਾਂ ਦਾ ਦਸਤੂਰ
ਤੈਨੂੰ ਨਮਸਕਾਰ ਮਜ਼ਦੂਰ--------------

ਅੱਗੋਂ ਭਗਤ ਸਿੰਘ ਦੀ ਜੀਵਨ ਗਾਥਾ ਵੇਰਵਿਆਂ ਅਨੁਸਾਰ ਚਲਦੀ ਹੈ, ਉਸ ਵਿੱਚੋਂ ਕੁਝ ਚੋਣਵੇ ਕਾਵਿ-ਟੋਟੇ ਪਾਠਕਾਂ ਦੀ ਨਜ਼ਰ ਹਨ :

**ਭਗਤ ਸਿੰਘ ਦਾ ਜਨਮ :**

ਉੱਨੀ ਸੌ ਤੇ ਸੱਤ ਸੀ, ਮਾਂਹ ਸਤੰਬਰ ਠੀਕ
ਬੱਗਾ ਨਾਮੀਂ ਪਿੰਡ ਵਿੱਚ, ਲਾਇਲਪੁਰ ਨਜ਼ਦੀਕ
ਪਿਆਰੀ ਮਾਂ ਦੇ ਉਦਰ 'ਚੋਂ, ਹੋ ਕੇ ਤੇ ਤਖ਼ਲੀਕ
ਹੈ ਸੀ ਜਿਸਦੀ ਕਰ ਰਿਹਾ, ਭਾਰਤ ਵਰਸ਼ ਉਡੀਕ
ਪਿਛੋਂ ਕਾਲੀ ਰਾਤ ਦਿਓਂ ਸੂਰਜ ਪਾਈ ਝਾਤ
ਹੋਣ ਹਾਰ ਬਿਰਵਾਨ ਕੇ, ਚਿਕਨੇ- ਚਿਕਨੇ ਪਾਤ

ਕਿਸ਼ਨ ਸਿੰਘ ਦੇ ਗ੍ਰਹਿ ਵਿਖੇ, ਭਗਤ ਸਿੰਘ ਸਰਦਾਰ
ਭਾਰਤ ਮਾਂ ਦਾ ਅਸਲ ਪੁੱਤ, ਜਨਮਿਆਂ ਬਰਖ਼ੁਰਦਾਰ
ਚਾਚਿਓਂ- ਤਾਇਓਂ ਜਿੰਨ੍ਹਾਂ ਦਾ, ਦੇਸ਼-ਭਗਤ ਪਰਿਵਾਰ
ਇੱਕ ਦਿਨ ਜਿਸ ਦਾ ਨਾਮ ਸੁਣ, ਕੰਬੂਗੀ ਸਰਕਾਰ

ਲੱਖ ਲਾਲਾਂ ਦੇ ਮੁੱਲ ਦੀ, ਕੁਦਰਤ ਦਿੱਤੀ ਦਾਤ
ਹੋਣਹਾਰ ਬਿਰਵਾਨ ਕੇ ਚਿਕਨੇ- ਚਿਕਨੇ ਪਾਤ

**ਜਲ੍ਹਿਆਂ ਵਾਲੇ ਬਾਗ ਦਾ ਸਾਕਾ :**

ਤੇਰਾਂ ਚਾਰ ਉੱਨੀ ਨੂੰ ਹੋਇਆ,
ਅੰਮ੍ਰਿਤਸਰ ਵਿੱਚ ਸਾਕਾ
ਹਿੰਦੀਆਂ ਦੀ ਗ਼ੈਰਤ 'ਤੇ ਮਾਰਿਆ,
ਅੰਗਰੇਜ਼ਾਂ ਨੇ ਡਾਕਾ
ਰਾਜ ਵਿਦੇਸ਼ੀ ਤੋਂ ਸੀ ਖ਼ਲਕਤ,
ਫੋੜੇ ਵਾਂਗੂੰ ਅੰਬੀ
ਜਲਿਆਂ ਵਾਲਾ ਬਾਗ ਤੱਕ ਕੇ
ਰੂਹ ਈਸਾ ਦੀ ਕੰਬੀ
ਮਹਾਂ ਭਿਆਨਕ ਦ੍ਰਿਸ਼ ਤੱਕ ਕੇ
ਅੰਬਰ ਭਰੀਆਂ ਅੱਖਾਂ
ਕਹੇ "ਕਰਨੈਲ ਸਿੰਘ" 'ਰਣਜੀਤਾ'
ਹੰਝੂ ਕੇਰੇ ਲੱਖਾਂ
ਕਲਮ ਵਿਚਾਰੀ, ਲਿਖ ਨਾ ਸਕਦੀ
ਕਥਾ ਜ਼ੁਲਮ ਦੀ ਲੰਬੀ
ਜਲ੍ਹਿਆਂ ਵਾਲਾ ਬਾਗ ਤੱਕ ਕੇ
ਰੂਹ ਈਸਾ ਦੀ ਕੰਬੀ-----------

**ਭਗਤ ਸਿੰਘ ਦੀ ਜ਼ਮੀਰ ਜ਼ਖ਼ਮੀ ਹੋਣੀ:**

ਹਿੰਦੂ ਸਿੱਖ ਦੇ ਭਾਗ ਹੋ ਗਏ ਫੱਟੜ
ਮੋਮਨ ਵੀਰਾਂ ਦੀ ਹੋਈ ਤਕਦੀਰ ਜ਼ਖਮੀ
ਪਰਮਾਂ ਨੰਦ ਦੇ ਸੀਨੇ 'ਤੇ ਫੱਟ ਖੁੱਲ੍ਹਾ
ਮੌਲਾ ਬਖਸ਼ ਦਾ ਹੋ ਗਿਆ ਸਰੀਰ ਜ਼ਖਮੀ
ਰਾਂਝੇ ਸੈਂਕੜੇ ਮੌਤ ਦਾ ਜ਼ਾਮ ਪੀ ਗਏ
ਕਬਰਾਂ ਵਿੱਚ ਸੁਣ ਕੇ ਹੋਈ ਹੀਰ ਜ਼ਖਮੀਂ
ਘਰ - ਘਰ ਗ਼ਮੀ ਦਾ ਦੇਣ ਸੰਦੇਸ਼ ਚੱਲੀ
ਅੰਮ੍ਰਿਤਸਰ ਤੋਂ ਹੋ ਕੇ ਸਮੀਰ ਜ਼ਖਮੀਂ
"ਪਾਰਸ" ਜਲ੍ਹਿਆਂ ਵਾਲੇ ਦਾ ਕਾਂਡ ਖ਼ੂਨੀ
ਭਗਤ ਸਿੰਘ ਦੀ ਕਰ ਗਿਆ ਜ਼ਮੀਰ ਜ਼ਖਮੀਂ

✲

ਗੱਭਰੂ ਨੇ ਸੋਚਿਆ ਉਹ ਬਹੁੜਦਾ ਜ਼ਰੂਰ ਆ ਕੇ
ਮਾੜਾ ਮੋਟਾ ਸਾਡਾ ਵੀ ਜੇ ਹੁੰਦਾ ਪ੍ਰਮਾਤਮਾ
ਭਾਰਤ 'ਚ ਲੱਖਾਂ ਰਿਸ਼ੀ- ਮੁਨੀ ਅਵਤਾਰ ਹੋਏ



ਉੱਚੀ - ਉੱਚੀ ਬੜੀ ਡੰਡ ਪਾਉਂਦੇ ਨੇ ਮਹਾਤਮਾ
ਲੈ ਕੇ ਬੰਦੂਕਾਂ ਬੰਬ ਕਰੀਏ ਨਾ ਟਾਕਰਾ ਜੇ
ਰਾਜ ਅੰਗਰੇਜ਼ੀ ਦਾ ਨਾ ਹੋਣਾ ਕਦੇ ਖ਼ਾਤਮਾ
ਡਾਇਰ ਦੀਆਂ ਗੋਲ਼ੀਆਂ ਨੇ ਕਹੇ "ਕਰਨੈਲ ਸਿੰਘਾ"
ਸੀ ਭਗਤ ਸਿੰਘ ਜੀ ਦੀ, ਟੁੰਬ ਸੁੱਟੀ ਆਤਮਾ
(ਕਬਿੱਤ)

**ਭਗਤ ਸਿੰਘ ਨੇ ਆਪਣੇ ਵਿਦਿਆਰਥੀ ਸਾਥੀਆਂ ਨੂੰ ਪ੍ਰੇਰਨਾ :**

ਮਰ ਗਈ ਹਿੰਦੀ ਦੋਸਤੋ ਕਿਉਂ ਗ਼ੈਰਤ ਸਾਡੀ
ਗ਼ਦਰੀਆਂ ਵਾਲਾ ਫੜ੍ਹ ਲਵੋ, ਹੁਣ ਰਸਤਾ ਗਾਡੀ
ਸਤਵੰਜਾ ਦੀ ਯਾਦ ਮੁੜ, ਕਰ ਦੇਈਏ ਤਾਜ਼ੀ
ਲਾ ਦੇਈਏ ਵਿਦਿਆਰਥੀ, ਸਿਰ ਧੜ ਦੀ ਬਾਜ਼ੀ

✲

ਨਾਲ ਲਹੂ ਦੇ ਕਲਮ ਭਿਉਂ ਕੇ, ਸੀ ਸਿਰ ਲੱਥ ਵੀਰੇ ਨੇ
ਹਲਫ਼ ਵਫ਼ਾਦਾਰੀ ਦਾ ਲਿਖਿਆ, ਦੁਆਬੇ ਦੇ ਹੀਰੇ ਨੇ
ਕਰ ਪ੍ਰਤਿਗਿਆ ਰਿਹਾ ਖਲੋਤਾ, ਭਗਤ ਸਿੰਘ ਪਰਵਾਨਾ
ਦਸਖ਼ਤ ਕਰ ਨੇ ਨਾਲ ਖ਼ੂਨ ਦੇ, ਕੀਤੇ ਪ੍ਰਣ ਜੁਵਾਨਾ

✲

ਭਗਤ ਸਿੰਘ ਦੇ ਮਾਪਿਆਂ ਨੇ ਕਹਿਣਾ :

ਕਰਕੇ ਕੰਨ ਸੁਣ ਲੈ ਬੱਚਾ ਭਗਤ ਸਿੰਘਾ
ਮਾਈ ਬਾਪ ਦਾ ਜ਼ਰਾ ਖ਼ਿਆਲ ਸਾਡਾ
ਜੋਬਨ ਗਿਆ, ਬੁਢੇਪੇ ਨੇ ਪੈਰ ਪਾਏ
ਅੰਗ- ਅੰਗ ਗਿਆ ਹੋ ਨਿਢਾਲ ਸਾਡਾ
ਕਰਕੇ ਸ਼ਾਦੀ ਤੂੰ ਖ਼ਾਨਾ ਆਬਾਦ ਕਰਦੇ
ਵਿਕਜਾ ਹੱਟ ਸਰਾਫ਼ ਦੀ ਲਾਲ ਸਾਡਾ
ਜੇਕਰ ਬੇਟੀ ਬਿਗ਼ਾਨੀ ਨਾ ਘਰੇ ਆਈ
ਚਰਖਾ ਕਿਵੇਂ ਚੱਲੂ ਬਿਨਾਂ ਮਾਹਲ ਸਾਡਾ
ਪੰਡ ਫ਼ਰਜ਼ ਦੀ ਚੁੱਕ ਲੈ ਸੀਸ ਉੱਤੇ
ਜ਼ੁੰਮੇਵਾਰੀ ਦਾ ਕੰਮ ਸੰਭਾਲ ਸਾਡਾ
ਨੇਕ ਗੱਲ ਨੂੰ ਮੰਨ ਕਰਨੈਲ ਸਿੰਘਾ
ਤਵਾ ਲੱਗ ਜਾਏ ਵਿੱਚ ਪਤਾਲ ਸਾਡਾ (ਬੈਂਤ)

**ਭਗਤ ਸਿੰਘ ਦਾ ਜੁਵਾਬ :**

ਸੁਣ ਲੈ ਮਾਤਾ ਭੋਲ਼ੀਏ, ਤੇ ਬਾਪ ਬਜ਼ੁਰਗਾ
ਸੁੱਤਾ ਮੁਲਕ ਜਗਾਵਣਾ, ਮੈਂ ਆਪ ਬਜ਼ੁਰਗਾ
ਪੈਸੇ ਮੋੜ ਕੇ ਚੰਮ ਦੇ , ਜਾ ਕਰੂੰ ਮੁਨਾਦੀ
ਨਾਲ ਮੌਤ ਦੇ ਮਾਪਿਓ, ਮੈਂ ਕਰਨੀ ਸ਼ਾਦੀ

ਮੁਸਲਮਾਨ, ਸਿੱਖ, ਹਿੰਦੂਆਂ ਵਿੱਚ ਪਾ ਕੇ ਪਾਟਕ
ਖੇਡਿਆ ਚਾਤੁਰ ਗੋਰਿਆਂ, ਨੇ ਭੈੜਾ ਨਾਟਕ
'ਰਣਜੀਤਾ' "ਕਰਨੈਲ" ਨੇ ਕਰਕੇ ਉਸਤਾਦੀ
ਨਾਲ ਮੌਤ ਦੇ ਮਾਪਿਓ, ਮੈਂ ਕਰਨੀ ਸ਼ਾਦੀ

**ਮਾਪਿਆਂ ਦਾ ਫਿਰ ਕਹਿਣਾ ਤੇ ਸਮਝਾਉਣਾ :**

ਭਗਤ ਸਿੰਘ ਸੁਣ ਅਜਲ ਦਾ, ਰੂਪ ਬੜਾ ਬਰਕਾਲ
ਮੂਸੇ ਵਰਗੇ ਭੱਜ ਗਏ, ਦੇਖ ਸਾਹਮਣੇ ਕਾਲ
ਜਾਂਦੇ ਤੱਕ ਕੇ ਮੌਤ ਨੂੰ, ਸ਼ੇਰਾਂ ਦੇ ਦਿਲ ਡੋਲ
ਗੱਲਾਂ ਕਰਨ ਸੁਖਾਲੀਆਂ ਕਠਨ ਪਾਲਣੇ ਬੋਲ
ਖੁਸ਼ੀਆਂ ਛੱਡ ਕੇ ਪਾਰਸਾ ਕਿਉਂ ਪੈਂਦਾ ਵਿੱਚ ਗ਼ਮਾਂ
ਗ਼ਫ਼ਲਤ ਵਿੱਚ ਗੁਜ਼ਾਰਿਆ, ਹੱਥ ਨਾ ਆਵੇ ਸਮਾਂ
ਸ਼ਾਦੀ ਕਰਕੇ ਮਾਣ ਲੈ, ਲੱਭਾ ਜਨਮ ਅਮੋਲ
ਗੱਲਾਂ ਕਰਨ ਸੁਖਾਲੀਆਂ, ਕਠਨ ਪਾਲਣੇ ਬੋਲ

**ਭਗਤ ਸਿੰਘ ਆਪਣੀ ਕਹਿਣੀ 'ਤੇ ਡਟਿਆ ਰਿਹਾ ਤੇ ਉਸ ਨੇ ਇਓਂ ਕਿਹਾ :**

ਵਾੜੀ ਮਾਦਰੇ ਵਤਨ ਦੀ ਸਿੰਜਣੇ ਲਈ
ਮੇਰੇ ਖ਼ੂਨ ਦਾ ਵਗੇਗਾ ਖਾਲ਼ ਮਾਤਾ
ਚਰਖਾ ਹੱਡਾਂ ਦਾ, ਚਰਮਖਾਂ ਚੰਮ ਦੀਆਂ
ਪਾਊਂ ਆਂਦਰਾਂ ਦੀ ਵੱਟ ਮਾਹਲ ਮਾਤਾ
ਹੂਬਲ ਵਤਨੀ ਦਾ ਕੱਤ ਕੇ ਸੂਤ ਉਸ 'ਤੇ
ਉਸੇ ਸੂਤ ਦਾ ਬਣੂੰ ਰੁਮਾਲ ਮਾਤਾ
ਭਾਰਤ ਮਾਤਾ ਦੇ ਚਰਨਾਂ ਨੂੰ ਝਾੜਨੇ ਲਈ
ਭੇਟਾ ਕਰੂੰ ਸੁਗਾਤ ਕਮਾਲ ਮਾਤਾ
ਨਾਲ ਅੱਗ ਦੇ ਖੇਡ ਕੇ ਲਾ ਦਿਆਂਗਾ
ਜੜਾਂ ਤੁਸੀਂ ਦੀ ਵਿੱਚ ਪਾਤਾਲ ਮਾਤਾ
ਮੇਰਾ ਫਿਕਰ ਨਾ ਕਰੋ, "ਕਰਨੈਲ ਸਿੰਘਾ"
ਸ਼ਾਦੀ ਕਰਨੀ ਮੌਤ ਦੇ ਨਾਲ ਮਾਤਾ

ਕਹਾਣੀ ਅੱਗੇ ਤੁਰਦੀ ਜਾਂਦੀ ਹੈ। ਸਾਰਾ ਕੁਝ ਹੋ ਹਟਣ ਮਗਰੋਂ, ਆਖਰ ਜਦੋਂ ਭਗਤ ਸਿੰਘ ਨੂੰ ਫਾਂਸੀ ਦੀ ਸਜ਼ਾ ਮਿਲ ਜਾਂਦੀ ਹੈ ਤਾਂ ਸਕੇ ਸਬੰਧੀਆਂ ਤੇ ਜਾਂ ਪਰਿਵਾਰਕ ਮੈਂਬਰਾਂ ਦੀਆਂ ਮੁਲਾਕਤਾਂ ਦਾ ਸਿਲਸਿਲਾ ਆਰੰਭ ਹੁੰਦਾ ਹੈ। ਭਗਤ ਸਿੰਘ ਦੀ ਭੈਣ ਅਮਰ ਕੌਰ ਦੀ ਉਸ ਨਾਲ ਮੁਲਾਕਾਤ ਬਾਰੇ ਪਾਰਸ ਨੇ ਬੜੀ ਪ੍ਰਭਾਵਸ਼ਾਲੀ ਤੇ ਸੁੰਦਰ - ਸਰੂਪ ਰਚਨਾ ਕੀਤੀ ਹੈ, ਨਮੂਨਾ ਪੇਸ਼ ਹੈ:

ਮਾਂ ਜਾਇਆ ਭਗਤ ਸਿੰਘਾ, ਜਿਸ ਦੇ ਦਿਲ ਵਿੱਚ ਸੱਧਰਾਂ ਲੱਖਾਂ
ਮੈਂ ਅਮਰ ਕੌਰ ਭੈਣਾਂ, ਕੋਲ਼ੇ ਭਰੀ ਖੜੀ ਹਾਂ ਅੱਖਾਂ



ਆਖਰ ਦੀ ਮਿਲਣੀ ਨੂੰ, ਆਈ ਮੈਂ ਤੇਰੀ ਹਮਸ਼ੀਰਾ
ਪੇਟੋਂ ਇੱਕ ਮਾਤਾ ਦਿਉਂ, ਮੁੜ ਕੇ ਜਨਮ ਨਹੀਂ ਲੈਣਾ ਵੀਰਾ
ਮਾਂ ਪਿਓ ਤੇ ਭੈਣ ਭਰਾ , ਮੁੱਲ ਨਾ ਮਿਲਦੇ ਪੁੱਤਰ ਧੀਆਂ
ਮੁੜ ਇੱਕ ਥਾਂ ਜੰਮਣਾਂ ਨਾ, ਆਪਾਂ ਇਸ ਟੱਬਰ ਦੇ ਜੀਆਂ
ਕਰ ਯਾਦ ਵਿਛੋੜੇ ਨੂੰ, ਚੰਦਰ ਮਨ ਨਾ ਰਹਿੰਦਾ ਧੀਰਾ
ਪੇਟੋਂ ਇੱਕ ਮਾਤਾ ਦਿਓਂ, ਮੁੜ ਕੇ ਜਨਮ ਨੀ ਲੈਣਾਂ ਵੀਰਾ
'ਕਰਨੈਲ ਕਵੀਸ਼ਰ' ਵੇ, ਤੇਰੀ ਲਿਖੂ ਛੰਦਾਂ ਵਿੱਚ ਛਾਵਾ
ਚੜ ਤਖ਼ਤੇ ਫਾਂਸੀ ਦੇ, ਡੋਲੀਂ ਨਾ 'ਰਣਜੀਤ' ਭਰਾਵਾਂ
ਜਾ ਵਿੱਚ ਨਿਸ਼ਾਨੇ ਦੇ, ਵੱਜੀਂ ਛੁੱਟ ਕਮਾਨੋਂ ਤੀਰਾ
ਪੇਟੋਂ ਇੱਕ ਮਾਤਾ ਦਿਓਂ ਮੁੜ ਕੇ ਜਨਮ ਨ੍ਹੀਂ ਲੈਣਾਂ ਵੀਰਾ......

✲

**ਭਗਤ ਸਿੰਘ ਦਾ ਆਪਣੀ ਮਾਂ ਨਾਲ ਵਾਰਤਾਲਾਪ :**

ਨਾਲ ਆਪ ਦੇ ਅੰਮੜੀਏ ਹੋਇਆ ਨਾ ਇਨਸਾਫ਼
ਬੋਲਿਆ ਕੂਇਆ ਪੁੱਤ ਦਾ, ਮਾਂ ਜੀ ਕਰ ਦਿਓ ਮੁਆਫ਼
ਚੁੰਘਿਆ ਤੇਰਾ ਦੁੱਧ ਮੈਂ , ਕੀਤਾ ਨਹੀਂ ਹਰਾਮ
ਮੇਰੀ ਜਾਂਦੀ ਵਾਰ ਦੀ, ਮਾਤਾ ਜੀ ਪ੍ਰਣਾਮ, ਤੁਹਾਡੇ ਚਰਨਾਂ ਵਿੱਚ ਪ੍ਰਣਾਮ

✲

**ਮਾਂ ਨੇ ਪੁੱਤਰ ਨੂੰ ਆਸ਼ੀਰਵਾਦ ਦੇਣਾ :-**

ਮੇਰੀ ਇਹ ਭਗਤ ਸਿੰਘ ਹੈ ਆਸ਼ੀਰਵਾਦ ਵੇ
ਬਹੁਤ ਛੇਤੀ ਹੋਵੇ ਤੇਰਾ ਮੁਲਕ ਆਜ਼ਾਦ ਵੇ
ਸੱਪ ਜ਼ਹਿਰੀ ਬਣ ਮੱਥੇ ਵੈਰੀ ਦੇ ਲੜੀਂ
ਚੜ੍ਹੀਂ ਵੇ ਚੜ੍ਹੀਂ ,ਫਾਂਸੀ ਹੱਸ ਕੇ ਚੜ੍ਹੀਂ
ਵੇ ਘੋੜੀ ਕਾਲ ਦੀ ਚੜ੍ਹੀਂ, ਵਾਂਗ ਮਰਦਾਂ ਬੱਚਾ
ਨਾਲ ਮੌਤ ਦੇ ਲੜੀਂ, ਵਾਂਗ ਮਰਦਾਂ ਬੱਚਾ

ਇਹ ਰਚਨਾ ਉੱਘਾ ਲੋਕ ਗਾਇਕ-ਅਮਰਜੀਤ ਗੁਰਦਾਸਪੁਰੀ ਵੀ ਬੜਾ ਚਿਰ ਗਾਉਂਦਾ ਰਿਹਾ ਹੈ। ਅਮਰਜੀਤ ਗੁਰਦਾਸਪੁਰੀ ਸੁਰੀਲੀ ਅਤੇ ਉੱਚੀ ਅਵਾਜ਼ ਤੇ ਤੂੰਬੀ ਦੀ ਟੁਣਕਾਰ ਨਾਲ ਖ਼ੂਬ ਫ਼ਬਦੀ ਰਹੀ ਹੈ।

ਭੈਣ ਅਮਰ ਕੌਰ ਨੇ ਆਪਣੀਆਂ ਸਹੇਲੀਆਂ ਨਾਲ ਰਲ ਕੇ ਮੌਤ ਦੇ ਲਾੜੇ ਵੀਰ ਭਗਤ ਸਿੰਘ ਦੀ ਘੋੜੀ ਤ੍ਰਿੰਝਣ ਵਿੱਚ ਇੰਜ ਗਾਈ:

ਫੁੱਲ ਵਰ੍ਹਾਓ ਸਿਰ ਦੇ ਉੱਤੇ, ਬੱਧੇ ਸੋਹਣੇ ਚੀਰੇ ਦੇ
ਛੱਡੋ ਪਰ੍ਹੇ ਗ਼ਮਾਂ ਦੀਆਂ ਗੱਲਾਂ, ਸ਼ਗਨ ਮਨਾਈਏ 'ਵੀਰੇ' ਦੇ
ਜਗ੍ਹਾ ਤੇਲ ਦੀ ਦੀਪ 'ਚ ਜਿਸ ਨੇ ਆਪਣੀ ਰੱਤ ਨਿਚੋੜੀ ਨੀਂ
ਆਓ ਭੈਣੋਂ ਰਲ-ਮਿਲ ਗਾਈਏ, ਭਗਤ ਸਿੰਘ ਦੀ ਘੋੜੀ ਨੀਂ ......

ਧੀ ਵਾਲਿਆਂ ਤੋਂ ਲੈ ਖੁਸ਼-ਖ਼ਬਰੀ, ਸਾਡੇ ਲਾਗੀ ਆਇਆ ਨੀਂ
ਆਪਣੇ ਬਾਬਲ ਕਿਸ਼ਨ ਸਿੰਘ ਨੂੰ, ਦਿਨ ਵਡਭਾਗੀ ਆਇਆ ਨੀਂ

ਦੇਸ਼ ਭਗਤ ਕਦੇ ਨਾ ਪਾਵਣ, ਕੁੜਮਾਂ ਨਾਲ ਮਰੋੜੀ ਨੀਂ
ਆਓ ਭੈਣੋਂ ਰਲ- ਮਿਲ ਗਾਈਏ, ਭਗਤ ਸਿੰਘ ਦੀ ਘੋੜੀ ਨੀਂ

'ਪਾਰਸ' ਦੀ ਵੱਟੀ ਤੋਂ ਮਹਿੰਗਾ, ਕੀਤਾ ਜਿਸ ਨੇ ਦੰਮੜੀ ਨੂੰ
ਜਿਸ ਦੇ ਘਰ 'ਚ ਸਮਾਗਮ ਐਡਾ, ਦਿਓ ਵਧਾਈਆਂ ਅੰਮੜੀ ਨੂੰ
ਗਾ ਕੇ ਗੀਤ ਖੁਸ਼ੀ ਦੇ ਮੰਗੋ , ਗੁੜ ਦੀ ਰੋੜੀ- ਰੋੜੀ ਨੀਂ
ਆਓ ਭੈਣੋਂ ਰਲ-ਮਿਲ ਗਾਈਏ, ਭਗਤ ਸਿੰਘ ਦੀ ਘੋੜੀ ਨੀਂ......

✲

ਭਗਤ ਸਿੰਘ ਤੇ ਉਸਦੇ ਸਾਥੀਆਂ ਦੀ ਮੜ੍ਹੀ ਨੂੰ ਪਾਰਸ ਪ੍ਰਣਾਮ ਕਰਦਾ ਹੋਇਆ ਇਓਂ ਲਿਖਦਾ ਹੈ:

ਸੁਣ ਨੀਂ ਜੜੇ ਧਰੂ ਤਾਰੇ ਦੀਏ, ਸਤਲੁਜ ਕੰਡੇ ਜੜੀਏ
ਮੱਥਾ ਟੇਕ, ਉਲਾਂਭਾ ਦੇਵਾਂ, ਭਗਤ ਸਿੰਘ ਦੀਏ ਮੜ੍ਹੀਏ
ਸ਼ਹਿਨਸ਼ਾਹ ਕਾਰੂ ਦੇ ਦੱਬੇ, ਤੈਂ ਵਿੱਚ ਲੱਖ ਖਜ਼ਾਨੇ
ਹੀਰੇ, ਮੋਤੀ, ਲਾਲ ਜਵਾਹਰ, ਹੇ ਪਾਰਸ ਦੀਏ ਭਾਨੇ
ਗਿੱਦੜੋਂ ਸ਼ੇਰ ਬਣਾਏ ਤੈਂ ਵਿੱਚ, ਉਕਰਿਆ ਵਾ ਖੁਤਬਾ
ਸਵਰਗ ਧਾਮ ਤੋਂ ਲੱਖਾਂ ਦਰਜੇ, ਵੱਡਾ ਤੇਰਾ ਰੁਤਬਾ

✲

ਸੇਵਾ ਸਿੰਘ ਠੀਕਰੀਵਾਲਾ ਬਾਰੇ ਪਾਰਸ ਦਾ ਲਿਖਿਆ ਕਿੱਸਾ- ਕਾਵਿ ਆਪਣੇ ਆਪ ਵਿੱਚ ਇੱਕ ਲਾਜਵਾਬ ਰਚਨਾ ਹੈ। ਜੋ ਪਾਰਸ ਨੇ 1966 ਦੇ ਨੇੜੇ - ਤੇੜੇ ਕੀਤੀ। ਸੇਵਾ ਸਿੰਘ ਦੇ ਸੰਘਰਸ਼ਮਈ ਅਤੇ ਦੇਸ਼ ਕੌਮ ਅਤੇ ਸਿੱਖ-ਪੰਜਾਬ ਪ੍ਰਤੀ ਪਿਆਰ ਭਰੇ ਅਨੂਠੇ ਜੀਵਨ ਨੂੰ ਪਾਰਸ ਨੇ ਆਪਣੀ ਕਲਮ ਦੇ ਕਲਾਮਈ ਜਾਦੂ ਨਾਲ ਚਿਤਰਕੇ ਆਪਣੇ ਰਚਨਾ ਸੰਸਾਰ ਵਿੱਚ ਸੁਹਜਤਾ ਭਰੀ। ਸੇਵਾ ਸਿੰਘ ਠੀਕਰੀਵਾਲਾ ਬਾਰੇ ਕੁੱਝ ਚੋਣਵੇਂ ਕਾਵਿ-ਟੋਟੇ ਪੇਸ਼ ਹਨ:

ਜਿਸ ਸਮੇਂ ਸੇਵਾ ਸਿੰਘ ਨੂੰ ਰਾਜੇ ਨੇ ਕੈਦ ਕੀਤਾ ਹੋਇਆ ਸੀ ਤਾਂ ਜ਼ੇਲ੍ਹ ਵਿੱਚ ਸੇਵਾ ਸਿੰਘ ਨੇ ਭੁੱਖ ਹੜਤਾਲ ਕਰ ਦਿੱਤੀ, ਜੋ ਸਾਢੇ ਨੌਂ ਮਹੀਨੇ ਚੱਲੀ, ਪਰ ਰਾਜੇ ਨੇ ਉਸਦੀ ਕੋਈ ਪ੍ਰਵਾਹ ਨਾ ਕੀਤੀ, ਸੇਵਾ ਸਿੰਘ ਠੀਕਰੀਵਾਲੇ ਦਾ ਸਰੀਰ ਜੁਵਾਬ ਦੇ ਰਿਹਾ ਸੀ ਤੇ ਉਹ ਆਪਣੇ ਅੰਤਲੇ ਸਮੇਂ ਵੱਲ ਨੂੰ ਤੁਰਿਆ ਜਾ ਰਿਹਾ ਸੀ। ਇਸ ਸਮੇਂ ਉਸਦੀਆਂ ਦੋਵੇਂ ਪਤਨੀਆਂ ਉਸ ਨਾਲ ਆਖਰੀ ਮੁਲਾਕਾਤ ਕਰਨ ਨੂੰ ਆਉਂਦੀਆਂ ਹਨ, ਪਰ ਉਹ ਉਸ ਨਾਲ ਆਪਣੇ ਦਿਲ ਦੀ ਗੱਲ ਨਾ ਕਰ ਸਕੀਆਂ ਤੇ ਉਹ ਦੋਵੇਂ ਦਿਲ 'ਚ ਹਾਉਕਾ ਜਿਹਾ ਲੈ ਕੇ ਵਾਪਸ ਮੁੜ ਗਈਆਂ, ਪਾਰਸ ਨੇ ਦੋਤਾਰਾ ਛੰਦ 'ਚ ਲਿਖਿਆ ਹੈ :

ਸਰਦਾਰ ਸਾਹਿਬ ਉੱਤੇ ਚੱਲੀ, ਜਿਵੇਂ ਜਬਰ ਦੀ ਚੱਕੀ
ਚਹੁੰ ਅੱਖਾਂ ਭਗਤਣੀਆਂ ਆਪਣੀ ਦੁਨੀਆਂ ਸੜਦੀ ਤੱਕੀ
ਸਾਥੀ ਦੇ ਜੀਵਨ ਤੋਂ, ਹੋਗੀ ਪੂਰਨ ਬੇ - ਪ੍ਰਤੀਤੀ
ਦੋਨਾਂ ਸਰਦਾਰਨੀਆਂ, ਕੋਈ ਜਿਗਰੀ ਗੱਲ ਨਾ ਕੀਤੀ .....।

ਕਰ ਦਰਸ਼ਨ ਆਖਰ ਦੇ, ਜ਼ਾਰੀ ਰੋਵਣ ਬ੍ਰਿਹੋਂ ਕੁੱਠੀਆਂ



ਤੱਕ ਪਿੰਜਰ ਹੱਡੀਆਂ ਦਾ, ਪਿਆ ਦਿਸੇ ਦੋ ਮੁੱਠੀਆਂ
ਪਈ ਪੋਟਾ- ਪੋਟਾ ਸੀ, ਦੇਹੀ ਦੁੱਖਾਂ ਦੇ ਵਿੱਚ ਸੀਤੀ
ਦੋਨਾਂ ਸਰਦਾਰਨੀਆਂ, ਕੋਈ ਜਿਗਰੀ ਗੱਲ ਨਾ ਕੀਤੀ ......

ਬਿਨ ਜਿਸਦੀ ਜ਼ਿੰਦਗੀ ਦੇ ਦੁਨੀਆਂ ਜਾਪੇ ਸੁੰਨ- ਮਸੁੰਨੀ
ਸੀ ਅਬਲਾ ਦੁਖੀਆਂ ਦੀ, ਸਿਰ ਤੋਂ ਦਿਸੇ ਸਿਰਕਦੀ ਚੁੰਨੀ
ਉਹ ਠੀਕ ਨਿਭਾ ਰਿਹਾ ਸੀ, ਜਿਹੜੀ ਮਨਸੂਰਾਂ ਦੀ ਰੀਤੀ
ਦੋਨਾਂ ਸਰਦਾਰਨੀਆਂ, ਕੋਈ ਜਿਗਰੀ ਗੱਲ ਨਾ ਕੀਤੀ......

ਰਿਹਾ ਰੱਤ ਦਾ ਟੇਪਾ ਨਾ, ਸੁੱਕ ਕੇ ਬਣਿਆ ਤੀਲਾ ਆਸ਼ਕ
ਰਾਜੇ ਦਾ ਵੈਰੀ ਸੀ, 'ਪਾਰਸ' ਜੰਤਾਂ ਦਾ ਉਪਾਸ਼ਕ
ਦੁਨੀਆਂ ਦੇ ਚਰਨਾਂ 'ਚੋ ਉਸਦੀ ਟੁੱਟੀ ਨਹੀ ਪ੍ਰੀਤੀ
ਦੋਨਾਂ ਸਰਦਾਰਨੀਆਂ, ਕੋਈ ਜਿਗਰੀ ਗੱਲ ਨਾ ਕੀਤੀ ------

**ਸੇਵਾ ਸਿੰਘ ਠੀਕਰੀਵਾਲਾ ਨੂੰ ਪਾਰਸ ਨੇ ਆਪਣੀ ਕਵਿਤਾ ਰਾਹੀਂ ਪ੍ਰਣਾਮ ਕੀਤੀ ਹੈ:**

ਪਿੰਡ ਠੀਕਰੀ ਵਾਲਿਆ ਜਾਨਣ ਤੈਨੂੰ ਆਮ।
ਕੁਰਬਾਨੀ ਜੋ ਤੈਂ ਕਰੀ, ਦਿੰਦੇ ਦਾਦ ਤਮਾਮ।

ਦੇਸ਼ ਉਤੋਂ ਮਰ ਮਿਟਣ ਦਾ, ਤੈਂ ਕੋਈ ਪੀਤਾ ਜਾਮ।
ਦੁਖੀਆਂ ਖਾਤਰ ਲੜਨ ਦਾ ਦਿੰਦਾ ਰਿਹਾ ਪੈਗ਼ਾਮ।

ਲੋਕ ਲਹਿਰ 'ਚ ਕਦੇ ਵੀ ਤੂੰ ਨਾ ਰਹਿੰਦਾ ਲਾਮ।
ਦੜ ਵਟਕੇ ਘਰ ਬੈਠਣਾ ਸਮਝੇਂ ਸਦੋਂ ਹਰਾਮ।

ਸੁਣਕੇ ਤੇਰਾ ਹੋਕਰਾ ਜਾਗੇ ਲੋਕ ਗ਼ੁਲਾਮ।
ਘਾਲੀ ਤੇਰੀ ਘਾਲਣਾ ਹੋਈ ਨਹੀਂ ਨਾਕਾਮ।

ਸਫ਼ਲਾ ਕਰ ਸਰਦਾਰ ਗਿਆ, ਖਾਧਾ ਤੇਰਾ ਤੁਆਮ।
ਕੀਤਾ ਸਿਦਕੀ ਸਿੱਖ ਨੇ ਬਲੀਦਾਨ ਨਿਸ਼ਕਾਮ।

✲

ਸੇਵਾ ਸਿੰਘ ਸਲਾਖਾਂ ਦੀ ਜ਼ਿੰਦਗੀ ਨੂੰ,
ਕਿਹਾ ਲੋਹੜੀ, ਦੀਵਾਲੀ ਤੇ ਈਦ ਸੀ ਤੂੰ।
ਸਿਆਹੀ ਲਹੂ ਦੀ ਤੇ ਕਲਮ ਹੱਡੀ ਦੀ ਲੈ,
ਪਰਣ ਪੋਥੀ ਦੀ ਲਿਖੀ ਤਮਹੀਦ ਸੀ ਤੂੰ।
ਦੀਵਾ ਜਲੇ ਨਿਚੱਲਾ ਨਾ ਬਹੇ ਭੰਬਟ,

ਇਸਦੀ ਕਰੀ ਤਾਈਦ ਮਜ਼ੀਦ ਸੀ ਤੂੰ।
ਜਾਣੀਂ ਮਿੱਠੀ ਤੈਂ ਮੌਤ ਮਨਿਸਟ੍ਰੀ ਤੋਂ,
ਖ਼ੁਦ ਗਰਜ਼ੀ ਤੋਂ ਰਿਹਾ ਬਈਦ ਸੀ ਤੂੰ।
ਸਿਰ ਵੇਚ ਕੇ ਉੜਦ ਬਾਜ਼ਾਰ ਅੰਦਰ,
ਮਹਿੰਗੀ ਮੌਤ ਨੂੰ ਲਿਆ ਖ਼ਰੀਦ ਸੀ ਤੂੰ।
ਅਰਜਣ ਗੁਰੂ ਮਨਸੂਰ ਤੇ ਜ਼ਕਰੀਏ ਦੀ,
ਅਮਲੀ ਤੌਰ ਤੇ ਕਰੀ ਤਕਲੀਦ ਸੀ ਤੂੰ।
ਵਿਚ ਮਜਲਸਾਂ ਦੇ ਫਿਰਕੂ ਏਕਤਾ ਦਾ,
ਦਿੰਦਾ ਰਿਹਾ ਪੈਗਾਮ ਤੌਹੀਦ ਸੀ ਤੂੰ।

✫✫✫



# ਫੁਟਕਲ-ਰਚਨਾ

ਵੰਨ- ਸੁਵੰਨੇ ਵਿਸ਼ਿਆਂ ਉਤੇ ਰਚੀਆਂ ਕਰਨੈਲ ਸਿੰਘ ਪਾਰਸ ਦੀਆਂ ਰਚਨਾਵਾਂ ਉਸਦੀ ਰਚਨਾਵਲੀ ਵਿੱਚ ਵਿਲੱਖਣ ਵਾਧਾ ਕਰਨ ਵਾਲੀਆਂ ਹਨ। ਜਿਥੇ ਪਾਰਸ ਨੇ ਧਾਰਮਿਕ, ਇਤਿਹਾਸਕ ਅਤੇ ਦੇਸ਼-ਭਗਤੀ ਵਰਗੇ ਉੱਚੇ-ਸੁੱਚੇ ਵਿਸ਼ਿਆਂ 'ਤੇ ਕਲਮ ਅਜ਼ਮਾਈ ਕੀਤੀ ਹੈ ਉਥੇ ਉਸਨੇ ਆਪਣੇ ਸਮਾਜ ਵਿੱਚ ਵਿਚਰਦੇ ਵਿਭਿੰਨ ਪ੍ਰਕਾਰ ਦੇ ਲੋਕਾਂ ਬਾਰੇ ਵੀ ਰਚਨਾਵਾਂ ਲਿਖੀਆਂ ਹਨ, ਉਨ੍ਹਾਂ ਰਚਨਾਵਾਂ ਵਿੱਚੋਂ ਇਸ ਖੰਡ ਅਧੀਨ ਪਾਰਸ ਦੀਆਂ ਕੁਝ ਚੋਣਵੀਆਂ ਰਚਨਾਵਾਂ ਦਾ ਨਮੂਨਾ ਪੇਸ਼ ਹੈ।

ਪਹਿਲੋਂ ਵੀ ਜ਼ਿਕਰ ਆਇਆ ਹੈ ਕਿ ਕਰਨੈਲ ਸਿੰਘ ਪਾਰਸ ਵਿਚਾਰਧਾਰਕ ਤੌਰ 'ਤੇ ਕਮਿਊਨਿਸਟਾਂ ਨਾਲ ਕਦਮ ਮੇਚ ਕੇ ਤੁਰਨ ਵਾਲਾ ਕਵੀ ਹੈ। ਉਸ ਦੀ ਕਿਸੇ ਵੀ ਕਵਿਤਾ – ਕਵੀਸ਼ਰੀ ਵਿੱਚ ਆਮ ਕਵੀਸ਼ਰਾਂ ਵਾਂਗ ਰੱਬ ਦੀ ਅਰਾਧਨਾ ਕੀਤੀ ਹੋਈ ਨਹੀਂ ਮਿਲਦੀ, ਉਹ ਤਾਂ ਆਪਣੇ ਦੇਸ਼ ਦੇ ਸਭ ਤੋਂ ਵੱਡੇ ਹਿਤੈਸ਼ੀ ਅਤੇ ਰਖਵਾਲੇ ਕਿਸਾਨ ਦੀ ਮਹਿਮਾਂ ਗਾਉਣ ਜਾਂ ਬੰਦਨਾਂ ਕਰਨ ਵਿੱਚ ਯਕੀਨ ਰੱਖਦਾ ਹੈ, ਉਹ ਕਿਸਾਨ, ਜੋ ਸਾਰੇ ਦੇਸ਼ ਲਈ ਅੰਨ ਭੰਡਾਰਾ ਭਰਦਾ ਹੈ, ਦਿਨ ਰਾਤ ਮਿਹਨਤ ਕਰਦਾ ਹੈ ਤੇ ਤਦ ਵੀ ਦੁੱਖੜੇ ਜਰਦਾ ਹੈ, ਪਾਰਸ ਆਪਣੇ ਦੇਸ਼ ਦੇ ਕਿਰਸਾਨ ਨੂੰ ਬਹੁਤ ਹੀ ਸਤਿਕਾਰ ਭਰੀਆਂ ਨਜ਼ਰਾਂ ਨਾਲ ਵੇਂਹਦਾ ਹੈ। ਭੋਲੇ ਭਾਲੇ ਯਮਲੇ ਜੱਟ ਦੀ ਬੰਦਨਾਂ ਨਾਂ ਹੇਠ ਉਸਦੀ ਇਹ ਕਵਿਤਾ ਵੇਖੋ :

ਧੰਨ ਹੈਂ, ਜੱਗ ਦਿਆ ਅੰਨ ਦਾਤਿਆ
ਅੱਠੇ ਪਹਿਰ ਕੰਮ ਦੀ ਗੰਗਾ 'ਚ ਨਾਤ੍ਰਿਆ
ਦਿਨੇ ਰਾਤ ਰਹਿੰਦਾ ਤੇਰੇ ਸਿਰ 'ਚ ਘੱਟਾ
ਬੰਦਨਾਂ ਹੈ ਸਾਡੀ ਤੈਨੂੰ, ਯਮਲੇ ਜੱਟਾ..............

ਕੜਕਦੀ ਧੁੱਪ ਗ਼ਜ਼ਬ ਦੀ ਸਰਦੀ
ਸੱਜੀ ਭੁਜਾ ਦਿਸੇ ਤੇਰੀ ਕੰਮ ਕਰਦੀ
ਅੱਕ ਕੇ ਨਾ ਬੈਠੇ ਕਦੇ ਹੋ ਖੱਟਾ
ਬੰਦਨਾਂ ਹੈ ਸਾਡੀ ਤੈਨੂੰ ਯਮਲੇ ਜੱਟਾ..........

ਪੈਰੋਂ ਨੰਗਾ ਮਿੱਧੇ ਸੱਪਾਂ ਦੀਆਂ ਸਿਰੀਆਂ
ਤੇਰੇ ਪੱਲੇ ਛਿੱਲਾਂ, ਵਿਹਲੇ ਲੈ ਗਏ ਗਿਰੀਆਂ
ਤੇਰੀ ਕਿਸਮਤ ਅੱਗੇ ਠੋਕਤਾ ਫੱਟਾ,
ਬੰਦਨਾਂ ਹੈ ਸਾਡੀ..........।

ਤੈਂ ਨਾ ਕੀਤੀ ਐਤਵਾਰ ਦੀ ਛੁੱਟੀ
ਕੰਮ ਵੱਲੋਂ ਵੀਰਾ ਤੇਰੀ ਤਾਰ ਨਾ ਟੁੱਟੀ
ਚਾਰਦਾ ਤੂੰ ਵੰਡ, ਦੁੱਧ ਚੁੰਘ ਜਾਏ ਕੱਟਾ,

ਬੰਦਨਾਂ ਹੈ ਸਾਡੀ..........।

ਹੱਥ ਬੰਨ੍ਹ ਕਵੀ, 'ਕਰਨੈਲ' ਦਾ ਜੱਥਾ
ਪੈਰਾਂ ਵਿੱਚ ਸੀਸ ਰੱਖ ਟੇਕਦਾ ਮੱਥਾ
ਚੜ੍ਹਦਾ ਤੂੰ ਕਿਤੇ ਕਾਲ਼ੀ ਬਣ ਕੇ ਘਟਾ,
ਬੰਦਨਾਂ ਹੈ ਸਾਡੀ..........।

ਪਾਰਸ ਦਾ ਕਥਨ ਬਿਲਕੁਲ ਦਰੁਸਤ ਹੈ ਦੇਸ਼ ਦੇ ਕਿਸਾਨ ਦੀ ਹਾਲਤ ਨੂੰ ਉਸ ਨੇ ਬੜੀ ਡੂੰਘਾਈ ਨਾਲ ਚਿਤਰਿਆ ਹੈ, ਦਿਨ ਰਾਤ ਕੰਮ ਕਰਕੇ ਥੱਕੇ- ਟੁੱਟੇ ਦੇ ਸਿਰ 'ਚ ਘੱਟਾ ਪੈਂਦਾ ਹੈ ਤੇ ਉਹ ਫਿਰ ਵੀ ਅੱਕ ਕੇ ਜਾਂ ਖੱਟਾ ਹੋ ਕੇ ਹਿੰਮਤ ਨਹੀਂ ਹਾਰਦਾ! ਨੰਗੇ ਪੈਰੀਂ ਸੱਪਾਂ ਦੀਆਂ ਸਿਰੀਆਂ ਮਿੱਧਦਾ ਕਿਰਸਾਨ ਗਿਰੀਆਂ ਖਾਣਾਂ ਤਾਂ ਇੱਕ ਪਾਸੇ ਰਿਹਾ, ਸਗੋਂ ਉਸਨੂੰ ਦੋ ਡੰਗ ਦੀ ਰੋਟੀ ਵੀ ਚੰਗੀ ਤਰ੍ਹਾਂ ਨਸੀਬ ਨਹੀ ਹੁੰਦੀ।

ਮਜ਼ਦੂਰ ਤਬਕੇ ਨੂੰ ਪਾਰਸ ਦੇਸ਼ ਦਾ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਅਤੇ ਬਹੁ- ਚੰਗੇਰਾ ਤਬਕਾ ਮੰਨਦਾ ਹੈ, ਅਤੇ ਮਜ਼ਦੂਰ ਨਾਲ ਹੁੰਦੀ ਸਮਾਜਿਕ ਅਤੇ ਆਰਥਿਕ ਤੌਰ ਤੇ ਕਾਣੀ ਵੰਡ ਪ੍ਰਤੀ ਵੀ ਉਹ ਚਿੰਤਾਤੁਰ ਨਜ਼ਰ ਆਉਂਦਾ ਹੈ, ਇਹ ਸਭ ਕੁਝ ਪਾਰਸ ਦੀ 'ਤੈਨੂੰ ਨਮਸਕਾਰ ਮਜ਼ਦੂਰ' ਨਾਂ ਹੇਠਲੀ ਇਸ ਕਵਿਤਾ ਵਿੱਚੋਂ ਲਭਦਾ ਹੈ:

ਦੋ ਹੱਥ ਕੰਮ 'ਚ ਖੁੱਭੇ ਰਹਿੰਦੇ, ਛਾਹ ਵੇਲਾ ਕੀ ਸ਼ਾਮ
ਰੁੜ੍ਹਨ - ਖੜ੍ਹਨ ਤੋਂ ਸਿਵਿਆਂ ਤਾਂਈ, ਵਿਹਲੜਪੁਣਾ ਹਰਾਮ
ਪਹਿਲਾਂ ਉੱਠਣਾਂ, ਮਗਰੋਂ ਸੌਣਾਂ, ਮੁੱਢਾਂ ਦਾ ਦਸਤੂਰ
ਤੈਨੂੰ ਨਮਸਕਾਰ ਮਜ਼ਦੂਰ......................

ਰਾਤੀਂ ਘਰ-ਘਰ ਚਾਨਣ ਵੰਡੇਂ, ਝੂੰਮ ਉੱਠੇ ਜਗ ਖੀਵਾ
ਪਰ ਇਹ ਵੱਖਰੀ ਗੱਲ ਐ , ਤੇਰੀ ਕੁੱਲੀ ਵਿੱਚ ਨਹੀਂ ਦੀਵਾ
ਹਨ੍ਹੇਰੇ ਦੀ ਚਾਦਰ ਲੈ ਸੁੱਤਾ ਪਾਲ਼ਾ ਪੀ ਮਖ਼ਮੂਰ
ਤੈਨੂੰ ਨਮਸਕਾਰ ਮਜ਼ਦੂਰ.........................

ਦੁਨੀਆਂ ਭਰ ਦੀਆਂ ਕਾਢਾਂ ਨੂੰ ਦੇਵੇਂ ਅਮਲੀ ਜਾਮਾ
ਧਰਤੀ ਦੀ ਨੁਹਾਰ ਬਦਲ ਗਿਆ, ਤੇਰਾ ਪਿਤਾ ਪਿਤਾਮਾ
ਚਾਰ ਚੁਫ਼ੇਰੇ ਪਸਰਿਆ ਤੇਰਾ ਪਿਓ - ਦਾਦੇ ਦਾ ਨੂਰ
ਤੈਨੂੰ ਨਮਸਕਾਰ ਮਜ਼ਦੂਰ .........................

ਵਿਹਲੜ ਨੇ ਕੱਲ੍ਹ ਜੱਗ ਰਚਾਇਆ ਖਾ ਖਾ ਗਏ ਕੁੱਤੇ
ਤੇਰੀ ਸ਼ਹਿਜ਼ਾਦੀ ਤੇ ਟਿੱਕਾ, ਭੁੱਖਣ- ਭਾਣੇ ਸੁੱਤੇ
ਆਟੇ ਤੇ ਬਾਲਣ ਬਿਨ ਤੇਰਾ, ਠੰਡਾ ਪਿਆ ਤੰਦੂਰ
ਤੈਨੂੰ ਨਮਸਕਾਰ ਮਜ਼ਦੂਰ....................



ਪੰਡਤ ਜੀ ਦੀ ਵੱਛੀ ਮਰ 'ਗੀ ਖਾਕੇ ਬਹੁਤੀ ਖੀਰ
ਰੇਸ਼ਮ ਦਾ ਕੱਪੜਾ ਪਾ ਦੱਬੀ, ਸੱਜ- ਧੱਜ ਨਾਲ ਅਖੀਰ
ਤੇਰੀ ਮਾਂ ਕੱਫ਼ਨ ਬਿਨ ਫੂਕੀ,ਮਰੀ ਟੁੱਕ ਨੂੰ ਝੂਰ
ਤੈਨੂੰ ਨਮਸਕਾਰ ਮਜ਼ਦੂਰ........................

ਨਾਲ ਹਥੌੜਿਆਂ ਤੋੜ ਵਿਖਾਇਆ ਤੈਂ ਤੋਪਾਂ ਦਾ ਰਾਜ
ਧਰਤੀ ਦੇ ਤੀਜੇ ਹਿੱਸੇ 'ਤੇ ਉੱਸਰੇ ਨਵਾਂ ਸਮਾਜ
ਜ਼ਾਰਾਂ ਦੀ ਲੋਹੇ ਦੀ ਸੰਘੀ ਘੁੱਟੀ ਨਾਲ ਜ਼ਮੂਰ
ਤੈਨੂੰ ਨਮਸਕਾਰ ਮਜ਼ਦੂਰ.................

ਕਰਨੈਲ ਸਿੰਘ ਪਾਰਸ ਹਿੰਦੂ- ਸਿੱਖ ਏਕਤਾ ਦਾ ਹਾਮੀ ਕਵੀ ਹੈ ਅਤੇ ਸਾਡੇ ਸਮਾਜ ਅੰਦਰ ਜਾਤਾਂ- ਪਾਤਾਂ ਦੀਆਂ ਵੰਡੀਆਂ ਪਾਉਣ ਵਾਲੇ ਮਨੁੱਖਾਂ ਤੋਂ ਉਸਨੂੰ ਸਖ਼ਤ ਘਿਰਣਾ ਹੈ। ਹਿੰਦੂ ਅਤੇ ਸਿੱਖ ਨੂੰ ਇਕੋ ਰੁੱਖ ਦੇ ਦੋ ਟਾਹਣੇ ਲਿਖਣ ਵਾਲਾ ਪਾਰਸ, "ਮਾਨਸ ਕੀ ਜਾਤ ਸਭ ਏਕ ਪਹਿਚਾਨਬੋ" ਸੰਕਲਪ ਦਾ ਧਾਰਨੀ ਹੈ। ਇਸ ਸਭ ਕਾਸੇ ਦਾ ਪ੍ਰਗਟਾਵਾ ਉਸਦੀ ਇਸ ਰਚਨਾ ਨੂੰ ਪੜ੍ਹ ਕੇ ਵੀ ਹੁੰਦਾ ਹੈ :

ਇੱਕ ਮਿੱਟੀ ਤੋਂ ਬਣੇਂ ਹਾਂ, ਇੱਕ ਪਾਣੀ ਪੀਤਾ
ਇੱਕੋ ਜਾਤ ਬਤਾਉਂਦੀਆਂ, ਬਾਣੀ ਤੇ ਗੀਤਾ
ਸੋਨਾ ਇੱਕ, ਸੁਨਿਆਰ ਨੇ ਦੋ ਘੜ ਤੇ ਗਹਿਣੇ
ਹਨ ਹਿੰਦੂ ਤੇ ਸਿੱਖ ਦੋ, ਇੱਕ ਬ੍ਰਿਛ ਦੇ ਟਹਿਣੇ............

ਲੋਹੜੀਆਂ ਅਤੇ ਦਿਵਾਲੀਆਂ, ਮੱਸਿਆ ਤੇ ਪੁੰਨਿਆਂ
ਸਾਂਝੀਆਂ ਲੱਗਣ ਵਿਸਾਖੀਆਂ, ਸੁਣ ਵੀਰਾ ਸੁੰਨਿਆਂ
'ਕੱਠੇ ਵਸਦੇ ਦੇਰ ਦੇ, ਤੇ ਵਸਦੇ ਰਹਿਣੇ
ਹਨ ਹਿੰਦੂ ਤੇ ਸਿੱਖ ਦੋ, ਇੱਕ ਬ੍ਰਿਛ ਦੇ ਟਹਿਣੇ ...........

ਮਾਨਸ ਖਾਣੇ ਨੇਤਿਆਂ ਦੀਆਂ ਨੀਤਾਂ ਬੁਰੀਆਂ
ਹੱਥ ਮਾਲ਼ਾ, ਮੁੱਖ ਰਾਮ ਹੈ, ਬਗਲਾਂ ਵਿੱਚ ਛੁਰੀਆਂ
ਚਾਹੁੰਦੇ ਭਾਂਬੜ ਬਾਲਣਾ, ਅਗਨੀ ਵਿੱਚ ਡਹਿਣੇ
ਹਨ ਹਿੰਦੂ ਤੇ ਸਿੱਖ ਦੋ, ਇੱਕ ਬ੍ਰਿਛ ਦੇ ਟਹਿਣੇ................

ਕੁਛ ਹਨ ਲੀਡਰ ਚੰਦਰੇ ਚੌਧਰ ਦੇ ਭੁੱਖੇ
ਖਾਂਦੇ ਬਿਨਾਂ ਮਸਾਲਿਓਂ ਬੰਦਿਆਂ ਨੂੰ ਰੁੱਖੇ
ਨਰਮ ਬਣਾਉਣਾ ਲੋਚਦੇ ਨਰਕਾਂ ਵਿੱਚ ਪੈਣੇ
ਹਨ ਹਿੰਦੂ ਤੇ ਸਿੱਖ ਦੋ, ਇੱਕ ਬ੍ਰਿਛ ਦੇ ਟਹਿਣੇ...................

ਫਿਰਦੀ ਪਾਟਕ ਪਾਉਣ ਨੂੰ, ਇਹ ਫਿਰਕੂ ਢਾਣੀ
ਪਰ ਨਾ ਸੱਟਾਂ ਮਾਰਿਆਂ, ਦੋ ਹੁੰਦੇ ਪਾਣੀ
' ਪਾਰਸ' ਪੁੱਤਰ ਪ੍ਰੇਮ ਨਾ, ਕੋਈ ਧਰਦਾ ਗਹਿਣੇ
ਹਨ ਹਿੰਦੂ ਤੇ ਸਿੱਖ ਦੋ, ਇੱਕ ਬ੍ਰਿਛ ਦੇ ਟਹਿਣੇ.................

ਪਾਰਸ ਨੇ ਜਾਤਾਂ - ਪਾਤਾਂ ਤੇ ਧਰਮਾਂ ਵਿੱਚ ਵੰਡੀਆਂ ਪਾਉਣ ਵਾਲੇ ਭੁੱਖੇ ਲੀਡਰਾਂ, ਜੋ ਬੰਦੇ - ਖਾਣੇ ਯਮਦੂਤ ਹਨ ਅਤੇ ਜਾਤ- ਪਾਤ ਦੇ ਅਧਾਰ 'ਤੇ ਲੋਕਾਂ ਵਿੱਚ ਵੰਡੀਆਂ ਪਾਉਂਦੇ ਹਨ ਅਤੇ ਆਪਣੀ ਚੌਧਰ ਦੇ ਭੁੱਖੇ ਹਿੰਦੂ - ਸਿੱਖ ਏਕਤਾ ਨੂੰ ਸਹਿਣ ਨਹੀਂ ਕਰ ਸਕਦੇ, ਇਸ ਮਸਲੇ ਉੱਤੇ ਉਸਦੀ ਇਹ ਵਧੀਆ ਰਚਨਾ ਆਪਣੇ ਆਪ ਵਿੱਚ ਮੁੱਲਵਾਨ ਹੈ।

ਕਈ ਆਦਮੀ ਸਾਰੀ ਉਮਰ ਧੰਦ ਪਿਟਦੇ ਰਹਿ ਜਾਂਦੇ ਹਨ। ਆਪਣੀ ਸਾਰੀ ਜ਼ਿੰਦਗੀ, ਕਬੀਲਦਾਰੀ ਦੇ ਉਲਝੇਵਿਆਂ, ਝਗੜਿਆਂ- ਝਮੇਲਿਆਂ ਅਤੇ ਏਧਰ-ਓਧਰ ਦੇ ਕੰਮਾਂ-ਕਾਰਾਂ ਵਿੱਚ ਫਸੇ ਗੁਜ਼ਾਰ ਦਿੰਦੇ ਹਨ, ਬੁਢੇਪੇ ਵਿੱਚ, ਜਦੋਂ ਸਰੀਰ ਜੁਆਬ ਦੇਣ 'ਤੇ ਆ ਜਾਂਦਾ ਹੈ ਉਹ ਫਿਰ ਵੀ ਚੈਨ ਨਹੀਂ ਲੈ ਸਕਦੇ ਤੇ ਧੰਨ ਪ੍ਰਾਪਤੀ ਜਾਂ ਪਦਾਰਥਾਂ ਦੀ ਪ੍ਰਾਪਤੀ ਦੀ ਹੋੜ 'ਚ ਲੱਗੇ ਫਿਰਦੇ ਹਨ ਇਹੋ - ਜਿਹੇ ਇਨਸਾਨ ਬਾਰੇ ਪਾਰਸ ਦੀ ਇੱਕ ਰਚਨਾ ਆਪਣੇ ਆਪ ਵਿੱਚ ਬਹੁਤ ਕੁਝ ਆਖਦੀ ਹੈ, ਰਚਨਾ ਲੰਬੀ ਤਾਂ ਹੈ ਹੀ, ਪਰ ਹੈ ਕਮਾਲ ਦੀ, ਕਿਹੜਾ ਬੰਦ ਰੱਖਿਆ ਜਾਵੇ, ਤੇ ਕਿਹੜਾ ਛੱਡਿਆ ਜਾਵੇ, ਸਭ ਚੜ੍ਹਦੇ ਤੋਂ ਚੜ੍ਹਦੇ ਹਨ। ਫਿਰ ਵੀ ਨਮੂਨਾ ਵੇਖੋ :

ਬੈਠ ਕਦੇ ਕੀਤੀ ਨਾ ਵਿਚਾਰ ਮਨਾਂ ਗਾਫ਼ਲਾ
ਸਿਵਿਆਂ ਦੇ ਵਿੱਚ ਪਹੁੰਚ ਗਿਆ ਪਹਿਲਾ ਕਾਫ਼ਲਾ
ਕਾਲ ਭਗਵਾਨ ਤਾਈਂ ਸਕਿਆ ਕੋਈ ਥੰਮ੍ਹ ਨਾ
ਚੱਲਿਆ ਸਰੀਰ ਮੁੱਕ, ਮੁੱਕੇ ਤੇਰੇ ਕੰਮ ਨਾ.................

ਜਿਊਣ ਜੋਗਾ ਰਿਹਾ ਅਖਵਾਉਂਦਾ ਮੌਤ ਜੋਗਿਆ
ਭੋਗਦਾ ਪਦਾਰਥਾਂ ਨੂੰ ਆਪ ਗਿਆ ਭੋਗਿਆ
ਅੱਖੀਆਂ ਨੂੰ ਰੱਜ ਆਇਆ ਤੱਕ ਚਿੱਟਾ ਚੰਮ ਨਾ
ਚੱਲਿਆ ਸਰੀਰ ਮੁੱਕ, ਮੁੱਕੇ ਤੇਰੇ ਕੰਮ ਨਾ..................

ਡਾਕਟਰ, ਵੈਦ ਤੇ ਹਕੀਮ ਬੈਠੇ ਰਹਿਣਗੇ
ਚਲਦੀ ਨਾ ਪੇਸ਼ ਕੋਈ ਤਿੰਨੇ ਜਾਣੇ ਕਹਿਣਗੇ
ਹਟੇਗੀ ਔਲਾਦ ਬੈਠੀ ਰੋਣੋਂ ਛੰਮ- ਛੰਮ ਨਾ
ਚੱਲਿਆ ਸਰੀਰ ਮੁੱਕ, ਮੁੱਕੇ ਤੇਰੇ ਕੰਮ ਨਾ...............

ਚਾਵਾਂ ਅਤੇ ਰੀਝਾਂ ਨਾਲ ਝੋਟੀ ਬੂਹਰੀ ਪਾਲ਼ੀ ਸੀ
ਪੱਚੀ ਛੱਬੀ ਦਿਨ ਗਏ, ਮਹੀਨੇ ਸੂਣ ਵਾਲ਼ੀ ਸੀ
ਮਰ 'ਗੀ ਦਿਨਾਂ 'ਤੇ ਆਕੇ ਚੋਈ ਘੰਮ - ਘੰਮ ਨਾ



ਚੱਲਿਆ ਸਰੀਰ ਮੁੱਕ, ਮੁੱਕੇ ਤੇਰੇ ਕੰਮ ਨਾ...............

ਇੱਕ ਧੀ ਵਿਆਹੁਣੀ ਰਹਿੰਦੀ,ਪੋਤੀ ਹੋਗੀ ਓਡੀ ਹੈ
ਪਹਿਲਿਆਂ ਵਿਆਹਾਂ ਨੇ, ਲੁਆਤੀ ਤੇਰੀ ਗੋਡੀ ਹੈ
ਦੋਹਤਿਆਂ ਤੇ ਪੋਤਿਆਂ ਦਾ ਮੁੱਕਿਆ ਗੁਲੰਮ ਨਾ
ਚੱਲਿਆ ਸਰੀਰ ਮੁੱਕ, ਮੁੱਕੇ ਤੇਰੇ ਕੰਮ ਨਾ..............

ਮੁੰਡਿਆਂ ਦੀ ਮਾਂ ਦਾ ਦਿਲ ਖੁਸ਼ ਕੀਤਾ ਸੂਮਾਂ ਨਾ
ਦਿੱਤੀਆਂ ਘੜਾ ਕੇ, ਘਰ ਵਾਲੀ ਨੂੰ ਤੂੰ ਟੂੰਮਾਂ ਨਾ
ਸੁਆਣੀ ਦਿਆਂ ਗਹਿਣਿਆਂ ਨੇ ਕੀਤੀ ਝੰਮ- ਝੰਮ ਨਾ
ਚੱਲਿਆ ਸਰੀਰ ਮੁੱਕ, ਮੁੱਕੇ ਤੇਰੇ ਕੰਮ ਨਾ........................

ਇੱਕ ਵਾਰੀ ਕਰਨੈਲ ਸਿੰਘ ਪਾਰਸ ਕਿਸੇ ਪ੍ਰੋਗਰਾਮ ਤੋਂ ਆਇਆ ਸੀ ਜਾਂ ਪ੍ਰੋਗਰਾਮ 'ਤੇ ਜਾ ਰਿਹਾ ਸੀ, ਜਾਖਲ ਮੰਡੀ ਦੇ ਰੇਲਵੇ ਸਟੇਸ਼ਨ ਤੇ ਬੈਠਾ ਸੀ, ਗੱਡੀ ਆਈ, ਗੱਡੀ ਦੇ ਮੂਹਰਲੇ ਡੱਬੇ 'ਚੋ ਕੋਈ ਮੁਕਲਾਵੇ ਲੈਣ ਚੱਲੀ ਜੋੜੀ ਨਿੱਕਲੀ ਤੇ ਪਿੱਛਲੇ ਪਾਸਿਓਂ ਕੋਈ ਮਕਾਣ ਉੱਤਰੀ! ਤੇ ਥੋੜ੍ਹੀ ਦੂਰ ਹੀ ਇੱਕ ਬੰਦਾ ਮਰਿਆ ਪਿਆ ਸੀ। ਲੋਕ ਉਹਦੇ ਆਲ਼ੇ ਦੁਆਲੇ ਖੜ੍ਹੇ ਹੋਏ ਸਨ। ਉਸ ਸਮੇਂ ਪਾਰਸ ਨੇ ਸਮੇਂ ਦੀ ਸਥਿਤੀ ਭਾਂਪਦਿਆਂ ਇਹ ਰਚਨਾ ਕੀਤੀ, ਜੋ ਬਹੁ ਚਰਚਿਤ ਹੋਈ ਤੇ ਇਸ ਨੂੰ ਹਰਭਜਨ ਮਾਨ ਨੇ ਗਾ ਕੇ ਹੋਰ ਵੀ ਪ੍ਰਸਿੱਧ ਕੀਤਾ, ਰਚਨਾ ਪੇਸ਼ ਹੈ :

ਰਲ਼ ਸੰਗ ਕਾਫ਼ਲੇ ਦੇ, ਛੇਤੀ ਬੰਨ ਬਿਸਤਰਾ ਕਾਫ਼ਰ
ਕਈ ਪਹਿਲੀ ਡਾਕ ਚੜ੍ਹੇ, ਬਾਕੀ ਟਿਕਟਾਂ ਲੈਣ ਮੁਸਾਫਰ
ਹੈ ਸਿਗਨਲ ਹੋਇਆ ਵਾ, ਗਾਰਡ ਵਿਸਲਾਂ ਪਿਆਂ ਵਜਾਵੇ
ਜੱਗ ਜੰਕਸ਼ਨ ਰੇਲਾਂ ਦਾ , ਗੱਡੀ ਇੱਕ ਆਵੇ ਇੱਕ ਜਾਵੇ..................

ਘਰ ਨੂੰਹ ਨੇ ਸਾਂਭ ਲਿਆ, ਟੁਰਗੀ ਧੀ ਝਾੜ ਕੇ ਪੱਲੇ
ਪੋਤੇ ਨੇ ਜਨਮ ਲਿਆ, ਬਾਬਾ ਸਿਵਿਆਂ ਦੇ ਵੱਲ ਚੱਲੇ
ਕਿਤੇ ਜ਼ੋਰ ਮਕਾਣਾਂ ਦਾ, ਕਿਧਰੇ ਹੈ ਵਿਆਹ ਤੇ ਮੁਕਲਾਵੇ
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ ਇੱਕ ਜਾਵੇ...............

ਰਫ਼ਤਾਰ ਜ਼ਮਾਨੇ ਦੀ, ਕਰਿਆਂ ਤੇਜ਼ ਨਾ ਹੋਵੇ ਢਿੱਲੀ
ਕਈ ਰਾਜੇ ਬਹਿ-ਬਹਿ ਗਏ, ਉਥੇ ਦੀ ਉਥੇ ਹੈ ਦਿੱਲੀ
ਗਏ ਲੁੱਟ ਵਿਚਾਰੀ ਨੂੰ , ਨਾਦਰ ਸ਼ਾਹ ਵਰਗੇ ਕਰ ਧਾਵੇ
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ ਇੱਕ ਜਾਵੇ..............

ਲੱਖਾਂ ਪੰਛੀ ਬਹਿ ਉੱਡਗੇ, ਬੁੱਢੇ ਬੋਹੜ ਬ੍ਰਿਛ ਦੇ ਉੱਤੇ
ਸਨ ਜੇਤੂ ਦੁਨੀਆਂ ਦੇ, ਲੱਖ ਸਿਕੰਦਰ ਕਬਰੀਂ ਸੁੱਤੇ

ਛੱਡ ਧੁਖਦੀਆਂ ਧੂਖੜੀਆਂ, ਲੱਦ 'ਗੇ ਅਰਬਾਂ ਗੋਰਖ ਬਾਵੇ
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ ਇੱਕ ਜਾਵੇ................

'ਚੰਦ' ਤੇ 'ਰਣਜੀਤ' ਹੋਰਾਂ, ਨਿੱਤ ਨਾ ਗਾਉਣੇ ਛੰਦ ਇੱਕਠਿਆਂ
' ਕਰਨੈਲ' ਕਵੀਸ਼ਰ ਨੇ, ਕਿਧਰੇ ਲੁਕ ਨਾ ਜਾਣਾ ਨੱਠਿਆਂ
ਵਾਗੂੰ ਇੱਲ ਭੁੱਖੀ ਦੇ, ਲੈਂਦੀ ਫਿਰਦੀ ਮੌਤ ਕਲਾਵੇ
ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇੱਕ ਆਵੇ ਇੱਕ ਜਾਵੇ.....................

ਜਗਤ ਨੂੰ ਰੇਲ ਦੇ ਸਟੇਸ਼ਨ ਦੀ ਤਸ਼ਬੀਹ ਬੜੀ ਢੁੱਕਵੀਂ ਦਿੱਤੀ ਹੈ। ਇਹ ਜਗਤ ਸੰਸਾਰ ਰੂਪੀ ਗੱਡੀ ਇਸੇ ਤਰ੍ਹਾਂ ਚਲਦੀ ਰਹਿਣੀ ਹੈ, ਜੋ ਇੱਕ ਤਰ੍ਹਾਂ ਮੁਸਾਫਰ ਢੋਣ ਦਾ ਕਾਰਜ ਕਰਦੀ ਰਹਿੰਦੀ ਹੈ। ਬੇਅੰਤ ਲੋਕ ਆਏ ਤੇ ਆ – ਆ ਕੇ ਚਲੇ-ਟੁਰੇ ਜਾਂਦੇ ਹਨ। ਪਾਰਸ ਨੇ ਇਸ ਸਦੀਵੀ ਸੱਚ ਦੀ ਸੁੰਦਰ ਤਸਵੀਰ ਆਪਣੀ ਇਸ ਰਚਨਾ ਵਿੱਚ ਸਾਫ਼-ਸਾਫ਼ ਖਿੱਚੀ ਹੈ। ਇਸੇ ਤਰ੍ਹਾਂ ਦੀ ਹੀ ਇੱਕ ਹੋਰ ਰਚਨਾ ਪਾਰਸ ਦੀ ਇਹ ਵੀ ਹਰਭਜਨ ਮਾਨ ਨੇ ਗਾ ਕੇ ਆਪਣੀ ਗਾਇਕੀ ਨੂੰ ਨੁਹਾਰ ਵੀ ਦਿੱਤੀ ਅਤੇ ਵਿਲੱਖਣ ਲੋਕ ਰੰਗ ਵਿੱਚ ਗਾ ਕੇ ਪ੍ਰਸਿੱਧ ਕੀਤੀ, ਪਹਿਲੋ-ਪਹਿਲ ਪਾਰਸ ਹੁਰਾਂ ਨੇ ਵੀ ਇਸ ਨੂੰ ਖੂਬ ਗਾਇਆ। ਦੁਨੀਆਂ ਉੱਤੇ ਆਉਣਾ ਜਾਣਾ ਚਾਰ ਦਿਨਾਂ ਦਾ ਮੇਲਾ ਤਾਂ ਹੈ। ਕਵਿਤਾ ਆਪਣੇ ਆਪ ਮੂੰਹੋਂ ਬੋਲਦੀ ਖੂਬਸੂਰਤ ਰੰਗ ਬਿਖੇਰਦੀ ਹੈ ਅਤੇ ਚਹੁੰ ਦਿਨਾਂ ਦੇ ਇਸ ਜ਼ਿੰਦਗੀ ਦੇ ਮੇਲੇ ਨੂੰ ਚੱਜ – ਅਚਾਰ ਨਾਲ ਮਾਨਣ ਲਈ ਪ੍ਰੇਰਨਾ ਵੀ ਦਿੰਦੀ ਹੈ :

ਉੱਠ ਜਾਗ ਮੁਸਾਫਰ ਤੂੰ , ਹੋਈ ਭੋਰ ਨਗਾਰੇ ਵੱਜੇ
ਫਿਰ ਕਰਨਾ ਅਬ ਕਰ ਲੈ, ਕਰਨਾ ਕੱਲ੍ਹ ਸੋ ਕਰਲੈ ਅੱਜੇ
ਗਫ਼ਲਤ ਵਿੱਚ ਬੀਤ ਗਿਆ, ਮੁੜ ਕੇ ਹੱਥ ਨ੍ਹੀਂ ਆਉਣਾ ਵੇਲਾ
ਹੈ ਆਉਣ – ਜਾਣ ਬਣਿਆ, ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ .............

ਰਿਹਾ ਘੁੰਮਰਾਂ ਪਾਉਂਦਾ ਸੀ, ਉੱਚਾ ਤਾਣ-ਤਾਣ ਕੇ ਸੀਨਾ
ਉਤੇ ਬੈਠ ਬਨੇਰੇ 'ਤੇ, ਗੰਟਕੂ ਕਰੇ ਕਬੂਤਰ ਚੀਨਾ
ਉਤੋਂ ਝਪਟ ਬਾਜ ਮਾਰੀ, ਪਾਸਿਓਂ ਪੇਟੇ ਪਿਆ ਗੁਲੇਲਾ
ਹੈ ਆਉਣ ਜਾਣ ਬਣਿਆ ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ.................

ਫੁੱਲ ਟਹਿਣੀ ਲੱਗਣੇ ਨੀ, ਵਾਪਸ ਲਹਿਰਾਂ ਕਦੇ ਨੀ ਮੁੜੀਆਂ
'ਕੱਠ ਨਾਲ ਸਬੱਬਾਂ ਦੇ, ਬੇਰੀ ਪੂਰ ਤ੍ਰਿੰਝਣੀ ਕੁੜੀਆਂ
ਨੱਚ ਰਹੀਆਂ ਪੁਤਲੀਆਂ, ਜਗਤ ਮਦਾਰੀ ਵਾਲਾ ਖੇਲ੍ਹਾ
ਹੈ ਆਉਣ ਜਾਣ ਬਣਿਆ ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ .....................

ਮੁਰਦਿਆਂ ਦੇ ਮੂੰਹਾਂ 'ਚੋਂ, ਪੈਸੇ ਸਨ ਕਾਰੂੰ ਨੇ ਕੱਢੇ
ਜਦ ਮੌਤ ਬਿਗ਼ਲ ਵੱਜਿਆ, ਚਾਲ਼ੀ ਭਰੇ ਖਜ਼ਾਨੇ ਛੱਡੇ
ਟੁਰ ਖਾਲੀ ਹੱਥ ਗਿਆ , ਨਾਲ ਲਜਾ ਨਾ ਸਕਿਆ ਧੇਲਾ



ਹੈ ਆਉਣ ਜਾਣ ਬਣਿਆ, ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ..................

✲

ਸੱਚਾਈ ਭਰੇ ਤੱਥਾਂ ਨੂੰ ਬਿਆਨ ਕਰਦੀਆਂ ਪਾਰਸ ਦੀਆਂ ਕਾਵਿ ਟੁਕੜੀਆਂ :

ਗੁੱਝੀ ਲੱਗੀ ਰਹਿੰਦੀ ਮੁਲਕਾਂ ਦੀ ਜੰਗ ਨਾ
ਚਿੱਟਾ ਹੁੰਦਾ ਕਾਵਾਂ, ਕੋਇਲਾਂ ਦਾ ਰੰਗ ਨਾ
ਵਿੱਚ ਕੋਠੜੀ ਦੇ ਚੜ੍ਹਦੀ ਪਤੰਗ ਨਾ
ਗੂੰਗੇ ਗੀਤ ਦਾ ਬਣਨ ਆਦਮੀ ਬੀਮਾਰ ਦੇ
ਗੁਝੇ ਨੇਤਰ ਨੀ ਰਹਿੰਦੇ ਠੱਗ ਚੋਰ ਯਾਰ ਦੇ......
ਤੋਪਾਂ ਚੱਲੀਆਂ ਕਦੇ ਨਾ ਰਹਿਣ ਗੁੱਝੀਆਂ
ਗੱਲਾਂ ਕੰਨੋ-ਕੰਨੀਂ, ਘਰੋ ਘਰੀਂ ਪੁੱਜੀਆਂ
ਹੁੰਦੇ ਸਾਗਰ ਨਾ ਬੰਦ, ਵਿੱਚ ਕੁੱਜੀਆਂ
ਬਣ ਮੱਖਣੀ ਸਕੇ ਨਾ ਰੀਠਿਆਂ ਦੀ ਝੱਗ ਤੋਂ
ਕਦੇ ਇਸ਼ਕ ਨੀ ਛੁਪਦਾ ਛੁਪਾਇਆ ਜੱਗ ਤੋਂ......
ਹੋਏ ਜਿੱਥੇ ਵੀ ਇਕੱਠੇ ਮੁੰਡੇ ਕੁੜੀਆਂ
ਖੰਡੋ ਮਿੱਠੀਆਂ ਪਿਆਰ ਦੀਆਂ ਪੁੜੀਆਂ
ਅੱਖਾਂ ਬਾਗੀ ਹੋ ਕੇ ਮੱਲੋ ਮੱਲੀ ਜੁੜੀਆਂ
ਉੱਥੇ ਗਲਤੀ ਹੋ ਜਾਂਦੀ ਪੁੱਤ ਧੀ ਸਲੱਗ ਤੋਂ
ਕਦੇ ਇਸ਼ਕ ਨੀ ਛੁਪਦਾ ਛੁਪਾਇਆ ਜੱਗ ਤੋਂ......

✲

ਪਹਿਲੇ ਸਮੇਂ ਵਿੱਚ ਜੰਮਦੀ ਕੁੜੀ ਨੂੰ ਹੀ ਮਾਰ ਦਿੱਤਾ ਜਾਂਦਾ ਸੀ 'ਤੇ, ਅਜੋਕੇ ਦੌਰ ਵਿੱਚ ਜਿਉਂ ਵਿਗਿਆਨ ਨੇ ਤਰੱਕੀ ਕੀਤੀ ਹੈ ਅਤੇ ਹੁਣ ਮਸ਼ੀਨ ਰਾਹੀਂ ਟੈਸਟ ਕਰਵਾ ਲਿਆ ਜਾਂਦਾ ਹੈ ਤੇ ਪਤਾ ਲੱਗਣ 'ਤੇ ਕਿ ਕੁੜੀ ਹੈ ਤਾਂ ਪੇਟ ਵਿੱਚ ਹੀ ਉਸ ਨੂੰ ਖਤਮ ਕਰ ਦਿੱਤਾ ਜਾਂਦਾ ਹੈ ਭਾਵੇਂ ਕਿ ਇਸ ਜ਼ੁਲਮ ਨੂੰ ਰੋਕਣ ਲਈ ਸਰਕਾਰਾਂ ਗੱਲਾਂ ਕਰਦੀਆਂ ਹਨ, ਕਾਨੂੰਨ ਵੀ ਹੈ, ਪ੍ਰੰਤੂ ਇਸ ਜ਼ੁਲਮ ਨੂੰ ਠੱਲ੍ਹ ਨਹੀਂ ਪਾਈ ਜਾ ਸਕੀ।

ਬਹੁਤ ਸਾਰੇ ਕਵੀਆਂ – ਗੀਤਕਾਰਾਂ ਨੇ ਪੇਟ ਵਿੱਚ ਹੀ ਇਸ ਤਰ੍ਹਾਂ ਕੁੜੀ ਨੂੰ ਮਾਰਨ ਦੇ ਵਿਰੋਧ ਬਾਰੇ ਰਚਨਾਵਾਂ ਲਿਖੀਆਂ ਹਨ, ਇਸ ਸੰਬੰਧੀ ਕਰਨੈਲ ਸਿੰਘ ਪਾਰਸ ਦੀ ਰਚੀ ਕਵਿਤਾ ਮਨ ਝੰਜੋੜਨ ਵਾਲੀ ਹੈ। ਕੁੜੀ ਆਪਣੇ ਮਾਪਿਆਂ ਨੂੰ, ਜੋ ਅਵਾਜ਼ ਦੇ ਕੇ ਕਹਿੰਦੀ ਹੈ ਕਵਿਤਾ ਵਿੱਚ ਬੜੇ ਸਕਾਰਤਮਿਕ ਢੰਗ ਦੁਆਰਾ ਪੇਸ਼ ਹੋਇਆ ਹੈ:

ਮੰਮੀ ਤੇ ਡੈਡੀ ਜੀ, ਚੱਲੇ ਪਾਪ ਕਰਨ ਹੋਂ ਰਲਕੇ
ਕਿਉਂ ਸੁੱਟਣ ਲੱਗੇ ਹੋਂ, ਗੁੰਚੀ ਪੈਰਾਂ ਹੇਠਾਂ ਮਲਕੇ
ਦਿਨ ਤਿੰਨਾਂ ਚਾਰਾਂ ਦੇ, ਭੱਜੇ ਫਿਰਦੇ ਕਿਹੜੇ ਆਹਰੀਂ
ਅੰਮੀਏ ਕੁੱਖ ਵਿੱਚ ਨਾ ਮਾਰੀਂ
ਨਾ ਤੂੰ ਐਡਾ ਕਹਿਰ ਗੁਜ਼ਾਰੀਂ..............

ਨਾਨੀ ਜੀ ਹੋਰਾਂ ਨੇ, ਤੈਨੂੰ ਏਸ ਤਰ੍ਹਾਂ ਨਾ ਮਾਰਿਆ

ਫਿਰ ਜਨਮ ਸਮੇਂ ਸੁਣਿਆ, ਪੂਰੀ ਖੁਸ਼ੀ ਮਨਾ ਸਤਿਕਾਰਿਆ
ਕੀ ਦਿਸ ਪਈ ਅੰਬਰ ਤੋਂ, ਆਫ਼ਤ ਆਉਣੀ ਮੇਰੇ ਵਾਰੀਂ
ਅੰਮੀਏ ਕੁੱਖ ਵਿੱਚ ਨਾ ਮਾਰੀਂ
ਨਾ ਤੂੰ ਐਡਾ ਕਹਿਰ ਗੁਜ਼ਾਰੀਂ.........................

ਰੰਗ ਸਾਰੀ ਦੁਨੀਆਂ ਦੇ, ਮੇਰਾ ਜੀਅ ਮਾਨਣ ਨੂੰ ਕਰਦੈ
ਨੰਨ੍ਹਾ ਦਿਲ ਸਹਿਮਿਆਂ ਵਾ, ਤੇਰੀ ਸੋਚ ਛੁਰੀ ਤੋਂ ਡਰਦੈ
ਕਾਤਲ ਅਣਜਨਮੀ ਦੀ, ਬਣਕੇ ਡੈਣ ਰੂਪ ਨਾ ਧਾਰੀਂ
ਅੰਮੀਏ ਕੁੱਖ ਵਿੱਚ ਨਾ ਮਾਰੀਂ
ਨਾ ਤੂੰ ਐਡਾ ਕਹਿਰ ਗੁਜ਼ਾਰੀਂ.........................

ਪੁੱਤਾਂ ਦੇ ਵਾਕਣ ਹਾਂ, ਮੈਂ ਵੀ ਖ਼ੂਨ ਤੁਹਾਡਾ ਸੁੱਚਾ
ਪੜ੍ਹ ਹਾਸਲ ਕਰ ਲਾਂ 'ਗੀ, ਰੁੱਤਬਾ ਸੂਰਜ ਨਾਲੋਂ ਉੱਚਾ
ਧੁੰਮਾਂ ਪਾ ਦੇਵਾਂਗੀ, ਥੋਡੇ ਨਾਂ ਦੀਆਂ ਕੂੰਟੀ ਚਾਰੀਂ
ਅੰਮੀਏ ਕੁੱਖ ਵਿੱਚ ਨਾ ਮਾਰੀਂ
ਨਾ ਤੂੰ ਐਡਾ ਕਹਿਰ ਗੁਜ਼ਾਰੀਂ.......................

ਪਾਰਸ ਨੇ ਬੜੀ ਸੂਖ਼ਮਤਾ ਨਾਲ ਇਹ ਰਚਨਾ ਰਚੀ ਹੈ। ਇਸ਼ਕ-ਮੁਸ਼ਕ ਦੇ ਵਿਸ਼ਿਆਂ ਅਤੇ ਮਹਿਬੂਬਾ ਦੇ ਵਿਛੋੜੇ 'ਚ ਲਿਖ ਰਹੇ ਵੈਣ ਪਾਉਣ ਵਾਲੇ ਕਲਮਕਾਰਾਂ ਨੂੰ ਇਸ ਘੋਰ ਜ਼ੁਲਮ ਦੇ ਖਿਲਾਫ਼ ਵੀ ਲਿਖਕੇ ਕੁੜੀ (ਔਰਤ ਜ਼ਾਤੀ) ਦੀ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ।

ਪਾਰਸ ਨੇ ਆਪਣੇ ਲੋਕਾਂ ਦੀਆਂ ਖੁਸ਼ੀਆਂ - ਖੇੜੇ, ਸੱਧਰਾਂ, ਮੇਲੇ ਤੇ ਤਿਓਹਾਰਾਂ ਬਾਰੇ ਵੀ ਬਾਖ਼ੂਬੀ ਲਿਖਿਆ ਹੈ। ਇਥੇ ਪਾਰਸ ਦੀ ਇੱਕ ਰਚਨਾ, ਜੋ ਗਾਇਕ ਬਲਕਾਰ ਸਿੱਧੂ ਦੀ ਅਵਾਜ਼ 'ਚ ਰਿਕਾਰਡ ਹੋ ਕੇ ਅਜੋਕੇ ਸਮੇਂ ਵਿੱਚ ਬਹੁਤ ਚਰਚਿਤ ਹੋਈ ਹੈ।

ਇਸ ਰਚਨਾ ਦਾ ਗਾਇਨ ਢਾਡੀ ਕਵੀਸ਼ਰ ਹਰੇਕ ਖੁਸ਼ੀ ਦੇ ਮੌਕੇ 'ਤੇ ਕਰਦੇ ਰਹਿੰਦੇ ਹਨ। ਪਾਰਸ ਨੇ ਲੋਕਾਂ ਦੇ ਖੁਸ਼ੀ ਭਰੇ ਸਮੇਂ ਦੀ ਕਾਮਨਾ ਕੀਤੀ ਹੈ। ਨਮੂਨਾ ਵੇਖੋ :

ਹੇ ਕਲਗੀਧਰ ਰਹੇ ਆਪ ਦਾ, ਸੰਗਤ ਦੇ ਵਿੱਚ ਵਾਸਾ
ਮੁੜ - ਮੁੜ ਆਵਣ ਦਿਨ ਵਡਭਾਗੀ, ਕਵੀਆਂ ਦਾ ਅਰਦਾਸਾ
ਗੁਰੂ ਨਾਨਕ ਸਾਹਿਬ ਦੇ ਦਰ 'ਤੇ ਰਹਿਣ ਸੰਗਤਾਂ ਆਈਆਂ
ਲਗਦੇ ਰਹਿਣ ਖੁਸ਼ੀ ਦੇ ਮੇਲੇ ਮਿਲਦੀਆਂ ਰਹਿਣ ਵਧਾਈਆਂ.................

ਕਰਮਾਂ ਵਾਲਿਆਂ ਦੇ ਘਰ ਆਵਣ, ਭਾਗਾਂ ਭਰੇ ਦਿਹਾੜੇ
ਕੁੜੀਆਂ, ਚਿੜੀਆਂ ਮੰਗਲ ਗਾਵਣ, ਲਾਉਣ ਕਵੀਸ਼ਰ 'ਖਾੜੇ
ਦੇਣ ਸਿੱਠਣੀਆਂ, ਮਾਮੀਆਂ, ਮਾਸੀਆਂ, ਹੱਸਣ ਚਾਚੀਆਂ - ਤਾਈਆਂ
ਲਗਦੇ ਰਹਿਣ ਖੁਸ਼ੀ ਦੇ ਮੇਲੇ, ਮਿਲਦੀਆਂ ਰਹਿਣ ਵਧਾਈਆਂ....................

ਆਪਸ ਵਿੱਚੀਂ ਵਧੇ ਮੁਹੱਬਤ, ਕੋ ਨਾ ਸੁਣੀਏ ਮੰਦੀ



ਭਲੇ ਦਿਨਾਂ 'ਤੇ ਜੁੜ ਤੇ ਬੈਠਣ, ਸਾਰੇ ਸਾਕ ਸੰਬੰਧੀ
ਨੱਚਣ ਗਾਉਣ ਰਲਾ ਕੇ ਹੇਕਾਂ, ਨਣਦਾਂ ਤੇ ਭਰਜਾਈਆਂ
ਲਗਦੇ ਰਹਿਣ ਖੁਸ਼ੀ ਦੇ ਮੇਲੇ, ਮਿਲਦੀਆਂ ਰਹਿਣ ਵਧਾਈਆਂ....................

ਛਟੀਆਂ, ਮੰਗਣੇ, ਵਿਆਹ, ਮੁਕਲਾਵੇ, ਆਖੰਡ ਪਾਠ ਤੇ ਚੱਠਾ
ਲਾਉਂਦੇ ਰਹਿਣ ਦੀਵਾਨ ਕਵੀਸ਼ਰ, ਆ ਕੇ ਵਿੱਚ ਇਕੱਠਾਂ
ਨਾਲ ਗੁਲਾਬ ਕਿਉੜੇ ਭਰੀਆਂ ਡੁਲ੍ਹਦੀਆਂ ਰਹਿਣ ਸੁਰਾਹੀਆਂ
ਲਗਦੇ ਰਹਿਣ ਖੁਸ਼ੀ ਦੇ ਮੇਲੇ, ਮਿਲਦੀਆਂ ਰਹਿਣ ਵਧਾਈਆਂ......................

ਢੋਲਕੀਆਂ ਤੇ ਛੈਣੇ ਖੜਕਣ, ਤੂਤੀਆਂ ਵਾਜੇ ਵੱਜਣ
ਦਿੰਦੇ ਰਹਿਣ ਹਮੇਸ਼ਾ ਦਰਸ਼ਨ, ਆ ਕੇ ਮਿੱਤਰ-ਸੱਜਣ
ਮੁੜ-ਮੁੜ ਆਉਣ ਸੁਲੱਖਣੀਆਂ ਘੜੀਆਂ ਹੇ ਮਿਹਰਾਂ ਦੇ ਸਾਈਆਂ
ਲਗਦੇ ਰਹਿਣ ਖੁਸ਼ੀ ਦੇ ਮੇਲੇ ਮਿਲਦੀਆਂ ਰਹਿਣ ਵਧਾਈਆਂ.........................

ਗੁਰੂ ਨਾਨਕ ਦੇ ਦਰ 'ਤੇ ਆਉਣਾ, ਕੁੜੀਆਂ-ਚਿੜੀਆਂ ਮੰਗਲ ਗਾਉਣੇ, ਕਵੀਸ਼ਰਾਂ ਨੇ ਅਖਾੜੇ ਲਾਉਣੇ, ਮਾਮੀਆਂ, ਮਾਸੀਆਂ, ਤਾਈਆਂ, ਨਣਦਾਂ ਤੇ ਭਰਜਾਈਆਂ ਨੇ ਰਲ ਕੇ ਨੱਚਣਾ, ਗਾਉਣਾ ਤੇ ਗਿੱਧਾ ਪਾਉਣਾ, ਛਟੀਆਂ, ਮੰਗਣੇ ਤੇ ਵਿਆਹ-ਮੁਕਲਾਵੇ ਤੇ ਵਾਜੇ ਢੋਲਕੀਆਂ ਦਾ ਵੱਜਣਾ ਤੇ ਮਿੱਤਰਾਂ ਬੇਲੀਆਂ ਦਾ ਰਲ ਕੇ ਖੁਸ਼ੀ ਮਨਾਉਣਾ, ਪਾਰਸ ਨੇ ਬੜੀ ਹੀ ਸਫ਼ਲਤਾ ਨਾਲ ਆਪਣੀ ਰਚਨਾ ਵਿੱਚ ਸੁਹਜਤਾ ਭਰੀ ਹੈ। ਆਮ ਵਿਸ਼ਿਆਂ ਤੇ ਰਚੀਆਂ ਪਾਰਸ ਦੀਆਂ ਰਚਨਾਵਾਂ ਵਿਚੋਂ ਇਹ ਰਚਨਾ ਆਪਣੇ ਆਪ ਵਿੱਚ ਬਹੁਤ ਫੱਬੀ ਹੋਈ ਤੇ ਉੱਘੀ ਰਚਨਾ ਹੈ।

ਪਾਰਸ ਦਾ ਇੱਕ ਹੋਰ ਖੂਬਸੂਰਤ ਛੰਦ ਵੇਖੋ :

ਤਾਗਾ - ਤਾਗਾ ਹੋ ਜਾਂਦੀ ਕਬੀਲਦਾਰੀ
ਜੇਕਰ ਗੰਢ ਇਤਫ਼ਾਕ ਦੀ ਖੁੱਲ੍ਹ ਜਾਵੇ
ਬਿਨਾਂ ਮਾਲੀ ਦੇ ਬਾਗ ਵਿਰਾਨ ਹੁੰਦਾ
ਬਾਝ ਪਾਣੀਆਂ ਦੇ ਫ਼ਸਲ ਹੁੱਲ ਜਾਵੇ
ਨਾਲ ਮੰਤਰਾਂ ਦੇ ਨਹੀਂ ਮਿਸ਼ਾਲ ਮਚਦੀ
ਤੇਲ ਮੁੱਕਿਆ ਦੀਵਾ ਹੋ ਗੁੱਲ ਜਾਵੇ
ਲੱਖਾਂ ਯਤਨ ਕਰੀਏ ਮੁੜ ਨਾ ਪਵੇ ਭਾਂਡੇ
ਜੇਕਰ ਦੁੱਧ ਦਰਿਆ ਵਿੱਚ ਡੁੱਲ੍ਹ ਜਾਵੇ
ਮਾਰਿਆਂ ਮੂਲ ਨਾ ਮੁੱਕਦੀ ਕੌਮ ਕੋਈ
ਢਹਿ ਜੇ ਕਬਰ ਜਹਾਨ ਦਾ ਕੁੱਲ ਜਾਵੇ
'ਪਾਰਸ' ਮਿਟ ਜਾਂਦੀ ਹਰਫ਼ ਗ਼ਲਤ ਵਾਗੂੰ
ਜਿਹੜੀ ਕੌਮ ਇਤਹਾਸ ਨੂੰ ਭੁੱਲ ਜਾਵੇ

**ਹਿੰਸਾਵਾਦੀ ਅਤੇ ਫਿਰਕਾਪ੍ਰਸਤਾਂ ਨੂੰ ਪਾਰਸ ਕਰੜੇ ਹੱਥੀਂ ਲੈਂਦਾ ਆਪਣੀ ਇਸ ਕਵਿਤਾ ਵਿੱਚ ਕਹਿੰਦਾ ਹੈ,**

ਦੇਵ ਸਰੂਪ ਆਦਮੀ ਜਿਸ ਨੂੰ, ਪੜ ਕੇ ਬਣੇ ਦਰਿੰਦਾ
ਉਸ ਪੁਸਤਿਕ ਦਾ ਕੌਣ ਲਿਖਾਰੀ, ਜੋ ਉੱਲਟੀ ਮੱਤ ਦਿੰਦਾ
ਕਿਸ ਯੁੱਗ ਨਾਰਦ - ਮੁਨੀ ਉੱਚਾਰੇ, ਜ਼ਹਿਰਾਂ ਭਰੇ ਸ਼ਲੋਕ
ਕੇਹੜੇ ਧਰਮਾਂ ਦੇ ਇਹ ਲੋਕ.....
ਲੋਕਾਂ ਦੇ ਪੜਵਾ ਸਿਰ ਦਿੰਦੇ, ਕਰ ਭੜਕੀਲੇ ਭਾਸ਼ਣ
ਲਾਸ਼ਾਂ ਦੇ ਢੇਰਾਂ ਤੋਂ ਤੁਰ ਕੇ, ਮੱਲਣ ਰਾਜ ਸਿੰਘਾਸਣ
ਬੰਦਿਆਂ ਦਾ ਬਾਲਣ ਹਨ ਦਿੰਦੇ, ਫਿਰਕੂ ਭੱਠ 'ਚ ਝੋਕ,
ਕੇਹੜੇ ਧਰਮਾਂ ਦੇ ਇਹ ਲੋਕ.....

ਅੱਗਾਂ ਲਾਉਂਦੇ ਸੌ - ਸੌ ਕੋਹੀਂ, ਨੰਗੇ ਪੈਰੀਂ ਤੁਰ ਕੇ
ਬਗਲੀ ਛੁਰੀਆਂ ਦਿਲ ਦੇ ਕਾਲ਼ੇ, ਪਹਿਨੇ ਚਿੱਟੇ ਬੁਰਕੇ
ਅੰਦਰ ਬੈਠੇ, ਬਾਬਰ, ਨਾਦਰ, ਬਾਹਰੋਂ ਦਿਸਣ ਅਸ਼ੋਕ
ਕੇਹੜੇ ਧਰਮਾਂ ਦੇ ਇਹ ਲੋਕ........
ਕੰਨ ਕਾਤਲਾਂ ਦੇ ਨਾ ਸੁਣਦੇ, ਦਰਦ ਮੰਦਾਂ ਦੀਆਂ ਕੂਕਾਂ
ਧਰਮ ਮੰਦਰੀਂ ਪੂਜਾ ਦੀ ਥਾਂ, ਭਾਰੂ ਬੰਬ ਬੰਦੂਕਾਂ
ਬਿੱਟੂ ਬਿੱਟ ਤੱਕੇ ਖੜ੍ਹਾ ਪਜਾਰੀ, ਬਣਿਆ ਵਾ ਡਰਪੋਕ
ਕੇਹੜੇ ਧਰਮਾਂ ਦੇ ਇਹ ਲੋਕ........

ਮਾਨਵਤਾ ਦੇ ਵੈਰੀ ਪਾਵਣ, ਕੁੱਖਾਂ ਤੋਂ ਕਰ ਪੈਦਾ
ਰਹੀਆਂ ਵਾਧੂ ਭਲੀਆਂ ਮਾਵਾਂ, ਨੂਰ ਗਵਾ ਬੇ - ਫਾਇਦਾ
ਗੁਰ ਪੀਰਾਂ ਦੀਆਂ ਜਨਮ ਦਾਤੀਆਂ, ਐ ਕੀ ਥੱਪੇ ਥੋਕ,
ਕੇਹੜੇ ਧਰਮਾਂ ਦੇ ਇਹ ਲੋਕ.......
ਰਾਮ, ਮਹੁੰਮਦ, ਈਸਾ, ਨਾਨਕ, ਸਭ ਨੂੰ ਮੰਨਣ ਵਾਲੇ
ਭੇਦ ਨਾ ਲੱਗੇ 'ਪਾਰਸ' ਕੇੜ੍ਹੀ 'ਸੱਭਤਾ ਦੇ ਰਖਵਾਲੇ
ਇੰਨ੍ਹਾਂ ਦੀ ਦੀ ਮੱਤ ਉੱਤੇ 'ਗਿੱਲਾ' ਆ ਬਹਿ ਕਰੀਏ ਸ਼ੋਕ
ਕੇਹੜੇ ਧਰਮਾਂ ਦੇ ਇਹ ਲੋਕ........

ਲੋਕ-ਰੰਗ, ਢੰਗ ਤੇ ਸਮਾਜਿਕ ਆਈ ਚਲਾਈ, ਦੁੱਖ-ਸੁੱਖ, ਖੁਸ਼ੀਆਂ, ਨਫ਼ੇ - ਨੁਕਸਾਨ, ਅਮਨ, ਤੇ ਹੋਰ ਬੜਾ ਕੁਝ ਕਹਿੰਦੀ ਹੈ ਪਾਰਸ ਦੀ ਇਹ ਰਚਨਾ :

ਮਰਿਆਂ ਨਾਲ ਗਿਆ ਨਾ ਮਰਿਆ, ਛੱਡ ਨਾ ਹੋਏ ਧੰਦੇ
ਵਕਤ ਗੁਜ਼ਰਿਆਂ ਭੁੱਲ ਭੁੱਲਾਗੇ, ਖ਼ਰੇ ਪਿਆਰੇ ਬੰਦੇ
ਉਨ੍ਹਾ ਦੀ ਥਾਂ ਮੱਲੀ ਜਿੰਨ੍ਹਾ, ਨਾ ਸੀ ਕਦੇ ਕਿਆਸੇ,
ਹੁੰਦੇ ਰਹਿੰਦੇ ਨੇ ਜੱਗ 'ਚ ਰੰਗ ਤਮਾਸ਼ੇ.........
ਭਰ ਜੋਬਨ ਇੱਕਲੌਤਾ ਪੁੱਤ, ਵਿਆਹ ਧਰਿਆ ਵਾ ਮਰ ਗਿਆ
ਭਰੀ ਭੁਕੰਨੀ ਵਸਦੀ ਰਸਦੀ , ਦੁਨੀਆਂ ਸੁੰਨੀ ਕਰ ਗਿਆ
ਫਿਰ ਵੀ ਮਾਪੇ ਜੀਵੀ ਜਾਂਦੇ, ਰੋਟੀ ਦੇ ਧਰਵਾਸੇ,
ਹੁੰਦੇ ਰਹਿੰਦੇ ਨੇ ਜੱਗ 'ਚ ਰੰਗ ਤਮਾਸ਼ੇ........



ਸੱਜ ਵਿਆਹੀਆਂ ਵਿਧਵਾ ਹੋਈਆਂ, ਸ਼ੋਕ 'ਚ ਵਿਛਿਆ ਸੱਥਰ
ਸੁਣ ਵਰਲਾਪ ਕੀਰਨੇ ਹੂਕਾਂ, ਮੋਮ ਬਣੇ ਢਲ਼ ਪੱਥਰ
ਗੁਆਂਢੀ ਦੇ ਘਰ ਪਵੇ ਰੋਪਨਾ, ਵੰਡੀ ਜਾਣ ਪਤਾਸੇ,
ਹੁੰਦੇ ਰਹਿੰਦੇ ਨੇ ਜੱਗ 'ਚ ਰੰਗ ਤਮਾਸ਼ੇ.......
ਸਤੀ ਸਾਵਿਤ੍ਰੀ ਨਾਲ ਪਤੀ ਦੇ, ਸੜਨ ਲੱਗੀ ਸੀ ਜੇਹੜੀ
ਸਾਲ ਮੁੱਕਣ ਤੋਂ ਪਹਿਲੋਂ ਬੈਠੀ, ਸੱਜਰਾ ਖਸਮ ਸਹੇੜੀ
ਪਰੀ ਬਣੀ ' ਮੱਸਿਆ' ਤੇ ਫਿਰਦੀ, ਮਣ ਮਣ ਮਲ਼ੇ ਦੰਦਾਸੇ
ਹੁੰਦੇ ਰਹਿੰਦੇ ਨੇ ਜੱਗ 'ਚ ਰੰਗ ਤਮਾਸ਼ੇ.......
'ਸਿਵਾ ਬਿਗਾਨੀ' ਧੀਅ ਦਾ ਹੋਇਆ, ਅਜੇ ਨਹੀ ਸੀ ਠੰਡਾ
ਮਰਨੇ ਦੇ ਭੋਗੋਂ ਦਿਨ ਦੂਜੇ ਵਿਆਹ ਲਿਆਂਦਾ ਝੰਡਾ
ਨਵੀ ਬਹੁ ਦੇ ਨਣਦਾਂ ਬੈਠਣ ਚਾਂਭਲ ਚਾਂਭਲ ਪਾਸੇ,
ਹੁੰਦੇ ਰਹਿੰਦੇ ਨੇ ਜੱਗ 'ਚ ਰੰਗ ਤਮਾਸ਼ੇ ........
'ਸੁੱਥਰਾ' ਭਾਵੇਂ ਜੰਗ ਛੇੜ 'ਲੇ,' ਐਟਮ ਬੰਬਾਂ ਵਾਲੀ
ਲਹੂ ਚ ਨ੍ਹਾ-ਨ੍ਹਾ ਮੁੜ ਮੁੜ ਆਵੇ, ਸੌ ਬਾਰੀ ਸੰਤਾਲੀ
ਦੀਨਾਂ ਧਰਮਾਂ ਵਾਲੇ ਲੱਖਾਂ, ਚੁੱਕੀ ਫਿਰਨ ਗੰਡਾਸੇ,
ਹੁੰਦੇ ਰਹਿੰਦੇ ਨੇ ਜੱਗ 'ਚ ਰੰਗ ਤਮਾਸ਼ੇ........
ਹੁਕਮ ਹਕੂਮਤ ਦਾ ਨਾ ਮੰਨੇ, ਅੱਡੀ ਨੱਚਣ ਵਾਲੀ
ਗੀਤਾਂ ਤੇ ਗਿੱਧੇ 'ਤੇ ਲਗਦਾ, ਹੈ ਨਾ ਦਫ਼ਾ ਚੌਤਾਲੀ
ਜਜ਼ਬਿਆਂ ਨੂੰ ਜਿੰਦੇ ਨਾ ਵੱਜਣ, ਕੈਦ ਨਾ ਹੁੰਦੇ ਹਾਸੇ
ਹੁੰਦੇ ਰਹਿੰਦੇ ਨੇ ਜੱਗ 'ਚ ਰੰਗ ਤਮਾਸ਼ੇ........

*

ਲਾਣੇ ਦਾਰਾਂ ਦੇ ਘਰ ਜੰਮੀਂ, ਮੈਂ ਮਾਝੇ ਦੀ ਜੱਟੀ
ਸਵਾ ਕੁ ਵੇਲੇ ਉੱਠਾਂ ਤੜਕੇ, ਕੰਮ ਕਾਰ ਨੂੰ ਢੱਟੀ
ਅੱਧੀ ਰਾਤੀਂ ਚਰਖਾ, ਡਾਹ-ਡਾਹ, ਮਣ-ਮਣ ਗਲੋਟੇ ਕੱਤੇ
ਦਿੱਲੀ ਮੇਰੀ ਅੱਡੀ ਵੱਜੇ, ਧਾਂਕ ਪਵੇ ਕਲਕੱਤੇ.........
ਦੋ ਊਠਾਂ ਦਾ ਭਾਰ ਚੁੱਕ ਕੇ, ਘੋੜੀ ਵਾਗੂੰ ਭੱਜਾਂ
ਤੌਣਾ ਆਟਾ ਗੁੰਨ੍ਹ ਪਕਾਵਾਂ, ਚੋਵਾਂ ਛੇ-ਛੇ ਮੱਝਾਂ
ਮੁੱਲ ਨਾ ਭੋਰਾ ਪਾਉਂਦੇ, ਬਾਪੂ ਜੀ ਦੇ ਕੁੜਮ ਕੁਪੱਤੇ
ਦਿੱਲੀ ਮੇਰੀ ਅੱਡੀ ਵੱਜੇ, ਧਾਂਕ ਪਵੇ ਕਲਕੱਤੇ.........

'ਮਾਂ' ਦੇ ਘਰ ਵਿੱਚ ਮਲਾਈ ਖਾਧੀ, ਦੁੱਧ ਦਹੀਂ ਤੇ ਚੂਰੀ
ਦੇਹੀ ਵਿੱਚੋਂ ਮਹਿਕਾਂ ਵੰਡਾਂ, ਬਿਨ ਮੁੱਲੀ ਕਸਤੂਰੀ
ਗੋਰੇ ਕੂਲ਼ੇ ਹੱਥ ਰੇਸ਼ਮੀਂ, ਮਹਿੰਦੀ ਵਰਗੇ ਰੱਤੇ
ਦਿੱਲੀ ਮੇਰੀ ਅੱਡੀ ਵੱਜੇ, ਧਾਂਕ ਪਵੇ ਕਲਕੱਤੇ.........

ਨਵੇਂ ਢੰਗ ਦੀ ਖੇਤੀ ਧਰਤੀ ਨਿਰ੍ਹਾ ਉੱਗਲੇ ਸੋਨਾਂ

ਮੈਂ ਬੰਬੀ ਤੇ ਲੀੜੇ ਧੋਵਾਂ, ਤੇ ਉਹ ਸਿੰਜੇ ਝੋਨਾ
ਬਹਿ ਕੇ ਦੁੱਖ ਸੁੱਖ ਕਰਨ ਵਾਸਤੇ, ਖੇਤ ਵਿੱਚ ਕੋਠੇ ਛੱਤੇ
ਦਿੱਲੀ ਮੇਰੀ ਅੱਡੀ ਵੱਜੇ, ਧਾਂਕ ਪਵੇ ਕਲਕੱਤੇ.........

ਕਿਤੇ ਕਿਤੇ ਘੁੱਟ ਪੀ ਕੇ ਘਰ ਦੀ, ਕਰੇ ਮਿੱਠੀਆਂ ਗੱਲਾਂ
ਅੱਖਾਂ ਵਿੱਚ ਵਛਾਕੇ ਪੱਖੀ, ਝਿੱਮਣਿਆਂ ਦੀ ਝੱਲਾਂ
'ਮਾਂ' ਧੁੱਪ ਚ ਨਰਮਾਂ ਗੁੱਡੇ, ਤੇ ਮੈਂ ਢੋਵਾਂ ਭੱਤੇ
ਦਿੱਲੀ ਮੇਰੀ ਅੱਡੀ ਵੱਜੇ, ਧਾਂਕ ਪਵੇ ਕਲਕੱਤੇ.........

ਨਣਦ ਲੂਤੀਆਂ ਲਾਉਣੀ ਸਿੱਧੀ, ਕੀਤੀ ਪਹਿਲੀ ਝੁੱਟੀ
ਫੇਰ ਸੰਦੂਕਾਂ ਓਲ੍ਹੇ ਖੜ੍ਹਕੇ, ਸੱਸ ਬਾਘਣੀ ਕੁੱਟੀ
ਮਾਰਦੀਆਂ ਸਨ ਮਾਂਵਾਂ ਧੀਆਂ, ਅੱਠੇ ਪਹਿਰ ਦੁਲੱਤੇ
ਦਿੱਲੀ ਮੇਰੀ ਅੱਡੀ ਵੱਜੇ, ਧਾਂਕ ਪਵੇ ਕਲਕੱਤੇ.........

ਚੜ੍ਹੀ ਜਵਾਨੀ ਲਾਟ ਅੱਗ ਦੀ, ਬਿਨ ਬਾਲਣ ਤੋਂ ਮੱਚਾਂ
ਧਰਤੀ ਨੂੰ ਕੰਬਣ ਛਿੜ ਜਾਵੇ, ਜਦ ਗਿੱਧੇ ਵਿੱਚ ਨੱਚਾਂ
'ਪਾਰਸ' ਜਿਹੇ ਟਰਾਂਟੋ ਬੈਠੇ, ਭੁੱਲਣ ਸ਼ੁੱਧਾਂ ਸੱਤੇ
ਦਿੱਲੀ ਮੇਰੀ ਅੱਡੀ ਵੱਜੇ, ਧਾਂਕ ਪਵੇ ਕਲਕੱਤੇ

**ਮਾੜੀ ਆਰਥਿਕਤਾ ਦੀ ਤਸਵੀਰ :**

ਜਾਣਾ ਸੀ ਪਰਦੇਸ ਨੂੰ ਕਾਹਤੋਂ
ਲਈਆਂ ਸੀ ਚੰਦਰਿਆ ਲਾਵਾਂ।
ਟੱਬਰ ਤੇ ਭਾਰ ਦਾ ਪਹਾੜ ਮੇਰੀ ਕੱਲੀ ਦਾ
ਕੋਠੇ ਜਿੱਡੀ ਧੀ ਦਾ ਦੁੱਖ ਬਾਪੂ ਤੋਂ ਨੀ ਝੱਲੀਦਾ
ਬੈਠੀਆਂ ਜੁਆਨ ਧੀਆਂ ਜਿੰਨ੍ਹਾਂ ਦੀਆਂ ਚੁੱਲ੍ਹਿਆਂ 'ਤੇ
ਕਿਹੜੇ ਖੂਹ ਵਿੱਚ ਗਰਕਣ ਮਾਵਾਂ
ਜਾਣਾ ਸੀ ਜੇ..........

ਸੋਂਹਦੇ ਨਾ ਸੁਹਾਗਣਾਂ ਦੇ ਸਿਰ ਬਿਨਾਂ ਚੁੰਨੀਆਂ
ਔਰਤਾਂ, ਜ਼ਮੀਨ, ਮਾਇਆ ਛੱਡੀਏ ਨਾ ਸੁੰਨੀਆਂ
ਰੂਪ ਦੇ ਖਜ਼ਾਨਿਆਂ 'ਤੇ ਵਜਦੇ ਦੁਪਿਹਰੇ ਡਾਕੇ
ਲੱਖ ਲੱਖ ਪੈਂਦੀਆਂ ਬਲਾਵਾਂ
ਜਾਣਾ ਸੀ ਜੇ...........
ਪਿਆਰ ਦਾ ਗੁਲੇਲ ਮਾਰ ਪਾਰਸ ਨੂੰ ਫੁੰਡਿਆ
ਬੈਠ ਗਿਆ ਕੈਨੇਡਾ ਜਾ ਕੇ ਆਪ 'ਮਾਨ 'ਮੁੰਡਿਆ



ਵਿਆਹ ਕੇ ਮੁਟਿਆਰ ਵਹੁਟੀ ਛੱਡੇ ਘਰ ਪੇਕਿਆਂ ਦੇ
ਹੁੰਦਾ ਹੈ ਮਰਦ ਨਿਰ੍ਹਾ ਝਾਵਾਂ
ਜਾਣਾ ਸੀ ਜੇ............

ਇਸ ਰਚਨਾ ਵਿੱਚ ਵਿੱਚ ਦੋ ਵੱਡੇ ਮੁੱਖ ਕਾਰਨ ਦਰਸਾਏ ਗਏ ਹਨ ਇੱਕ ਪਾਸੇ ਆਰਥਿਕਤਾ ਮੰਦੀ ਹੈ ਤੇ ਨਵ-ਵਿਆਹੀ ਨਾਰੀ ਘਰ ਛੱਡ ਕੇ ਰੋਜ਼ਗਾਰ ਪ੍ਰਾਪਤੀ ਲਈ ਪ੍ਰਦੇਸ ਜਾਣਾ ਵੀ ਜ਼ਰੂਰੀ ਹੈ ਦੂਜੇ ਪਾਸੇ ਨਾਰੀ ਦੇ ਅੰਦਰੋਂ ਉੱਠੀ ਹੂਕ ਹੈ ਜੋ ਉਸ ਪ੍ਰਦੇਸੀ ਨਾਲ ਵਿਆਹੇ ਜਾਣ ਬਿਨਾ ਹੀ ਚੰਗੀ ਸੀ। ਇਹ ਰਚਨਾ ਦਾ ਹਰਭਜਨ ਮਾਨ ਦੀ ਕੈਸਿਟ 'ਇਸ਼ਕ ਦੇ ਮਾਮਲੇ' ਵਿੱਚ ਉਸ ਵੱਲੋਂ ਕਲਾਮਈ ਢੰਗ ਨਾਲ ਗਾਇਨ ਕੀਤਾ ਗਿਆ ਹੈ।

✲

ਟਿੱਡੀ ਮੁੜੀ ਪਛਾੜੀ ਤੱਕ ਕੇ ਦੀਵੇ ਨੂੰ
ਕੌਣ ਭਲਾ ਸਮਝਾਵੇ ਭੰਬਟ ਖੀਵੇ ਨੂੰ
ਪਰਵਾਨੇ ਦੀ ਦੇਹੀ ਵਿੱਚ ਮਿਸਾਲ ਜਲੀ
ਸੀਸ ਤਲੀ ਧਰ ਤੁਰਨਾ ਪੈਂਦਾ ਪ੍ਰੇਮ ਗਲੀ......

✲✲✲

# ਪਾਰਸ ਰਚਨਾਵਲੀ ਦੇ ਵਿਸ਼ੇਸ਼ ਗੁਣ

ਕਰਨੈਲ ਸਿੰਘ ਪਾਰਸ ਦੀ ਰਚਨਾਵਲੀ ਆਪਣੇ ਆਪ ਵਿੱਚ ਅਨੇਕ ਮਹੱਤਵਪੂਰਨ ਗੁਣ ਸਮੋਈ ਬੈਠੀ ਹੈ। ਉਸਦੀ ਰਚਨਾਵਲੀ ਵਿੱਚ ਇਹਨਾਂ ਵਿਸ਼ੇਸ਼ ਗੁਣਾਂ ਦਾ ਪ੍ਰਸਤੁਤ, ਉਸਦਾ ਨਿਰਪੱਖ ਸ਼ਾਇਰ ਹੋਣਾ, ਪੂਰਨ ਅਨੁਭਵੀ ਅਤੇ ਆਪਣੇ ਮਨੋਭਾਵਾਂ ਨੂੰ ਪ੍ਰਗਟ ਕਰਨ ਲਈ ਦਲੇਰੀ ਅਤੇ ਨਾਲੋ ਨਾਲ ਸਹਿਜਤਾ ਬਣਾਈ ਰੱਖਣਾ ਵੀ ਹੈ ਅਤੇ ਆਪਣੀ ਕਵਿਤਾ ਵਿੱਚ ਕੀਤੇ ਨਵੇਂ ਤਜਰਬੇ ਵੀ ਹਨ।

ਜੇ ਪਾਰਸ ਨੇ ਸਿੱਖ ਇਤਿਹਾਸ ਬਾਰੇ ਕਾਵਿ-ਰਚਨਾ ਕੀਤੀ ਹੈ ਤਾਂ ਸਿੱਖ ਇਤਿਹਾਸ ਵਿੱਚ ਵਾਪਰੀਆ ਸਦੀਵੀ ਰਹਿਣ ਵਾਲੀਆਂ ਪ੍ਰੇਰਨਾ ਦਾਇਕ ਅਤੇ ਮਹਾਨ ਅਹਿਮ ਘਟਨਾਵਾਂ ਨੂੰ ਆਪਣੀ ਕਾਵਿ-ਬੁੱਧੀ ਤੇ ਬਲਬੂਤੇ ਸ਼ਿੰਗਾਰਨ ਵਿੱਚ ਪੂਰਨ ਸਫ਼ਲਤਾ ਪ੍ਰਾਪਤ ਕੀਤੀ ਹੈ। ਉਸ ਨੇ ਆਪਣੇ ਮੂਲ ਵਿਰਸੇ ਹਿੰਦੂ ਮਿਥਿਹਾਸ ਅਤੇ ਇਤਿਹਾਸ ਵਿੱਚੋਂ ਭਾਰਤੀ ਜਨ ਜੀਵਨ ਦੀ ਨੈਤਿਕਤਾ ਨੂੰ ਵੀ ਆਪਣੇ ਕਾਵਿ ਵਿੱਚ ਖੂਬ ਚਿਤਰਿਆ ਹੈ। ਅਗਾਂਹਵਧੂ ਰਾਜਨੀਤਿਕ ਸੰਗਠਨਾਂ ਵਿੱਚ ਵਿਚਰਦਿਆਂ ਪਾਰਸ ਨੇ ਆਪਣੀ ਮਾਨਵ ਹਿਤੈਸ਼ੀ ਰੁਚੀ ਕਾਰਨ ਜਨ-ਜੀਵਨ ਨੂੰ ਨੇੜਿਓਂ ਹੋ ਕੇ ਵੇਖਿਆ ਹੈ। ਗ਼ੁਲਾਮੀ ਦੇ ਫੰਧੇ ਪਾਉਣ

ਵਾਲੇ ਅੰਗਰੇਜ਼ੀ ਸਾਮਰਾਜ ਦੀ ਸਖ਼ਤ ਆਲੋਚਨਾ ਕਰਨ ਵਾਲਾ ਦ੍ਰਿੜ ਅਤੇ ਨਿਰਭੈ ਕਵੀ ਪਾਰਸ ਆਪਣੇ ਦੇਸ਼ ਦੇ ਅਸਾਂਵੇ ਸਮਾਜਿਕ ਪ੍ਰਬੰਧਾਂ ਤੋਂ ਵੀ ਅਸੰਤੁਸ਼ਟ ਦਿਖਾਈ ਦਿੰਦਾ ਹੈ ਇਸੇ ਕਾਰਨ ਉਸਦੀਆਂ ਰਚਨਾਵਾਂ ਵਿੱਚੋਂ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਮੰਦੀਆਂ ਪੈ ਚੁੱਕੀਆਂ ਆਰਥਿਕ ਅਤੇ ਸਮਾਜਿਕ ਪ੍ਰਸਥਿਤੀਆਂ ਦੀ ਝਲਕ ਸਾਫ਼ ਸਾਫ਼ ਦਿਸਦੀ ਹੈ। ਇਸਦਾ ਇੱਕ ਕਾਰਨ ਪਾਰਸ ਦਾ ਆਪ ਵੀ ਕਿਸਾਨੀ ਧੰਦੇ ਨਾਲ ਸਬੰਧਤ ਹੋਣ ਕਰਕੇ ਹੈ। ਇਸ ਲਈ ਉਹ ਆਮ ਕਿਰਸਾਨ ਦੀ ਆਰਥਿਕ, ਸਮਾਜਿਕ ਅਤੇ ਘਰੇਲੂ ਸਥਿਤੀ ਨੂੰ ਭਲੀ ਪ੍ਰਕਾਰ ਸਮਝਦਾ ਹੈ। ਆਪਣੇ ਸੱਚੇ ਦਿਲ ਨਾਲ ਦੇਸ਼ ਪਿਆਰ ਕਰਨ ਵਾਲਾ ਪਾਰਸ ਆਪਣੇ ਆਪ ਉੱਘੇ ਦੇਸ਼ ਭਗਤਾਂ ਦੀਆਂ ਜੀਵਨੀਆਂ ਵਿੱਚ ਆਪਣਾ ਉਹਨਾਂ ਪ੍ਰਤੀ ਜਿਥੇ ਸ਼ਰਧਾ ਭਾਵ ਪ੍ਰਗਟਾਉਂਦਾ ਹੈ ਉਥੇ ਉਹਨਾਂ ਦੀ ਮਹਿਮਾਂ ਵੀ ਇੱਕ-ਸੁਰਤਾ ਨਾਲ ਗਾਉਂਦਾ ਵਿਖਾਈ ਦਿੰਦਾ ਹੈ। ਸ਼ਹੀਦ ਭਗਤ ਸਿੰਘ, ਸੁਭਾਸ ਚੰਦਰ ਬੋਸ ਅਤੇ ਸੇਵਾ ਸਿੰਘ ਠੀਕਰੀਵਾਲਾ ਆਦਿ ਬਾਰੇ ਉਸਦੀਆਂ ਰਚਨਾਵਾਂ ਵਿਚੋਂ ਆਪਣੇ ਆਪ ਹੀ ਉਹ ਇਹ ਗੱਲ ਸਿੱਧ ਕਰਦਾ ਹੈ।

ਉਸਦੇ ਰੁਮਾਂਟਿਕ-ਕਾਵਿ ਹੀਰ ਦੀ ਰੌਚਕ ਵਿਲੱਖਣਤਾਈ ਕੌਲਾਂ ਭਗਤਣੀ ਦੇ ਜਤ-ਸਤ ਦੀ ਗਾਥਾ, ਆਪਣੀ ਮੰਗ ਵਿਆਹੁਣ ਵਾਲੇ ਦਹੂਦ ਬਾਦਸ਼ਾਹ ਦਾ ਦਿਲਚਸਪ ਬਿਰਤਾਂਤ ਉਸਦੀ ਰਚਨਾਵਲੀ ਦੇ ਪ੍ਰਮੁੱਖ ਵਿਸ਼ੇ ਤਾਂ ਬਣੇ ਹਨ ਸਗੋਂ ਉਸਨੇ ਆਪਣੀ ਵਿਲੱਖਣ ਕਾਵਿ ਸਮਰੱਥਾ ਦੁਆਰਾ ਉਹਨਾਂ ਵਿੱਚ ਹੋਰ ਵੀ ਸੁਹਜਤਾ ਭਰ ਕੇ ਆਪਣੀ ਕਾਵਿ-ਕਾਰੀ ਨੂੰ ਪ੍ਰਚੰਡ ਕੀਤਾ ਹੈ।

ਪਾਰਸ ਦਾ ਮਲੱਵਈ ਕਵੀਸ਼ਰ ਹੋਣ ਕਰਕੇ ਉਸਦੀ ਕਵਿਤਾ ਵਿੱਚ ਮਲੱਵਈ ਜ਼ਿੰਦਗੀ ਤਾਂ ਧੜਕਦੀ ਹੀ ਹੈ ਸਗੋਂ ਉਸਦੀਆਂ ਰਚਨਾਵਾਂ ਵਿੱਚ ਪੰਜਾਬੀ ਸਭਿਆਚਾਰਕ ਭਾਵ ਬੋਧ ਅਤੇ ਮਲੱਵਈ ਜੀਵਨ ਦੀ ਸਾਫ਼ ਦਿੱਖ ਦ੍ਰਿਸ਼ਟੀਗੋਚਰ ਹੁੰਦੀ ਹੈ। ਪਾਰਸ ਦੇ ਸਫ਼ਲ ਕਵੀਸ਼ਰੀਕਾਰ ਹੋਣ ਦੇ ਕੁਝ ਕਾਰਨਾ ਵਿੱਚੋਂ ਉਸਦਾ ਸਮਾਜਿਕ ਚਿੰਤਕ ਹੋਣਾ ਅਤੇ ਵਿਗਿਆਨਕ ਨਜ਼ਰੀਆ ਅਪਨਾਉਣਾ, ਢਾਹੂ ਰੁਚੀਆਂ ਦਾ ਤਿਆਗ ਅਤੇ ਆਪਣੀ ਕਲਾ ਪ੍ਰਤੀ ਪੂਰਨ ਤੌਰ ਤੇ ਸੁਹਿਰਦਤਾ ਵਾਲੀ ਸੋਚ ਬਣਾਈ ਰੱਖਣਾ ਹੈ। ਲੋਕ ਹਾਣ ਦੀ ਅਤੇ ਸਰੋਤਿਆਂ ਨੂੰ ਸੰਬੋਧਨ ਕਰਕੇ ਰਚੀ ਉਸਦੀ ਕਵਿਤਾ ਉਸ ਨੂੰ ਲੋਕਾਂ ਸੰਗ ਖੜ੍ਹਾ ਕਰਦੀ ਹੈ। ਵਿੱਦਿਆ ਪੱਖ ਤੋਂ ਭਾਵੇਂ ਪਾਰਸ ਵਾਂਝਾ ਰਹਿ ਗਿਆ ਸੀ ਪਰੰਤੂ ਉਸਦੀ ਵਿੱਦਿਆ ਪ੍ਰਾਪਤੀ ਦੀ ਤੀਬਰ ਰੁਚੀ, ਆਪਣਾ ਗਿਆਨ ਬੋਧ, ਪਕੇਰਾ ਅਨੁਭਵ ਤੇ ਸੂਖ਼ਮ ਸੂਝ ਵੀ ਉਸਦੀ ਕਾਵਿ ਪ੍ਰਤਿਭਾ ਵਿੱਚ ਵਿਸ਼ੇਸ਼ ਗੁਣ ਵਜੋਂ ਕੰਮ ਆਈ ਹੈ। ਸਿੱਧੀ-ਸਰਲ ਤੇ ਨਿਖਾਰੀ ਸੰਵਾਰੀ ਭਾਸ਼ਾ ਉਸ ਨੂੰ ਸਫ਼ਲ ਕਵੀਸ਼ਰੀਕਾਰ ਕਵੀ ਵਜੋਂ ਪੱਕੇ ਪੈਰੀਂ ਸਥਾਪਤ ਕਰਦੀ ਹੈ।

ਲੋਕ-ਅਖਾਣਾਂ ਅਤੇ ਲੋਕ ਮੁਹਾਵਰੇ ਜੋ ਜਨ ਸਮੂਹ ਦਾ ਯਥਾਰਥਕ ਤੱਥ ਹਨ, ਪਾਰਸ ਦੇ ਕਾਵਿ ਵਿੱਚ ਥਾਂ- ਥਾਂ ਮਿਲਦੇ ਹਨ, ਉਸਦੇ ਕਾਵਿ ਗੁਣ ਵਿਚਲੀ ਇਹ ਉਚੇਚੀ ਸਿਫ਼ਤ ਵੀ ਉਸ ਨੂੰ ਦੂਜਿਆਂ ਨਾਲੋਂ ਵਖਰਿਆਉਂਦੀ ਹੈ। ਦਿਹਾਤੀ ਕਿਰਸਾਨਾਂ ਤੇ ਆਮ ਲੋਕਾਂ ਵਿਚ ਵਿਚਰਨ ਵਾਲੇ ਇਸ ਕਵੀਸ਼ਰੀ ਵਿਚ ਅਲੰਕਾਰ ਵੀ ਆਮ ਹੀ ਮਿਲਦੇ ਹਨ, ਜੋ ਉਸਦੀ ਕਵਿਤਾ ਨੂੰ ਸੁੰਦਰਤਾ ਵੀ ਪ੍ਰਦਾਨ ਕਰਨ ਵਿਚ ਸਹਾਇਕ ਤਾਂ ਹੋਏ ਹੀ ਹਨ ਸਗੋਂ ਪਾਰਸ ਕਵੀ ਦੀ ਆਪਣੇ ਕਵਿ ਵਿਚ ਅਲੰਕਾਰ ਵਰਤਣਾ, ਉਸਦੀ ਤੀਬਰ ਬੁੱਧੀ ਤੇ ਤੇਜ਼ ਕਲਪਨਾ ਵੱਲ ਇਸ਼ਾਰਾ ਹੈ।



ਪਾਰਸ ਦੀ ਕਵਿਤਾ ਵਿੱਚੋਂ ਇੱਕ ਵਿਸ਼ੇਸ਼ ਗੁਣ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਜੇ ਉਸਦੀ ਕਵਿਤਾ ਵਿੱਚ ਜਿਹੜਾ ਅਖ਼ੀਰਲਾ ਤੁਕਾਂਤੀ ਅੱਖਰ ਆਉਂਦਾ ਹੈ ਤਾਂ ਉਹੀ ਅੱਖਰ ਪੂਰੇ ਬੰਦ 'ਚ ਆਵੇਗਾ। ਉੱਥੇ ਖਾਨਾਪੂਰਤੀ ਜਾਂ ਜੋੜ 'ਚ ਜੋੜ ਬਠਾਉਣ ਲਈ ਉਸ ਨੇ ਕੋਈ ਉਸਦੇ ਨਾਲ ਮਿਲਦਾ-ਜੁਲਦਾ ਅੱਖਰ ਨਹੀਂ ਵਰਤਿਆ ਹੁੰਦਾ।

ਪਾਰਸ ਨੇ ਮਲਵੱਈ ਲੋਕ-ਛੰਦ, ਦੋਹਰਾ, ਕੋਰੜਾ, ਦਵੱਈਆ, ਬੈਂਤ, ਕੁੰਡਲੀਆ ਆਦਿ ਦਾ ਵੀ ਆਪਣੀਆਂ ਰਚਨਾਵਾਂ ਵਿਚ ਸਫ਼ਲ ਵਿਧੀ ਨਾਲ ਪ੍ਰਯੋਗ ਕੀਤਾ ਹੈ। ਦਵੱਈਆ ਤੇ ਪਉੜੀ ਨੂੰ ਟੇਕ ਬੰਦ ਵੀ ਉਸ ਨੇ ਕੀਤਾ ਹੈ ਅਤੇ ਦੋਤਾਰਾ ਵਿਚ ਰੰਗ ਭਰਿਆ ਹੈ। ਉਸਦੀ ਰਚਨਾ ਵਿਚ ਬੀਰ ਰਸ, ਸ਼ੰਗਾਰ ਰਸ, ਕਰੁਣਾ ਰਸ ਵੀ ਮੁੱਖ ਤੌਰ ਪ੍ਰਗਟ ਹੁੰਦੇ ਹਨ।

ਪਾਰਸ ਤੋਂ ਪਹਿਲਾਂ ਕਵੀਸ਼ਰਾਂ ਨੇ ਕੋਰੜਾ ਛੰਦ ਟੇਕ ਬੰਦ ਕਰਨ ਦਾ ਸਫ਼ਲ ਪ੍ਰਯੋਗ ਤਾਂ ਕਰ ਲਿਆ ਸੀ ਪਰ ਦੁਵੱਈਆ, ਦੋਤਾਰਾ, ਸਾਕਾ, ਪਉੜੀ ਆਦਿ ਟੇਕ ਬੰਦ, ਪਾਰਸ ਨੇ ਕੀਤੇ :

ਪਟਨੇ ਵਿਚ ਪੈਦਾ ਹੋਏ ਦਸਮੇਂ ਪਾਤਸਾਹ ਸੋਢੀ............
ਘਰ-ਘਰ ਫੇਰਾ ਪਾ ਕੇ ਬਾਬੇ ਨਾਨਕ ਨੇ ਜੱਗ ਤਾਰਿਆ............
(ਦੁਵੱਈਆ)

ਕਿਓਂ ਫੜੀ ਸਿਪਾਹੀਆਂ ਨੇ ਭੈਣੋ ਇਹ ਹੰਸਾਂ ਦੀ ਜੋੜੀ............
ਹੈ ਆਉਣ ਜਾਣ ਬਣਿਆ, ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ............
(ਦੋਤਾਰਾ ਛੰਦ)

ਦੁਨੀਆਂ ਗਉਂਦੀ ਰਹੂਗੀ ਯੋਧਿਆਂ ਦੀਆਂ ਵਾਰਾਂ............
ਤੇਰੇ ਹੇਠ ਜੰਡੋਰਿਆ ਮੈਂ ਹੋਗੀ ਰੰਡੀ............
(ਸਾਕਾ ਪਾਉੜੀ)

ਕਾਹਦੇ ਆਪਾਂ ਸੂਰਮੇ ਜੇ ਮਾਰਿਆ ਸਕਾਟ ਨਾ............

ਪਾਰਸ ਮਹਾਨ ਮੇਲੇ ਲਗਦੇ ਹਮੇਸ਼ਾ ਰਹਿਣੇ

ਜਿਹੜੀ ਜ਼ਮੀਨ ਉਤੇ ਖ਼ੂਨ ਡੁੱਲ੍ਹਿਆ ਸ਼ਹੀਦਾਂ ਦਾ............

ਕਰਨੈਲ ਸਿੰਘ ਪਾਰਸ ਰਚਨਾਵਲੀ ਦੇ ਵਿਸ਼ੇਸ਼ ਗੁਣ ਵਿਚ ਇਹ ਗੱਲ ਭਲੀ ਪ੍ਰਕਾਰ ਪ੍ਰਗਟ ਹੁੰਦੀ ਹੈ ਕਿ ਉਸਦੀ ਸਮੁੱਚੀ ਕਾਵਿ ਧਾਰਾ ਵਿਚਲੇ ਇਹਨਾਂ ਪ੍ਰਮੁੱਖ ਗੁਣਾਂ ਕਾਰਨ ਹੀ ਉਹ ਸਿਰਕੱਢ ਕਵੀਸ਼ਰ ਅਤੇ ਲੋਕ ਕਵੀ ਵਜੋਂ ਪ੍ਰਚੱਲਤ ਹੋਇਆ ਅਤੇ ਮਲਵਈ ਕਵਿਤਾ-ਕਵੀਸ਼ਰੀ ਨੂੰ ਆਪਣੇ ਸਥਾਨਕ ਦਾਇਰੇ ਵਿਚੋਂ ਬਾਹਰ ਲਿਆ ਕੇ ਸਮੁੱਚੇ ਪੰਜਾਬੀ ਕਲਾ ਜਗਤ ਵਿੱਚ ਇਸਦਾ ਪ੍ਰਵੇਸ਼ ਵੀ ਕਰਵਾਇਆ ਹੈ।

***